Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Regal Jewels
W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਕ, ਆਪਣੀ ਭਾਸ਼ਾ, ਆਪਣੇ ਸਟੋਰ

Twenty-Third Year of Publication
ਨਿਊ ਯਾਰਕ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 15, April 9, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388

## ਪੰਜਾਬ ਹਰਿਆਣਾ ਆਹਮੋ-ਸਾਹਮਣੇ

**ਚੰਡੀਗੜ੍ਹ:** ਚੰਡੀਗੜ੍ਹ ਉਤੇ ਆਪੋ-ਆਪਣਾ ਹੱਕ ਜਤਾਉਣ ਲਈ ਪੰਜਾਬ ਤੇ ਹਰਿਆਣਾ ਆਹਮੋ-ਸਾਹਮਣੇ ਹੋ ਗਏ ਹਨ। ਦੋਵਾਂ ਸੂਬਿਆਂ ਦੀ ਸਾਂਝੀ ਰਾਜਧਾਨੀ, ਚੰਡੀਗੜ੍ਹ ਦਾ ਮਸਲਾ ਹੁਣ ਸਿਆਸੀ ਰੰਗਤ ਲੈਣ ਲੱਗਾ ਹੈ। ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਚੰਡੀਗੜ੍ਹ ਉਤੇ ਹੱਕ ਬਾਰੇ ਮਤਾ ਪਾਉਣ ਤੋਂ ਬਾਅਦ ਗੁਆਂਢੀ ਸੂਬੇ ਹਰਿਆਣਾ ਨੇ ਵੀ ਅਜਿਹਾ ਹੀ ਮਤਾ ਪਾਸ ਕਰ ਦਿੱਤਾ ਹੈ।

ਹਰਿਆਣਾ ਦੇ ਸਾਰੇ ਵਿਧਾਇਕਾਂ ਨੇ ਚੰਡੀਗੜ੍ਹ ਉਤੇ ਹੱਕ ਸਣੇ ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਜਲਦੀ ਬਣਾਉਣ ਅਤੇ ਹਿੰਦੀ ਭਾਸ਼ਾਈ ਇਲਾਕੇ ਹਰਿਆਣਾ ਨੂੰ ਦੇਣ ਸਬੰਧੀ ਪੇਸ਼ ਮਤਿਆਂ 'ਤੇ ਵੀ ਰਸਮੀ ਮੋਹਰ ਲਾ ਦਿੱਤੀ। ਸੂਬੇ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਹਰਿਆਣਾ ਦੇ ਬੁਨਿਆਦੀ ਮਸਲਿਆਂ ਲਈ ਇਕਜੁਟਤਾ ਨਾਲ ਸਾਂਝੀ ਲੜਾਈ ਲੜਨ ਦਾ ਐਲਾਨ ਕੀਤਾ।

ਹਰਿਆਣਾ ਸਰਕਾਰ ਦਾ ਦਾਅਵਾ ਹੈ ਕਿ 23 ਅਪਰੈਲ 1966 ਨੂੰ ਬਣਾਏ ਗਏ ਸ਼ਾਹ ਕਮਿਸ਼ਨ ਨੇ ਖਰੜ ਖੇਤਰ ਦੇ ਹਿੰਦੀ ਭਾਸ਼ਾਈ ਪਿੰਡਾਂ ਤੇ ਚੰਡੀਗੜ੍ਹ ਨੂੰ ਹਰਿਆਣਾ ਹਵਾਲੇ ਕਰਨ ਦਾ ਐਲਾਨ ਕੀਤਾ ਸੀ ਪਰ 9 ਜੂਨ 1966 ਨੂੰ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ ਵਿਚ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਐਲਾਨ ਦਿੱਤਾ। ਉਸ ਦੇ ਨਾਲ ਹੀ ਚੰਡੀਗੜ੍ਹ ਨੂੰ ਦੋਵਾਂ ਸੂਬਿਆਂ ਦੀ ਰਾਜਧਾਨੀ ਐਲਾਨਿਆ ਗਿਆ। ਇਸ ਤੋਂ ਬਾਅਦ ਕਈ ਸਮਝੌਤੇ ਹੋਏ ਪਰ ਕੋਈ ਪੁਖਤਾ ਹੱਲ ਨਹੀਂ ਨਿਕਲ ਸਕਿਆ।

ਉਧਰ, ਪੰਜਾਬ ਦੀਆਂ ਸਿਆਸੀ ਧਿਰਾਂ ਵੀ ਸੂਬੇ ਦੇ ਹੱਕਾਂ ਲਈ ਕਿਸੇ ਹੱਦ ਤੱਕ ਜਾਣ ਲਈ ਉਤਾਰੂ ਹਨ। ਪੰਜਾਬ ਅਤੇ ਹਰਿਆਣਾ ਵੱਲੋਂ ਪਾਸ ਕੀਤੇ ਮਤਿਆਂ ਪਿੱਛੋਂ ਦੋਵਾਂ ਸੂਬਿਆਂ ਵਿਚ ਸਿੱਧਾ ਟਕਰਾਅ ਸ਼ੁਰੂ ਹੋ ਗਿਆ ਹੈ। ਮੌਜੂਦਾ ਹਾਲਾਤ ਇਹ ਹਨ ਕਿ ਜਿਥੇ ਦੋਵਾਂ ਸੂਬਿਆਂ ਦੀਆਂ ਸਿਆਸੀ ਧਿਰਾਂ ਆਪਣੇ ਹੱਕਾਂ ਲਈ ਡਟ ਕੇ ਖੜ੍ਹਨ ਦੇ ਦਾਅਵਾ ਕਰ ਰਹੀਆਂ ਹਨ, ਉਥੇ ਕਿਸਾਨ ਅੰਦੋਲਨ ਪਿੱਛੋਂ ਪੀਡੀ ਹੋਈ ਇਸ ਸਾਂਝ ਦੇ ਟੁੱਟਣ ਦਾ ਝੋਰਾ ਵੀ ਹੈ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਇਸ ਉਤੇ ਫਿਕਰ ਜ਼ਾਹਿਰ ਕਰਦਿਆਂ ਪੰਜਾਬ-ਹਰਿਆਣਾ ਦੇ ਲੋਕਾਂ ਨੂੰ ਚੌਕਸ ਕੀਤਾ ਕਿ ਉਹ ਸਵਾ ਚਾਲ ਚੱਲੇ ਕਿਸਾਨ ਘੋਲ ਦੌਰਾਨ ਬਣੀ ਭਾਈਚਾਰਕ ਸਾਂਝ ਨੂੰ ਇਸ ਸਿਆਸੀ ਮੁੱਦੇ ਦੀ ਭੇਟ ਨਾ ਚੜ੍ਹਨ ਦੇਣ। ਉਨ੍ਹਾਂ ਖਦਸ਼ਾ ਜ਼ਾਹਰ ਕੀਤਾ ਕਿ ਕਿਤੇ ਦੋਵਾਂ ਸੂਬਿਆਂ ਦੀਆਂ ਸਰਕਾਰਾਂ ਦੀ ਸਿਆਸੀ ਮਜਬੂਰੀ ਆਪਸੀ ਭਾਈਚਾਰੇ ਨੂੰ ਨਾ ਰੋਲ ਦੇਵੇ। ਅਸਲ ਵਿਚ, ਪੰਜਾਬ ਅਤੇ ਹਰਿਆਣਾ 56 ਸਾਲ ਪੁਰਾਣੇ ਮੁੱਦੇ ਨੂੰ ਲੈ ਕੇ ਆਹਮੋ-ਸਾਹਮਣੇ ਹਨ।

ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 27 ਮਾਰਚ ਨੂੰ ਚੰਡੀਗੜ੍ਹ ਫੇਰੀ ਦੌਰਾਨ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਕੇਂਦਰੀ ਸੇਵਾ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ ਸੀ ਜਿਸ ਮਗਰੋਂ ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਕੇਂਦਰ ਸਰਕਾਰ ਦੇ ਫੈਸਲੇ ਖਿਲਾਫ ਮਤਾ ਪਾਸ ਕਰਕੇ ਚੰਡੀਗੜ੍ਹ ਨੂੰ ਪੰਜਾਬ ਹਵਾਲੇ ਕਰਨ ਦੀ ਮੰਗ ਕੀਤੀ ਸੀ। ਪੰਜਾਬ ਤੇ ਹਰਿਆਣਾ ਵਿਚਾਲੇ ਪਾਣੀਆਂ, ਚੰਡੀਗੜ੍ਹ ਸਣੇ ਇਕਦਮ ਭਖੇ ਹੋਰ ਮੁੱਦਿਆਂ ਨੂੰ ਸਿਆਸੀ ਚਿੰਤਕ ਵੀ ਸ਼ੱਕ ਦੀ ਨਿਗ੍ਹਾ ਨਾਲ ਦੇਖ ਰਹੇ ਹਨ। ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਨੂੰ ਵਖਤ ਪਾਉਣ ਦਾ ਮੁੱਖ ਕਾਰਨ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਤੇ ਆਮ ਲੋਕਾਂ ਦਾ ਏਕਾ ਬਣਿਆ ਸੀ। ਉਸ ਸਮੇਂ ਵੀ ਭਾਜਪਾ ਵੱਲੋਂ ਐਸ.ਵਾਈ.ਐਲ. ਦੇ ਮੁੱਦੇ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਦਾਲ ਨਹੀਂ ਗਲੀ ਸੀ। ਸਿਆਸੀ ਮਾਹਰ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਇਸ ਧਿਰ ਵੱਲੋਂ ਹਰਿਆਣਾ ਸਣੇ ਭਾਜਪਾ ਸੱਤਾ ਵਾਲੇ ਸੂਬਿਆਂ ਵੱਲ ਕੀਤੇ ਰੁਖ ਨੂੰ ਵੀ ਤਾਜ਼ਾ ਹਾਲਾਤ ਨਾਲ ਜੋੜ ਰਹੇ ਹਨ। ਅਸਲ ਵਿਚ, ਆਮ ਆਦਮੀ ਪਾਰਟੀ ਨੂੰ ਹਮੇਸ਼ਾ ਇਹ ਸਵਾਲ ਕੀਤਾ ਜਾਂਦਾ ਰਿਹਾ ਹੈ ਕਿ ਉਹ ਪਾਣੀਆਂ ਦੇ ਮੁੱਦੇ ਉਤੇ ਹਰਿਆਣਾ ਜਾਂ ਪੰਜਾਬ ਵਿਚੋਂ ਕਿਸ ਸੂਬੇ ਨਾਲ ਖੜ੍ਹੀ ਹੈ। ਇਸ ਸਵਾਲ ਉਤੇ ਆਪ ਵੱਲੋਂ ਹਮੇਸ਼ਾ ਟਾਲਾ ਵੱਟਿਆ ਜਾਂਦਾ ਰਿਹਾ ਹੈ। ਹੁਣ ਪੰਜਾਬ ਦੀ ਸੱਤਾ ਇਸ ਧਿਰ ਹੱਥ ਹੈ। ਵਿਰੋਧੀ ਧਿਰਾਂ ਖਾਸ ਕਰਕੇ ਭਾਜਪਾ ਇਸ ਮੁੱਦੇ ਨੂੰ ਉਭਾਰ ਕੇ ਸਿਆਸੀ ਲਾਹਾ ਲੈਣ ਦੀ ਝਾਕ ਵਿਚ ਹਨ।




ਇਸ ਸਮੇਂ ਪੰਜਾਬ ਦੇ ਚੰਡੀਗੜ੍ਹ 'ਤੇ ਹੱਕ ਸਣੇ ਹੋਰ ਮੁੱਦਿਆਂ ਉਤੇ ਸੂਬੇ ਦੀਆਂ ਸਿਆਸੀ ਧਿਰਾਂ ਇਕ ਪਾਸੇ ਹਨ ਜਦ ਕਿ ਭਾਜਪਾ ਦੇ ਸੁਰ ਵੱਖਰੇ ਹੀ ਹਨ। ਪੰਜਾਬ ਸਰਕਾਰ ਨੇ ਵਿਧਾਨ ਸਭਾ ਦਾ ਇਕ ਰੋਜ਼ਾ ਖਾਸ ਇਜਲਾਸ ਸੱਦ ਕੇ ਕੇਂਦਰ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨ ਲਈ ਪਾਸ ਕੀਤੇ ਮਤੇ ਸਮੇਂ ਭਾਰਤੀ ਜਨਤਾ ਪਾਰਟੀ ਤੋਂ ਬਿਨਾਂ ਸਾਰੀਆਂ ਸਿਆਸੀ ਪਾਰਟੀਆਂ ਨੇ ਮਤੇ ਦੀ ਹਮਾਇਤ ਕੀਤੀ। ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਇਸ ਮੁੱਦੇ 'ਤੇ ਇਕਮੁੱਠ ਦਿਖਾਈ ਦਿੱਤੀਆਂ।

ਹੁਣ ਤੱਕ ਪੰਜਾਬ ਪੁਨਰਗਠਨ ਐਕਟ 1966 ਅਨੁਸਾਰ ਹੀ ਇਸ ਕੇਂਦਰੀ ਸ਼ਾਸਿਤ ਪ੍ਰਦੇਸ਼ ਵਿਚ ਪੰਜਾਬ ਤੇ ਹਰਿਆਣਾ ਦੇ ਅਧਿਕਾਰੀਆਂ ਨੂੰ 60:40 ਦੇ ਅਨੁਪਾਤ ਦੇ ਹਿਸਾਬ ਨਾਲ ਲਗਾਇਆ ਜਾਂਦਾ ਰਿਹਾ ਹੈ। ਕੇਂਦਰ ਦੀ ਭਾਜਪਾ ਸਰਕਾਰ ਉਤੇ ਦੋਸ਼ ਹਨ ਕਿ ਉਸ ਨੇ ਇਸ ਪਰੰਪਰਾ ਨੂੰ ਭੰਗ ਕਰਕੇ ਚੰਡੀਗੜ੍ਹ ਪ੍ਰਸ਼ਾਸਨ ਦੇ ਕਰਮਚਾਰੀਆਂ ਲਈ ਕੇਂਦਰੀ ਸਿਵਲ ਸੇਵਾ ਨਿਯਮ ਲਾਗੂ ਕਰਕੇ ਪੰਜਾਬ ਦੇ ਚੰਡੀਗੜ੍ਹ ਉਤੇ ਅਧਿਕਾਰ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਹੈ। ਭਾਜਪਾ ਦੀ ਇਸ ਕਾਰਵਾਈ ਨੂੰ ਦੋਵਾਂ ਸੂਬਿਆਂ ਵਿਚਾਲੇ ਟਕਰਾਅ ਖੜ੍ਹਾ ਕਰਕੇ ਸਿਆਸੀ ਲਾਹੇ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

## ਕਿਸਾਨਾਂ ਮਜ਼ਦੂਰਾਂ ਦੀਆਂ ਕਈ ਮੰਗਾਂ ਮੰਨੀਆਂ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਭਾਰਤੀ ਕਿਸਾਨ ਯੂਨੀਅਨ (ਏਕਤਾ)-ਉਗਰਾਹਾਂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂਆਂ ਨਾਲ ਕੀਤੀ ਮੀਟਿੰਗ ਦੌਰਾਨ ਉਨ੍ਹਾਂ ਦੀਆਂ ਮੰਗਾਂ ਪ੍ਰਤੀ ਸਹਿਮਤੀ ਜ਼ਾਹਿਰ ਕੀਤੀ ਹੈ। ਮੁੱਖ ਮੰਤਰੀ ਨੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ 'ਚ ਨਰਮੇ ਦੀ ਕੁੱਲ ਬਿਜਾਈ ਦਾ ਪੰਜਾਹ ਫੀਸਦੀ ਨੁਕਸਾਨ ਨੂੰ ਆਧਾਰ ਮੰਨ ਕੇ ਮੁਆਵਜ਼ਾ ਦੇਣ ਅਤੇ ਇਸ ਦਾ ਦਸ ਫੀਸਦੀ ਮੁਆਵਜ਼ਾ ਮਜ਼ਦੂਰਾਂ ਨੂੰ ਦੇਣ, ਨਰਮਾ ਚੁਗਣ ਵਾਲੇ ਮਜ਼ਦੂਰਾਂ ਦੀ ਸ਼ਨਾਖਤ ਲਈ ਪਿੰਡਾਂ 'ਚ ਇਜਲਾਸ ਕਰਨ, ਲੰਬੀ 'ਚ ਲਾਠੀਚਾਰਜ ਦੇ ਮਾਮਲੇ 'ਚ ਸ੍ਰੀ ਮੁਕਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਤੇ ਮਲੋਟ ਦੇ ਡੀ.ਐਸ.ਪੀ. ਖਿਲਾਫ ਸਖਤ ਕਾਨੂੰਨੀ ਤੇ ਵਿਭਾਗੀ ਕਾਰਵਾਈ ਕਰਨ ਅਤੇ ਮਜ਼ਦੂਰਾਂ-ਕਿਸਾਨਾਂ 'ਤੇ ਦਰਜ ਕੇਸ ਵਾਪਸ ਲੈਣ ਆਦਿ ਮੰਗਾਂ ਪ੍ਰਵਾਨ ਕਰ ਲੈਣ ਤੋਂ ਬਾਅਦ ਦੋਹਾਂ ਜਥੇਬੰਦੀਆਂ ਵੱਲੋਂ ਮੁਕਤਸਰ ਦੇ ਡੀ.ਸੀ. ਦਫਤਰ ਅੱਗੇ ਚੱਲ ਰਿਹਾ ਅਣਮਿਥੇ ਸਮੇਂ ਦਾ ਧਰਨਾ ਮੁਲਤਵੀ ਕਰ ਦਿੱਤਾ ਗਿਆ ਹੈ।

ਮੁੱਖ ਮੰਤਰੀ ਨਾਲ ਹੋਈ ਮੀਟਿੰਗ ਵਿਚ ਬੀ.ਕੇ.ਯੂ. (ਏਕਤਾ)-ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ ਤੇ ਹੋਰ ਸ਼ਾਮਲ ਹੋਏ। ਕਿਸਾਨ-ਮਜ਼ਦੂਰ ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਕੋਲ ਸਖਤ ਇਤਰਾਜ਼ ਪ੍ਰਗਟਾਉਂਦਿਆਂ ਦੱਸਿਆ ਕਿ ਜ਼ਿਲ੍ਹਾ ਮੁਕਤਸਰ ਦੇ ਡਿਪਟੀ ਕਮਿਸ਼ਨਰ ਨੇ ਜਾਣ-ਬੁੱਝ ਕੇ ਗੁਲਾਬੀ ਸੁੰਡੀ ਨਾਲ ਨੁਕਸਾਨੇ ਨਰਮੇ ਦੀ ਸਹੀ ਗਿਰਦਾਵਰੀ ਨਹੀਂ ਕਰਵਾਈ, ਨਰਮਾ ਚੁਗਣ ਵਾਲੇ ਮਜ਼ਦੂਰਾਂ ਦੀ ਸ਼ਨਾਖਤ ਦਾ ਕੰਮ ਵੀ ਸ਼ੁਰੂ ਨਹੀਂ ਕਰਵਾਇਆ।

*(ਬਾਕੀ ਸਫਾ 6 'ਤੇ)*


M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED IMMIGRATION Attorneys Help FAMILIES REUNITE in the UNITED STATES
Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਸੰਯੁਕਤ ਕਿਸਾਨ ਮੋਰਚੇ ਵੱਲੋਂ ਐਮ.ਐਸ.ਪੀ. ਕਮੇਟੀ ਲਈ ਮੈਂਬਰ ਭੇਜਣ ਤੋਂ ਨਾਂਹ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ (ਐਸ.ਕੇ.ਐਮ.) ਨੇ ਕਿਹਾ ਹੈ ਕਿ ਉਹ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) 'ਤੇ ਕੇਂਦਰ ਵੱਲੋਂ ਬਣਾਈ ਜਾਣ ਵਾਲੀ ਕਮੇਟੀ ਲਈ ਆਪਣੇ ਮੈਂਬਰ ਨਾਮਜ਼ਦ ਨਹੀਂ ਕਰੇਗਾ, ਜਦੋਂ ਤੱਕ ਕਮੇਟੀ ਦੇ ਏਜੰਡੇ ਦਾ ਨਹੀਂ ਪਤਾ ਲੱਗ ਜਾਂਦਾ।

ਸੰਯੁਕਤ ਕਿਸਾਨ ਮੋਰਚਾ ਕਿਸਾਨ ਯੂਨੀਅਨਾਂ ਦੀ ਇਕ ਸਾਂਝੀ ਬਾਡੀ ਹੈ, ਜਿਸ ਨੇ ਕੇਂਦਰ ਸਰਕਾਰ ਵੱਲੋਂ ਵਾਅਦੇ ਪੂਰੇ ਨਾ ਕਰਨ 'ਤੇ 21 ਮਾਰਚ ਨੂੰ ਦੇਸ਼ਵਿਆਪੀ ਪ੍ਰਦਰਸ਼ਨ ਕੀਤਾ ਸੀ। ਐਸ.ਕੇ.ਐਮ. ਨੇਤਾਵਾਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਐਮ.ਕੇ.ਐਮ. ਨੇ ਕਮੇਟੀ ਲਈ ਉਦੋਂ ਤੱਕ ਆਪਣੇ ਨੁਮਾਇੰਦਿਆਂ ਦਾ ਨਾਮ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਜਦੋਂ ਕਮੇਟੀ ਦੇ ਏਜੰਡੇ ਅਤੇ ਇਸ ਸਬੰਧੀ ਸ਼ਰਤਾਂ ਦਾ ਪਤਾ ਨਹੀਂ ਲੱਗਦਾ। ਇਸ ਵਿਚ ਕਿਹਾ ਗਿਆ ਕਿ ਜਦੋਂ ਤੱਕ ਸਾਨੂੰ ਇਸ ਕਮੇਟੀ ਦੀ ਪ੍ਰਕਿਰਤੀ ਅਤੇ ਏਜੰਡੇ ਦਾ ਪੂਰੀ ਤਰ੍ਹਾਂ ਪਤਾ ਨਹੀਂ ਲੱਗਦਾ, ਉਦੋਂ ਤੱਕ ਅਜਿਹੀ ਕਮੇਟੀ ਵਿਚ ਸ਼ਾਮਲ ਹੋਣਾ ਲਾਭਕਾਰੀ ਨਹੀਂ ਹੋਵੇਗਾ। ਬਿਆਨ ਵਿਚ ਇਹ ਵੀ ਦੱਸਿਆ ਕਿ ਐਸ.ਕੇ.ਐਮ. ਕੋਆਰਡੀਨੇਸ਼ਨ ਕਮੇਟੀ ਮੈਂਬਰ ਯੁੱਧਵੀਰ ਸਿੰਘ ਨੂੰ 22 ਮਾਰਚ ਨੂੰ ਖੇਤੀਬਾੜੀ ਸਕੱਤਰ ਵੱਲੋਂ ਫੋਨ ਕੀਤਾ ਗਿਆ ਸੀ ਅਤੇ ਉਨ੍ਹਾਂ ਨੇ ਕਮੇਟੀ ਵਾਸਤੇ ਜਥੇਬੰਦੀ ਵੱਲੋਂ ਦੋ ਤਿੰਨ ਨਾਮ ਦੇਣ ਦਾ ਸੱਦਾ ਦਿੱਤਾ ਸੀ।

ਸੰਯੁਕਤ ਕਿਸਾਨ ਮੋਰਚੇ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਐਮ.ਐਸ.ਪੀ. ਅਤੇ ਕਿਸਾਨ ਅੰਦੋਲਨ ਨਾਲ ਜੁੜੇ ਹੋਰ ਮੁੱਦਿਆਂ ਤੋਂ ਟਾਲਾ ਵੱਟ ਰਹੀ ਹੈ। ਸਰਕਾਰ ਨੇ ਐਮ.ਐਸ.ਪੀ. ਸਬੰਧੀ ਕਮੇਟੀ ਨਾਲ ਜੁੜੀਆਂ ਮੱਦਾਂ ਬਾਰੇ ਵੀ ਕੁਝ ਸਪੱਸ਼ਟ ਨਹੀਂ ਕੀਤਾ ਹੈ ਅਤੇ ਮੋਰਚੇ ਵੱਲੋਂ ਉਕਤ ਸਵਾਲਾਂ ਬਾਰੇ 30 ਮਾਰਚ ਨੂੰ ਕੇਂਦਰ ਕੋਲ ਭੇਜੇ ਗਏ ਪੱਤਰ ਦਾ ਵੀ ਅਜੇ ਤੱਕ ਕੋਈ ਜਵਾਬ ਨਹੀਂ ਆਇਆ ਹੈ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਦਸੰਬਰ ਮਹੀਨੇ ਤੋਂ ਸਰਕਾਰ ਨੇ ਇਸ ਕਮੇਟੀ ਦੇ ਗਠਨ ਲਈ ਕੋਈ ਕਦਮ ਨਹੀਂ ਚੁੱਕਿਆ। ਆਗੂਆਂ ਨੇ ਕਿਹਾ ਕਿ ਅਖੀਰ ਵਿਚ 22 ਮਾਰਚ ਨੂੰ ਸੰਯੁਕਤ ਕਿਸਾਨ ਮੋਰਚੇ ਦੀ ਤਾਲਮੇਲ ਕਮੇਟੀ ਦੇ ਮੈਂਬਰ ਯੁੱਧਵੀਰ ਸਿੰਘ ਨੂੰ ਖੇਤੀਬਾੜੀ ਸਕੱਤਰ ਸੰਜੈ ਅਗਰਵਾਲ ਦਾ ਫੋਨ ਆਇਆ ਜਿਸ ਵਿਚ ਭਾਰਤ ਸਰਕਾਰ ਵੱਲੋਂ ਕਮੇਟੀ ਦੇ ਗਠਨ ਲਈ ਮੋਰਚੇ ਤੋਂ ਦੋ-ਤਿੰਨ ਨਾਂ ਮੰਗੇ ਗਏ ਸੀ। ਉਨ੍ਹਾਂ ਕਿਹਾ ਕਿ ਮੋਰਚੇ ਨੇ ਸੰਜੈ ਅਗਰਵਾਲ ਨੂੰ ਈਮੇਲ ਰਾਹੀਂ 25 ਮਾਰਚ ਨੂੰ ਸਵਾਲਾਂ 'ਤੇ ਸਪੱਸ਼ਟੀਕਰਨ ਦੇਣ ਲਈ ਬੇਨਤੀ ਕੀਤੀ। ਆਗੂਆਂ ਨੇ ਕਿਹਾ ਕਿ ਇਹ ਪੱਤਰ 30 ਮਾਰਚ ਨੂੰ ਮੁੜ ਭੇਜਿਆ ਗਿਆ ਸੀ ਪਰ ਅੱਜ ਤੱਕ ਕੋਈ ਜਵਾਬ ਨਹੀਂ ਆਇਆ। ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਕਿਸਾਨ ਮੋਰਚਾ, ਕਮੇਟੀ ਦੇ ਵੇਰਵਿਆਂ ਬਾਰੇ ਸਪੱਸ਼ਟੀਕਰਨ ਦੀ ਮੰਗ ਕਰਦਾ ਹੈ। ਮੋਰਚਾ ਜਦੋਂ ਤੱਕ ਇਸ ਕਮੇਟੀ ਦੀ ਪ੍ਰਕਿਰਤੀ ਤੇ ਏਜੰਡੇ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ ਹੁੰਦਾ, ਉਦੋਂ ਤੱਕ ਅਜਿਹੀ ਕਿਸੇ ਵੀ ਕਮੇਟੀ ਵਿਚ ਹਿੱਸਾ ਲੈਣਾ ਮੁਨਾਸਬ ਨਹੀਂ ਹੋਵੇਗਾ।



## ਸਰਕਾਰ ਨਾਵਾਂ ਦੀ ਉਡੀਕ ਕਰ ਰਹੀ ਹੈ: ਤੋਮਰ

**ਨਵੀਂ ਦਿੱਲੀ:** ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਰਾਜ ਸਭਾ ਵਿੱਚ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕੀਤੇ ਗਏ ਵਾਅਦੇ ਮੁਤਾਬਕ ਸਰਕਾਰ ਘੱਟੋ ਘੱਟ ਸਮਰਥਨ (ਐਮ.ਐਸ.ਪੀ.) ਬਾਰੇ ਕਮੇਟੀ ਜਰੂਰ ਕਾਇਮ ਕਰੇਗੀ। ਉਨ੍ਹਾਂ ਕਿਹਾ ਕਿ ਉਹ ਸੰਯੁਕਤ ਕਿਸਾਨ ਮੋਰਚੇ ਵੱਲੋਂ ਇਸ ਕਮੇਟੀ ਲਈ ਭੇਜੇ ਜਾਣ ਵਾਲੇ ਨਾਵਾਂ ਦੀ ਉਡੀਕ ਕਰ ਰਹੇ ਹਨ। ਤੋਮਰ ਨੇ ਕਿਹਾ ਕਿ ਤਿੰਨ ਨਵੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਵੱਲੋਂ ਸਾਲ ਭਰ ਕੀਤੇ ਗਏ ਰੋਸ ਮੁਜ਼ਾਹਰਿਆਂ ਤੋਂ ਬਾਅਦ ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਵਾਅਦੇ ਅਨੁਸਾਰ ਸਰਕਾਰ ਐਮ.ਐਸ.ਪੀ. ਬਾਰੇ ਕਮੇਟੀ ਬਣਾਉਣ ਲਈ ਵਚਨਬੱਧ ਹੈ।

## ਐਮ.ਐਸ.ਪੀ. ਹਫਤਾ ਮਨਾਏਗਾ ਮੋਰਚਾ: ਟਿਕੈਤ

**ਬਨੂੜ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਆਗਾਮੀ 11 ਤੋਂ 17 ਅਪਰੈਲ ਤੱਕ ਦੇਸ਼ ਭਰ ਵਿਚ ਐਮ.ਐਸ.ਪੀ. ਹਫਤਾ ਮਨਾਇਆ ਜਾਵੇਗਾ। ਇਸ ਹਫਤੇ ਦੌਰਾਨ ਦੇਸ਼ ਭਰ ਵਿਚ ਸੈਮੀਨਾਰ, ਰੈਲੀਆਂ ਤੇ ਮੀਟਿੰਗਾਂ ਕਰ ਕੇ ਫਸਲਾਂ ਦੀਆਂ ਕੇਂਦਰ ਵੱਲੋਂ ਨਿਰਧਾਰਿਤ ਕੀਤੀਆਂ ਜਾਂਦੀਆਂ ਕੀਮਤਾਂ ਅਨੁਸਾਰ ਖਰੀਦ ਯਕੀਨੀ ਬਣਾਉਣ ਲਈ ਕਿਸਾਨਾਂ ਅਤੇ ਦੇਸ਼ ਵਾਸੀਆਂ ਨੂੰ ਲਾਮਬੰਦ ਕੀਤਾ ਜਾਵੇਗਾ। ਇਹ ਐਲਾਨ ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂ ਰਾਕੇਸ਼ ਟਿਕੈਤ ਨੇ ਕੀਤਾ। ਸ੍ਰੀ ਟਿਕੈਤ ਨੇ ਦੱਸਿਆ ਕਿ ਕੇਂਦਰ ਕੋਲੋਂ ਐਮ.ਐਸ.ਪੀ. ਸਬੰਧੀ ਕਾਨੂੰਨ ਬਣਵਾਉਣ ਤੇ ਕਿਸਾਨਾਂ ਦੀਆਂ ਹੋਰ ਮੰਗਾਂ ਸਬੰਧੀ ਸੰਯੁਕਤ ਕਿਸਾਨ ਮੋਰਚਾ ਪੂਰੀ ਤਨਦੇਹੀ ਨਾਲ ਲੱਗਿਆ ਹੋਇਆ ਹੈ।

# ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਦਾ ਦੇਹਾਂਤ

**ਜਲੰਧਰ:** ਬਹੁਜਨ ਸਮਾਜ ਪਾਰਟੀ ਦੇ ਸਾਬਕਾ ਵਿਧਾਇਕ ਸ਼ਿੰਗਾਰਾ ਰਾਮ ਸਹੂੰਗੜਾ (57) ਦਾ ਇਥੇ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਨ੍ਹਾਂ ਦੇ ਪੁੱਤਰ ਕੰਵਰ ਜਗਜੀਵਨ ਨੇ ਦੱਸਿਆ ਕਿ ਉਹ ਆਪਣੇ ਪਿਤਾ ਨਾਲ ਜਲੰਧਰ ਆਏ ਹੋਏ ਸਨ ਤਾਂ ਉਨ੍ਹਾਂ ਨੂੰ ਛਾਤੀ ਵਿਚ ਦਰਦ ਮਹਿਸੂਸ ਹੋਈ। ਉਨ੍ਹਾਂ ਨੂੰ ਤੁਰਤ ਸਿਵਲ ਹਸਪਤਾਲ ਲਿਜਾਇਆ ਗਿਆ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਸ਼ਿੰਗਾਰਾ ਰਾਮ ਸਹੂੰਗੜਾ ਪਹਿਲੀ ਵਾਰ ਗੜ੍ਹਸ਼ੰਕਰ ਹਲਕੇ ਵਿਚੋਂ 1992 ਵਿਚ ਵਿਧਾਇਕ ਬਣੇ ਸਨ ਤੇ ਫਿਰ 1998 ਵਿਚ ਲਗਾਤਾਰ ਦੂਜੀ ਵਾਰ ਜਿੱਤੇ ਸਨ। ਪੰਜਾਬ ਵਿਚ ਉਹ ਬਹੁਜਨ ਸਮਾਜ ਪਾਰਟੀ ਵੱਲੋਂ ਲਗਾਤਾਰ ਦੂਜੀ ਵਾਰ ਵਿਧਾਇਕ ਬਣਨ ਵਾਲੇ ਪਹਿਲੇ ਆਗੂ ਸਨ। ਅੱਤ ਦੀ ਗਰੀਬੀ ਵਿਚੋਂ ਉੱਠ ਕੇ ਵਿਧਾਇਕ ਬਣਨ ਵਾਲੇ ਸ਼ਿੰਗਾਰਾ ਰਾਮ ਸਹੂੰਗੜਾ ਉਸ ਵੇਲੇ ਬੇਅੰਤ ਸਿੰਘ ਦੀ ਸਰਕਾਰ ਵਿਚ ਵੀ ਦਲਿਤਾਂ ਦੇ ਹੱਕਾਂ ਲਈ ਲੜਦੇ ਰਹੇ ਸਨ। ਦੋ ਵਾਰ ਵਿਧਾਇਕ ਬਣਨ ਦੇ ਬਾਵਜੂਦ ਉਹ ਆਪਣਾ ਘਰ ਤੱਕ ਨਹੀਂ ਸੀ ਬਣਾ ਸਕੇ। ਸਰਕਾਰ ਨੇ ਸਾਲ 2016 ਵਿਚ ਉਨ੍ਹਾਂ ਤੋਂ ਸਰਕਾਰੀ ਰਿਹਾਇਸ਼ ਜਬਰੀ ਖਾਲੀ ਕਰਵਾ ਲਈ ਸੀ ਤੇ ਉਨ੍ਹਾਂ ਨੇ ਬਾਹਰ ਤੰਬੂ ਲਾ ਕੇ ਆਪਣੇ ਪਰਿਵਾਰ ਦਾ ਸਿਰ ਢੱਕਿਆ ਸੀ।

# ਕੈਨੇਡਾ ਵਿਚ ਦਾਖਲ ਹੋਣ ਵਾਲੇ ਪਰਵਾਸੀਆਂ ਵਿਚ ਸਭ ਤੋਂ ਵੱਧ ਭਾਰਤੀ

**ਟਰਾਂਟੋ:** ਕੈਨੇਡਾ ਵੱਲੋਂ ਸਾਲ 2022 ਵਿਚ ਰਿਕਾਰਡ 4,32,000 ਨਵੇਂ ਲੋਕਾਂ ਦੇਸ਼ ਵਿਚ ਦਾਖਲਾ ਦੇਣ ਦੀ ਯੋਜਨਾ ਹੈ ਅਤੇ ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਉਸ ਨੇ 1,08,000 ਨਵੇਂ ਪਰਵਾਸੀਆਂ ਦਾ ਦੇਸ਼ ਵਿਚ ਸਵਾਗਤ ਕੀਤਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਰਿਫਿਊਜੀ ਐਂਡ ਸਿਟੀਜ਼ਨਸ਼ਿਪ ਮੰਤਰੀ ਸੀਨ ਫਰੇਜਰ ਨੇ ਕਿਹਾ, ''ਕੈਨੇਡਾ ਨੂੰ ਦੁਨੀਆਂ ਭਰ ਵਿਚ ਬਹੁਤ ਸਾਰੇ ਲੋਕਾਂ ਇਕ ਪਸੰਦੀਦਾ ਸਥਾਨ ਹੋਣ 'ਤੇ ਮਾਣ ਹੈ ਅਤੇ ਅਸੀਂ ਉਨ੍ਹਾਂ ਨੂੰ ਸਭ ਤੋਂ ਵਧੀਆ ਤਜਰਬਾ ਮੁਹੱਈਆ ਕਰਵਾਉਣ ਲਈ ਪੂਰੀ ਮਿਹਨਤ ਕਰਾਂਗੇ।'' ਇਸ ਸਾਲ ਕੈਨੇਡਾ ਵਿਚ ਰੈਜ਼ੀਡੈਂਸੀ ਲੈਣ ਵਾਲਿਆਂ ਭਾਰਤੀ ਸਭ ਤੋਂ ਅੱਗੇ ਹਨ। ਦੇਸ਼ ਵੱਲੋਂ 4,05,000 ਨਵੇਂ ਪਰਵਾਸੀਆਂ ਦੇ ਦਾਖਲ ਕੀਤੇ ਗਏ ਰਿਕਾਰਡ ਮੁਤਾਬਕ ਸਾਲ 2021 ਵਿਚ ਲਗਭਗ 1,00,000 ਭਾਰਤੀ ਕੈਨੇਡਾ ਦੇ ਪੱਕੇ ਵਸਨੀਕ ਬਣੇ ਹਨ। ਸਾਲ 2021-2022 ਦੌਰਾਨ 2,10,000 ਤੋਂ ਪੱਕੇ ਵਸਨੀਕਾਂ ਨੇ ਕੈਨੇਡਿਆਈ ਨਾਗਰਿਕਤਾ ਹਾਸਲ ਕੀਤੀ ਹੈ। ਇਮੀਗ੍ਰੇਸ਼ਨ ਰਿਫਿਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ.) ਵੱਲੋਂ ਜਾਰੀ ਅੰਕੜਿਆਂ ਮੁਤਾਬਕ ਇਸ ਵੱਲੋਂ 4,50,000 ਸਟੱਡੀ ਪਰਮਿਟ ਅਰਜ਼ੀਆਂ ਵੀ ਜਾਰੀ ਕੀਤੀਆਂ ਗਈਆਂ ਹਨ। ਅੰਕੜਿਆਂ ਮੁਤਾਬਕ 31 ਦਸੰਬਰ 2021 ਤੱਕ ਕੈਨੇਡਾ ਵਿਚ 6,22,000 ਵਿਦੇਸ਼ੀ ਵਿਦਿਆਰਥੀ ਸਨ, ਜਿਨ੍ਹਾਂ ਵਿਚ 2,17,410 ਭਾਰਤੀ ਵਿਦਿਆਰਥੀ ਸ਼ਾਮਲ ਹਨ।




ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਿਸਟਰ ਸਿੰਘ

ਫੋਨ: 608-886-2500

41-48

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਆਓ ਬਗੀਚੀ ਸ਼ੁਰੂ ਕਰੀਏ

**ਸ਼ਿਕਾਗੋ:** ਬਲਿਹਾਰ ਜਾਈਏ ਕੁਦਰਤ ਤੋਂ ਜਿਸ ਨੇ ਦੁਨੀਆ ਚਲਾਉਣ ਲਈ ਭਾਂਤ-ਭਾਂਤ ਦੇ ਫਲ ਬੂਟੇ ਬਣਾਏ, ਵੱਖ-ਵੱਖ ਰੁੱਤਾਂ ਬਣਾਈਆਂ, ਫਿਰ ਵੱਖ-ਵੱਖ ਤਰ੍ਹਾਂ ਦੇ ਵਾਤਾਵਰਨ ਪੈਦਾ ਕੀਤੇ। ਸ਼ਿਕਾਗੋ ਵਿਚ ਸਰਦੀ ਅੰਤਾਂ ਦੀ ਪੈਂਦੀ ਹੈ ਤੇ ਗਰਮੀ ਵੀ ਪਰ ਹਰ ਮੌਸਮ ਦਾ ਆਪਣਾ ਰੰਗ ਹੈ। ਹੁਣ ਬਹਾਰ ਸ਼ੁਰੂ ਹੋ ਗਈ ਹੈ। ਰੁੱਖਾਂ ਨੂੰ ਨਵੀਆਂ ਕਰੂੰਬਲਾਂ ਆਉਣ ਲੱਗ ਪਈਆਂ ਹਨ। ਧਰਤੀ ਪੋਲੀ ਹੋਣੀ ਸ਼ੁਰੂ ਹੋ ਗਈ ਹੈ। ਇਸ ਦੇ ਨਾਲ ਹੀ ਲੋਕਾਂ 'ਚ ਬਹਰ ਬਗੀਚੀਆਂ ਲਾਉਣ ਦਾ ਰੁਝਾਨ ਵਧ ਗਿਆ ਹੈ। ਇਸੇ ਗੱਲ ਨੂੰ ਮੁੱਖ ਰੱਖਦਿਆਂ ਸ਼ਿਕਾਗੋ ਦੇ ਸਿੱਖ ਸੀਨੀਅਰ ਗਰੁੱਪ ਨੇ ਨਵਰਾਜ ਕੌਰ ਬਸਾਤੀ ਨੂੰ ਬੁਲਾਇਆ ਜਿਸ ਨੇ 'ਬਗੀਚੀ ਸ਼ੁਰੂ ਕਿਵੇਂ ਕਰੀਏ' ਬਾਰੇ ਗੱਲਬਾਤ ਕੀਤੀ। ਨਵਰਾਜ ਕੌਰ ਬਸਾਤੀ ਨੇ ਮਾਸਟਰ ਗਾਰਡਨਰ ਦਾ ਕੋਰਸ ਕੀਤਾ ਹੋਇਆ ਹੈ ਜਿਸ ਤਹਿਤ ਉਹ ਗੁੱਸਾ ਕਾਬੂ ਲਈ ਥਰੈਪੀ ਦਿੰਦੀ ਹੈ ਜਿਸ ਲਈ ਦਰੱਖਤ, ਫਲ, ਬੂਟਿਆਂ ਤੋਂ ਕੰਮ ਲਿਆ ਜਾਂਦਾ ਹੈ।

ਨਵਰਾਜ ਕੌਰ ਬਸਾਤੀ ਨੇ ਗੱਲ ਸ਼ੁਰੂ ਕੀਤੀ ਕਿ ਬੀਜ ਪੁੰਗਰਨ ਲਈ ਤਿੰਨ ਚੀਜ਼ਾਂ ਦੀ ਜ਼ਰੂਰਤ ਹੈ- ਮਿੱਟੀ, ਧੁੱਪ ਤੇ ਪਾਣੀ। ਅਮਰੀਕਾ ਵਿਚ ਬੂਟੇ ਉਗਾਉਣ ਲਈ ਜ਼ੋਨਾਂ ਵਿਚ ਵੰਡੀ ਹੋਈ ਹੈ। ਸ਼ਿਕਾਗੋ 5ਵੇਂ ਜ਼ੋਨ ਵਿਚ ਆਉਂਦਾ ਹੈ। ਸਰਦੀਆਂ ਵਿਚ ਧਰਤੀ ਜੰਮ ਜਾਂਦੀ ਹੈ ਤੇ ਮਾਰਚ ਵਿਚ ਆਠਰਨ ਲੱਗਦੀ ਹੈ। ਮਿੱਟੀ ਦੀ ਬਣਤਰ ਬਦਲਣ ਵਿਚ ਮਿਲੀਅਨ ਸਾਲ ਲੱਗ ਜਾਂਦੇ ਹਨ। ਇਥੇ ਪਹਿਲਾਂ ਬਰਫ ਦੇ ਗਲੇਸ਼ੀਅਰ ਹੁੰਦੇ ਸਨ ਜੋ ਪਿਘਲ ਗਏ। ਲਾਵੇ ਨਿਕਲਦੇ ਰਹੇ ਜੋ ਪੱਥਰ ਬਣ ਗਏ। ਪੱਥਰਾਂ ਵਿਚ ਖਣਿਜ ਹੁੰਦੇ ਹਨ। ਪੱਥਰ ਭੁਰ-ਭੁਰ ਕੇ ਰੇਤਾ ਬਣ ਜਾਂਦਾ ਹੈ। ਸਾਲਾਂ ਤੋਂ ਘਾਹ ਉਗਦਾ ਰਿਹਾ ਜੋ ਮਿੱਟੀ 'ਚ ਦਬਦਾ ਗਿਆ। ਕਈ ਬੂਟਿਆਂ ਦੀਆਂ ਜੜ੍ਹਾਂ ਮਿਲੀਅਨ ਸਾਲਾਂ ਤੋਂ ਦਬੀਆਂ ਪਈਆਂ ਹਨ ਜਿਸ ਕਰਕੇ ਇਕ ਸਤਹਿ ਆਰਗੈਨਿਕ ਮਿੱਟੀ ਦੀ ਹੈ ਜੋ ਬਹੁਤ ਉਪਜਾਊ ਹੈ। ਵਿਟਾਮਿਨਾਂ ਦੀ ਮਾਤਰਾ ਬਹੁਤ ਹੈ। ਬਣਤਰ ਬਦਲਦੀ ਗਈ। ਉਪਰਲੀ ਮਿੱਟੀ ਦੀ ਤਹਿ ਸਭ ਤੋਂ ਵਧੀਆ ਹੁੰਦੀ ਹੈ ਪਰ ਜਦੋਂ ਲੋਕ ਘਰ ਬਣਾਉਂਦੇ ਹਨ, ਮਿੱਟੀ ਅੰਦਰ ਉਥਲ-ਪੁਥਲ ਹੋ ਜਾਂਦੀ ਹੈ ਤੇ ਉਪਰਲੀ ਤਹਿ ਨਸ਼ਟ ਹੋ ਜਾਂਦੀ ਹੈ। ਸੋ, ਬਾਗਬਾਨੀ ਦੀ ਵਿਉਂਤ ਪਹਿਲਾਂ ਬਣਾ ਲੈਣੀ ਚਾਹੀਦੀ ਹੈ ਤਾਂ ਕਿ ਉਪਰਲੀ ਮਿੱਟੀ ਵਾਲੀ ਤਹਿ ਬਚਾਈ ਜਾ ਸਕੇ। ਮਿੱਟੀ ਦੀ ਪਛਾਣ ਵੀ ਕਰਵਾਈ ਜਾ ਸਕਦੀ ਹੈ ਕਿ ਕਿਹੜੇ-ਕਿਹੜੇ ਬੂਟੇ ਹੋ ਸਕਦੇ ਹਨ। ਕਈ ਬੂਟੇ ਘੱਟ ਖੁਰਾਕ ਮੰਗਦੇ ਹਨ। ਹਰ ਬੂਟੇ ਨੂੰ ਪਾਣੀ ਦੀ ਵੀ ਘੱਟ ਜਾਂ ਵੱਧ ਲੋੜ ਹੁੰਦੀ ਹੈ। ਮਿੱਟੀ ਚੀਕਣੀ ਹੈ ਜਾਂ ਰੇਤਲੀ, ਇਸ ਨੂੰ ਤੁਸੀਂ ਹਥ ਨਾਲ ਵੀ ਪਰਖ ਕਰ ਸਕਦੇ ਹੋ। ਮਿੱਟੀ ਵਿਚ ਥੋੜ੍ਹਾ ਪਾਣੀ ਪਾ ਕੇ ਮੁੱਠੀ ਘੁੱਟ ਕੇ ਬੰਦ ਕਰ ਲਵੋ। ਜੇ ਡਲੀ ਬਣੀ ਰਹੇ ਤਾਂ ਚੀਕਣੀ, ਜੇ ਭੁਰ ਜਾਏ ਤਾਂ ਰੇਤਲੀ। ਕੁਝ ਬੂਟੇ ਚੀਕਣੀ ਮਿੱਟੀ ਵਿਚ ਹੋ ਜਾਂਦੇ ਹਨ, ਕੁਝ ਰੇਤਲੀ ਮਿੱਟੀ ਵਿਚ ਵਧਦੇ-ਫੁੱਲਦੇ ਹਨ। ਮਿੱਟੀ ਦੀ ਬਣਤਰ ਮੁਤਾਬਿਕ ਪਾਣੀ ਟਿਕਦਾ ਹੈ। ਰੇਤਲੀ ਮਿੱਟੀ ਵਿਚ ਪਾਣੀ ਰੁਕਦਾ ਨਹੀਂ। ਜੇ ਮਿੱਟੀ ਦਾ ਰੰਗ ਕਾਲਾ ਹੈ ਤਾਂ ਉਸ ਵਿਚ ਖਾਦ ਪਦਾਰਥ ਵੱਧ ਹਨ, ਜੇ ਭੂਰੀ ਤਾਂ ਰੇਤਲੀ ਜੇ ਗ੍ਰੇਅ ਹੈ ਤਾਂ ਚੀਕਣੀ ਵਧ।

ਅੱਜ ਕੱਲ੍ਹ ਸਾਇੰਸਦਾਨਾਂ ਨੇ ਜ਼ਿੰਦਗੀ ਸੌਖੀ ਕਰ ਦਿੱਤੀ ਹੈ। ਬੀਜ ਪੈਕੇਟਾਂ ਵਿਚ ਮਿਲਦੇ ਹਨ। ਪੈਕੇਟ 'ਤੇ ਹਰ ਜਾਣਕਾਰੀ ਦਿੱਤੀ ਹੁੰਦੀ ਹੈ। ਕਦੋਂ ਲਾਉਣੇ, ਕਿੰਨੀ ਦੂਰ 'ਤੇ, ਕਿੰਨੀ ਧੁੱਪ ਤੇ ਕਿੰਨਾ ਪਾਣੀ, ਕਿਹੋ ਜਿਹੀ ਮਿੱਟੀ 'ਚ ਲਾਉਣੇ; ਇਹ



ਸਭ ਜਾਣਕਾਰੀ ਪੜ੍ਹ ਲੈਣੀ ਚਾਹੀਦੀ ਹੈ। ਧਨੀਆ, ਤਰਬੂਜ਼, ਖਰਬੂਜ਼ੇ ਰੇਤਲੀ ਜ਼ਮੀਨ ਪਸੰਦ ਕਰਦੇ ਹਨ। ਮਿੱਟੀ ਦੀ ਪਰਖ ਮਿੱਟੀ-ਭਾਂਡੇ ਵਿਚ ਪਾ ਕੇ ਵੀ ਕੀਤੀ ਜਾ ਸਕਦੀ ਹੈ। ਜੇ ਪਾਣੀ ਥੱਲੇ ਚਲਿਆ ਗਿਆ ਤਾਂ ਰੇਤਲੀ, ਜੇ ਰਸ ਗਿਆ ਤਾਂ ਭੁਰੀ। ਜੇ ਪੈਕੇਟ 'ਤੇ ਪੂਰੀ ਧੁੱਪ ਲਿਖਿਆ ਤਾਂ ਮਤਲਬ ਹੈ 6 ਤੋਂ 8 ਘੰਟੇ ਰੋਜ਼ਾਨਾ। ਜੇ ਅੰਸ਼ਕ ਲਿਖਿਆ ਹੈ ਤਾਂ 4 ਤੋਂ 6 ਘੰਟੇ ਰੋਜ਼। ਕੁਝ ਹਰੀਆਂ ਸਬਜ਼ੀਆਂ ਛਾਂ ਵਿਚ ਹੋ ਜਾਂਦੀਆਂ ਹਨ ਜਿਥੇ ਘੱਟ ਧੁੱਪ ਲਗਦੀ ਹੋਵੇ ਜਿਵੇਂ ਸਲਾਦ, ਜੜ੍ਹੀ-ਬੂਟੀਆਂ। ਸਬਜ਼ੀਆਂ ਗਮਲਿਆਂ ਜਾਂ ਰੇਜ਼ਡ ਬੈੱਡ ਵਿਚ ਵੀ ਲਗਾਈਆਂ ਜਾ ਸਕਦੀਆਂ ਹਨ ਜਿਨ੍ਹਾਂ ਵਿਚ ਮਿੱਟੀ ਆਪਣੀ ਪਸੰਦ ਦੀ ਪਾ ਸਕਦੇ ਹੋ, ਪਾਣੀ ਦੀ ਮਾਤਰਾ ਕੰਟਰੋਲ ਕਰ ਸਕਦੇ ਹੋ। ਕੁਝ ਬੂਟੇ ਪਾਣੀ ਦੀ ਕਮੀ ਵੀ ਬਰਦਾਸ਼ਤ ਕਰ ਲੈਂਦੇ ਹਨ। ਟਮਾਟਰ ਖੀਰੇ ਵੱਧ ਪਾਣੀ ਮੰਗਦੇ ਹਨ। ਕਈ ਬੂਟੇ ਜੋ ਬਹੁਤੀ ਧੁੱਪ ਪਸੰਦ ਨਹੀਂ ਕਰਦੇ, ਉਹ ਪਾਣੀ ਬਚਾ ਵੀ ਲੈਂਦੇ ਹਨ ਤਾਂ ਕਿ ਕੜਾਕੇ ਦੀ ਧੁੱਪ ਤੋਂ ਬਚਾ ਹੋ ਸਕੇ। ਬੀਜ ਦੀ ਉਤਪਤੀ ਕਿੱਥੇ ਹੋਈ ਹੈ, ਇਹ ਵੀ ਫਲਣ 'ਤੇ ਨਿਰਭਰ ਹੈ। ਕਰੇਲਾ ਜਪਾਨ, ਚੀਨ ਤੇ ਭਾਰਤ ਵਿਚ ਮਿਲਦਾ ਹੈ। ਧਨੀਆ ਅਰਬ ਮੁਲਕਾਂ, ਭਾਰਤ ਅਤੇ ਦੱਖਣੀ ਅਮਰੀਕਾ ਵਿਚ ਮਿਲਦਾ ਹੈ। ਟਮਾਟਰਾਂ ਦੀਆਂ ਬੇਹੱਦ ਕਿਸਮਾਂ ਹਨ ਤੇ ਉਨ੍ਹਾਂ ਦੀਆਂ ਲੋੜਾਂ ਵੀ ਵੱਖਰੀਆਂ। ਖੇਚਲ ਘਟਾਉਣ ਲਈ ਬੂਟਿਆਂ ਦੀਆਂ ਦੋ-ਦੋ ਤਿੰਨ-ਤਿੰਨ ਕਿਸਮਾਂ ਇਕੱਠੀਆਂ ਲਾਈਆਂ ਜਾ ਸਕਦੀਆਂ ਹਨ।

ਧਨੀਆ, ਮਿਰਚ, ਟਮਾਟਰ ਇੱਕਠੇ ਲਾ ਸਕਦੇ ਹੋ। ਚੈਰੀ ਟਮੈਟੋ (ਟਮਾਟਰ) ਛੋਟੇ ਗਮਲਿਆਂ ਵਿਚ 4-6 ਇੰਚ ਦੀ ਦੂਰੀ 'ਤੇ ਲਾ ਸਕਦੇ ਹੋ। ਫਲ ਲੱਗਣ ਤੱਕ ਵਕਤ ਲੱਗਦਾ ਹੈ। ਕੁਝ 60-90 ਦਿਨਾਂ ਤੱਕ ਚੱਲਦੇ ਹਨ। ਕੁਝ ਇਕ ਦੀ ਪਨੀਰੀ ਅੰਦਰ ਸ਼ੁਰੂ ਕੀਤੀ ਜਾ ਸਕਦੀ ਹੈ ਤੇ ਸਹੀ ਮੌਸਮ ਆਉਣ 'ਤੇ ਬਾਹਰ ਕੱਢ ਸਕਦੇ ਹੋ। ਟਮਾਟਰ, ਖੀਰੇ, ਮਿਰਚਾਂ ਮੌਸਮ ਬਦਲਣ ਤਕ ਅੰਦਰ ਸ਼ੁਰੂ ਕਰ ਲਵੋ। ਬੂਟਿਆਂ ਨੂੰ ਅੰਦਰੋਂ ਇਕਦਮ ਬਾਹਰ ਗਰਮੀ ਵਿਚ ਨਹੀਂ ਲਿਆਉਣਾ ਚਾਹੀਦਾ, ਹੌਲੇ-ਹੌਲੇ ਦਿਨੇ ਬਾਹਰ ਰੱਖੋ ਅਤੇ ਰਾਤੀਂ ਅੰਦਰ ਲੈ ਜਾਓ। ਜੇ ਮਿੱਟੀ ਦਾ ਤਾਪਮਾਨ 40 ਤੋਂ ਘਟ ਗਿਆ ਤਾਂ ਬੂਟੇ ਮਰ ਜਾਣਗੇ। ਜ਼ੋਨ 5 ਵਿਚ 21 ਅਪਰੈਲ ਤੱਕ ਬਰਫ ਪੈਣ ਦਾ ਖਦਸ਼ਾ ਰਹਿੰਦਾ ਹੈ। ਬੂਟਿਆਂ ਨੂੰ ਵਧਣ-ਫੁੱਲਣ ਲਈ ਨਾਈਟਰੋਜਨ ਦੀ ਜ਼ਰੂਰਤ ਹੈ। ਜਦੋਂ ਅਸਮਾਨੀ ਬਿਜਲੀ ਧਰਤੀ ਨੂੰ ਛੂਹ ਜਾਵੇ, ਉਥੇ ਨਾਈਟਰੋਜਨ ਵੱਧ ਹੋ ਜਾਂਦੀ ਹੈ। ਆਦਿਵਾਸੀ ਇਸ ਚੀਜ਼ ਦਾ ਖਿਆਲ ਰੱਖਦੇ ਸਨ। ਬੀਜ ਪੁੰਗਰਨ ਲਈ ਮਿੱਟੀ ਦੀ ਜ਼ਰੂਰਤ ਨਹੀਂ, ਪੁੰਗਰਨ ਲਈ ਮਿਠਾਸ ਚਾਹੀਦੀ ਹੈ ਜੋ ਬੀਜਾਂ ਵਿਚ ਆਮ ਹੁੰਦੀ ਹੈ। ਪਹਿਲਾਂ ਦੋ ਪੱਤੀਆਂ ਨਿਕਲਦੀਆਂ ਹਨ। ਧੁੱਪ ਉਨ੍ਹਾਂ ਵਿਚਲੀ ਮਿਠਾਸ ਨੂੰ ਚਾਲੂ ਕਰ ਦਿੰਦੀ ਹੈ। ਧੁੱਪ ਦੀਆਂ ਅਲਟਰਾ-ਵਾਇਲਟ ਕਿਰਨਾਂ ਕੰਮ ਕਰਦੀਆਂ ਹਨ। ਇਹ ਪੱਤੀਆਂ ਨਿਕਲਣ ਵੇਲੇ ਖਾਦ ਚਾਹੀਦੀ ਹੈ। ਇਨ੍ਹਾਂ ਪੱਤੀਆਂ ਨੂੰ ਟਰੂ ਲੀਵਜ਼ ਕਿਹਾ ਜਾਂਦਾ ਹੈ। ਜੂਨ ਤੋਂ ਨਵੰਬਰ ਤਕ ਬੀਜ ਸਿੱਧੇ ਮਿੱਟੀ ਵਿਚ ਵੀ ਲਾਏ ਜਾ ਸਕਦੇ ਹਨ ਪਰ ਫਲ ਲੱਗਣ ਨੂੰ ਦੇਰ ਲੱਗੇਗੀ।

ਧੁੱਪ ਦੀ ਥਾਂ ਅੰਦਰ ਲਾਉਣ ਲਈ ਲੈਂਪ ਵੀ ਮਿਲਦੇ ਹਨ। ਜੇ ਟਾਹਣੀਆਂ ਜ਼ਿਆਦਾ ਵਧ ਰਹੀਆਂ ਹੋਣ ਤਾਂ ਖਾਦ ਘੱਟ ਪਾਓ। ਜਦੋਂ ਬੂਟੇ ਫਲ ਲੱਗਣ ਦੇ ਨੇੜੇ ਹੋਣ ਤਾਂ ਖਾਦ ਪਾਓ। ਕਰੇਲਾ, ਘੀਆ, ਭਿੰਡੀ ਬਾਹਰ ਲਾਉਣੀ ਚਾਹੀਦੀ ਹੈ। ਫੁੱਲਾਂ ਦੇ ਬੂਟੇ ਵੀ ਬਗੀਚੇ ਵਿਚ ਲਾਏ ਜਾ ਸਕਦੇ ਹਨ ਜੋ ਮੱਖੀਆਂ ਨੂੰ ਆਕਰਸ਼ਕ ਕਰਦੇ ਹਨ ਜਿਨ੍ਹਾਂ ਨਾਲ ਫੁੱਲ, ਫਲਾਂ ਵਿਚ ਬਦਲਦੇ ਹਨ। ਛੋਟੇ ਤੋਂ ਛੋਟੇ ਬੀਜ ਵਿਚ ਵੱਡੇ-ਵੱਡੇ ਦਰਖਤ ਦਾ ਪੂਰਾ ਡੀ.ਐਨ.ਏ. ਹੁੰਦਾ ਹੈ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ।

ਸਖਤ ਬੀਜ ਭਿਉਂ ਕੇ ਲਾਉਣੇ ਚਾਹੀਦੇ ਹਨ। ਸਬਤ ਮਿੱਟੀ ਖਲੇਪੜ ਬਣ ਜਾਂਦੀ ਹੈ। ਉਦੋਂ ਪਾਣੀ ਲਾਉਣਾ ਚਾਹੀਦਾ ਹੈ। ਦੁਬਾਰਾ ਪੁੰਗਰਨ ਤੱਕ ਬੀਜ ਸੌਂ ਜਾਂਦੇ ਹਨ। ਅਗਲੇ ਸਾਲ ਸਹੀ ਵਾਤਾਵਰਨ ਮਿਲਣ 'ਤੇ ਉੱਗਦੇ ਹਨ। ਜਾਨਵਰ ਵੀ ਬੀਜ ਦੂਰ ਦੂਰ ਤੱਕ ਪਹੁੰਚਾਉਂਦੇ ਹਨ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਇਕ ਮੁੱਠੀ ਮਿੱਟੀ ਵਿਚ ਮਿਲੀਅਨ ਜੀਵ ਹੁੰਦੇ ਹਨ ਜੋ ਵਕਤ ਮੁਤਾਬਿਕ ਆਪੋ-ਆਪਣਾ ਫਰਜ਼ ਨਿਭਾਉਂਦੇ ਹਨ। ਅੱਜ ਕੱਲ੍ਹ ਭਾਰਤੀ ਬੀਜ ਨੈੱਟ ਤੋਂ ਮੰਗਵਾਏ ਜਾ ਸਕਦੇ ਹਨ।

ਅਖੀਰ ਵਿਚ ਨਵਰਾਜ ਕੌਰ ਬਸਾਤੀ ਨੇ ਮੁਫਤ ਬੀਜ ਵੰਡੇ ਅਤੇ ਬੂਟੇ ਉਗਾਉਣ ਦੀ ਸਮੱਗਰੀ ਵੀ ਵੰਡੀ। ਸਿੱਖ ਸੀਨੀਅਰ ਹਰ ਵੀਰਵਾਰ ਨੂੰ ਪੈਲੇਟਾਈਨ ਗੁਰਦੁਆਰਾ ਸਾਹਿਬ ਵਿਚ ਇਕੱਠੇ ਹੁੰਦੇ ਹਨ। ਵਧੇਰੇ ਜਾਣਕਾਰੀ ਸ. ਸੁਰਿੰਦਰਪਾਲ ਸਿੰਘ ਕਾਲਰਾ (ਫੋਨ: 847-305-9119), ਸ. ਪ੍ਰੇਮਪਾਲ ਸਿੰਘ (ਫੋਨ: 847-722-7683) ਜਾਂ ਠਾਕਰ ਸਿੰਘ ਬਸਾਤੀ ਨੂੰ ਈਮੇਲ (basatit@aol.com) 'ਤੇ ਸੰਪਰਕ ਕਰ ਸਕਦੇ ਹੋ।

## ਭਾਰਤ-ਨੇਪਾਲ ਸਰਹੱਦੀ ਵਿਵਾਦ 'ਤੇ ਚਰਚਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਨੇਪਾਲ ਦੇ ਉਨ੍ਹਾਂ ਦੇ ਹਮਰੁਤਬਾ ਸ਼ੇਰ ਬਹਾਦੁਰ ਦਿਓਬਾ ਨੇ ਸਰਹੱਦ ਪਾਰ ਰੇਲਵੇ ਨੈੱਟਵਰਕ ਅਤੇ ਪਾਵਰ ਟਰਾਂਸਮਿਸ਼ਨ ਲਾਈਨ ਦਾ ਉਦਘਾਟਨ ਕੀਤਾ। ਇਸ ਦੇ ਨਾਲ ਹੀ ਨੇਪਾਲ ਵਿਚ ਭਾਰਤ ਦੇ ਰੁਪੇਅ ਪੇਅਮੈਂਟ ਕਾਰਡ ਦੀ ਸ਼ੁਰੂਆਤ ਵੀ ਕੀਤੀ ਗਈ। ਦੋਵਾਂ ਆਗੂਆਂ ਨੇ ਗੱਲਬਾਤ ਜਰੀਏ ਦੁਵੱਲੇ ਰਿਸ਼ਤਿਆਂ ਨੂੰ ਵਿਸਥਾਰ ਦੇਣ ਦਾ ਸੰਕਲਪ ਦੁਹਰਾਇਆ। ਇਸ ਦੌਰਾਨ ਦੋਵਾਂ ਮੁਲਕਾਂ ਨੇ ਰੇਲਵੇ ਤੇ ਊਰਜਾ ਸੈਕਟਰ ਵਿਚ ਸਹਿਯੋਗ ਵਧਾਉਣ ਲਈ ਚਾਰ ਸਮਝੌਤਿਆਂ ਨੂੰ ਵੀ ਕਲਮਬੰਦ ਕੀਤਾ। ਦਿਓਬਾ ਨੇ ਮਗਰੋਂ ਮੀਡੀਆ ਨੂੰ ਦਿੱਤੇ ਆਪਣੇ ਬਿਆਨ ਵਿਚ ਕਿਹਾ ਕਿ ਗੱਲਬਾਤ ਦੌਰਾਨ ਦੋਵਾਂ ਮੁਲਕਾਂ ਦਰਮਿਆਨ ਸਰਹੱਦੀ ਮੁੱਦੇ ਉੱਤੇ ਵੀ ਵਿਚਾਰ ਚਰਚਾ ਹੋਈ ਤੇ ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਇਸ ਮੁੱਦੇ ਦਾ ਸਥਾਪਿਤ ਦੁਵੱਲੇ ਚੌਖਟੇ ਰਾਹੀਂ ਹੱਲ ਕੱਢਿਆ ਜਾਵੇ। ਸ੍ਰੀ ਮੋਦੀ ਨੇ ਕਿਹਾ ਕਿ ਭਾਰਤ ਤੇ ਨੇਪਾਲ ਵਿਚਾਲੇ ਦੋਸਤਾਨਾ ਸਬੰਧ ਬੇਜੋੜ ਹਨ।


# ਹੈਲਪਰ, ਡਿਸ਼ਵਾਸ਼ਰ ਅਤੇ ਸਰਵਰ ਦੀ ਲੋੜ ਹੈ

ਔਸਟਿਨ, ਟੈਕਸਸ ਵਿਚ ਇੰਡੀਅਨ ਰੈਸਟੋਰੈਂਟ ਲਈ ਹੈਲਪਰ ਸਰਵਰ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਤੇ ਰਿਹਾਇਸ਼ ਦਾ ਪ੍ਰਬੰਧ



ਚਾਹਵਾਨ ਸੰਪਰਕ ਕਰਨ:

316-305-1818 ਜਾਂ 316-518-5382

E-Mail: Bayleafaustin@gmail.com

10-17


# Matrimonials

## ਲੜਕੇ ਦੀ ਲੋੜ ਹੈ

ਜੱਟ ਸਿੱਖ 42 ਸਾਲਾ 5'4", ਵਧੀਆ ਨੌਕਰੀ, ਅਮਰੀਕਨ ਸਿਟੀਜ਼ਨ, ਤਲਾਕਸ਼ੁਦਾ ਲੜਕੀ ਲਈ ਅਮਰੀਕਾ ਵਿਚ ਰਹਿੰਦੇ ਵਧੀਆ ਸਥਾਪਿਤ ਜੱਟ ਸਿੱਖ ਪਰਿਵਾਰ ਦੇ 45 ਸਾਲ ਤੋਂ ਵੱਧ ਉਮਰ ਦੇ, ਬਿਨਾਂ ਬੱਚੇ ਵਾਲੇ ਜੀਵਨ ਸਾਥੀ ਦੀ ਲੋੜ ਹੈ। ਚਾਹਵਾਨ 540-479-0603 'ਤੇ ਸੰਪਰਕ ਕਰ ਸਕਦੇ ਹਨ। 6-9

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

## ਲੜਕੀ ਦੀ ਲੋੜ ਹੈ

Sikh Ramgarhia family Looking for a simple Punjab Girl (21-28) in the USA or Canada for thier 28, 5'9" son. Masters Degree in Electrical Engineering. Working in the Automotive Industry. Please contact us at: MSLally1958@gmail.com" 14-17

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16

Jatt Sikh family Looking for a jatt sikh, well settled match for their U.S born and raised jatt sikh 30, 6'3" son. Degree in criminal justice. Job in transportation. Send picture and biodata at 630-550-0299 or Email at: Dilbaghothi51@gmail.com 8-11

33 ਸਾਲਾ ਜੱਟ ਸਿੱਖ ਆਪਣਾ ਬਿਜ਼ਨਸ ਕਰਦੇ, USA citizen 6'1" ਲੜਕੇ ਲਈ ਯੂ.ਐਸ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਘੱਟੋ-ਘੱਟ 5'6", ਸੋਹਣੀ-ਸੁਨੱਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਨੇ ਬੈਚਲਰ ਡਿਗਰੀ ਕੀਤੀ ਹੋਈ ਹੈ। ਚਾਹਵਾਨ 317-767-1636 ਜਾਂ Email at: singh2026@hotmail.com 'ਤੇ ਸੰਪਰਕ ਕਰ ਸਕਦੇ ਹਨ। 6-10

31 ਸਾਲਾ ਜੱਟ ਸਿੱਖ, 6" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ -ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ 779-861-3770 ਜਾਂ b.singh815.bs@gmial.com'ਤੇ ਸੰਪਰਕ ਕਰ ਸਕਦੇ ਹਨ। feb-apr

Suitable match for Tonk-Kshatriya turbanator, trimmed Beard sikh boy 29, 5'10". Qualification B Tech IT, H1B Visa holder. Residing in San Jose (California). US Resident/Work Permit girl preferred. Caste No Bar. Please Contact us at: 90852-81759 jan-mar

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com. Dec-Mar

Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

# ‘40 ਲੱਖ ਤੋਂ ਵੱਧ ਸ਼ਰਨਾਰਥੀਆਂ ਨੇ ਯੂਕਰੇਨ ਛੱਡਿਆ’

**ਜਨੇਵਾ:** ਸੰਯੁਕਤ ਰਾਸ਼ਟਰ ਦੀ ਸ਼ਰਨਾਰਥੀ ਏਜੰਸੀ ਨੇ ਕਿਹਾ ਹੈ ਕਿ ਰੂਸ ਵੱਲੋਂ ਜੰਗ ਸ਼ੁਰੂ ਕਰਨ ਤੋਂ ਬਾਅਦ ਹੁਣ ਤੱਕ 40 ਲੱਖ ਤੋਂ ਵੱਧ ਸ਼ਰਨਾਰਥੀ ਯੂਕਰੇਨ ਛੱਡ ਕੇ ਜਾ ਚੁੱਕੇ ਹਨ। ਏਜੰਸੀ ਮੁਤਾਬਕ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਇਹ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਹੈ।

ਇਸ ਸਬੰਧੀ ਨਵੇਂ ਅੰਕੜੇ ਯੂ.ਐਨ.ਐਚ.ਸੀ.ਆਰ. ਵੈੱਬਸਾਈਟ ‘ਤੇ ਪਾਏ ਗਏ ਹਨ। ਹੁਣ ਤੱਕ 23 ਲੱਖ ਤੋਂ ਵੱਧ ਲੋਕ ਪੋਲੈਂਡ ਪੁੱਜ ਚੁੱਕੇ ਹਨ, ਪਰ ਕਈ ਹੋਰ ਮੁਲਕਾਂ ਵੱਲ ਜਾ ਰਹੇ ਹਨ ਜਾਂ ਵਾਪਸ ਯੂਕਰੇਨ ਪੁੱਜ ਰਹੇ ਹਨ। ਸਹਾਇਤਾ ਕਾਮਿਆਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਦਿਨਾਂ ਵਿਚ ਸ਼ਰਨਾਰਥੀਆਂ ਦੀ ਗਿਣਤੀ ਘਟਣ ਲੱਗੀ ਹੈ ਕਿਉਂਕਿ ਵੱਡੀ ਗਿਣਤੀ ‘ਚ ਲੋਕ ਯੁੱਧ ਖਤਮ ਹੋਣ ਸਬੰਧੀ ਤਾਜ਼ੇ ਘਟਨਾਕ੍ਰਮ ‘ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਇਕ ਅੰਦਾਜ਼ੇ ਮੁਤਾਬਕ ਲਗਭਗ 65 ਲੱਖ ਲੋਕਾਂ ਨੂੰ ਮੁਲਕ ਵਿਚ ਹੀ ਆਪਣੇ ਘਰਾਂ ਨੂੰ ਛੱਡ ਕੇ ਦੂਜੀਆਂ ਥਾਵਾਂ ‘ਤੇ ਜਾਣਾ ਪੈ ਰਿਹਾ ਹੈ। ਸਰਕਾਰਾਂ ਵੱਲੋਂ ਮੁਹੱਈਆ ਕਰਵਾਏ ਅੰਕੜਿਆਂ ਮੁਤਾਬਕ 24 ਫਰਵਰੀ ਤੋਂ ਸ਼ੁਰੂ ਹੋਈ ਜੰਗ ਤੋਂ ਬਾਅਦ ਹੁਣ ਤੱਕ 608,000 ਲੋਕ ਰੋਮਾਨੀਆ ‘ਚ ਦਾਖਲ ਹੋ ਚੁੱਕੇ ਹਨ, 387,000 ਮੋਲਦੋਵਾ ਜਾ ਚੁੱਕੇ ਹਨ ਤੇ ਲਗਭਗ 364,000 ਹੰਗਰੀ ਵਿਚ ਪੁੱਜ ਗਏ ਹਨ। ਜੰਗ ਸ਼ੁਰੂ ਹੋਣ ਦੇ ਸਮੇਂ ਤੋਂ ਹੀ ਯੂ.ਐਨ.ਐਚ.ਸੀ.ਆਰ. ਨੇ ਭਵਿਖਬਾਣੀ ਕੀਤੀ ਸੀ ਕਿ ਲਗਭਗ 40 ਲੱਖ ਲੋਕ ਯੂਕਰੇਨ ਛੱਡ ਕੇ ਜਾ ਸਕਦੇ ਹਨ, ਭਾਵੇਂ ਕਿ ਇਸ ਵੱਲੋਂ ਵਾਰ-ਵਾਰ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਸ ਵੱਲੋਂ ਇਨ੍ਹਾਂ ਭਵਿੱਖਬਾਣੀਆਂ ਦਾ ਮੁੜ ਮੁਲਾਂਕਣ ਕੀਤਾ ਜਾਂਦਾ ਰਿਹਾ ਹੈ। ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੇ ਹਾਈ ਕਮਿਸ਼ਨਰ ਫਿਲਿਪੋ ਗ੍ਰੈਂਡੀ ਨੇ ਯੂਕਰੇਨ ‘ਚ ਪੁੱਜਦਿਆਂ ਟਵੀਟ ਕੀਤਾ ਕਿ ਉਹ ਲਵੀਵ ਦੇ ਪੱਛਮੀ ਸ਼ਹਿਰ ਵਿੱਚ ਰਹਿਣਗੇ ਤੇ ਇਸ ਜੰਗ ਕਾਰਨ ਪ੍ਰਭਾਵਿਤ ਤੇ ਉੱਜੜ ਚੁੱਕੇ ਲੋਕਾਂ ਦੀ ਮਦਦ ਕਰਨ ਦਾ ਯਤਨ ਕਰਨਗੇ।




### ਜੰਗ ਲੱਗਣ ਮਗਰੋਂ ਰੂਸ ’ਚ ਦਵਾਈਆਂ ਦੀ ਕਮੀ

**ਮਾਸਕੋ:** ਯੂਕਰੇਨ ‘ਤੇ ਹਮਲੇ ਮਗਰੋਂ ਰੂਸ ਦੀ ਰਾਜਧਾਨੀ ਮਾਸਕੋ ਅਤੇ ਹੋਰ ਕਈ ਸ਼ਹਿਰਾਂ ਦੀਆਂ ਫਾਰਮੇਸੀਆਂ ‘ਚ ਕੁਝ ਦਵਾਈਆਂ ਦੀ ਕਮੀ ਹੋ ਗਈ ਹੈ। ਕਜ਼ਾਨ ਦੇ ਇਕ ਵਸਨੀਕ ਨੇ ਦੱਸਿਆ ਕਿ ਖ਼ੂਨ ਪਤਲਾ ਕਰਨ ਵਾਲੀ ਦਵਾਈ ਹੁਣ ਸ਼ਹਿਰ ਦੀ ਇਕ ਵੀ ਫਾਰਮੇਸੀ ‘ਚ ਨਹੀਂ ਮਿਲ ਰਹੀ ਹੈ। ਉਧਰ ਮਾਹਿਰਾਂ ਅਤੇ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਦਵਾਈਆਂ ਦੀ ਕਮੀ ਆਰਜ਼ੀ ਹੈ। ਲੋਕਾਂ ਵੱਲੋਂ ਘਬਰਾ ਕੇ ਕੀਤੀ ਜਾ ਰਹੀ ਖਰੀਦਦਾਰੀ ਅਤੇ ਪਾਬੰਦੀਆਂ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਭਾਰਤ-ਆਸਟਰੇਲੀਆ ਵੱਲੋਂ ਵਪਾਰ ਸਮਝੌਤੇ ’ਤੇ ਦਸਤਖ਼ਤ

**ਨਵੀਂ ਦਿੱਲੀ:** ਭਾਰਤ ਤੇ ਆਸਟਰੇਲੀਆ ਨੇ ਆਰਥਿਕ ਸਬੰਧਾਂ ਨੂੰ ਉਤਸ਼ਾਹਿਤ ਕਰਨ ਲਈ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤੇ ‘ਤੇ ਦਸਤਖ਼ਤ ਕੀਤੇ ਹਨ। ਭਾਰਤੀ ਵਿਦਿਆਰਥੀਆਂ ਨੂੰ ਆਸਟਰੇਲੀਆ ‘ਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਦੋ ਤੋਂ ਚਾਰ ਸਾਲ ਦਾ ਕੰਮਕਾਜੀ ਵੀਜ਼ਾ ਦੇਣ ਤੋਂ ਇਲਾਵਾ ਨੌਜਵਾਨ ਮਾਹਿਰਾਂ ਲਈ ਵੀ ਕੰਮਕਾਜ ਅਤੇ ਛੁੱਟੀਆਂ ਮਨਾਉਣ ਦੇ ਵੀਜ਼ੇ ਦਾ ਪ੍ਰਬੰਧ ਕੀਤਾ ਗਿਆ ਹੈ।

ਸਮਝੌਤੇ ਤਹਿਤ ਆਸਟਰੇਲੀਆ ਟੈਕਸਟਾਈਲ, ਚਮੜਾ, ਗਹਿਣੇ, ਖੇਡਾਂ ਅਤੇ ਮਸ਼ੀਨਰੀ ਸਮੇਤ 95 ਫੀਸਦੀ ਤੋਂ ਜ਼ਿਆਦਾ ਭਾਰਤੀ ਵਸਤਾਂ ਲਈ ਆਪਣੇ ਬਾਜ਼ਾਰ ‘ਚ ਡਿਊਟੀ ਮੁਕਤ ਪਹੁੰਚ ਪ੍ਰਦਾਨ ਕਰੇਗਾ। ਭਾਰਤੀ ਵਿਦਿਆਰਥੀਆਂ ਨੂੰ ਆਸਟਰੇਲੀਆ ‘ਚ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਦੋ ਤੋਂ ਚਾਰ ਸਾਲ ਦਾ ਕੰਮਕਾਜੀ ਵੀਜ਼ਾ ਦੇਣ ਤੋਂ ਇਲਾਵਾ ਨੌਜਵਾਨ ਮਾਹਿਰਾਂ ਲਈ ਵੀ ਕੰਮਕਾਜ ਅਤੇ ਛੁੱਟੀਆਂ ਮਨਾਉਣ ਦੇ ਵੀਜ਼ੇ ਦਾ ਪ੍ਰਬੰਧ ਕੀਤਾ ਗਿਆ ਹੈ। ਸਮਝੌਤੇ ‘ਤੇ ਕਰੀਬ ਚਾਰ ਮਹੀਨਿਆਂ ‘ਚ ਅਮਲ ਹੋਣ ਦੀ ਸੰਭਾਵਨਾਹੈ। ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਅਤੇ ਆਸਟਰੇਲੀਆ ਦੇ ਵਪਾਰ, ਸੈਰ-ਸਪਾਟਾ ਤੇ ਨਿਵੇਸ਼ ਮੰਤਰੀ ਡੈਨ ਟੇਹਨ ਨੇ ਵਰਚੁਅਲੀ ਹੋਏ ਸਮਾਗਮ ਦੌਰਾਨ ਭਾਰਤ-ਆਸਟਰੇਲੀਆ ਆਰਥਿਕ ਸਹਿਯੋਗ ਅਤੇ ਵਪਾਰ ਸਮਝੌਤੇ ‘ਤੇ ਦਸਤਖ਼ਤ ਕੀਤੇ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਆਸਟਰੇਲਿਆਈ ਹਮਰੁਤਬਾ ਸਕੌਟ ਮੌਰੀਸਨ ਵੀ ਹਾਜਰ ਸਨ। ਇਸ ਦੌਰਾਨ ਵਣਜ ਮੰਤਰੀ ਪਿਊਸ਼ ਗੋਇਲ ਨੇ ਕਿਹਾ ਕਿ ਇਹ ਸਮਝੌਤਾ ਦੁਵੱਲੇ ਵਪਾਰ ਨੂੰ ਸਾਢੇ 27 ਅਰਬ ਡਾਲਰ ਤੋਂ ਵਧਾ ਕੇ ਅਗਲੇ ਪੰਜ ਸਾਲਾਂ ‘ਚ 45-50 ਅਰਬ ਡਾਲਰ ਤੱਕ ਪਹੁੰਚਾਉਣ ‘ਚ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਸਮਝੌਤੇ ਨਾਲ ਅਗਲੇ 5 ਤੋਂ 7 ਸਾਲਾਂ ‘ਚ ਕਰੀਬ 10 ਲੱਖ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ। ਸਮਝੌਤੇ ‘ਚ ਤੀਜੇ ਮੁਲਕ ਤੋਂ ਆਉਣ ਵਾਲੇ ਉਤਪਾਦਾਂ ਨਾਲ ਪੈਣ ਵਾਲੇ ਅਸਰ ਨੂੰ ਰੋਕਣ ਲਈ ਸਖਤ ਨੇਮ ਤੈਅ ਕੀਤੇ ਗਏ ਹਨ।

# ਭਾਰਤ-ਰੂਸ ਵੱਲੋਂ ਕੌਮੀ ਕਰੰਸੀਆਂ ’ਚ ਵਪਾਰ ਦੇ ਸੰਕੇਤ

**ਨਵੀਂ ਦਿੱਲੀ:** ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ ਕਿ ਰੂਸ ਨੇ ਭਾਰਤ ਅਤੇ ਹੋਰ ਭਾਈਵਾਲਾਂ ਨਾਲ ਕੌਮੀ ਕਰੰਸੀਆਂ ‘ਚ ਵਪਾਰ ਕਰਨ ਦੀਆਂ ਕੋਸ਼ਿਸ਼ਾਂ ਆਰੰਭ ਦਿੱਤੀਆਂ ਹਨ ਤਾਂ ਜੋ ਪੱਛਮ ਦੀਆਂ ਪਾਬੰਦੀਆਂ ਦੇ ਅਸਰ ਨੂੰ ਘਟਾਇਆ ਜਾ ਸਕੇ।

ਉਨ੍ਹਾਂ ਦੁਵੱਲੇ ਰਣਨੀਤਕ ਸਬੰਧਾਂ ਦੀ ਰਫਤਾਰ ਜਾਰੀ ਰੱਖਣ ਦਾ ਅਹਿਦ ਵੀ ਲਿਆ। ਲਾਵਰੋਵ ਨੇ ਇਹ ਬਿਆਨ ਆਪਣੇ ਭਾਰਤੀ ਹਮਰੁਤਬਾ ਐੱਸ ਜੈਸ਼ੰਕਰ ਨਾਲ ਇਥੇ ਵੱਖ-ਵੱਖ ਮੁੱਦਿਆਂ ‘ਤੇ ਹੋਈ ਗੱਲਬਾਤ ਮਗਰੋਂ ਦਿੱਤਾ। ਮੀਟਿੰਗ ਦੌਰਾਨ ਰੂਸ-ਯੂਕਰੇਨ ਜੰਗ ਅਤੇ ਉਸ ਦੇ ਮਾਸਕੋ ਤੇ ਨਵੀਂ ਦਿੱਲੀ ਵਿਚਕਾਰ ਰਿਸ਼ਤਿਆਂ ‘ਤੇ ਪੈਣ ਵਾਲੇ ਅਸਰ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਹ ਗੱਲਬਾਤ ਉਸ ਸਮੇਂ ਹੋਈ ਹੈ ਜਦੋਂ ਇਕ ਦਿਨ ਪਹਿਲਾਂ ਅਮਰੀਕਾ ਨੇ ਰੂਸ ਖਿਲਾਫ ਲਾਈਆਂ ਗਈਆਂ ਪਾਬੰਦੀਆਂ ਨੂੰ ਅਣਗੌਲਿਆ ਕਰਨ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਸੀ। ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਦੋਂ ਲਾਵਰੋਵ ਤੋਂ ਪੁੱਛਿਆ ਗਿਆ ਕਿ ਕੀ ਭਾਰਤ, ਰੂਸ ਅਤੇ ਯੂਕਰੇਨ ਵਿਚਕਾਰ ਜੰਗ ਖਤਮ ਕਰਾਉਣ ‘ਚ ਸਹਾਇਤਾ ਕਰ ਸਕਦਾ ਹੈ ਤਾਂ ਉਨ੍ਹਾਂ ਕਿਹਾ ਕਿ ਜੇਕਰ ਭਾਰਤ ਕੌਮਾਂਤਰੀ ਸਮੱਸਿਆਵਾਂ ਪ੍ਰਤੀ ਆਪਣੀ ‘ਢੁਕਵੀਂ ਅਤੇ ਤਰਕਸੰਗਤ ਪਹੁੰਚ‘ ਨਾਲ ਹਮਾਇਤ ਕਰਨਾ ਚਾਹੁੰਦਾ ਹੈ ਤਾਂ ਕੋਈ ਵੀ ਇਸ ਖਿਲਾਫ ਨਹੀਂ ਹੋਵੇਗਾ। ਉਂਜ ਉਨ੍ਹਾਂ ਨਾਲ ਹੀ ਕਿਹਾ ਕਿ ਭਾਰਤ ਤੋਂ ਇਸ ਬਾਰੇ ਅਜੇ ਕੋਈ ਵੀ ਪੇਸ਼ਕਸ਼ ਨਹੀਂ ਮਿਲੀ ਹੈ। ਗੱਲਬਾਤ ਦੌਰਾਨ ਰੂਬਲ-ਰੁਪਏ ‘ਚ ਭੁਗਤਾਨ ਪ੍ਰਣਾਲੀ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ‘ਚ ਲਾਵਰੋਵ ਨੇ ਕਿਹਾ ਕਿ ਅਜਿਹਾ ਪ੍ਰਬੰਧ ਬਹੁਤ ਸਾਲ ਪਹਿਲਾਂ ਭਾਰਤ ਅਤੇ ਚੀਨ ਵਰਗੇ ਮੁਲਕਾਂ ਨਾਲ ਵਪਾਰ ਲਈ ਸ਼ੁਰੂ ਕੀਤਾ ਗਿਆ ਸੀ ਅਤੇ ਹੁਣ ਪੱਛਮੀ ਭੁਗਤਾਨ ਪ੍ਰਣਾਲੀ ਨੂੰ ਉਲੰਘਣ ਦੀਆਂ ਕੋਸ਼ਿਸ਼ਾਂ ਹੋਰ ਤੇਜ ਕੀਤੀਆਂ ਜਾਣਗੀਆਂ।




# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ

**ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ ‘ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ? ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ ‘ਸੀ. ਡੀ. ਐੱਲ. ਸਟਾਰਟ’ ਵਿਚ ਆਓ।**




**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ ‘ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ ‘ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ ‘ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

**ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)**
**ਈ-ਮੇਲ: info@cdlstart.com / www.cdlstart.com**

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਸਿੱਖ ਬਜ਼ੁਰਗ ਉਤੇ ਹਮਲੇ ਦੀ ਨਿਖੇਧੀ

**ਨਿਊ ਯਾਰਕ:** ਨਿਊ ਯਾਰਕ ਵਿਚ ਭਾਰਤੀ ਕੌਂਸਲੇਟ ਜਨਰਲ ਨੇ ਬਜ਼ੁਰਗ ਸਿੱਖ 'ਤੇ ਹੋਏ ਦੀ ਨਿਖੇਧੀ ਕਰਦਿਆਂ ਇਸ ਨੂੰ 'ਡੂੰਘੀ ਚਿੰਤਾ' ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਪੁਲਿਸ ਦੇ ਸੰਪਰਕ ਵਿਚ ਹੈ, ਜੋ ਇਸ ਘਿਨਾਉਣੇ ਨਫਰਤੀ ਹਮਲੇ ਦੀ ਜਾਂਚ ਕਰ ਰਹੀ ਹੈ। 70 ਸਾਲ ਤੋਂ ਉਪਰ ਦੀ ਉਮਰ ਦੇ ਨਿਰਮਲ ਸਿੰਘ ਨੂੰ ਕੁਈਨਜ਼ ਦੇ ਰਿਚਮੰਡ ਹਿੱਲ ਵਿਚ ਬਿਨਾਂ ਕਿਸੇ ਭੜਕਾਹਟ ਦੇ ਹਮਲੇ ਵਿਚ ਕਥਿਤ ਤੌਰ ਉਤੇ ਮੁੱਕਾ ਮਾਰਿਆ ਗਿਆ ਸੀ। ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਗਈਆਂ ਤਸਵੀਰਾਂ ਵਿਚ ਉਨ੍ਹਾਂ ਨੂੰ ਖੂਨ ਨਾਲ ਲੱਥਪੱਥ ਦਸਤਾਰ, ਚਿਹਰੇ ਅਤੇ ਕੱਪੜਿਆਂ ਨਾਲ ਦਿਖਾਇਆ ਗਿਆ ਹੈ, ਜਿਸ ਨੇ ਭਾਰਤੀ ਭਾਈਚਾਰੇ ਨੂੰ ਹੈਰਾਨ ਤੇ ਪਰੇਸ਼ਾਨ ਕਰ ਦਿੱਤਾ ਹੈ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅਮਰੀਕਾ 'ਚ ਸਿੱਖਾਂ 'ਤੇ ਹੁੰਦੇ ਨਸਲੀ ਹਮਲਿਆਂ 'ਤੇ ਚਿੰਤਾ ਪ੍ਰਗਟਾਉਂਦਿਆਂ ਉਥੋਂ ਦੀਆਂ ਗੁਰਦੁਆਰਾ ਕਮੇਟੀਆਂ ਅਤੇ ਸਿੱਖ ਆਗੂਆਂ ਨੂੰ ਇਸ ਵਰਤਾਰੇ ਖਿਲਾਫ ਅਵਾਜ਼ ਬੁਲੰਦ ਕਰਨ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਨੇ ਮੁਲਜ਼ਮਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਲਈ ਅਮਰੀਕਾ ਦੀਆਂ ਸਿੱਖ ਸੰਸਥਾਵਾਂ ਅੱਗੇ ਆਉਣ।

# ਕਿਸਾਨੀ ਮੰਗਾਂ ਲਈ ਅੰਦੋਲਨ ਦੇ ਅਗਲੇ ਪੜਾਅ ਦਾ ਐਲਾਨ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ)-ਡਕੌਂਦਾ) ਨੇ ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ਵਿਆਪੀ ਸੱਦੇ ਨੂੰ ਲਾਗੂ ਕਰਦਿਆਂ 11 ਤੋਂ 17 ਅਪਰੈਲ ਤੱਕ ਐਮ.ਐਸ.ਪੀ. ਗਾਰੰਟੀ ਹਫਤਾ ਮਨਾਉਣ ਦਾ ਐਲਾਨ ਕੀਤਾ ਹੈ। ਯੂਨੀਅਨ ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਦੱਸਿਆ ਕਿ ਲਖੀਮਪੁਰ ਖੀਰੀ 'ਚ ਕਿਸਾਨਾਂ 'ਤੇ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਬਚਾਉਣ ਤੇ ਬੇਕਸੂਰ ਕਿਸਾਨਾਂ ਨੂੰ ਫਸਾਉਣ ਖਿਲਾਫ ਵੀ ਪ੍ਰਦਰਸ਼ਨ ਕਰਨਗੇ।

ਸੰਯੁਕਤ ਕਿਸਾਨ ਮੋਰਚੇ ਨੇ ਆਪਣੀ ਦੇਸ਼ਵਿਆਪੀ ਮੁਹਿੰਮ ਦਾ ਅਗਲਾ ਪੜਾਅ ਆਰੰਭਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ 11 ਤੋਂ 17 ਅਪਰੈਲ ਤੱਕ ਐਮ.ਐਸ.ਪੀ. ਦਾ ਕਾਨੂੰਨੀ ਗਰੰਟੀ ਹਫਤਾ ਮਨਾ ਕੇ ਦੇਸ ਵਿਆਪੀ ਮੁਹਿੰਮ ਚਲਾਈ ਜਾਵੇਗੀ। ਇਸ ਹਫਤੇ ਦੌਰਾਨ, ਸੰਯੁਕਤ ਕਿਸਾਨ ਮੋਰਚੇ ਨਾਲ ਜੁੜੀਆਂ ਸਾਰੀਆਂ ਸੰਵਿਧਾਨਕ ਜਥੇਬੰਦੀਆਂ ਧਰਨੇ, ਪ੍ਰਦਰਸ਼ਨ, ਸੈਮੀਨਾਰ, ਸਵਾਮੀਨਾਥਨ ਕਮਿਸ਼ਨ ਵੱਲੋਂ ਨਿਰਧਾਰਤ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੀ ਮੰਗ ਬਾਰੇ ਧਰਨੇ ਪ੍ਰਦਰਸ਼ਨ ਆਦਿ ਕਰਨਗੀਆਂ। ਜਥੇਬੰਦੀ ਵੱਲੋਂ ਲਖੀਮਪੁਰ ਖੀਰੀ ਮਾਮਲੇ ਵਿਚ ਚੱਲ ਰਹੀ



ਕਾਨੂੰਨੀ ਪ੍ਰਕਿਰਿਆ ਦਾ ਜਾਇਜ਼ਾ ਲੈਂਦਿਆਂ ਚਿੰਤਾ ਪ੍ਰਗਟਾਈ ਗਈ ਕਿ ਪੁਲਿਸ ਪ੍ਰਸ਼ਾਸਨ ਤੇ ਸਰਕਾਰੀ ਵਕੀਲ ਮਿਲ ਕੇ ਦੋਸ਼ੀਆਂ ਨੂੰ ਬਚਾਉਣ ਤੇ ਬੇਕਸੂਰ ਕਿਸਾਨਾਂ ਨੂੰ ਫਸਾਉਣ ਦੀ ਕੋਸ਼ਿਸ਼ ਕਰ ਰਹੇ ਹਨ।

## ਅਕਾਲੀ ਆਗੂ ਮਜੀਠੀਆ ਦੇ ਜੁਡੀਸ਼ਲ ਰਿਮਾਂਡ ਵਿਚ ਵਾਧਾ

**ਮੁਹਾਲੀ:** ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਵੱਲੋਂ ਬਹੁ-ਚਰਚਿਤ ਨਸ਼ਾ ਤਸਕਰੀ ਮਾਮਲੇ ਵਿਚ ਨਾਮਜ਼ਦ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਅਦਾਲਤ ਨੇ 14 ਦਿਨਾਂ ਲਈ ਮਜੀਠੀਆ ਦੇ ਜੁਡੀਸ਼ਲ ਰਿਮਾਂਡ ਵਿਚ ਵਾਧਾ ਕਰਦਿਆਂ ਅਕਾਲੀ ਆਗੂ ਨੂੰ ਅਗਲੀ ਪੇਸ਼ੀ ਉਤੇ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ ਹੈ। ਕੁਝ ਦਿਨ ਪਹਿਲਾਂ ਇਥੋਂ ਦੇ ਫੇਜ਼-4 ਸਥਿਤ ਪੰਜਾਬ ਪੁਲਿਸ ਦੇ ਸਟੇਟ ਕ੍ਰਾਈਮ ਵਿੰਗ ਦੇ ਥਾਣੇ ਵਿਚ ਬਿਕਰਮ ਸਿੰਘ ਮਜੀਠੀਆ ਵਿਰੁੱਧ ਨਸ਼ਾ ਤਸਕਰੀ ਮਾਮਲੇ ਵਿਚ ਅਪਰਾਧਿਕ ਪਰਚਾ ਦਰਜ ਕੀਤਾ ਗਿਆ ਸੀ।

## ਗੈਂਗਸਟਰਾਂ ਖਿਲਾਫ ਵਿਸ਼ੇਸ਼ ਟਾਸਕ ਫੋਰਸ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੈਂਗਸਟਰਾਂ ਵਿਰੁੱਧ ਕਾਰਵਾਈ ਲਈ ਵਿਸ਼ੇਸ਼ ਟਾਸਕ ਫੋਰਸ ਕਾਇਮ ਕਰਨ ਦਾ ਹੁਕਮ ਦਿੱਤਾ ਹੈ। ਸੂਤਰਾਂ ਨੇ ਦੱਸਿਆ ਕਿ ਐਂਟੀ ਗੈਂਗਸਟਰ ਟਾਸਕ ਫੋਰਸ ਨਾਂ ਦੀ ਇਕਾਈ ਮੌਜੂਦਾ ਇਕਾਈ, ਜਿਸ ਨੂੰ ਆਰਗੇਨਾਈਜਡ ਕ੍ਰਾਈਮ ਕੰਟਰੋਲ ਯੂਨਿਟ ਕਿਹਾ ਜਾਂਦਾ ਹੈ, ਦਾ ਸੁਧਾਰਿਆ ਰੂਪ ਹੋਵੇਗੀ। ਮੁੱਖ ਮੰਤਰੀ ਨੇ ਰਾਜ ਦੇ ਐਸ.ਐਸ.ਪੀਜ਼. ਨਾਲ ਮੀਟਿੰਗ ਦੌਰਾਨ ਐਲਾਨ ਕੀਤਾ ਕਿ ਟਾਸਕ ਫੋਰਸ ਦੀ ਅਗਵਾਈ ਏ.ਡੀ.ਜੀ.ਪੀ. ਰੈਂਕ ਦੇ ਅਧਿਕਾਰੀ ਕਰਨਗੇ।

## ਕਿਸਾਨਾਂ ਮਜ਼ਦੂਰਾਂ ਦੀਆਂ ਕਈ ਮੰਗਾਂ ਮੰਨੀਆਂ

*(ਪਹਿਲੇ ਸਫੇ ਦੀ ਬਾਕੀ)*

ਮੁੱਖ ਮੰਤਰੀ ਨੇ ਲੰਬੀ 'ਚ ਵਾਪਰੀ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ 'ਚ ਨਰਮੇ ਦੀ ਕੁੱਲ ਬਿਜਾਈ ਦਾ ਪੰਜਾਹ ਫੀਸਦੀ ਨੁਕਸਾਨ ਦੇ ਹਿਸਾਬ ਕਰੀਬ 50 ਕਰੋੜ ਰੁਪਏ ਕਾਸ਼ਤਕਾਰ ਕਿਸਾਨਾਂ ਨੂੰ ਅਤੇ 5 ਕਰੋੜ ਰੁਪਏ ਦੇ ਕਰੀਬ ਨਰਮਾ ਚੁਗਣ ਵਾਲੇ ਮਜ਼ਦੂਰਾਂ ਨੂੰ ਪਾਰਦਰਸ਼ੀ ਢੰਗ ਨਾਲ ਦੇਣ ਤੋਂ ਇਲਾਵਾ ਦੋਸ਼ੀ ਅਧਿਕਾਰੀਆਂ ਖਿਲਾਫ ਕਾਰਵਾਈ ਕਰਨ ਅਤੇ ਮਜ਼ਦੂਰਾਂ-ਕਿਸਾਨਾਂ ਖਿਲਾਫ ਦਰਜ ਕੇਸ ਵਾਪਸ ਲੈਣ ਦੀ ਮੰਗ ਪ੍ਰਵਾਨ ਕਰਕੇ ਜਲਦੀ ਲਾਗੂ ਕਰਨ ਦਾ ਭਰੋਸਾ ਦਿੰਦਿਆਂ ਹਾਜ਼ਰ ਅਧਿਕਾਰੀਆਂ ਨੂੰ ਲੋੜੀਂਦੇ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ। ਨੁਕਸਾਨੇ ਨਰਮੇ ਦਾ ਬਾਕੀ ਜ਼ਿਲ੍ਹਿਆਂ 'ਚ ਮਜ਼ਦੂਰਾਂ-ਕਿਸਾਨਾਂ ਨੂੰ ਵੰਡਣ ਤੋਂ ਰਹਿੰਦਾ ਮੁਆਵਜ਼ਾ ਦੇਣ ਦੀ ਕੀਤੀ ਮੰਗ 'ਤੇ ਵੀ ਉਹਨਾਂ ਅਮਲ ਕਰਨ ਦਾ ਭਰੋਸਾ ਦਿੱਤਾ। ਗੜਿਆਂ ਤੇ ਸੇਮ ਨਾਲ ਫਸਲਾਂ ਦੇ ਹੋਏ ਨੁਕਸਾਨ ਦਾ ਕਿਸਾਨਾਂ-ਮਜ਼ਦੂਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਬਾਰੇ ਵੀ ਮੁੱਖ ਮੰਤਰੀ ਨੇ ਜਲਦੀ ਹੀ ਅਮਲ ਦਾ ਭਰੋਸਾ ਦਿੱਤਾ।

# ਹਰਸਿਮਰਤ ਨੇ ਸਿੱਖ ਕੈਦੀਆਂ ਦੀ ਤੁਰੰਤ ਰਿਹਾਈ ਮੰਗੀ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਮੰਗ ਕੀਤੀ ਹੈ ਕਿ ਸਜ਼ਾ ਪੂਰੀ ਕਰ ਚੁੱਕੇ ਹੋਣ ਦੇ ਬਾਵਜੂਦ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਨੂੰ ਤੁਰਤ ਰਿਹਾਅ ਕੀਤਾ ਜਾਵੇ। ਉਨ੍ਹਾਂ ਲੋਕ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਇਹ ਮਾਮਲਾ ਚੁੱਕਿਆ ਤੇ ਸਦਨ ਦੇ ਧਿਆਨ ਵਿਚ ਲਿਆਂਦਾ ਕਿ 1984 'ਚ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਤੋਂ ਬਾਅਦ ਕੁਝ ਸਿੱਖ ਭਾਵਨਾਵਾਂ ਵਿਚ ਵਹਿ ਗਏ ਸਨ। ਉਨ੍ਹਾਂ ਕਿਹਾ ਕਿ 25 ਸਾਲਾਂ ਤੋਂ ਜੇਲ੍ਹਾਂ 'ਚ ਬੰਦ ਸਿੱਖ ਕੈਦੀਆਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ 2019 ਵਿਚ ਐਨ.ਡੀ.ਏ. ਸਰਕਾਰ ਨੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਪੁਰਬ 'ਤੇ ਅੱਠ ਸਿੱਖ ਕੈਦੀਆਂ ਲਈ ਸਜ਼ਾ ਮੁਆਫੀ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਮਾਰਚ 2014 ਵਿਚ ਉਮਰ ਕੈਦ ਵਿਚ ਬਦਲ ਦਿੱਤੀ ਗਈ ਸੀ ਪਰ ਦਿੱਲੀ ਸਰਕਾਰ ਪ੍ਰੋ. ਭੁੱਲਰ ਨੂੰ ਰਿਹਾਅ ਨਹੀਂ ਕਰ ਰਹੀ। ਗੁਰਦੀਪ ਸਿੰਘ ਖਹਿਰਾ 25 ਸਾਲਾਂ ਤੋਂ ਵੱਧ ਸਮੇਂ ਤੋਂ ਬਿਨਾਂ ਪੈਰੋਲ ਦੇ ਕਰਨਾਟਕਾ ਦੀ ਜੇਲ੍ਹ ਵਿਚ ਬੰਦ ਹਨ। ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫੀ ਦੀ ਪਟੀਸ਼ਨ 'ਤੇ ਹੋ ਰਹੀ ਦੇਰੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਤਾਂ ਸੁਪਰੀਮ ਕੋਰਟ ਨੇ ਵੀ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ 30 ਅਪਰੈਲ ਤੱਕ ਭਾਈ ਰਾਜੋਆਣਾ ਦੀ ਰਹਿਮ ਦੀ ਅਪੀਲ 'ਤੇ ਫੈਸਲਾ ਲਵੇ। ਰਾਜੋਆਣਾ 27 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ। ਉਨ੍ਹਾਂ ਕਿਹਾ ਕਿ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੇ ਕਾਤਲ ਰਿਹਾਅ ਕੀਤੇ ਜਾ ਸਕਦੇ ਹਨ ਤਾਂ ਫਿਰ ਸਿੱਖ ਕੈਦੀਆਂ ਨਾਲ ਵਿਤਕਰਾ ਨਹੀਂ ਹੋਣਾ ਚਾਹੀਦਾ।

## ਭਾਰਤੀ ਮੂਲ ਦੀ ਅਮਰੀਕੀ ਗਾਇਕਾ ਫਾਲਗੁਨੀ ਸ਼ਾਹ ਨੂੰ ਗ੍ਰੈਮੀ ਪੁਰਸਕਾਰ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ-ਅਮਰੀਕੀ ਗਾਇਕਾ ਫਾਲਗੁਨੀ ਸ਼ਾਹ ਨੂੰ ਗ੍ਰੈਮੀ ਪੁਰਸਕਾਰ ਜਿੱਤਣ ਉਤੇ ਵਧਾਈ ਦਿੱਤੀ ਹੈ। ਨਿਊ ਯਾਰਕ ਦੀ ਰਹਿਣ ਵਾਲੀ ਫਾਲਗੁਨੀ ਨੂੰ ਸਮਾਰੋਹ ਵਿਚ 'ਏ ਕਲਰਫੁੱਲ ਵਰਲਡ' ਲਈ ਸਰਵੋਤਮ ਬਾਲ ਐਲਬਮ ਸ਼੍ਰੇਣੀ ਵਿਚ ਗ੍ਰੈਮੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

# ਭਗਵੰਤ ਮਾਨ ਵੱਲੋਂ ਚੰਡੀਗੜ੍ਹ ਤੋਂ ਲੰਡਨ ਲਈ ਸਿੱਧੀ ਉਡਾਣ ਸ਼ੁਰੂ ਕਰਨ ਦੀ ਮੰਗ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਬਰਤਾਨਵੀ ਡਿਪਟੀ ਹਾਈ ਕਮਿਸ਼ਨਰ ਚੰਡੀਗੜ੍ਹ ਕੈਰੋਲੀਨ ਰੋਵੇਟ ਨਾਲ ਮੁਲਾਕਾਤ ਕਰ ਕੇ ਲੰਡਨ ਤੋਂ ਚੰਡੀਗੜ੍ਹ ਲਈ ਸਿੱਧੀ ਉਡਾਣ ਤਰਜੀਹ ਦੇ ਆਧਾਰ 'ਤੇ ਸ਼ੁਰੂ ਕਰਨ ਦੀ ਮੰਗ ਕੀਤੀ। ਮਾਨ ਨੇ ਕੈਰੋਲੀਨ ਰੋਵੇਟ ਨੂੰ ਦੱਸਿਆ ਕਿ ਚੰਡੀਗੜ੍ਹ ਕੌਮਾਂਤਰੀ ਹਵਾਈ ਅੱਡੇ ਤੋਂ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੇ ਲੋਕਾਂ ਦਾ ਆਉਣਾ-ਜਾਣਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਹਵਾਈ ਅੱਡੇ 'ਤੇ ਬੋਇੰਗ 777 ਵਰਗੇ ਜਹਾਜ਼ ਸੰਭਾਲਣ ਲਈ ਬੁਨਿਆਦੀ ਸਹੂਲਤਾਂ ਕੈਟ-ਆਈ.ਆਈ.ਬੀ. ਇੰਸਟਰੂਮੈਂਟ ਲੈਂਡਿੰਗ ਸਿਸਟਮ ਹੋਣ ਤੋਂ ਇਲਾਵਾ ਕੌਮਾਂਤਰੀ ਉਡਾਣਾਂ ਦੇ ਪ੍ਰਬੰਧਨ ਲਈ ਨਵੀਨਤਮ ਹਵਾਈ ਅੱਡੇ ਦਾ ਬੁਨਿਆਦੀ ਢਾਂਚਾ ਉਪਲਬਧ ਹੈ। ਕੈਰੋਲੀਨ ਰੋਵੇਟ ਨੇ ਭਰੋਸਾ ਦਿੱਤਾ ਕਿ ਉਹ ਉਡਾਨਾਂ ਦਾ ਮਾਮਲਾ ਬਰਤਾਨਵੀ ਹਾਈ ਕਮਿਸ਼ਨਰ ਕੋਲ ਉਠਾਉਣਗੇ।

## ਦਿੱਲੀ ਨਿਗਮਾਂ ਦੇ ਰਲੇਵੇਂ ਸਬੰਧੀ ਬਿੱਲ ਪਾਸ

**ਨਵੀਂ ਦਿੱਲੀ:** ਨਵੀਂ ਦਿੱਲੀ: ਵਿਰੋਧੀ ਧਿਰ ਦੇ ਵਿਰੋਧ ਦੇ ਬਾਵਜੂਦ ਦਿੱਲੀ ਦੇ ਤਿੰਨ ਨਗਰ ਨਿਗਮਾਂ ਦੇ ਰਲੇਵੇਂ ਸਬੰਧੀ ਦਿੱਲੀ ਨਗਰ ਨਿਗਮ (ਸੋਧ) ਬਿੱਲ, 2022 ਨੂੰ ਰਾਜ ਸਭਾ ਵਿਚ ਪਾਸ ਕਰ ਦਿੱਤਾ ਗਿਆ। ਇਹ ਬਿੱਲ ਲੋਕ ਸਭਾ ਵਿਚ 30 ਮਾਰਚ ਨੂੰ ਪਾਸ ਹੋ ਚੁੱਕਿਆ ਹੈ।

## 22 ਯੂ-ਟਿਊਬ ਚੈਨਲ ਬੰਦ ਕਰਨ ਦਾ ਹੁਕਮ

**ਨਵੀਂ ਦਿੱਲੀ:** ਸੂਚਨਾ ਤੇ ਪ੍ਰਸਾਰਨ ਮੰਤਰਾਲੇ ਨੇ 22 ਯੂ-ਟਿਊਬ-ਆਧਾਰਿਤ ਨਿਊਜ਼ ਚੈਨਲਾਂ ਨੂੰ ਬਲੌਕ ਕਰਨ ਦੇ ਹੁਕਮ ਦਿੱਤੇ ਹਨ ਜਿਨ੍ਹਾਂ ਵਿਚੋਂ ਚਾਰ ਪਾਕਿਸਤਾਨ ਦੇ ਹਨ। ਇਨ੍ਹਾਂ 'ਤੇ ਦੋਸ਼ ਲਗਾਇਆ ਹੈ ਕਿ ਉਹ ਫਰਜ਼ੀ ਖਬਰਾਂ ਫੈਲਾ ਰਹੇ ਹਨ ਜੋ ਰਾਸ਼ਟਰੀ ਸੁਰੱਖਿਆ, ਵਿਦੇਸ਼ੀ ਸਬੰਧਾਂ ਅਤੇ ਜਨਤਕ ਵਿਵਸਥਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ।

# ਕਤਰ ਏਅਰਵੇਜ਼ ਦੀ ਅੰਮ੍ਰਿਤਸਰ ਤੋਂ ਦੋਹਾ ਨੂੰ ਸਿੱਧੀ ਉਡਾਣ ਮੁੜ ਸ਼ੁਰੂ

**ਅੰਮ੍ਰਿਤਸਰ:** ਕਰੋਨਾ ਦੇ ਕੇਸ ਘਟਣ ਤੋਂ ਬਾਅਦ ਭਾਰਤ ਸਰਕਾਰ ਵੱਲੋਂ 27 ਮਾਰਚ ਤੋਂ ਕੌਮਾਂਤਰੀ ਉਡਾਣਾਂ ਮੁੜ ਸ਼ੁਰੂ ਕਰ ਦਿੱਤੀਆਂ ਹਨ। ਇਸੇ ਦੌਰਾਨ ਕਤਰ ਏਅਰਵੇਜ਼ ਹਵਾਈ ਕੰਪਨੀ ਨੇ ਅੰਮ੍ਰਿਤਸਰ ਲਈ ਹਵਾਈ ਸੇਵਾ ਮੁੜ ਸ਼ੁਰੂ ਕਰ ਦਿੱਤੀ ਹੈ। ਕਤਰ ਏਅਰਵੇਜ਼ ਪਹਿਲਾਂ ਤਿੰਨ ਹਫਤਾਵਾਰੀ ਉਡਾਣਾਂ ਦਾ ਸੰਚਾਲਨ ਕਰ ਰਹੀ ਸੀ, ਪਰ ਅਚਾਨਕ ਇਹ ਉਡਾਣਾਂ ਪਿਛਲੇ ਸਾਲ 18 ਦਸੰਬਰ ਤੋਂ ਬੰਦ ਕਰ ਦਿੱਤੀਆਂ ਗਈਆਂ ਸਨ। ਕਤਰ ਏਅਰਵੇਜ਼ ਵੱਲੋਂ ਮੁੜ ਦੋਹਾ-ਅੰਮ੍ਰਿਤਸਰ ਸਿੱਧੀ ਹਵਾਈ ਉਡਾਣ ਸ਼ੁਰੂ ਕੀਤੇ ਜਾਣ ਦਾ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਸਵਾਗਤ ਕੀਤਾ ਹੈ।

ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਅਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਵਿਦੇਸ਼ ਸਕੱਤਰ ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ ਕਤਰ ਏਅਰਵੇਜ਼ ਨੇ ਅੰਮ੍ਰਿਤਸਰ ਹਵਾਈ ਅੱਡੇ ਨੂੰ ਪਿਛਲੇ 12 ਸਾਲਾਂ ਤੋਂ ਦੋਹਾ ਰਾਹੀਂ ਦੁਨੀਆ ਭਰ ਦੇ 140 ਤੋਂ ਵੱਧ ਸ਼ਹਿਰਾਂ ਨਾਲ ਹਵਾਈ ਸੰਪਰਕ ਰਾਹੀਂ ਜੋੜਿਆ ਹੋਇਆ ਸੀ। ਦੁਨੀਆ ਭਰ ਵਿਚ ਵਸਦੇ ਪੰਜਾਬੀ ਦੋਹਾ ਲਈ ਦਿੱਲੀ ਦੀ ਥਾਂ ਅੰਮ੍ਰਿਤਸਰ ਤੋਂ ਉਡਾਣਾਂ ਨੂੰ ਤਰਜੀਹ ਦਿੰਦੇ ਹਨ। ਉਨ੍ਹਾਂ ਭਾਰਤ ਦੇ ਹਵਾਬਾਜ਼ੀ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਜੇ ਭਾਰਤ ਦੀਆਂ ਹਵਾਈ ਸੇਵਾਵਾਂ ਅੰਮ੍ਰਿਤਸਰ ਤੋਂ ਦੋਹਾ, ਮਸਕਟ, ਬਹਿਰੀਨ, ਇਟਲੀ ਅਤੇ ਹੋਰਨਾਂ ਮੁਲਕਾਂ ਲਈ ਸਿੱਧੀਆਂ ਉਡਾਣਾਂ ਚਲਾਉਣ ਤੋਂ ਅਸਮਰੱਥ ਹਨ ਤਾਂ ਵਿਦੇਸ਼ੀ ਹਵਾਈ ਕੰਪਨੀਆਂ ਲਈ ਉਡਾਣਾਂ ਨੂੰ ਸੀਮਤ ਨਾ ਕੀਤਾ ਜਾਵੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਰਕਾਰ ਦੀ ਹੁਣ ਧਨਾਢ ਕਿਸਾਨਾਂ ਨੂੰ ਮਿਲਦੀ ਬਿਜਲੀ ਸਬਸਿਡੀ 'ਤੇ ਅੱਖ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਹੁਣ ਸੂਬੇ ਦੇ ਧਨਾਢ ਕਿਸਾਨਾਂ ਨੂੰ ਮਿਲ ਰਹੀ ਬਿਜਲੀ ਸਬਸਿਡੀ 'ਤੇ ਅੱਖ ਹੈ। ਸਿਆਸੀ ਨਫੇ-ਨੁਕਸਾਨ ਕਰਕੇ ਰਵਾਇਤੀ ਧਿਰਾਂ ਅਜਿਹੇ ਕਿਸਾਨਾਂ ਦੀ ਬਿਜਲੀ ਸਬਸਿਡੀ ਬੰਦ ਕਰਨ ਤੋਂ ਟਲਦੀਆਂ ਰਹੀਆਂ ਹਨ ਪਰ ਹੁਣ 'ਆਪ' ਸਰਕਾਰ ਕੋਈ ਫੈਸਲਾ ਲੈ ਸਕਦੀ ਹੈ। ਚਰਚਾ ਹੈ ਕਿ ਸਰਕਾਰ ਬਿਜਲੀ ਸਬਸਿਡੀ ਬੰਦ ਕਰਨ ਦਾ ਕਦਮ ਚੁੱਕ ਸਕਦੀ ਹੈ।



ਇਹ ਸਬਸਿਡੀ ਉਨ੍ਹਾਂ ਛੋਟੇ ਕਿਸਾਨਾਂ ਨੂੰ ਦੇ ਸਕਦੀ ਹੈ ਜਿਨ੍ਹਾਂ ਕੋਲ ਖੇਤੀ ਮੋਟਰ ਦਾ ਕੁਨੈਕਸ਼ਨ ਹੀ ਨਹੀਂ ਹੈ। ਵੇਰਵਿਆਂ ਅਨੁਸਾਰ ਖੇਤੀ ਸੈਕਟਰ ਵਿਚ 12.51 ਲੱਖ ਖਪਤਕਾਰ ਹਨ ਜਦੋਂਕਿ ਖੇਤੀ ਕੁਨੈਕਸ਼ਨਾਂ ਦੀ ਗਿਣਤੀ 14.50 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ। ਪੰਜਾਬ 'ਚ 1.83 ਲੱਖ ਕਿਸਾਨਾਂ ਕੋਲ ਇਕ ਤੋਂ ਜ਼ਿਆਦਾ ਖੇਤੀ ਮੋਟਰਾਂ ਦੇ ਕੁਨੈਕਸ਼ਨ ਹਨ। ਇਕ ਖੇਤੀ ਮੋਟਰ ਨੂੰ ਔਸਤਨ ਸਾਲਾਨਾ 47,800 ਰੁਪਏ ਦੀ ਬਿਜਲੀ ਸਬਸਿਡੀ ਮਿਲਦੀ ਹੈ।

ਪੰਜਾਬ ਵਿਚ 1.42 ਲੱਖ ਕਿਸਾਨਾਂ ਕੋਲ ਦੋ-ਦੋ ਖੇਤੀ ਮੋਟਰਾਂ ਹਨ ਜਿਨ੍ਹਾਂ ਨੂੰ ਕਰੀਬ 1357.52 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਮਿਲ ਸਾਲਾਨਾ ਮਿਲ ਰਹੀ ਹੈ। ਤਿੰਨ-ਤਿੰਨ ਮੋਟਰਾਂ ਵਾਲੇ ਕਿਸਾਨਾਂ ਦੀ ਗਿਣਤੀ ਕਰੀਬ 29,322 ਬਣਦੀ ਹੈ ਜਿਨ੍ਹਾਂ ਵੱਲੋਂ 420.47 ਕਰੋੜ ਰੁਪਏ ਦੀ ਬਿਜਲੀ ਸਬਸਿਡੀ ਹਾਸਲ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਚਾਰ ਜਾਂ ਚਾਰ ਤੋਂ ਜ਼ਿਆਦਾ ਮੋਟਰਾਂ ਵਾਲੇ ਕਿਸਾਨਾਂ ਦਾ ਅੰਕੜਾ 10,128 ਬਣਦਾ ਹੈ ਜਿਨ੍ਹਾਂ ਨੂੰ ਸਾਲਾਨਾ 193.64 ਕਰੋੜ ਦੀ ਬਿਜਲੀ ਸਬਸਿਡੀ ਮਿਲ ਰਹੀ ਹੈ। ਅਨੁਮਾਨ ਅਨੁਸਾਰ ਚਾਰ ਜਾਂ ਚਾਰ ਤੋਂ ਵੱਧ ਮੋਟਰਾਂ ਵਾਲੇ ਕਿਸਾਨਾਂ ਕੋਲ ਕਰੀਬ 25 ਏਕੜ ਤੋਂ ਜ਼ਿਆਦਾ ਜਮੀਨ ਦੀ ਮਾਲਕੀ ਹੋਵੇਗੀ।

ਸਾਲਾਨਾ ਕੁੱਲ ਬਿਜਲੀ ਸਬਸਿਡੀ ਦਾ ਕਰੀਬ 28 ਫੀਸਦੀ ਹਿੱਸਾ ਤਾਂ ਦੋ ਜਾਂ ਦੋ ਜ਼ਿਆਦਾ ਖੇਤੀ ਮੋਟਰਾਂ ਵਾਲੇ ਕਿਸਾਨਾਂ ਕੋਲ ਚਲਾ ਜਾਂਦਾ ਹੈ। ਪੰਜਾਬ ਖੇਤੀ 'ਵਰਸਿਟੀ ਦੇ ਅਰਥਸ਼ਾਸਤਰੀ ਡਾ. ਸੁਖਪਾਲ ਸਿੰਘ ਨੇ ਦੱਸਿਆ ਕਿ ਕਰੀਬ ਇਕ ਲੱਖ ਛੋਟੇ ਕਿਸਾਨਾਂ ਕੋਲ ਖੇਤੀ ਮੋਟਰ ਹੀ ਨਹੀਂ ਹੈ। ਹਾਲਾਂਕਿ ਉਹ ਡੀਜਲ ਫੂਕ ਕੇ ਫਸਲ ਪਾਲਦੇ ਹਨ ਅਤੇ ਉਨ੍ਹਾਂ ਦੇ ਲਾਗਤ ਖਰਚੇ ਵੱਧ ਹਨ।

ਵੇਰਵਿਆਂ ਅਨੁਸਾਰ ਚਾਰ ਜਾਂ ਚਾਰ ਤੋਂ ਵੱਧ ਮੋਟਰਾਂ ਵਾਲੇ ਕਿਸਾਨਾਂ ਦੀ ਗੱਲ ਕਰੀਏ ਤਾਂ ਜ਼ਿਲ੍ਹਾ ਫਿਰੋਜ਼ਪੁਰ ਵਿਚ ਸਭ ਤੋਂ ਜ਼ਿਆਦਾ 1504 ਕਿਸਾਨ, ਫਰੀਦਕੋਟ 'ਚ 1260, ਕਪੂਰਥਲਾ 'ਚ 1088 ਅਤੇ ਜ਼ਿਲ੍ਹਾ ਮੁਕਤਸਰ 'ਚ 1032 ਕਿਸਾਨ ਹਨ। ਜ਼ਿਆਦਾ ਮੋਟਰਾਂ ਵਾਲਿਆਂ ਵਿਚ ਕਈ ਸਿਆਸੀ ਹਸਤੀਆਂ ਵੀ ਹਨ। ਦੱਸਣਯੋਗ ਹੈ ਕਿ ਅਕਾਲੀ-ਭਾਜਪਾ ਗੱਠਜੋੜ ਨੇ 1997 ਵਿਚ ਕਿਸਾਨਾਂ ਨੂੰ ਖੇਤੀ ਲਈ ਮੁਫਤ ਬਿਜਲੀ ਦੇਣ ਦੀ ਸ਼ੁਰੂਆਤ ਕੀਤੀ ਸੀ। ਪੰਜਾਬ ਦੇ ਕਿਸਾਨ ਨਿਰਵਿਘਨ ਬਿਜਲੀ ਸਪਲਾਈ ਦੀ ਮੰਗ ਕਰ ਰਹੇ ਹਨ।

ਬੀ.ਕੇ.ਯੂ. (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਕਿਹਾ ਕਿ ਜੋ ਕਿਸਾਨ ਬਿਜਲੀ ਬਿੱਲ ਭਰਨ ਦੇ ਸਮਰੱਥ ਹਨ, ਉਨ੍ਹਾਂ ਨੂੰ ਮੁਫਤ ਬਿਜਲੀ ਨਹੀਂ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ 10 ਏਕੜ ਤੋਂ ਵੱਧ ਜਮੀਨ ਦੇ ਮਾਲਕਾਂ ਨੂੰ ਮੁਫਤ ਬਿਜਲੀ ਨਹੀਂ ਮਿਲਣੀ ਚਾਹੀਦੀ ਹੈ। 10 ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਮੋਟਰ ਸ਼ਿਫਟ ਫੀਸ, ਲੋਡ ਵਧਾਉਣ ਲਈ ਫੀਸ, ਟਰਾਂਸਫਾਰਮਰ ਬਦਲੀ ਫੀਸ ਸਣੇ ਹਰ ਤਰ੍ਹਾਂ ਦੀ ਫੀਸ ਤੋਂ ਛੋਟ ਮਿਲਣੀ ਚਾਹੀਦੀ ਹੈ।

ਮੁਲਕ ਵਿਚ ਪੰਜ ਸੂਬਿਆਂ ਵਿਚ ਕਿਸਾਨਾਂ ਨੂੰ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਪੰਜਾਬ ਤੋਂ ਇਲਾਵਾ ਆਂਧਰਾ ਪ੍ਰਦੇਸ਼ ਵਿਚ 7.40 ਲੱਖ ਕਿਸਾਨਾਂ ਨੂੰ, ਕਰਨਾਟਕ ਵਿਚ 29.69 ਲੱਖ ਕਿਸਾਨਾਂ ਨੂੰ, ਤਾਮਿਲਨਾਡੂ ਵਿਚ 21.17 ਲੱਖ ਅਤੇ ਤੇਲੰਗਾਨਾ ਵਿਚ 23.05 ਲੱਖ ਕਿਸਾਨਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ।

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਧਨਾਢ ਲੋਕ ਬਿਜਲੀ ਸਬਸਿਡੀ ਦਾ ਵੱਡਾ ਹਿੱਸਾ ਹੜੱਪ ਜਾਂਦੇ ਹਨ। ਜ਼ਮੀਨੀ ਹੱਦਬੰਦੀ ਕਾਨੂੰਨ ਮੁਤਾਬਕ ਜੋ 17.5 ਏਕੜ (ਜਿਸ ਵਿਚ ਵੱਧ ਹਿੱਸੇਦਾਰ ਨਾ ਹੋਣ) ਤੋਂ ਵੱਧ ਮਾਲਕੀ ਵਾਲੇ ਕਿਸਾਨ ਹਨ, ਉਨ੍ਹਾਂ ਦੀ ਬਿਜਲੀ ਸਬਸਿਡੀ ਬੰਦ ਕੀਤੇ ਜਾਣ 'ਤੇ ਕੋਈ ਇਤਰਾਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਛੋਟੇ ਕਿਸਾਨਾਂ ਨੂੰ ਵੀਹ-ਵੀਹ ਸਾਲ ਤੋਂ ਕੁਨੈਕਸ਼ਨ ਨਹੀਂ ਦਿੱਤੇ ਗਏ ਹਨ, ਉਨ੍ਹਾਂ ਨੂੰ ਕੁਨੈਕਸ਼ਨ ਮਿਲਣੇ ਚਾਹੀਦੇ ਹਨ।

## ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਨਿਯੁਕਤ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਦਾ ਤਬਾਦਲਾ ਕਰ ਕੇ ਉਨ੍ਹਾਂ ਦੀ ਥਾਂ 'ਤੇ ਗੁਰਦੀਪ ਸਿੰਘ ਕੰਗ ਨੂੰ ਨਵਾਂ ਮੈਨੇਜਰ ਨਿਯੁਕਤ ਕੀਤਾ ਗਿਆ ਹੈ। ਮੈਨੇਜਰ ਮਲਕੀਤ ਸਿੰਘ ਨੂੰ ਗੁਰਦੁਆਰਾ ਮਾਛੀਵਾੜਾ ਸਾਹਿਬ ਵਿਖੇ ਤਬਦੀਲ ਕਰ ਦਿੱਤਾ ਗਿਆ ਹੈ। ਅਹੁਦਾ ਸੰਭਾਲਣ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## ਹੁਣ ਪੰਜਾਬੀਆਂ ਦੀਆਂ ਜੇਬਾਂ ਖਾਲੀ ਕਰਨਗੇ ਟੋਲ ਪਲਾਜ਼ੇ



**ਚੰਡੀਗੜ੍ਹ:** ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਵੱਲੋਂ ਕੌਮੀ ਮਾਰਗਾਂ 'ਤੇ ਸਥਿਤ ਟੋਲ ਪਲਾਜ਼ਿਆਂ ਲਈ ਜਾਰੀ ਕੀਤੀਆਂ ਨਵੀਆਂ ਦਰਾਂ ਲਾਗੂ ਹੋ ਗਈਆਂ ਹਨ। ਪੰਜਾਬ ਤੇ ਹਰਿਆਣਾ ਵਿਚੋਂ ਕੌਮੀ ਮਾਰਗ ਤੋਂ ਲੰਘਣ ਵਾਲੇ ਲੋਕਾਂ ਨੂੰ ਪਹਿਲਾਂ ਨਾਲੋਂ 10 ਤੋਂ 18 ਫੀਸਦ ਤੱਕ ਵਾਧੂ ਟੋਲ ਟੈਕਸ ਦੇਣਾ ਪਵੇਗਾ।

ਇਸ ਫੈਸਲੇ ਦਾ ਅਸਰ ਪੰਜਾਬ ਦੇ 11 ਟੋਲ ਪਲਾਜ਼ਿਆਂ 'ਤੇ ਦੇਖਣ ਨੂੰ ਮਿਲੇਗਾ, ਜਿਥੇ 10 ਤੋਂ 65 ਰੁਪਏ ਤੱਕ ਦਾ ਵਾਧਾ ਕੀਤਾ ਗਿਆ ਹੈ। ਪੰਜਾਬ ਦੇ ਲੁਧਿਆਣਾ-ਜਗਰਾਉਂ ਸੜਕ ਸਥਿਤ ਟੋਲ ਪਲਾਜ਼ਾ, ਲੁਧਿਆਣਾ ਸਾਊਥ-ਲਾਡੋਵਾਲ ਟੋਲ ਪਲਾਜ਼ਾ ਤੋਂ ਇਲਾਵਾ ਬਠਿੰਡਾ-ਚੰਡੀਗੜ੍ਹ ਕੌਮੀ ਸੜਕ 'ਤੇ ਪੰਜ ਟੋਲ ਪਲਾਜ਼ੇ, ਬਠਿੰਡਾ-ਅੰਮ੍ਰਿਤਸਰ ਸੜਕ 'ਤੇ ਤਿੰਨ ਅਤੇ ਬਠਿੰਡਾ-ਮਲੋਟ ਕੌਮੀ ਸੜਕ 'ਤੇ ਇਕ ਟੋਲ ਪਲਾਜ਼ੇ 'ਤੇ ਪਹਿਲਾਂ ਦੇ ਮੁਕਾਬਲੇ ਵੱਧ ਟੋਲ ਟੈਕਸ ਦੀ ਅਦਾਇਗੀ ਕਰਨੀ ਪਵੇਗੀ।

ਟੋਲ ਦਰਾਂ ਦੇ ਵਾਧੇ ਦੀ ਚੁਫੇਰਿਓਂ ਨਿੰਦਾ ਕੀਤੀ ਜਾ ਰਹੀ ਹੈ। ਕਿਸਾਨ ਜਥੇਬੰਦੀਆਂ ਇਸ ਵਾਧੇ ਖਿਲਾਫ਼ ਮੁੜ ਤੋਂ ਸੰਘਰਸ਼ ਕਰਨ ਦੇ ਰੌਅ 'ਚ ਹਨ। ਸੰਯੁਕਤ ਕਿਸਾਨ ਮੋਰਚੇ ਦੇ ਕੌਮੀ ਮੈਂਬਰ ਅਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸੂਬਾਈ ਜਨਰਲ ਸਕੱਤਰ ਜਗਮੋਹਣ ਸਿੰਘ ਪਟਿਆਲਾ ਨੇ ਟੋਲ ਦਰਾਂ ਦੇ ਵਾਧੇ ਨੂੰ ਗ਼ੈਰਵਾਜਬ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਸੰਯੁਕਤ ਕਿਸਾਨ ਮੋਰਚੇ ਵਿਚਲੀਆਂ ਹੋਰ ਕਿਸਾਨ ਜਥੇਬੰਦੀਆਂ ਨਾਲ ਸਲਾਹ ਕਰਕੇ ਟੋਲ ਦਰਾਂ 'ਚ ਵਾਧੇ ਖਿਲਾਫ ਮੁੜ ਤੋਂ ਟੋਲ ਪਲਾਜ਼ਿਆਂ 'ਤੇ ਧਰਨੇ ਦੇਵੇਗੀ।

## ਲੋਕਾਂ ਦੀ ਖੱਜਲ-ਖੁਆਰੀ ਰੋਕਣ ਲਈ ਪਹਿਲਕਦਮੀ

**ਚੰਡੀਗੜ੍ਹ:** ਸੂਬੇ ਵਿਚ ਸਰਕਾਰੀ ਸਿਸਟਮ ਨੂੰ ਸੁਧਾਰਨ ਅਤੇ ਲੋਕਾਂ ਦੀ ਹੁੰਦੀ ਖੱਜਲ-ਖੁਆਰੀ ਰੋਕਣ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਖਜ਼ਾਨਾ ਦਫਤਰਾਂ ਵੱਲੋਂ ਭੁਗਤਾਨ ਬਿੱਲ ਜਾਂ ਫਾਈਲ 'ਤੇ ਵਾਰ ਵਾਰ ਇਤਰਾਜ਼ ਲਗਾਏ 'ਤੇ ਰੋਕ ਲਗਾ ਦਿੱਤੀ ਹੈ। ਸਰਕਾਰ ਦੇ ਫੈਸਲੇ ਅਨੁਸਾਰ ਕਿਸੇ ਵੀ ਸੀਟ 'ਤੇ ਤਾਇਨਾਤ ਕਰਮਚਾਰੀ ਹੁਣ ਇਕ ਸਾਲ ਤੋਂ ਵੱਧ ਸਮਾਂ ਇਕ ਹੀ ਥਾਂ 'ਤੇ ਡਿਊਟੀ ਨਹੀਂ ਦੇ ਸਕੇਗਾ। ਸਰਕਾਰ ਵੱਲੋਂ ਹੁਣ ਇਹ ਡਿਊਟੀਆਂ ਬਦਲੀ ਕਰ-ਕਰ ਕੇ ਲਗਾਉਣ ਦੇ ਹੁਕਮ ਦਿੱਤੇ ਗਏ ਹਨ।

ਸੂਬੇ ਦੇ ਵਿੱਤ ਵਿਭਾਗ ਖਜ਼ਾਨਾ ਤੇ ਲੇਖਾ ਸ਼ਾਖਾ ਵੱਲੋਂ ਜਾਰੀ ਹੁਕਮ ਮੁਤਾਬਕ ਜੇ ਕੋਈ ਮੁਲਾਜ਼ਮ ਛੁੱਟੀ ਉਤੇ ਹੋਵੇਗਾ ਤਾਂ ਲੋਕਾਂ ਦੀ ਖੁਆਰੀ ਰੋਕਣ ਲਈ ਸਬੰਧਤ ਅਧਿਕਾਰੀ ਨੂੰ ਉਸ ਲਈ ਬਦਲਵਾਂ ਪ੍ਰਬੰਧ ਕਰਨਾ ਪਵੇਗਾ। ਕਿਸੇ ਫਾਈਲ ਦੇ ਨਾਲ ਲੱਗਣ ਵਾਲੇ ਦਸਤਾਵੇਜ਼ਾਂ ਦੀ ਸੂਚੀ ਨੋਟਿਸ ਬੋਰਡ 'ਤੇ ਲਗਾਉਣੀ ਜ਼ਰੂਰੀ ਹੋਵੇਗੀ। ਸਰਕਾਰ ਨੇ ਖਜ਼ਾਨਾ ਦਫਤਰਾਂ 'ਚ ਕੰਮ ਕਰਦੇ ਸਾਰੇ ਕਰਮਚਾਰੀਆਂ ਦੀ ਡਿਊਟੀ ਰੋਟੇਸ਼ਨ ਤਹਿਤ ਲਗਾਉਣ ਦੇ ਹੁਕਮ ਦਿੱਤੇ ਹਨ ਤਾਂ ਜੋ ਹਰ ਕਰਮਚਾਰੀ ਨੂੰ ਖਜ਼ਾਨਾ ਦਫਤਰ ਸਬੰਧੀ ਹਰ ਸੀਟ ਦੇ ਕੰਮ ਦਾ ਅਨੁਭਵ ਪ੍ਰਾਪਤ ਹੋਵੇ। ਇਸ ਦੇ ਨਾਲ ਹੀ ਸਬੰਧਤ ਦਫਤਰ ਦੀ ਕਾਰਗੁਜ਼ਾਰੀ ਬਾਰੇ ਮਹੀਨਾਵਾਰ ਰਿਪੋਰਟ ਦਸ ਤਰੀਕ ਤੱਕ ਮੁੱਖ ਦਫਤਰ ਨੂੰ ਭੇਜਣੀ ਲਾਜ਼ਮੀ ਹੋਵੇਗੀ।

ਖਜ਼ਾਨੇ ਵਿਚ ਉਪਲਬਧ ਅਸ਼ਟਾਮ ਤੇ ਟਿਕਟਾਂ ਦੇ ਸਟਾਕ ਨੂੰ ਰੋਜ਼ਾਨਾ ਨੋਟਿਸ ਬੋਰਡ 'ਤੇ ਲਗਾਉਣਾ ਵੀ ਹੁਣ ਲਾਜ਼ਮੀ ਹੋਵੇਗਾ। ਇਸ ਤੋਂ ਇਲਾਵਾ ਖਜ਼ਾਨਾ ਦਫਤਰ ਵਿਚ ਸ਼ਿਕਾਇਤ ਬਾਕਸ ਲਗਾਇਆ ਜਾਵੇਗਾ ਤੇ ਸ਼ਿਕਾਇਤਾਂ ਨੂੰ ਦਫਤਰੀ ਰਿਕਾਰਡ ਵਿਚ ਦਰਜ ਕਰਨਾ ਲਾਜ਼ਮੀ ਹੋਵੇਗਾ। ਸ਼ਿਕਾਇਤ ਲਈ ਅਫਸਰਾਂ ਦੇ ਨਾਮ, ਅਹੁਦੇ ਤੇ ਮੋਬਾਈਲ ਨੰਬਰ ਨੋਟਿਸ ਬੋਰਡ 'ਤੇ ਲਾਏ ਜਾਣਗੇ ਤੇ ਸ਼ਿਕਾਇਤ ਦਾ ਨਿਪਟਾਰਾ ਇਕ ਹਫਤੇ ਦੇ ਅੰਦਰ ਕਰਨਾ ਲਾਜ਼ਮੀ ਹੋਵੇਗਾ। ਮੁਲਾਜ਼ਮਾਂ ਨੂੰ ਕੰਮ ਲਈ ਦਫਤਰ ਆਉਣ ਵਾਲੇ ਲੋਕਾਂ ਨਾਲ ਨਰਮੀ ਵਾਲਾ ਵਿਵਹਾਰ ਕਰਨ ਦੀ ਹਦਾਇਤ ਕੀਤੀ ਗਈ ਹੈ। ਸਮੂਹ ਅਧਿਕਾਰੀਆਂ/ ਕਰਮਚਾਰੀਆਂ ਨੂੰ ਸਮੇਂ ਸਿਰ ਦਫਤਰ ਆਉਣ ਤੇ ਦਫਤਰੀ ਸਮੇਂ ਦੌਰਾਨ ਆਪਣੀ ਸੀਟ 'ਤੇ ਹਾਜ਼ਰ ਰਹਿਣ ਦੇ ਨਿਰਦੇਸ਼ ਹਨ।

## ਅਟਾਰੀ-ਵਾਹਗਾ ਸਰਹੱਦ 'ਤੇ ਰੀਟਰੀਟ ਸੈਰੇਮਨੀ ਦਾ ਸਮਾਂ ਤਬਦੀਲ

**ਅਟਾਰੀ:** ਭਾਰਤ-ਪਾਕਿਸਤਾਨ ਦੀ ਸਾਂਝੀ ਜਾਂਚ ਚੌਕੀ ਅਟਾਰੀ-ਵਾਹਗਾ ਸਰਹੱਦ ਵਿਖੇ ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਸੀਮਾ ਸੁਰੱਖਿਆ ਬਲ ਤੇ ਪਾਕਿਸਤਾਨ ਰੇਂਜਰਜ਼ ਵਿਚਕਾਰ ਰੋਜ਼ਾਨਾ ਸ਼ਾਮ ਸਮੇਂ ਹੋਣ ਵਾਲੀ ਝੰਡਾ ਉਤਾਰਨ ਦੀ ਰਸਮ ਪਰੇਡ (ਰੀਟਰੀਟ ਸੈਰੇਮਨੀ) ਦਾ ਸਮਾਂ ਤਬਦੀਲ ਹੋ ਗਿਆ ਹੈ। ਦੋਵਾਂ ਮੁਲਕਾਂ ਦੀਆਂ ਸਰਹੱਦੀ ਸੁਰੱਖਿਆ ਫੋਰਸਾਂ ਵੱਲੋਂ ਮੌਸਮ ਦੇ ਬਦਲਾਅ ਦੇ ਮੱਦੇਨਜ਼ਰ ਆਪਸੀ ਸਹਿਮਤੀ ਨਾਲ ਝੰਡਾ ਉਤਾਰਨ ਦੀ ਰਸਮ ਦਾ ਸਮਾਂ ਹੁਣ 5:30 ਤੋਂ 6 ਵਜੇ ਸ਼ਾਮ ਕਰ ਦਿੱਤਾ ਗਿਆ ਹੈ। ਸੀਮਾ ਸੁਰੱਖਿਆ ਬਲ ਵੱਲੋਂ ਦੇਸ਼-ਵਿਦੇਸ਼ ਦੇ ਸੈਲਾਨੀਆਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਹੁਣ ਉਹ ਝੰਡਾ ਉਤਾਰਨ ਦੀ ਰਸਮ ਪਰੇਡ (ਰੀਟਰੀਟ ਸੈਰੇਮਨੀ) ਵੇਖਣ ਲਈ 5 ਵਜੇ ਸ਼ਾਮ ਅਟਾਰੀ ਸਰਹੱਦ ਵਿਖੇ ਪਹੁੰਚਣ ਤਾਂ ਕਿ ਉਨ੍ਹਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਨਾ ਸਹਿਣੀ ਪਵੇ।



## ਪੰਜਾਬ ਵਿਚ ਸਰਕਾਰੀ ਖਜ਼ਾਨੇ ਉਤੇ ਬੋਝ ਬਣੇ ਸਾਬਕਾ ਵਿਧਾਇਕ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਇਕ ਵਿਧਾਇਕ-ਇਕ ਪੈਨਸ਼ਨ' ਦਾ ਐਲਾਨ ਕਰ ਕੇ ਖਰਚੇ ਘਟਾਉਣ ਲਈ ਪਹਿਲ ਕੀਤੀ ਹੈ, ਪਰ ਪੰਜਾਬ ਵਿਚ ਸਾਬਕਾ ਵਿਧਾਇਕਾਂ ਦਾ ਇਲਾਜ ਸਰਕਾਰੀ ਖਜ਼ਾਨੇ ਉਤੇ ਸਭ ਤੋਂ ਵੱਡਾ ਬੋਝ ਹੈ। ਸਾਬਕਾ ਵਿਧਾਇਕ ਅਤੇ ਉਸ ਦੇ ਚਾਰ ਆਸ਼ਰਿਤਾਂ ਦੇ ਇਲਾਜ ਦਾ ਪੂਰਾ ਖਰਚਾ ਵੀ ਸਰਕਾਰੀ ਖਜ਼ਾਨਾ ਚੁੱਕਦਾ ਹੈ। ਲੰਘੇ ਪੰਦਰਾਂ ਵਰ੍ਹਿਆਂ (2007-08 ਤੋਂ 2021-22) 'ਚ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦੇ ਇਲਾਜ 'ਤੇ ਸਰਕਾਰ ਨੇ 23.50 ਕਰੋੜ ਰੁਪਏ ਖਰਚੇ ਹਨ ਜਿਸ ਵਿਚੋਂ ਸਾਬਕਾ ਵਿਧਾਇਕਾਂ ਦੇ ਇਲਾਜ 'ਤੇ 16.10 ਕਰੋੜ ਰੁਪਏ ਖਰਚੇ ਗਏ।

ਕਾਂਗਰਸ ਰਾਜ ਭਾਗ ਦੌਰਾਨ (2017-18 ਤੋਂ 2021-22) ਦੇ ਪੰਜ ਵਰ੍ਹਿਆਂ ਵਿਚ ਸਾਬਕਾ ਵਿਧਾਇਕਾਂ ਦੇ ਇਲਾਜ 'ਤੇ 8.14 ਕਰੋੜ ਰੁਪਏ ਖਰਚੇ ਗਏ ਜਦਕਿ ਗੱਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ (2012-13 ਤੋਂ 2016-17) ਦੌਰਾਨ ਇਲਾਜ 'ਤੇ 5.43 ਕਰੋੜ ਰੁਪਏ ਖਰਚੇ ਗਏ। ਵਿਧਾਇਕਾਂ ਨਾਲੋਂ ਸਾਬਕਾ ਵਿਧਾਇਕ ਖਜ਼ਾਨੇ ਨੂੰ ਮਹਿੰਗੇ ਪੈ ਰਹੇ ਹਨ। ਬੀਤੇ ਦਸ ਵਰ੍ਹਿਆਂ 'ਚ (2012-13 ਤੋਂ 2021-22) ਦੌਰਾਨ ਵਿਧਾਇਕਾਂ ਦਾ ਮੈਡੀਕਲ ਖਰਚਾ 2.59 ਕਰੋੜ ਰੁਪਏ ਆਇਆ ਹੈ ਜਦਕਿ ਸਾਬਕਾ ਵਿਧਾਇਕਾਂ ਦਾ 13.58 ਕਰੋੜ ਰੁਪਏ ਰਿਹਾ। ਸਾਬਕਾ ਵਿਧਾਇਕਾਂ ਦਾ ਸਾਲਾਨਾ ਇਲਾਜ ਖਰਚਾ ਹੁਣ ਦੋ ਕਰੋੜ ਨੂੰ ਪਾਰ ਕਰ ਗਿਆ ਹੈ। ਸਾਲ 2019-20 ਅਤੇ 2020-21 ਵਿੱਚ ਸਾਬਕਾ ਵਿਧਾਇਕਾਂ ਦੇ ਇਲਾਜ ਦਾ ਖਰਚਾ 4.16 ਕਰੋੜ ਰੁਪਏ ਰਿਹਾ ਹੈ, ਜੋ ਬਾਕੀ ਵਰ੍ਹਿਆਂ ਤੋਂ ਸਭ ਤੋਂ ਵੱਧ ਹੈ। ਦੇਖਿਆ ਜਾਵੇ ਤਾਂ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਅਧਿਕਾਰੀਆਂ ਲਈ ਮੈਡੀਕਲ ਖਰਚੇ ਦੀ ਸੀਮਾ ਤੈਅ ਹੈ ਪਰ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਲਈ ਇਲਾਜ ਲਈ ਖਰਚ ਦੀ ਕੋਈ ਸੀਮਾ ਨਹੀਂ ਹੈ। ਜੇਲ੍ਹ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਬੰਦੀਆਂ ਅਤੇ ਕੈਦੀਆਂ ਦੇ ਇਲਾਜ ਲਈ ਵੀ ਕੋਈ ਰਾਸ਼ੀ ਨਿਸ਼ਚਿਤ ਨਹੀਂ ਕੀਤੀ ਗਈ ਹੈ। ਸਾਰਾ ਖਰਚਾ ਪੰਜਾਬ ਸਰਕਾਰ ਨੂੰ ਹੀ ਚੁੱਕਣਾ ਪੈਂਦਾ ਹੈ।



ਜਾਣਕਾਰੀ ਅਨੁਸਾਰ ਬਹੁਤੇ ਸੂਬਿਆਂ ਵਿਚ ਵਿਧਾਇਕ ਅਤੇ ਸਾਬਕਾ ਵਿਧਾਇਕ ਮੈਡੀਕਲ ਬੀਮਾ ਕਵਰ ਹੇਠ ਆਉਂਦੇ ਹਨ। ਗੁਜਰਾਤ ਸਰਕਾਰ ਨੇ ਵੀ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦੇ ਇਲਾਜ ਦੇ ਖਰਚ ਲਈ ਫਰਵਰੀ 2019 ਵਿਚ ਨਵੀਂ ਨੀਤੀ ਬਣਾਈ ਸੀ, ਜਿਸ ਤਹਿਤ ਮੈਡੀਕਲ ਖਰਚ ਦੀ ਸੀਮਾ 15 ਲੱਖ ਰੁਪਏ ਨਿਸ਼ਚਿਤ ਕੀਤੀ ਗਈ। ਆਂਧਰਾ ਪ੍ਰਦੇਸ਼ ਵਿਚ ਪਹਿਲਾਂ ਇਨ੍ਹਾਂ ਸਿਆਸੀ ਹਸਤੀਆਂ ਦੇ ਮੈਡੀਕਲ ਖਰਚ ਦੀ ਸੀਮਾ 7500 ਰੁਪਏ ਸੀ, ਜੋ ਹੁਣ ਸਰਕਾਰੀ ਮੁਲਾਜ਼ਮਾਂ ਲਈ ਬਰਾਬਰ ਕਰ ਦਿੱਤੀ ਗਈ ਹੈ। ਹੁਣ ਪੰਜਾਬ ਵਿਚ 'ਆਪ' ਸਰਕਾਰ ਬਣੀ ਹੈ, ਜਿਸ ਨੇ ਕਿਫਾਇਤੀ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਤਹਿਤ ਸਾਬਕਾ ਵਿਧਾਇਕਾਂ ਨੂੰ ਸਿਰਫ ਇਕ ਟਰਮ ਦੀ ਪੈਨਸ਼ਨ ਦੇਣ ਦਾ ਐਲਾਨ ਕੀਤਾ ਹੈ। ਮੈਡੀਕਲ ਖਰਚੇ ਬਾਰੇ ਵੀ ਨਵੀਂ ਸਰਕਾਰ ਵੱਲੋਂ ਜਲਦ ਕੋਈ ਫੈਸਲਾ ਲੈਣ ਦੀ ਚਰਚਾ ਹੈ। ਪੰਜਾਬ ਵਿਚ ਪਹਿਲੀ ਜਨਵਰੀ 1998 ਤੋਂ ਅਪਰੈਲ 2003 ਤੱਕ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਦਾ 250 ਰੁਪਏ ਮੈਡੀਕਲ ਭੱਤਾ ਮਿਲਦਾ ਸੀ।

ਤਤਕਾਲੀ ਕਾਂਗਰਸ ਸਰਕਾਰ ਨੇ 20 ਫਰਵਰੀ 2004 ਨੂੰ ਵਿਧਾਇਕਾਂ ਅਤੇ ਸਾਬਕਾ ਵਿਧਾਇਕਾਂ ਅਤੇ ਉਨ੍ਹਾਂ ਦੇ ਚਾਰ ਆਸ਼ਰਿਤਾਂ ਦੇ ਇਲਾਜ ਦੀ ਖਰਚ ਸੀਮਾ ਹੀ ਖਤਮ ਕਰ ਦਿੱਤੀ ਸੀ। ਸਿਆਸੀ ਹਸਤੀਆਂ ਵੱਲੋਂ ਇਲਾਜ ਮਗਰੋਂ ਜੋ ਮੈਡੀਕਲ ਬਿੱਲ ਸਰਕਾਰ ਨੂੰ ਭੇਜਿਆ ਜਾਂਦਾ ਹੈ, ਉਸ ਦੀ ਵੈਰੀਫਿਕੇਸ਼ਨ ਸਿਹਤ ਵਿਭਾਗ ਪੰਜਾਬ ਕਰਦਾ ਹੈ। ਸਾਲ 2018 ਵਿਚ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਸੀ ਕਿ ਵਿਧਾਇਕਾਂ ਅਤੇ ਵਜ਼ੀਰਾਂ ਦੇ ਇਲਾਜ ਨੂੰ ਮੈਡੀਕਲ ਬੀਮਾ ਕਵਰ ਅਧੀਨ ਲਿਆਉਣ ਦਾ ਫੈਸਲਾ ਕੀਤਾ ਸੀ ਜੋ ਹਕੀਕਤ ਨਹੀਂ ਬਣ ਸਕਿਆ ਸੀ।

ਲੰਘੇ ਢਾਈ ਦਹਾਕਿਆਂ 'ਚ ਸਭ ਤੋਂ ਵੱਡਾ ਮੈਡੀਕਲ ਬਿੱਲ ਬਾਦਲ ਪਰਿਵਾਰ ਦਾ ਰਿਹਾ ਹੈ। ਸਾਲ 1997-98 ਤੋਂ 2021-22 ਤੱਕ ਦਾ ਇਸ ਦੇ ਪਰਿਵਾਰ ਦਾ ਇਲਾਜ ਬਿੱਲ 4.98 ਕਰੋੜ ਖਜ਼ਾਨੇ ਨੇ ਤਾਰਿਆ ਹੈ। ਦੂਜੇ ਨੰਬਰ 'ਤੇ ਮਰਹੂਮ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦਾ ਪਰਿਵਾਰ ਆਉਂਦਾ ਹੈ, ਜਿਸ ਦੇ ਇਲਾਜ 'ਤੇ 3.43 ਕਰੋੜ ਰੁਪਏ ਖਰਚ ਆਏ ਸਨ। ਇਹ ਦੋਵੇਂ ਪਰਿਵਾਰ ਇਲਾਜ ਲਈ ਅਮਰੀਕਾ ਗਏ ਸਨ। ਕਈ ਵਜ਼ੀਰਾਂ ਨੇ ਵੀ ਵਿਦੇਸ਼ੀ ਇਲਾਜ ਕਰਾਇਆ ਹੈ।

# ਕਰਤਾਰਪੁਰ ਸਾਹਿਬ ਲਈ ਪਾਸਪੋਰਟ ਸ਼ਰਤ ਖਤਮ ਕਰਨ ਦਾ ਮਤਾ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਇਕ ਮਤਾ ਪਾਸ ਕਰ ਕੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਦੇ ਦਰਸ਼ਨਾਂ ਲਈ ਬਣਾਏ ਗਏ ਲਾਂਘੇ ਰਾਹੀਂ ਜਾਣ ਵਾਲੇ ਸ਼ਰਧਾਲੂਆਂ ਵਾਸਤੇ ਪਾਸਪੋਰਟ ਦੀ ਸ਼ਰਤ ਖਤਮ ਕੀਤੀ ਜਾਵੇ।

ਕਮੇਟੀ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਡੇਰਾ ਬਾਬਾ ਨਾਨਕ ਨੂੰ ਸਿੱਖ ਵਿਰਾਸਤੀ ਸ਼ਹਿਰ ਵਜੋਂ ਵਿਕਸਿਤ ਕੀਤਾ ਜਾਵੇ। ਬਜਟ ਇਜਲਾਸ ਦੌਰਾਨ ਲਗਭਗ 12 ਮਤੇ ਪਾਸ ਕੀਤੇ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਇਨ੍ਹਾਂ ਮਤਿਆਂ ਨੂੰ ਮੈਂਬਰਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ। ਇਨ੍ਹਾਂ ਮਤਿਆਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਗੁਰਬਾਣੀ ਨਾਲ ਛੇੜ-ਛਾੜ ਕਰ ਕੇ ਛਾਪਣ ਦੀ ਨਿੰਦਾ ਕੀਤੀ ਗਈ। ਜਨਰਲ ਇਜਲਾਸ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਸ ਮਾਮਲੇ 'ਤੇ ਸਖ਼ਤ ਕਾਰਵਾਈ ਕਰਨ ਦੀ ਅਪੀਲ ਕੀਤੀ ਗਈ। ਉਨ੍ਹਾਂ ਕਿਹਾ ਕਿ ਵੱਖ-ਵੱਖ ਮੋਬਾਈਲ ਐਪਸ ਅਤੇ ਵੈੱਬਸਾਈਟਾਂ 'ਤੇ ਆਪਣੀ ਮਰਜ਼ੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ



ਅਤੇ ਪਾਵਨ ਬਾਣੀਆਂ ਨੂੰ ਅਪਲੋਡ ਕਰਨਾ ਇਤਰਾਜ਼ਯੋਗ ਹੈ। ਇਕ ਮਤੇ ਰਾਹੀਂ ਗੁਰੂ ਅੰਗਦ ਦੇਵ ਦੇ ਗੁਰਿਆਈ ਦਿਵਸ ਨੂੰ ਹਰ ਸਾਲ 'ਗੁਰਮੁਖੀ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ।

ਜਨਰਲ ਇਜਲਾਸ ਵੱਲੋਂ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਕੋਲੋਂ ਮੰਗ ਕੀਤੀ ਗਈ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ ਤੋਂ ਵੱਖ-ਵੱਖ ਦੇਸ਼ਾਂ ਨੂੰ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣ। ਸ੍ਰੀ ਹਰਿਮੰਦਰ ਸਾਹਿਬ ਨੂੰ ਆਉਂਦੇ ਵੱਖ-ਵੱਖ ਰਸਤਿਆਂ ਨੂੰ ਖੁੱਲ੍ਹਾ ਕਰਨ ਅਤੇ ਸਿੱਖ ਵਿਰਾਸਤੀ ਦਿੱਖ ਦੇਣ ਦੀ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਗਈ।

ਇਜਲਾਸ ਵੱਲੋਂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਦੇ ਸ਼ਹੀਦੀ ਸਾਕੇ ਦੀ 100 ਸਾਲਾ ਸ਼ਤਾਬਦੀ ਮਨਾਉਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਭਾਰਤ ਅਤੇ ਪਾਕਿਸਤਾਨ ਦੋਵਾਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਇਸ ਮੌਕੇ ਸ਼ਰਧਾਲੂਆਂ ਦੇ ਪਾਕਿਸਤਾਨ ਜਾਣ ਲਈ ਵਧੇਰੇ ਵੀਜ਼ੇ ਦਿੱਤੇ ਜਾਣ। ਇਹ ਸ਼ਤਾਬਦੀ 30 ਅਕਤੂਬਰ ਨੂੰ ਮਨਾਈ ਜਾਣੀ ਹੈ। ਇੱਕ ਮਤੇ ਰਾਹੀਂ ਸ਼੍ਰੋਮਣੀ ਕਮੇਟੀ ਖ਼ਿਲਾਫ਼ ਕੂੜ ਪ੍ਰਚਾਰ ਕਰਨ ਵਾਲੇ ਲੋਕਾਂ ਦੀ ਨਿਖੇਧੀ ਕੀਤੀ ਗਈ। ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਤਿੰਨ ਦਹਾਕਿਆਂ ਤੋਂ ਕੈਦ ਸਿੱਖ ਬੰਦੀਆਂ ਦੀ ਰਿਹਾਈ ਦੀ ਵੀ ਮੰਗ ਕੀਤੀ ਗਈ।

ਇਕ ਮਤੇ ਰਾਹੀਂ ਗੁਰੂ ਨਾਨਕ ਦੇਵ ਨਾਲ ਸਬੰਧਤ ਗੁਰਦੁਆਰਾ ਗਿਆਨ ਗੋਦੜੀ ਹਰਿ ਕੀ ਪਉੜੀ ਹਰਿਦੁਆਰ, ਗੁਰਦੁਆਰਾ ਗੁਰੂ ਡਾਂਗਮਾਰ ਅਤੇ ਚੁੰਗਥਾਂਗ ਸਿੱਕਮ, ਗੁਰਦੁਆਰਾ ਬਾਵਲੀ ਮੱਠ, ਮੰਗੂ ਮੱਠ ਤੇ ਪੰਜਾਬੀ ਮੱਠ ਜਗਨਨਾਥਪੁਰੀ ਦੇ ਮਸਲੇ ਹੱਲ ਕਰਨ ਲਈ ਭਾਰਤ ਸਰਕਾਰ ਨੂੰ ਅਪੀਲ ਕੀਤੀ ਗਈ।

### ਗੁਰਸਿੱਖ ਬੱਚਿਆਂ ਨੂੰ ਮੁਫਤ ਸਿੱਖਿਆ ਦੇਣ ਦਾ ਫੈਸਲਾ

**ਅੰਮ੍ਰਿਤਸਰ:** ਇਕ ਮਤੇ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਚ 200 ਅੰਮ੍ਰਿਤਧਾਰੀ ਗੁਰਸਿੱਖ ਬੱਚੀਆਂ ਨੂੰ ਮੁਫ਼ਤ ਵਿੱਦਿਆ, ਰਿਹਾਇਸ਼ ਅਤੇ ਖਾਣਾ ਦੇਣ ਦਾ ਫੈਸਲਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਚਾਰ ਮੈਡੀਕਲ ਸਟੋਰ ਖੋਲ੍ਹਣ ਦਾ ਫੈਸਲਾ ਕੀਤਾ ਗਿਆ।

# ਸ਼੍ਰੋਮਣੀ ਕਮੇਟੀ ਵੱਲੋਂ 29 ਕਰੋੜ 70 ਲੱਖ ਰੁਪਏ ਘਾਟੇ ਦਾ ਬਜਟ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿੱਤੀ ਵਰ੍ਹੇ 2022-23 ਵਾਸਤੇ 988 ਕਰੋੜ 15 ਲੱਖ 53,780 ਰੁਪਏ ਦਾ ਅਨੁਮਾਨਿਤ ਬਜਟ ਪਾਸ ਕੀਤਾ ਹੈ ਜੋ ਲਗਭਗ 29 ਕਰੋੜ 70 ਲੱਖ ਰੁਪਏ ਘਾਟੇ ਦਾ ਬਜਟ ਹੈ। ਇਸ ਦੌਰਾਨ ਵਿਰੋਧੀ ਧਿਰ ਨਾਲ ਸਬੰਧਤ ਕੁਝ ਸ਼੍ਰੋਮਣੀ ਕਮੇਟੀ ਮੈਂਬਰ ਬਜਟ ਤੋਂ ਪਹਿਲਾਂ ਬੋਲਣ ਦੀ ਮੰਗ ਪੂਰੀ ਨਾ ਹੋਣ 'ਤੇ ਬਜਟ ਇਜਲਾਸ ਦਾ ਬਾਈਕਾਟ ਕਰ ਕੇ ਚਲੇ ਗਏ।

ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਾਲਾਨਾ ਬਜਟ ਲਈ ਸੱਦੇ ਗਏ ਜਨਰਲ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਦੇ ਲਗਭਗ 101 ਮੈਂਬਰ ਹਾਜ਼ਰ ਸਨ। ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਜਨਰਲ ਸਕੱਤਰ ਕਰਨੈਲ ਸਿੰਘ ਪੰਜੋਲੀ ਨੇ ਬਜਟ ਮੈਂਬਰਾਂ ਅੱਗੇ ਪੇਸ਼ ਕੀਤਾ। ਉਨ੍ਹਾਂ ਦੱਸਿਆ ਕਿ ਵਿੱਤੀ ਵਰ੍ਹੇ 2022-23 ਦੌਰਾਨ ਸ਼੍ਰੋਮਣੀ ਕਮੇਟੀ ਨੂੰ ਧਰਮ ਪ੍ਰਚਾਰ ਕਮੇਟੀ, ਸੈਕਸ਼ਨ 85 ਹੇਠ ਆਉਂਦੇ ਗੁਰਦੁਆਰੇ, ਵਿੱਦਿਅਕ ਅਦਾਰਿਆਂ, ਜਨਰਲ ਬੋਰਡ ਫੰਡ, ਪ੍ਰਿੰਟਿੰਗ ਪ੍ਰੈੱਸਾਂ ਆਦਿ ਤੋਂ 958 ਕਰੋੜ 45 ਲੱਖ 34,985 ਰੁਪਏ ਦੀ ਸਾਲਾਨਾ ਆਮਦਨ ਹੋਣ ਦਾ ਅਨੁਮਾਨ ਹੈ ਜਦੋਂਕਿ ਵਿੱਤੀ ਵਰ੍ਹੇ ਦੌਰਾਨ ਕੁੱਲ ਖਰਚੇ 988 ਕਰੋੜ 15 ਲੱਖ 53,780 ਰੁਪਏ ਹੋਣ ਦਾ ਅਨੁਮਾਨ ਹੈ। ਇਸ ਵਰ੍ਹੇ ਖਰਚੇ ਲਗਭਗ 29 ਕਰੋੜ 70 ਲੱਖ 18,780 ਰੁਪਏ ਵਧੇਰੇ ਹੋਣ ਦਾ ਅਨੁਮਾਨ ਹੈ। ਉਨ੍ਹਾਂ ਦੱਸਿਆ ਕਿ ਇਹ ਖਰਚੇ ਪੰਜਾਬ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿਚ ਰੱਖੇ ਏਡਿਡ ਅਮਲੇ ਦੇ ਫੰਡ ਅਤੇ ਵਿਦਿਆਰਥੀਆਂ ਦੀ ਐੱਸਸੀ ਸਕਾਲਰਸ਼ਿਪ ਦੀ ਰਾਸ਼ੀ ਨਾ ਮਿਲਣ ਕਾਰਨ ਵਧਿਆ ਹੈ।

ਉਨ੍ਹਾਂ ਦੱਸਿਆ ਕਿ ਇਕੱਲੇ ਵਿੱਦਿਅਕ ਅਦਾਰਿਆਂ ਦਾ ਖਰਚ ਆਮਦਨ ਨਾਲੋਂ ਲਗਭਗ 28 ਕਰੋੜ 23 ਲੱਖ 18,795 ਰੁਪਏ ਵੱਧ ਹੋਣ ਦੀ ਸੰਭਾਵਨਾ ਹੈ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੀਆਂ ਪ੍ਰਿੰਟਿੰਗ ਪ੍ਰੈੱਸਾਂ ਦਾ ਖਰਚਾ ਵੀ ਆਮਦਨ ਨਾਲੋਂ ਵਧੇਰੇ ਹੈ। ਇਸ ਵਰ੍ਹੇ ਪ੍ਰਿੰਟਿੰਗ ਪ੍ਰੈੱਸਾਂ ਤੋਂ ਆਮਦਨ ਨਾਲੋਂ ਖਰਚਾ ਲਗਭਗ 1 ਕਰੋੜ 47 ਲੱਖ ਰੁਪਏ ਵਧੇਰੇ ਹੋਣ ਦਾ ਅਨੁਮਾਨ ਹੈ ਜਿਸ ਕਾਰਨ ਕੁੱਲ ਆਮਦਨ ਨਾਲੋਂ ਖਰਚਾ ਲਗਭਗ 29 ਕਰੋੜ 70 ਲੱਖ ਰੁਪਏ ਵਧ ਗਿਆ ਹੈ।

# ਅਦਾਲਤ ਦੇ ਹੁਕਮਾਂ 'ਤੇ ਸ਼੍ਰੋਮਣੀ ਕਮੇਟੀ ਮੁਲਾਜ਼ਮ ਬਹਾਲ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਨੌਕਰੀ ਤੋਂ ਫਾਰਗ ਕੀਤੇ ਗਏ ਤਿੰਨ ਕਰਮਚਾਰੀਆਂ ਮੀਤ ਸਕੱਤਰ ਗੁਰਬਚਨ ਸਿੰਘ, ਕਲਰਕ ਬਾਜ ਸਿੰਘ ਅਤੇ ਹੈਲਪਰ ਦਲਬੀਰ ਸਿੰਘ ਨੇ ਇਸ ਫੈਸਲੇ ਖਿਲਾਫ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ ਅਤੇ ਅਦਾਲਤ ਨੇ ਉਨ੍ਹਾਂ ਨੂੰ ਨੌਕਰੀ 'ਤੇ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਇਨ੍ਹਾਂ ਕਰਮਚਾਰੀਆਂ ਨੇ ਡਿਊਟੀ 'ਤੇ ਬਹਾਲੀ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੱਤਰ ਸੌਂਪਿਆ ਹੈ।

ਗੁਰਬਚਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਸਮੇਤ ਬਾਜ ਸਿੰਘ ਅਤੇ ਦਲਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਨੂੰ ਅਦਾਲਤ ਦੇ ਹੁਕਮਾਂ ਦੀ ਕਾਪੀ ਅਤੇ ਡਿਊਟੀ 'ਤੇ ਬਹਾਲੀ ਸਬੰਧੀ ਪੱਤਰ ਦਿੱਤਾ ਹੈ। ਇਸ ਪੱਤਰ ਨੂੰ ਸ਼੍ਰੋਮਣੀ ਕਮੇਟੀ ਨੇ ਪ੍ਰਾਪਤ ਕਰ ਲਿਆ ਹੈ ਪਰ ਫਿਲਹਾਲ ਉਨ੍ਹਾਂ ਨੂੰ ਡਿਊਟੀ 'ਤੇ ਬਹਾਲ ਕਰਨ ਬਾਰੇ ਸੂਚਨਾ ਨਹੀਂ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਕਿਹਾ ਕਿ ਇਸ ਕੇਸ ਵਿਚ ਅਦਾਲਤ ਵੱਲੋਂ ਕੀਤੇ ਗਏ ਫੈਸਲੇ ਦੀ ਰੌਸ਼ਨੀ ਵਿਚ ਹੀ ਕਾਰਵਾਈ ਕੀਤੀ ਜਾਵੇਗੀ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਨੇ ਇਹ ਮਾਮਲਾ ਕਾਨੂੰਨੀ ਮਾਹਿਰਾਂ ਨਾਲ ਵਿਚਾਰਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕਰਮਚਾਰੀਆਂ ਨੂੰ ਬਹਾਲ ਕਰਨ ਮਗਰੋਂ ਮੁੜ ਇਨ੍ਹਾਂ ਖਿਲਾਫ ਅਦਾਲਤੀ ਦਿਸ਼ਾ ਨਿਰਦੇਸ਼ਾਂ ਹੇਠ ਜਾਂਚ ਕੀਤੀ ਜਾਵੇਗੀ। ਮੀਤ ਸਕੱਤਰ ਗੁਰਬਚਨ ਸਿੰਘ ਨੇ ਦੱਸਿਆ ਕਿ ਅਦਾਲਤ ਦੇ ਆਦੇਸ਼ਾਂ ਦੀ ਇਹ ਕਾਪੀ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਈਮੇਲ ਰਾਹੀਂ ਅਤੇ ਦਸਤੀ ਤੌਰ 'ਤੇ ਸੌਂਪ ਦਿੱਤੀ ਹੈ।

### ਮੁਲਾਜ਼ਮਾਂ ਨੂੰ ਮੁੜ ਬਰਖਾਸਤ ਕਰ ਕੇ ਪੜਤਾਲ ਸ਼ੁਰੂ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਕਿਹਾ ਗਿਆ ਹੈ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਬਰਖਾਸਤ ਕਰਕੇ ਮਾਮਲੇ ਦੀ ਫਿਰ ਤੋਂ ਜਾਂਚ ਸ਼ੁਰੂ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹਾਈਕੋਰਟ ਵੱਲੋਂ ਤਿੰਨਾਂ ਮੁਲਾਜ਼ਮਾਂ ਨੂੰ ਬਹਾਲ ਕਰ ਦਿੱਤਾ ਗਿਆ ਸੀ ਅਤੇ ਨਾਲ ਹੀ ਮਾਮਲੇ ਦੀ ਮੁੜ ਪੜਤਾਲ ਲਈ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਮੁੜ ਬਰਖਾਸਤ ਕਰ ਦਿੱਤਾ ਗਿਆ ਹੈ।

# ਗੁਰਬਾਣੀ ਪ੍ਰਸਾਰਨ ਲਈ ਚੈਨਲ ਚਲਾਏਗੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕਰਨ ਵਾਲੇ ਇਕ ਨਿੱਜੀ ਚੈਨਲ ਦੇ ਪ੍ਰਬੰਧਕਾਂ ਖਿਲਾਫ ਲੱਗੇ ਗੰਭੀਰ ਦੋਸ਼ਾਂ ਦਾ ਮਾਮਲਾ ਇਥੇ ਬਜਟ ਇਜਲਾਸ ਦੌਰਾਨ ਭਖਿਆ ਰਿਹਾ। ਮੈਂਬਰਾਂ ਨੇ ਗੁਰਬਾਣੀ ਦੇ ਪ੍ਰਸਾਰਨ ਲਈ ਆਪਣਾ ਨਿੱਜੀ ਚੈਨਲ ਬਣਾਉਣ ਦੀ ਮੰਗ ਕੀਤੀ।

ਜਥੇਦਾਰ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਨਿੱਜੀ ਟੀਵੀ ਚੈਨਲ ਖਿਲਾਫ ਕਈ ਸ਼ਿਕਾਇਤਾਂ ਮਿਲ ਰਹੀਆਂ ਹਨ। ਭਾਵੇਂ ਉਨ੍ਹਾਂ ਸ਼ਿਕਾਇਤਾਂ ਅਤੇ ਦੋਸ਼ਾਂ ਦਾ ਜ਼ਿਕਰ ਨਹੀਂ ਕੀਤਾ ਪਰ ਉਨ੍ਹਾਂ ਮੈਂਬਰਾਂ ਦੀ ਮੰਗ ਕਬੂਲਦਿਆਂ ਸ਼੍ਰੋਮਣੀ ਕਮੇਟੀ ਨੂੰ ਦਰਬਾਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਲਈ ਆਪਣਾ ਨਿੱਜੀ ਚੈਨਲ ਬਣਾਉਣ ਦੇ ਹੁਕਮ ਕਰ ਦਿੱਤੇ ਹਨ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਗੁਰਬਾਣੀ ਦੇ ਪ੍ਰਸਾਰਨ ਲਈ ਨਿੱਜੀ ਚੈਨਲ ਸਥਾਪਤ ਕਰਨ ਵਾਸਤੇ ਲਗਭਗ 200 ਕਰੋੜ ਰੁਪਏ ਦੀ ਲੋੜ ਹੈ ਜਦੋਂਕਿ ਸ਼੍ਰੋਮਣੀ ਕਮੇਟੀ ਇਸ ਵੇਲੇ ਵਿੱਤੀ ਸੰਕਟ 'ਚੋਂ ਲੰਘ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਇਸ ਸਬੰਧੀ ਕੋਈ ਆਦੇਸ਼ ਦਿੱਤਾ ਗਿਆ ਹੈ ਤਾਂ ਕਮੇਟੀ ਉਹ ਆਦੇਸ਼ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਬਜਟ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕਿਹਾ ਕਿ ਇਸ ਨਿੱਜੀ ਚੈਨਲ ਦੇ ਪ੍ਰਬੰਧਕਾਂ ਖਿਲਾਫ ਇਕ ਕੇਸ ਦਰਜ ਹੋਇਆ ਹੈ, ਜਿਸ ਵਿਚ ਗੰਭੀਰ ਦੋਸ਼ ਲਾਏ ਗਏ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਵਿਅਕਤੀਆਂ ਖਿਲਾਫ ਐੱਫ.ਆਈ.ਆਰ. ਦਰਜ ਕੀਤੀ ਗਈ ਹੈ, ਉਨ੍ਹਾਂ ਵਿਚ ਉਹ ਵਿਅਕਤੀ ਵੀ ਸ਼ਾਮਲ ਹੈ, ਜਿਸ ਨੇ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਸਬੰਧੀ ਸਮਝੌਤੇ 'ਤੇ ਦਸਤਖ਼ਤ ਕੀਤੇ ਹੋਏ ਹਨ। ਉਨ੍ਹਾਂ ਨੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਕਿ ਜਦੋਂ ਤਕ ਇਸ ਨਿੱਜੀ ਚੈਨਲ ਖਿਲਾਫ ਦਰਜ ਕੇਸ ਦਾ ਫੈਸਲਾ ਨਹੀਂ ਹੁੰਦਾ, ਇਸ ਨਿੱਜੀ ਚੈਨਲ 'ਤੇ ਗੁਰਬਾਣੀ ਦਾ ਪ੍ਰਸਾਰਨ ਬੰਦ ਕੀਤਾ ਜਾਵੇ। ਇਸੇ ਤਰ੍ਹਾਂ ਇਜਲਾਸ ਦੌਰਾਨ ਬਲਵਿੰਦਰ ਸਿੰਘ ਬੈਂਸ ਨੇ ਵੀ ਮੰਗ ਰੱਖੀ ਕਿ ਗੁਰਬਾਣੀ ਦੇ ਪ੍ਰਸਾਰਨ ਦੇ ਹੱਕ ਕਿਸੇ ਵਿਸ਼ੇਸ਼ ਚੈਨਲ ਦੀ ਥਾਂ ਇਸ ਸਬੰਧੀ ਸ਼ਰਤਾਂ ਪੂਰੀਆਂ ਕਰਦੇ ਹੋਰ ਚੈਨਲਾਂ ਨੂੰ ਵੀ ਦਿੱਤੇ ਜਾਣ।

# ਮੈਟਰੋ ਸਟੇਸ਼ਨ 'ਤੇ ਕਿਰਪਾਨ ਪਾ ਕੇ ਜਾਣ ਤੋਂ ਰੋਕਣ ਖਿਲਾਫ ਰੋਹ

**ਅੰਮ੍ਰਿਤਸਰ:** ਦਿੱਲੀ ਵਿਚ ਇਕ ਮੈਟਰੋ ਸਟੇਸ਼ਨ ਉਤੇ ਇਕ ਅੰਮ੍ਰਿਤਧਾਰੀ ਨੌਜਵਾਨ ਨੂੰ ਕਿਰਪਾਨ ਸਮੇਤ ਅੰਦਰ ਜਾਣ ਤੋਂ ਰੋਕਣ ਦੇ ਮਾਮਲੇ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਇਸ ਘਟਨਾ ਨੂੰ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਕਰਾਰ ਦਿੱਤਾ ਹੈ ਅਤੇ ਸਬੰਧਤ ਕਰਮਚਾਰੀ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅੰਦਰ ਦੇਸ਼ ਦੇ ਹਰ ਨਾਗਰਿਕ ਨੂੰ ਆਪਣੀਆਂ ਧਾਰਮਿਕ ਮਾਨਤਾਵਾਂ 'ਤੇ ਪਹਿਰਾ ਦੇਣ ਦੀ ਖੁੱਲ੍ਹ ਹੈ ਪਰ ਇਸ ਦੇ ਬਾਵਜੂਦ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ 'ਤੇ ਸਵਾਲ ਉਠਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਨਾਗਰਿਕ ਹਵਾਬਾਜ਼ੀ ਮੰਤਰਾਲੇ ਵੱਲੋਂ ਹਵਾਈ ਅੱਡਿਆਂ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਕਿਰਪਾਨ ਪਹਿਨ ਕੇ ਜਾਣ 'ਤੇ ਪਾਬੰਦੀ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਦੇ ਵਿਰੋਧ ਮਗਰੋਂ ਮੰਤਰਾਲੇ ਨੇ ਵਾਪਸ ਲਿਆ ਸੀ। ਉਨ੍ਹਾਂ ਕਿਹਾ ਕਿ ਹੁਣ ਦਿੱਲੀ ਦੇ ਮੈਟਰੋ ਸਟੇਸ਼ਨ 'ਤੇ ਨੌਜਵਾਨ ਨੂੰ ਇਕ ਪੁਲਿਸ ਮੁਲਾਜ਼ਮ ਵੱਲੋਂ ਕਿਰਪਾਨ ਉਤਾਰ ਕੇ ਉਸ ਦਾ ਸਾਈਜ਼ ਚੈੱਕ ਕਰਵਾਉਣ ਲਈ ਮਜਬੂਰ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਖੇ ਵੱਡੀ ਗਿਣਤੀ ਸਿੱਖ ਵਸਦੇ ਹਨ ਤੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਬਾਰੇ ਰਾਜਧਾਨੀ ਦੇ ਕਿਸੇ ਵੀ ਨਾਗਰਿਕ ਨੂੰ ਭੁਲੇਖਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਜਾਣਬੁੱਝ ਕੇ ਕੀਤਾ ਗਿਆ ਹੈ ਤੇ ਮੁਲਜ਼ਮ ਪੁਲਿਸ ਵਾਲੇ ਖਿਲਾਫ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ।

# ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ 22 ਮਈ ਨੂੰ ਖੁੱਲ੍ਹਣਗੇ

**ਅੰਮ੍ਰਿਤਸਰ:** ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ ਸਾਲਾਨਾ ਯਾਤਰਾ ਵਾਸਤੇ 22 ਮਈ ਨੂੰ ਖੋਲ੍ਹੇ ਜਾਣਗੇ। ਇਹ ਫੈਸਲਾ ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੇ ਉਤਰਾਖੰਡ ਸਰਕਾਰ ਨਾਲ ਵਿਚਾਰ-ਵਟਾਂਦਰਾ ਕਰਨ ਮਗਰੋਂ ਲਿਆ ਹੈ। ਇਸ ਦੀ ਜਾਣਕਾਰੀ ਇਥੇ ਟਰੱਸਟ ਦੇ ਮੀਤ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦਿੱਤੀ।



ਉਨ੍ਹਾਂ ਦੱਸਿਆ ਕਿ ਹਾਲ ਹੀ ਵਿਚ ਭਾਰਤੀ ਫੌਜ ਦੇ 418 ਇੰਡੀਪੈਂਡੈਂਟ ਇੰਜੀਨੀਅਰ ਕੋਰ ਦੇ ਦਸਤੇ ਨੇ ਇਸ ਸਬੰਧੀ ਜਾਇਜ਼ਾ ਲਿਆ ਹੈ। ਫੌਜ ਦੀ ਟੀਮ ਨੇ ਕੁਝ ਦਿਨ ਪਹਿਲਾਂ ਵੀ ਦੌਰਾ ਕੀਤਾ ਸੀ ਤੇ ਹੁਣ ਮੁੜ ਸਮੀਖਿਆ ਕੀਤੀ ਹੈ। ਉਕਤ ਟੀਮ ਅਤੇ ਟਰੱਸਟ ਦੇ ਆਗੂਆਂ ਤੇ ਸੇਵਾਦਾਰਾਂ ਦੀ ਮੀਟਿੰਗ ਮਗਰੋਂ ਸਾਲਾਨਾ ਯਾਤਰਾ ਤਹਿਤ 22 ਮਈ ਨੂੰ ਸਵੇਰੇ ਸਾਢੇ ਦਸ ਵਜੇ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਹੈ। ਇਸ ਤੋਂ ਇਕ ਦਿਨ ਪਹਿਲਾਂ ਇਹ ਯਾਤਰਾ ਪੰਥਕ ਰਵਾਇਤਾਂ ਨਾਲ ਗੁਰਦੁਆਰਾ ਗੋਬਿੰਦਘਾਟ ਤੋਂ ਆਰੰਭ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਵੇਲੇ ਹੇਮਕੁੰਟ ਸਾਹਿਬ ਵਿਚ ਲਗਭਗ ਦਸ ਫੁਟ ਤੱਕ ਬਰਫ ਜੰਮੀ ਹੋਈ ਹੈ। ਗੁਰਦੁਆਰਾ ਗੋਬਿੰਦਘਾਟ ਦੇ ਮੈਨੇਜਰ ਸੇਵਾ ਸਿੰਘ ਨੇ ਦੱਸਿਆ ਕਿ ਫਿਲਹਾਲ ਗੁਰਦੁਆਰਾ ਗੋਬਿੰਦਧਾਮ ਦੇ ਰਾਹ ਵਿਚ ਵੀ ਤਿੰਨ ਤੋਂ ਚਾਰ ਫੁਟ ਤੱਕ ਬਰਫ ਜੰਮੀ ਹੋਈ ਹੈ ਤੇ ਇਸ ਦੇ ਨਾਲ ਹੀ ਇਕ ਹਿੰਮ ਖੰਡ 'ਤੇ ਵੀ ਰਾਹ ਬਣਾਉਣ ਦੀ ਲੋੜ ਪਵੇਗੀ। ਇਸੇ ਤਰ੍ਹਾਂ ਹਾਲੇ ਅਟਲਾਕੋਟੀ ਗਲੇਸ਼ੀਅਰ ਵਿਚ ਵੀ ਬਰਫ ਬਹੁਤ ਹੈ। ਇਸ ਵੇਲੇ ਹੇਮਕੁੰਟ ਸਾਹਿਬ ਵਿਚ ਗੁਰਦੁਆਰੇ ਦੀ ਪਹਿਲੀ ਮੰਜ਼ਿਲ ਤੱਕ ਬਰਫ ਜੰਮੀ ਹੋਈ ਹੈ।

# ਪੰਜਾਬ ਕੈਬਨਿਟ ਨੇ ਨਵੀਂ ਸ਼ਰਾਬ ਨੀਤੀ 'ਤੇ ਲਾਈ ਮੋਹਰ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ 'ਚ ਸ਼ਰਾਬ ਦੇ ਠੇਕਿਆਂ ਦੀ ਮਿਆਦ ਤਿੰਨ ਮਹੀਨੇ ਹੋਰ ਵਧਾਉਣ ਨੂੰ ਪ੍ਰਵਾਨਗੀ ਦਿੰਦਿਆਂ ਤਿੰਨ ਮਹੀਨਿਆਂ ਲਈ ਨਵੀਂ ਸ਼ਰਾਬ ਨੀਤੀ ਨੂੰ ਝੰਡੀ ਦੇ ਦਿੱਤੀ ਹੈ। ਕਰ ਤੇ ਆਬਕਾਰੀ ਵਿਭਾਗ ਵੱਲੋਂ ਪੇਸ਼ ਕੀਤੀ ਗਈ ਇਸ ਸ਼ਰਾਬ ਨੀਤੀ ਤਹਿਤ ਪਹਿਲੀ ਅਪਰੈਲ ਤੋਂ 30 ਜੂਨ 2022 ਤੱਕ ਸ਼ਰਾਬ ਦੀ ਵਿਕਰੀ ਤੋਂ 1910 ਕਰੋੜ ਰੁਪਏ ਦਾ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇਹ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ 'ਚ ਲਿਆ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਤਿੰਨ ਮਹੀਨਿਆਂ ਲਈ ਪ੍ਰਵਾਨ ਕੀਤੀ ਗਈ ਆਬਕਾਰੀ ਨੀਤੀ ਤਹਿਤ ਤਿੰਨ ਮਹੀਨੇ ਸਥਿਰਤਾ ਬਰਕਰਾਰ ਰੱਖਣ ਦੇ ਮਕਸਦ ਨਾਲ ਮੌਜੂਦਾ ਲਾਇਸੈਂਸ ਧਾਰਕਾਂ ਨੂੰ ਗਰੁੱਪ/ਜ਼ੋਨ ਲਈ ਵਿੱਤੀ ਸਾਲ 2021-22 ਨਾਲੋਂ ਘੱਟੋ-ਘੱਟ ਗਾਰੰਟੀ ਮਾਲੀਏ ਉਤੇ 1.75 ਫੀਸਦ ਵਾਧੂ ਮਾਲੀਆ ਦੇਣਾ ਪਵੇਗਾ। ਇਸ ਦੀ ਅਦਾਇਗੀ ਤੋਂ ਬਾਅਦ ਸ਼ਰਾਬ ਕਾਰੋਬਾਰੀ ਆਪਣਾ ਕੰਮ ਪਹਿਲਾਂ ਵਾਂਗ ਜਾਰੀ ਰੱਖ ਸਕਣਗੇ ਜਦਕਿ ਸ਼ਰਾਬ ਦੇ ਠੇਕਿਆਂ ਦੇ ਗਰੁੱਪਾਂ/ਜ਼ੋਨਾਂ ਦੀ ਗਿਣਤੀ ਪਹਿਲਾਂ ਵਾਲੀ ਹੀ ਰਹੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਤਿੰਨ ਮਹੀਨਿਆਂ ਲਈ ਸੂਬੇ ਦੇ ਗਰੁੱਪਾਂ/ਜ਼ੋਨਾਂ ਦਾ ਘੱਟੋ ਘੱਟ ਗਾਰੰਟੀ ਮਾਲੀਆ 1440.96 ਕਰੋੜ ਰੁਪਏ ਹੈ ਜਦੋਂ ਕਿ ਪੰਜਾਬ ਸਰਕਾਰ ਨੇ ਇਸ ਮਿਆਦ ਅੰਦਰ ਸ਼ਰਾਬ ਵਿਕਰੀ ਨਾਲ 1910 ਕਰੋੜ ਰੁਪਏ ਦੇ ਮਾਲੀਆ ਇਕੱਠਾ ਕਰਨ ਦਾ ਟੀਚਾ ਮਿਥਿਆ ਹੈ। ਵੱਧ ਮਾਲੀਆ ਇਕੱਤਰ ਕਰਨ ਲਈ ਹਰੇਕ ਗਰੁੱਪ/ਜ਼ੋਨ ਲਈ ਦੇਸੀ ਸ਼ਰਾਬ, ਅੰਗਰੇਜ਼ੀ ਸ਼ਰਾਬ, ਬੀਅਰ ਅਤੇ ਆਈ.ਐਫ.ਐਲ. ਦੇ ਕੋਟੇ ਨੂੰ ਸਾਲ 2021-22 ਦੀ ਪਹਿਲੀ ਤਿਮਾਹੀ ਨਾਲੋਂ 10 ਫੀਸਦੀ ਵਧਾ ਦਿੱਤਾ ਹੈ। ਇਸ ਤੋਂ ਇਲਾਵਾ ਛੋਟੇ ਸ਼ਰਾਬ ਕਾਰੋਬਾਰੀਆਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਸ਼ਰਾਬ ਚੁੱਕਣ ਦੀ ਪ੍ਰਵਾਨਗੀ ਦਿੰਦਿਆਂ ਲਾਇਸੈਂਸ ਫੀਸ ਵਿਚ ਵਾਧਾ ਕੀਤਾ ਹੈ।

# ਸਰਕਾਰ ਨੇ ਮੁਫਤ ਬਿਜਲੀ ਵਾਲੇ ਵਾਅਦੇ ਤੋਂ ਫਿਲਹਾਲ ਟਾਲਾ ਵੱਟਿਆ

**ਚੰਡੀਗੜ੍ਹ:** ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਨੇ ਸਾਲ 2022-23 ਲਈ ਬਿਜਲੀ ਦਰਾਂ ਦਾ ਐਲਾਨ ਕੀਤਾ। ਪੰਜਾਬ ਦੇ ਲੋਕਾਂ ਨੂੰ 300 ਯੂਨਿਟ ਮੁਫਤ ਬਿਜਲੀ ਲਈ ਹਾਲੇ ਹੋਰ ਇੰਤਜ਼ਾਰ ਕਰਨਾ ਪਵੇਗਾ। ਕਮਿਸ਼ਨ ਨੇ ਬਿਜਲੀ ਦਰਾਂ ਵਿਚ ਕੋਈ ਤਬਦੀਲ ਨਹੀਂ ਕੀਤੀ ਹੈ। ਪਿਛਲੇ ਮਾਲੀ ਵਰ੍ਹੇ ਵਾਲੀਆਂ ਬਿਜਲੀ ਦਰਾਂ ਹੀ ਕਾਇਮ ਰੱਖੀਆਂ ਗਈਆਂ ਹਨ। ਇਸ ਤੋਂ ਸਾਫ ਹੈ ਕਿ 'ਆਪ' ਸਰਕਾਰ ਖਪਤਕਾਰਾਂ 'ਤੇ ਕੋਈ ਵਿੱਤੀ ਬੋਝ ਨਹੀਂ ਪਾਉਣਾ ਚਾਹੁੰਦੀ। ਰੈਗੂਲੇਟਰੀ ਕਮਿਸ਼ਨ ਵੱਲੋਂ ਜਾਰੀ ਟੈਰਿਫ ਆਰਡਰ ਅਨੁਸਾਰ ਪੰਜਾਬ ਦੇ ਲੋਕਾਂ ਨੂੰ ਪਹਿਲੀ ਅਪਰੈਲ ਤੋਂ 300 ਯੂਨਿਟ ਬਿਜਲੀ ਮੁਫਤ ਨਹੀਂ ਮਿਲੇਗੀ, ਜਿਸ ਦਾ ਵਾਅਦਾ 'ਆਪ' ਸਰਕਾਰ ਨੇ ਚੋਣਾਂ ਤੋਂ ਪਹਿਲਾਂ ਕੀਤਾ ਸੀ।



ਕਮਿਸ਼ਨ ਨੇ ਪੂਰੇ ਵਰ੍ਹੇ ਲਈ ਟੈਰਿਫ ਜਾਰੀ ਕੀਤਾ ਹੈ ਜਿਸ ਦਾ ਮਤਲਬ ਹੈ ਕਿ 'ਆਪ' ਸਰਕਾਰ ਅਗਲੇ ਮਾਲੀ ਵਰ੍ਹੇ ਤੋਂ ਹੀ 300 ਯੂਨਿਟ ਮੁਫਤ ਬਿਜਲੀ ਦੇਣ ਬਾਰੇ ਵਿਚਾਰ ਕਰੇਗੀ। ਪੁਰਾਣੀ ਸਰਕਾਰ ਵੱਲੋਂ ਦਲਿਤ ਪਰਿਵਾਰਾਂ ਨੂੰ 200 ਯੂਨਿਟ ਮੁਫਤ ਬਿਜਲੀ ਦੇਣ ਦੀ ਸਹੂਲਤ ਜਾਰੀ ਰਹੇਗੀ ਅਤੇ ਇਸੇ ਤਰ੍ਹਾਂ 7 ਕਿਲੋਵਾਟ ਤੱਕ ਤਿੰਨ ਰੁਪਏ ਸਸਤੀ ਬਿਜਲੀ ਦੀ ਸੁਵਿਧਾ ਵੀ ਕਾਇਮ ਰਹੇਗੀ। ਕਮਿਸ਼ਨ ਨੇ 36237.65 ਕਰੋੜ ਦੀ ਆਮਦਨ ਦਾ ਟੀਚਾ ਮਿਥਿਆ ਹੈ ਜਦੋਂ ਕਿ ਛੇਵੇਂ ਪੇ ਕਮਿਸ਼ਨ ਦੇ ਮੱਦੇਨਜ਼ਰ ਪਾਵਰਕੌਮ 'ਤੇ ਜੋ 3607 ਕਰੋੜ ਦਾ ਬੋਝ ਪੈਣਾ ਹੈ, ਉਸ ਬਾਰੇ ਵੀ ਟੈਰਿਫ ਆਰਡਰ ਚੁੱਪ ਹਨ। ਟੈਰਿਫ ਆਰਡਰ ਅਨੁਸਾਰ ਘਰੇਲੂ ਬਿਜਲੀ ਦੇ ਦੋ ਕਿਲੋਵਾਟ ਲੋਡ ਤੱਕ ਜ਼ੀਰੋ ਤੋਂ 100 ਯੂਨਿਟ ਤੱਕ ਬਿਜਲੀ ਦਾ ਰੇਟ 3.49 ਰੁਪਏ ਪ੍ਰਤੀ ਯੂਨਿਟ ਰਹੇਗਾ ਜਦੋਂ ਕਿ 101 ਤੋਂ 300 ਯੂਨਿਟ ਤੱਕ ਇਹ ਦਰਾਂ 5.84 ਰੁਪਏ ਪ੍ਰਤੀ ਯੂਨਿਟ ਹੋਣਗੀਆਂ। ਇਸੇ ਤਰ੍ਹਾਂ 300 ਤੋਂ ਵਧ ਯੂਨਿਟਾਂ ਦਾ ਰੇਟ 7.30 ਰੁਪਏ ਪ੍ਰਤੀ ਯੂਨਿਟ ਤੈਅ ਕੀਤਾ ਗਿਆ ਹੈ। ਇਹ ਬਿਜਲੀ ਦਰਾਂ ਪਹਿਲੀ ਅਪਰੈਲ ਤੋਂ ਪੰਜਾਬ ਵਿਚ ਲਾਗੂ ਹੋਣਗੀਆਂ।

'ਆਪ' ਸਰਕਾਰ ਨੇ ਇਹ ਨਵਾਂ ਰਿਕਾਰਡ ਕਾਇਮ ਕੀਤਾ ਹੈ ਕਿ ਸਰਕਾਰ ਦੇ ਕਾਰਜਕਾਲ ਦੇ ਪਹਿਲੇ ਸਾਲ ਵਿਚ ਬਿਜਲੀ ਦਰਾਂ ਵਿਚ ਕੋਈ ਵਾਧਾ ਨਹੀਂ ਕੀਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਪਹਿਲੀ ਪਾਰੀ ਦੌਰਾਨ 2002-03 ਵਿਚ 10 ਫੀਸਦੀ ਬਿਜਲੀ ਦਰਾਂ 'ਚ ਵਾਧਾ ਕੀਤਾ ਸੀ ਜਦੋਂ ਕਿ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਨੇ 2007-08 ਵਿਚ ਬਿਜਲੀ ਦਰਾਂ ਵਿਚ 4.89 ਫੀਸਦੀ ਦਾ ਵਾਧਾ ਕੀਤਾ ਸੀ। ਗੱਠਜੋੜ ਦੀ ਜਦੋਂ ਮੁੜ ਸਰਕਾਰ ਬਣੀ ਸੀ ਤਾਂ 2012-13 ਵਿਚ ਬਿਜਲੀ ਦੇ ਰੇਟ 12.08 ਫੀਸਦੀ ਵਧੇ ਸਨ। ਕੈਪਟਨ ਨੇ 2017-18 ਵਿਚ ਬਿਜਲੀ ਦਰਾਂ 9.33 ਫੀਸਦੀ ਵਧਾਈਆਂ ਸਨ।

# ਪ੍ਰਾਈਵੇਟ ਸਕੂਲਾਂ ਉਤੇ ਸ਼ਿਕੰਜਾ ਕੱਸਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਸੂਬੇ ਦੇ ਪ੍ਰਾਈਵੇਟ ਸਕੂਲ ਵਿਦਿਅਕ ਸੈਸ਼ਨ 2022-23 ਦੇ ਵਰਤਮਾਨ ਸਮੈਸਟਰ ਵਿਚ ਫੀਸ 'ਚ ਵਾਧਾ ਨਹੀਂ ਕਰ ਸਕਣਗੇ। ਇਸ ਦੇ ਨਾਲ ਹੀ ਸਕੂਲਾਂ ਵੱਲੋਂ ਮਾਪਿਆਂ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕੀਤਾ ਜਾ ਸਕੇਗਾ।

ਇਨ੍ਹਾਂ ਹੁਕਮਾਂ ਨੂੰ ਤੁਰਤ ਲਾਗੂ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਪੰਜਾਬ ਵਿਚ ਸਿੱਖਿਆ ਐਨੀ ਮਹਿੰਗੀ ਹੋ ਚੁੱਕੀ ਹੈ ਕਿ ਇਹ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੁੰਦੀ ਜਾ ਰਹੀ ਹੈ। ਮਾਪੇ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਜੇਬ ਇਜਾਜ਼ਤ ਨਹੀਂ ਦੇ ਰਹੀ। ਮਜਬੂਰੀ ਵੱਸ ਮਾਪਿਆਂ ਨੂੰ ਬੱਚੇ ਸਕੂਲਾਂ ਤੋਂ ਹਟਾਉਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਹਰ ਬੱਚੇ ਨੂੰ ਵਧੀਆ ਸਿੱਖਿਆ ਦੇਣਾ ਚਾਹੁੰਦੀ ਹੈ, ਇਹ ਫੈਸਲਾ ਲੋਕ ਹਿੱਤ 'ਚ ਲਿਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ 'ਚ ਪ੍ਰਾਈਵੇਟ ਸਕੂਲਾਂ ਦੇ ਪ੍ਰਬੰਧਕ ਵਿਦਿਅਕ ਸੈਸ਼ਨ 2022-23 ਦੇ ਮੌਜੂਦਾ ਸਮੈਸਟਰ ਦੌਰਾਨ ਫੀਸ ਵਿਚ



ਵਾਧਾ ਨਹੀਂ ਕਰ ਸਕਣਗੇ। ਇਸ ਬਾਰੇ ਨੀਤੀ ਸਕੂਲੀ ਬੱਚਿਆਂ ਦੇ ਮਾਪਿਆਂ, ਸਕੂਲ ਪ੍ਰਬੰਧਕਾਂ, ਪ੍ਰਿੰਸੀਪਲਾਂ ਅਤੇ ਹੋਰ ਸਬੰਧਤ ਧਿਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਉਲੀਕੀ ਜਾਵੇਗੀ, ਜਿਸ ਦਾ ਐਲਾਨ ਆਉਣ ਵਾਲੇ ਦਿਨਾਂ ਵਿਚ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਹੁਣ ਤੋਂ ਕੋਈ ਵੀ ਸਕੂਲ ਮਾਪਿਆਂ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਕਿਤਾਬਾਂ ਜਾਂ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕਰੇਗਾ। ਉਨ੍ਹਾਂ ਕਿਹਾ ਕਿ ਸਬੰਧਤ ਇਲਾਕੇ ਦੀ ਆਬਾਦੀ ਦੇ ਮੁਤਾਬਕ ਲੋਕਾਂ ਦੀ ਸਹੂਲਤ ਲਈ ਸਕੂਲਾਂ ਨੂੰ ਵੱਧ ਦੁਕਾਨਾਂ ਬਾਰੇ ਜਾਣਕਾਰੀ ਦੇਣੀ ਹੋਵੇਗੀ, ਜਿਥੋਂ ਮਾਪਿਆਂ ਨੂੰ ਆਪਣੀ ਮਰਜ਼ੀ ਮੁਤਾਬਕ ਕਿਤਾਬਾਂ ਅਤੇ ਵਰਦੀਆਂ ਖਰੀਦਣ ਦੀ ਖੁੱਲ੍ਹ ਹੋਵੇਗੀ।ਯਛ

# ਕਬੱਡੀ ਖੇਡ ਮੇਲੇ ਦੌਰਾਨ ਗੋਲੀਆਂ ਮਾਰ ਕੇ ਨੌਜਵਾਨ ਦੀ ਹੱਤਿਆ

**ਮੋਗਾ:** ਥਾਣਾ ਬਾਘਾਪੁਰਾਣਾ ਅਧੀਨ ਪਿੰਡ ਮਾੜੀ ਮੁਸਤਫਾ ਵਿਚ ਕਬੱਡੀ ਖੇਡ ਮੇਲੇ ਦੌਰਾਨ ਗੈਂਗਸਟਰ ਤੋਂ ਸਮਾਜ ਸੇਵੀ ਬਣੇ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਇਸ ਘਟਨਾ ਵਿਚ ਇਕ ਹੋਰ ਨੌਜਵਾਨ ਗੋਲੀ ਲੱਗਣ ਨਾਲ ਜਖਮੀ ਹੋ ਗਿਆ ਹੈ।

ਪਿੰਡ ਵਿੱਚ ਖੇਡ ਮੇਲੇ ਦੌਰਾਨ ਵਾਪਰੀ ਵਾਰਦਾਤ ਤੋਂ ਦਹਿਸ਼ਤ ਦਾ ਮਾਹੌਲ ਹੈ। ਪੁਲਿਸ ਨੇ ਦੱਸਿਆ ਕਿ ਮ੍ਰਿਤਕ ਦੀ ਪਛਾਣ ਹਰਜੀਤ ਸਿੰਘ ਉਰਫ ਪਿੰਟਾ ਵਜੋਂ ਹੋਈ ਹੈ। ਮੁਢਲੀ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਹਰਜੀਤ ਸਿੰਘ ਉਰਫ ਪਿੰਟਾ ਅਤੇ ਜਖਮੀ ਨੌਜਵਾਨ ਗੁਰਪ੍ਰੀਤ ਸਿੰਘ ਖੇਡ ਮੇਲੇ ਵਿਚੋਂ ਹੋ ਕੇ ਮੋਟਰਸਾਈਕਲ ਉਤੇ ਘਰ ਜਾ ਰਹੇ ਸਨ। ਇਸ ਦੌਰਾਨ ਪਿੰਡ ਦੀ ਅਨਾਜ ਮੰਡੀ ਕੋਲ ਇਕ ਮੋਟਰਸਾਈਕਲ ਉਤੇ ਸਵਾਰ 4 ਹਮਲਾਵਰਾਂ ਵੱਲੋਂ ਚਲਾਈ ਗੋਲੀ ਨਾਲ ਪਿੰਟਾ ਦੀ ਮੌਕੇ ਉਤੇ ਹੀ ਮੌਤ ਹੋ ਗਈ ਅਤੇ ਗੁਰਪ੍ਰੀਤ ਸਿੰਘ ਦੀ ਲੱਤ ਵਿਚ ਗੋਲੀ ਲੱਗੀ।

ਪੁਲਿਸ ਮੁਤਾਬਕ ਮ੍ਰਿਤਕ ਨੌਜਵਾਨ ਦਾ ਪਿਛੋਕੜ ਬੰਬੀਹਾ ਗਰੁੱਪ ਨਾਲ ਰਿਹਾ ਹੈ। ਉਸ ਖਿਲਾਫ ਥਾਣਾ ਬਾਘਾਪੁਰਾਣਾ, ਨਿਹਾਲ ਸਿੰਘ ਵਾਲਾ, ਸਿਟੀ ਫਰੀਦਕੋਟ, ਜੈਤੋ, ਬੱਧਨੀ ਕਲਾਂ ਥਾਣਿਆਂ ਵਿਚ ਕਤਲ ਤੇ ਹੋਰ ਸੰਗੀਨ ਜੁਰਮਾਂ ਸਮੇਤ 10 ਕੇਸ ਦਰਜ ਸਨ ਅਤੇ ਬਹੁਤੇ ਕੇਸਾਂ ਵਿਚੋਂ ਉਹ ਬਰੀ ਹੋ ਚੁੱਕਾ ਸੀ। ਹੁਣ ਉਹ ਆਮ ਜ਼ਿੰਦਗੀ ਬਤੀਤ ਕਰਦੇ ਹੋਏ ਪਿੰਡ ਵਿਚ ਸਮਾਜ ਸੇਵੀ ਦੇ ਤੌਰ ਉਤੇ ਵਿਚਰਦਾ ਸੀ। ਜਖਮੀ ਨੌਜਵਾਨ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਹਰਜੀਤ ਪਿੰਟਾਂ ਨੂੰ ਘਰ ਛੱਡਣ ਜਾ ਰਿਹਾ ਸੀ।

## ਅਮਰੀਕੀ ਸਫਾਰਤਖਾਨੇ ਦੇ ਅਧਿਕਾਰੀ ਦਰਬਾਰ ਸਾਹਿਬ ਨਤਮਸਤਕ

**ਅੰਮ੍ਰਿਤਸਰ:** ਅਮਰੀਕੀ ਸਫਾਰਤਖਾਨੇ ਦੇ ਉਤਰੀ ਭਾਰਤ ਦੇ ਡਾਇਰੈਕਟਰ ਮਾਈਕਲ ਰੋਸੈਨਥਲ ਅਤੇ ਡਿਪਲੋਮੈਸੀ ਅਧਿਕਾਰੀ ਕੈਥਰੀਨ ਫਿਸ਼ਰ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਘਰ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਨ੍ਹਾਂ ਅਮਰੀਕੀ ਅਧਿਕਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਸ਼੍ਰੋਮਣੀ ਕਮੇਟੀ ਵਲੋਂ ਸਨਮਾਨਿਤ ਵੀ ਕੀਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮਗਰੋਂ ਮਾਈਕਲ ਨੇ ਕਿਹਾ ਕਿ ਇਸ ਪਵਿੱਤਰ ਅਸਥਾਨ 'ਤੇ ਆ ਕੇ ਉਨ੍ਹਾਂ ਨੂੰ ਰੂਹਾਨੀ ਸਕੂਨ ਮਿਲਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਸਿਰੋਪਾਓ, ਸ੍ਰੀ ਹਰਿਮੰਦਰ ਸਾਹਿਬ ਦਾ ਮਾਡਲ ਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।

# ਪੰਚਾਇਤਾਂ ਨੂੰ ਗਰਾਂਟਾਂ ਦਾ ਪੈਸਾ ਵਿਆਜ ਸਣੇ ਮੋੜਨ ਦੀ ਹਦਾਇਤ

**ਚੰਡੀਗੜ੍ਹ:** ਪੰਜਾਬ ਵਿਚ ਸੱਤਾ ਤਬਦੀਲੀ ਤੋਂ ਬਾਅਦ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਸਾਬਕਾ ਸਰਕਾਰ ਵੱਲੋਂ ਦਿੱਤੀਆਂ ਗਰਾਂਟਾਂ ਵਿਚੋਂ ਅਣਵਰਤੇ ਪੈਸੇ ਨੂੰ ਵਿਆਜ ਸਮੇਤ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਉਣ ਦੀਆਂ ਸਖਤ ਹਦਾਇਤਾਂ ਦਿੱਤੀਆਂ ਗਈਆਂ ਹਨ। ਸੂਬੇ ਦੇ ਵਿੱਤ ਤੇ ਯੋਜਨਾਬੰਦੀ ਵਿਭਾਗ ਵੱਲੋਂ 30 ਮਾਰਚ ਨੂੰ ਹੀ ਪੱਤਰ ਜਾਰੀ ਕਰਦਿਆਂ ਸਾਰਾ ਅਣਵਰਤਿਆ ਪੈਸਾ ਜਮ੍ਹਾਂ ਕਰਾਉਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਸਰਕਾਰ ਦੇ ਇਸ ਫਰਮਾਨ ਤੋਂ ਬਾਅਦ ਪੰਚਾਇਤੀ ਸੰਸਥਾਵਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ। ਸੂਤਰਾਂ ਦਾ ਦੱਸਣਾ ਹੈ ਕਿ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਵੱਲੋਂ ਪੇਂਡੂ ਨੁਮਾਇੰਦਿਆਂ ਨੂੰ ਧਮਕਾਇਆ ਜਾ ਰਿਹਾ ਹੈ ਕਿ ਜੇਕਰ ਸਰਕਾਰੀ ਪੈਸੇ ਨੂੰ ਨਿਰਧਾਰਤ ਸਮੇਂ ਦੇ ਅੰਦਰ ਵਾਪਸ ਨਾ ਕੀਤਾ ਗਿਆ ਤਾਂ ਸਰਕਾਰ ਗਰਾਮ ਪੰਚਾਇਤਾਂ ਦੇ ਨੁਮਾਇੰਦਿਆਂ ਖਿਲਾਫ ਕਾਰਵਾਈ ਅਮਲ ਵਿਚ ਲਿਆ ਸਕਦੀ ਹੈ। ਸੂਤਰਾਂ ਦਾ ਦੱਸਣਾ ਹੈ ਕਿ ਕਾਂਗਰਸ ਸਰਕਾਰ ਦੇ ਸਮੇਂ



ਰਾਜ-ਭਾਗ ਦੇ ਅੰਤਿਮ ਛੇ ਮਹੀਨਿਆਂ ਦੌਰਾਨ 20 ਕਰੋੜ ਰੁਪਏ ਪ੍ਰਤੀ ਵਿਧਾਨ ਸਭਾ ਹਲਕਾ ਗਰਾਂਟ ਜਾਰੀ ਕਰਕੇ ਵਿਧਾਇਕਾਂ ਅਤੇ ਹਲਕਾ ਇੰਚਾਰਜਾਂ ਦੇ ਹਵਾਲੇ 2 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਪੰਚਾਇਤਾਂ ਰਾਹੀਂ ਖਰਚ ਕਰਨ ਦਾ ਬੰਦੋਬਸਤ ਕੀਤਾ ਗਿਆ ਸੀ। ਸੀਨੀਅਰ ਅਧਿਕਾਰੀਆਂ ਦਾ ਦੱਸਣਾ ਹੈ ਕਿ ਗਰਾਂਟਾਂ ਲਈ ਦਿੱਤੇ ਗਏ ਇਸ ਪੈਸੇ ਦਾ ਵੱਡਾ ਹਿੱਸਾ ਕਰਜ਼ੇ ਦੇ ਰੂਪ ਵਿਚ ਸਰਕਾਰ ਨੇ ਹਾਸਲ ਕੀਤਾ ਸੀ।

ਚੰਨੀ ਸਰਕਾਰ ਨੇ ਚੋਣ ਜ਼ਾਬਤਾ ਲੱਗਣ ਵਾਲੇ ਦਿਨ ਤੱਕ ਵੀ ਖੁੱਲ੍ਹੀਆਂ ਗਰਾਂਟਾਂ ਵੰਡੀਆਂ ਸਨ। ਵਿਭਾਗ ਨੂੰ ਜਾਣਕਾਰੀ ਮਿਲੀ ਸੀ ਕਿ ਪਿੰਡਾਂ ਦੀ ਪੰਚਾਇਤਾਂ ਕੋਲ ਗਰਾਂਟਾਂ ਦਾ ਵੱਡਾ ਹਿੱਸਾ ਅਣਵਰਤਿਆ ਪਿਆ ਹੈ। ਵਿਭਾਗ ਵੱਲੋਂ ਜਾਰੀ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਪਿੰਡਾਂ ਵਿਚ ਵਿਕਾਸ ਕਾਰਜਾਂ ਲਈ ਵਿੱਤੀ ਸਾਲ 2021-2002 ਦੌਰਾਨ 11 ਮੰਤਵਾਂ ਲਈ ਜਿਹੜੀਆਂ ਗਰਾਂਟਾਂ ਜਾਰੀ ਕੀਤੀਆਂ ਗਈਆਂ ਸਨ, ਉਨ੍ਹਾਂ ਵਿਚੋਂ ਜੋ ਖਜ਼ਾਨੇ ਵਿਚੋਂ ਨਹੀਂ ਕਢਵਾਈਆਂ ਗਈਆਂ, ਨੂੰ ਹੁਣ ਅੱਗੇ ਖਰਚ ਨਹੀਂ ਕੀਤਾ ਜਾਵੇਗਾ। ਇਨ੍ਹਾਂ 11 ਮੰਤਵਾਂ ਵਿਚ ਵਿਵੇਕੀ ਗਰਾਂਟਾਂ, ਪਸ਼ੂ ਮੇਲਿਆਂ ਲਈ ਗਰਾਂਟਾਂ, ਪਿੰਡਾਂ ਵਿਚ ਤਰਲ ਵੇਸਟ ਮੈਨੇਜਮੈਂਟ ਸਕੀਮ, ਪਿੰਡਾਂ ਵਿਚ ਵੇਸਟ ਮੈਨੇਜਮੈਂਟ ਸਕੀਮ, ਯਾਦਗਾਰੀ ਗੇਟਾਂ ਦੀ ਉਸਾਰੀ, ਪਿੰਡਾਂ ਵਿੱਚ ਇੱਕ ਹੀ ਸ਼ਮਸ਼ਾਨਘਾਟ ਦੀ ਉਸਾਰੀ ਲਈ ਗਰਾਂਟ, ਈਸਾਈ ਅਤੇ ਮੁਸਲਮਾਨ ਵਰਗ ਲਈ ਕਬਰਸਤਾਨ ਤੇ ਕਬਰਗਾਹਾਂ ਲਈ ਗਰਾਂਟ, ਸੋਲਰ ਲਾਈਟਾਂ ਲਾਉਣ ਲਈ ਗਰਾਂਟ, ਇਨਫਰਾਸਟਰਕਚਰ ਗੈਪ ਫਿਲਿੰਗ ਗਰਾਂਟ, 50 ਫੀਸਦੀ ਤੋਂ ਵੱਧ ਦਲਿਤ ਵਸੋਂ ਵਾਲੇ ਪਿੰਡਾਂ ਦੇ ਆਧੁਨਿਕੀਕਰਨ ਲਈ ਗਰਾਂਟ ਅਤੇ ਕਮਿਊਨਿਟੀ ਸੈਂਟਰਾਂ ਦੀ ਉਸਾਰੀ ਲਈ ਗਰਾਂਟ ਸ਼ਾਮਲ ਹੈ।

## ਸਾਫ-ਸੁਥਰਾ, ਪੱਖਪਾਤ ਰਹਿਤ ਪ੍ਰਸ਼ਾਸਨ ਦੇਵਾਂਗੇ: ਸੰਧਵਾਂ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਸਾਫ-ਸੁਥਰਾ, ਪੱਖਪਾਤ ਰਹਿਤ ਅਤੇ ਸਵੱਛ ਪ੍ਰਸ਼ਾਸਨ ਦੇਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਰਵਾਇਤੀ ਪਾਰਟੀਆਂ ਦੀ ਘਟੀਆ ਰਾਜਨੀਤੀ ਤੋਂ ਉਪਰ ਉਠ ਕੇ ਲੋਕ ਹਿੱਤ ਵਿਚ ਕੰਮ ਕਰੇਗੀ। ਵਿਧਾਨ ਸਭਾ ਦੇ ਸਪੀਕਰ ਨੇ ਸਾਰੀਆਂ ਵਿਰੋਧੀ ਪਾਰਟੀਆਂ ਅਤੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਨਵੇਂ ਅਤੇ ਨਰੋਏ ਪੰਜਾਬ ਦੀ ਸਿਰਜਣਾ ਵਿਚ ਆਪਣਾ ਬਣਦਾ ਯੋਗਦਾਨ ਪਾਉਣ।

## ਦਿੱਲੀ-ਬਠਿੰਡਾ ਹਵਾਈ ਸੇਵਾ ਮੁੜ ਸ਼ੁਰੂ ਕੀਤੀ ਜਾਵੇ: ਹਰਸਿਮਰਤ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਸੰਸਦ ਵਿਚ ਦਿੱਲੀ-ਬਠਿੰਡਾ ਹਵਾਈ ਸੇਵਾ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨਵੰਬਰ 2020 ਤੋਂ ਇਹ ਉਡਾਣਾਂ ਬੰਦ ਕਰਨ ਨਾਲ ਕੇਂਦਰੀ ਮੁਲਾਜ਼ਮਾਂ ਦੇ ਨਾਲ ਮਾਲਵਾ ਖਿੱਤੇ ਦੇ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ। ਪ੍ਰਸ਼ਨ ਕਾਲ ਦੌਰਾਨ ਉਨ੍ਹਾਂ ਕਿਹਾ ਕਿ ਦੇਸ਼ ਭਰ ਵਿਚ ਹੋਰ ਸਭ ਥਾਵਾਂ 'ਤੇ ਘਰੇਲੂ ਉਡਾਣਾਂ ਸ਼ੁਰੂ ਹੋਣ ਦੇ ਬਾਵਜੂਦ ਬਠਿੰਡਾ ਹਵਾਈ ਅੱਡੇ ਤੋਂ ਇਹ ਸੇਵਾਵਾਂ ਸ਼ੁਰੂ ਨਹੀਂ ਹੋ ਸਕੀਆਂ। ਉਨ੍ਹਾਂ ਦਿੱਲੀ- ਬਠਿੰਡਾ ਅਤੇ ਦਿੱਲੀ-ਬਠਿੰਡਾ- ਜੰਮੂ ਹਵਾਈ ਸੇਵਾ ਮੁੜ ਸ਼ੁਰੂ ਕਰਨ ਦੀ ਮੰਗ ਕੀਤੀ। ਉਨ੍ਹਾਂ ਇਹ ਉਡਾਣਾਂ ਹਫਤੇ ਵਿਚ ਪੰਜ ਵਾਰ ਸ਼ੁਰੂ ਕਰਨ ਦੀ ਵੀ ਮੰਗ ਕੀਤੀ।

# ਕੇਜਰੀਵਾਲ ਤੇ ਮਾਨ ਨੇ ਹੁਣ ਗੁਜਰਾਤੀਆਂ ਤੋਂ ਮੰਗਿਆ 'ਇਕ ਮੌਕਾ'

**ਅਹਿਮਦਾਬਾਦ:** ਆਮ ਆਦਮੀ ਪਾਰਟੀ (ਆਪ) ਨੂੰ ਪੰਜਾਬ ਅਸੈਂਬਲੀ ਚੋਣਾਂ ਵਿਚ ਮਿਲੀ ਸ਼ਾਨਦਾਰ ਜਿੱਤ ਤੇ ਦਸੰਬਰ ਮਹੀਨੇ ਹੋਣ ਵਾਲੀਆਂ ਗੁਜਰਾਤ ਚੋਣਾਂ ਤੋਂ ਪਹਿਲਾਂ ਪਾਰਟੀ ਆਗੂਆਂ ਅਰਵਿੰਦ ਕੇਜਰੀਵਾਲ ਤੇ ਭਗ

ਵੰਤ ਮਾਨ ਨੇ ਅਹਿਮਦਾਬਾਦ ਵਿਚ ਰੋਡ-ਸ਼ੋਅ ਕੱਢਿਆ। ਕੇਜਰੀਵਾਲ ਨੇ ਗੁਜਰਾਤ ਦੇ ਲੋਕਾਂ ਨੂੰ ਆਗਾਮੀ ਚੋਣਾਂ ਵਿਚ 'ਆਪ' ਨੂੰ 'ਇਕ ਮੌਕਾ' ਦੇਣ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਭਾਜਪਾ ਪਿਛਲੇ ਢਾਈ ਦਹਾਕਿਆਂ ਤੋਂ ਗੁਜਰਾਤ ਦੀ ਸੱਤਾ 'ਤੇ ਕਾਬਜ਼ ਹੋਣ ਕਰਕੇ 'ਹੰਕਾਰ' ਗਈ ਹੈ। ਭਗਵੰਤ ਮਾਨ ਨੇ ਕਿਹਾ ਕਿ ਦਿੱਲੀ ਤੇ ਪੰਜਾਬ ਮਗਰੋਂ 'ਆਪ' ਗੁਜਰਾਤ ਲਈ ਤਿਆਰ ਹੈ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਸਿਆਸਤ ਕਰਨੀ ਨਹੀਂ ਆਉਂਦੀ, ਪਰ ਉਹ ਭ੍ਰਿਸ਼ਟਾਚਾਰ ਨੂੰ ਖਤਮ ਕਰਨਾ ਬਖੂਬੀ ਜਾਣਦੇ ਹਨ। 'ਆਪ' ਆਗੂ ਨੇ ਕਿਹਾ, "ਅਸੀਂ ਦਿੱਲੀ ਵਿਚ ਭ੍ਰਿਸ਼ਟਾਚਾਰ ਖਤਮ ਕਰ ਚੁੱਕੇ ਹਾਂ ਤੇ



ਪੰਜਾਬ ਵਿਚ ਭਗਵੰਤ ਮਾਨ ਨੇ ਦਸ ਦਿਨਾਂ ਵਿਚ ਭ੍ਰਿਸ਼ਟਾਚਾਰ ਦਾ ਖਾਤਮਾ ਕਰ ਛੱਡਿਆ ਹੈ।" ਕੇਜਰੀਵਾਲ ਨੇ ਕਿਹਾ ਕਿ ਭਾਜਪਾ ਪਿਛਲੇ 25 ਸਾਲਾਂ ਤੋਂ ਗੁਜਰਾਤ ਦੀ ਸੱਤਾ 'ਤੇ ਕਾਬਜ਼ ਹੋਣ ਕਰਕੇ 'ਹੰਕਾਰ' ਗਈ ਹੈ, ਜਿਸ ਕਰਕੇ ਸੂਬੇ ਦੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ 'ਇਕ ਮੌਕਾ' ਦੇਣਾ ਚਾਹੀਦਾ ਹੈ। 'ਤਿਰੰਗਾ ਗੌਰਵ ਯਾਤਰਾ' ਵਿਚ ਕੇਜਰੀਵਾਲ ਤੇ ਮਾਨ ਤੋਂ ਇਲਾਵਾ ਗੁਜਰਾਤ 'ਆਪ' ਦੇ ਆਗੂ ਇਸੁਦਨ ਗਧਵੀ ਤੇ ਗੋਪਾਲ ਇਟਾਲੀਆ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ ਦੋਵਾਂ ਆਗੂਆਂ ਨੇ ਅਹਿਮਦਾਬਾਦ ਦੀ ਆਪਣੀ ਦੋ ਰੋਜ਼ਾ ਫੇਰੀ ਦਾ ਆਗਾਜ਼ ਸਾਬਰਮਤੀ ਆਸ਼ਰਮ ਤੋਂ ਕੀਤਾ। ਉਨ੍ਹਾਂ ਆਸ਼ਰਮ ਜਾ ਕੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦਿੱਤੀ। 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਤੇ ਪੰਜਾਬ ਦੇ ਉਨ੍ਹਾਂ ਹਮਰੁਤਬਾ ਭਗਵੰਤ ਮਾਨ ਆਸ਼ਰਮ ਦੇ ਅੰਦਰ 'ਹਰਿਦੇ ਕੁੰਜ' ਵੀ ਗਏ, ਜਿੱਥੇ ਮਹਾਤਮਾ ਗਾਂਧੀ ਰਹਿੰਦੇ ਸਨ। 'ਆਪ' ਆਗੂਆਂ ਦੀ ਇਸ ਫੇਰੀ ਨੂੰ ਗੁਜਰਾਤ ਵਿਚ ਆਗਾਮੀ ਚੋਣਾਂ ਦੇ ਮੱਦੇਨਜ਼ਰ ਪਾਰਟੀ ਲਈ ਜ਼ਮੀਨੀ ਤਿਆਰੀਆਂ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। 'ਆਪ' ਨੇ ਪਿਛਲੇ ਮਹੀਨੇ ਪੰਜਾਬ ਅਸੈਂਬਲੀ ਚੋਣਾਂ ਵਿਚ ਇਤਿਹਾਸਕ ਜਿੱਤ ਦਰਜ ਕਰਦਿਆਂ ਤਿੰਨ ਚੌਥਾਈ ਬਹੁਮਤ ਹਾਸਲ ਕੀਤਾ ਸੀ। ਗਾਂਧੀ ਆਸ਼ਰਮ ਦੀ ਫੇਰੀ ਦੌਰਾਨ ਦੋਵਾਂ ਆਗੂਆਂ ਨੇ 'ਚਰਖਾ' ਵੀ ਕੱਤਿਆ ਤੇ ਮਹਾਤਮਾ ਗਾਂਧੀ ਦੇ ਬੁੱਤੇ ਅੱਗੇ ਸ਼ਰਧਾਂਜਲੀ ਵੀ ਦਿੱਤੀ। ਮਗਰੋਂ ਉਨ੍ਹਾਂ ਗਾਈਡ ਨਾਲ ਮਿਊਜ਼ੀਅਮ ਦਾ ਟੂਰ ਵੀ ਕੱਢਿਆ।

ਮਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸ਼ਹੀਦਾਂ ਦੀ ਧਰਤੀ ਤੋਂ ਆਏ ਹਨ, ਜਿਥੇ ਹਰ ਪਿੰਡ ਦੇ ਲੋਕਾਂ ਨੇ ਆਜ਼ਾਦੀ ਦੀ ਲੜਾਈ ਲੜੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲਗਭਗ ਹਰ ਪਿੰਡ ਵਿਚ ਚਰਖਾ ਹੈ, ਜਿਸ ਨੂੰ ਔਰਤਾਂ ਰਵਾਇਤੀ ਲੋਕ ਗੀਤ ਗਾਉਂਦੀਆਂ ਕੱਤਦੀਆਂ ਹਨ। ਮਾਨ ਨੇ ਕਿਹਾ, "ਮੈਂ ਲਾਲਾ ਲਾਜਪਤ ਰਾਏ, ਮਦਨ ਲਾਲ ਢੀਂਗਰਾ, ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ ਜਿਹੇ ਸ਼ਹੀਦਾਂ ਦੀ ਧਰਤੀ ਤੋਂ ਆਇਆ ਹਾਂ।"

## ਖਾਲਿਸਤਾਨ ਦੇ ਪ੍ਰਚਾਰ ਦੇ ਦੋਸ਼ ਹੇਠ ਯੂ.ਕੇ. ਦੇ ਚੈਨਲ ਦਾ ਲਾਇਸੈਂਸ ਮੁਅੱਤਲ

**ਲੰਡਨ:** ਯੂਕੇ ਦੇ ਮੀਡੀਆ ਉਤੇ ਨਿਗਰਾਨੀ ਰੱਖਣ ਵਾਲੀ ਅਥਾਰਿਟੀ ਨੇ 'ਖਾਲਸਾ ਟੈਲੀਵਿਜ਼ਨ ਲਿਮਟਿਡ' ਦਾ ਲਾਇਸੈਂਸ ਮੁਅੱਤਲ ਕਰ ਦਿੱਤਾ ਹੈ। ਚੈਨਲ ਖਿਲਾਫ ਕੀਤੀ ਜਾ ਰਹੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ 'ਕੇਟੀਵੀ' ਖਾਲਿਸਤਾਨ ਦਾ ਪ੍ਰਚਾਰ ਕਰ ਰਿਹਾ ਸੀ ਤੇ ਇਸ ਨੇ ਪ੍ਰਸਾਰਨ ਨਿਯਮਾਂ ਦੀ ਉਲੰਘਣਾ ਕੀਤੀ ਹੈ।

'ਆਫਿਸ ਆਫ ਕਮਿਊਨੀਕੇਸ਼ਨਜ਼' (ਆਫਕਾਮ) ਨੇ ਇਸ ਬਾਰੇ ਫੈਸਲਾ ਇਸੇ ਹਫਤੇ ਲਿਆ ਸੀ। 'ਕੇਟੀਵੀ' ਉਤੇ ਪਿਛਲੇ ਸਾਲ 30 ਦਸੰਬਰ ਨੂੰ ਪ੍ਰਸਾਰਿਤ ਹੋਏ ਇਕ ਪ੍ਰੋਗਰਾਮ ਤੋਂ ਬਾਅਦ ਆਫਕਾਮ ਨੇ ਚੈਨਲ ਨੂੰ ਨੋਟਿਸ ਜਾਰੀ ਕੀਤਾ ਸੀ। ਨੋਟਿਸ ਵਿਚ ਚੈਨਲ 'ਤੇ ਪ੍ਰਸਾਰਨ ਜ਼ਾਬਤੇ ਦੀ ਉਲੰਘਣਾ ਦਾ ਇਲਜ਼ਾਮ ਲਾਇਆ ਗਿਆ ਸੀ। ਇਸ ਵਿਚ ਦਰਜ ਕੀਤਾ ਗਿਆ ਸੀ ਕਿ ਚੈਨਲ ਨੇ ਅਜਿਹਾ ਪ੍ਰੋਗਰਾਮ ਪ੍ਰਸਾਰਿਤ ਕੀਤਾ ਹੈ ਜਿਸ ਦਾ ਇਰਾਦਾ 'ਅਪਰਾਧ ਕਰਨ ਲਈ ਜਾਂ ਵਿਵਸਥਾ 'ਚ ਗੜਬੜ ਪੈਦਾ ਕਰਨ ਲਈ ਉਕਸਾਉਣਾ ਸੀ।' ਚੈਨਲ ਉਤੇ 30 ਦਸੰਬਰ ਨੂੰ 95 ਮਿੰਟ ਦਾ ਲਾਈਵ ਪ੍ਰੋਗਰਾਮ ਕੀਤਾ ਗਿਆ ਸੀ ਤੇ ਆਫਕਾਮ ਨੇ ਇਸ ਨੂੰ ਹਿੰਸਾ ਭੜਕਾਉਣ ਵਾਲਾ ਕਰਾਰ ਦਿੱਤਾ ਹੈ। ਪ੍ਰਸਾਰਨ ਰੈਗੂਲੇਟਰ ਆਫਕਾਮ ਨੇ ਕਿਹਾ ਕਿ ਪ੍ਰੋਗਰਾਮ ਦੇ ਪੇਸ਼ਕਾਰ ਨੇ ਪੂਰੇ ਪ੍ਰੋਗਰਾਮ ਵਿਚ ਇਸ ਤਰ੍ਹਾਂ ਦੀਆਂ ਕਈ ਟਿੱਪਣੀਆਂ ਕੀਤੀਆਂ ਜੋ ਕਿ ਖਾਲਿਸਤਾਨ ਦੇ ਮਕਸਦ ਲਈ ਹਿੰਸਾ, ਹੱਤਿਆ ਤੇ ਹੋਰ ਕਦਮਾਂ ਨੂੰ ਜਾਇਜ਼ ਠਹਿਰਾ ਰਹੀਆਂ ਸਨ। ਆਫਕਾਮ ਨੇ ਖਾਲਸਾ ਟੀਵੀ ਦੇ ਲਾਇਸੈਂਸ ਉਤੇ ਤੁਰਤ ਪ੍ਰਭਾਵ ਨਾਲ ਰੋਕ ਲਾ ਦਿੱਤੀ ਹੈ। ਚੈਨਲ ਕੋਲ ਹੁਣ ਅਪੀਲ ਲਈ 21 ਦਿਨ ਹਨ। ਇਸ ਤੋਂ ਬਾਅਦ ਆਫਕਾਮ ਲਾਇਸੈਂਸ ਬਹਾਲ ਕਰਨ ਜਾਂ ਨਾ ਕਰਨ ਬਾਰੇ ਫੈਸਲਾ ਲਏਗਾ। 'ਕੇਟੀਵੀ' ਯੂਕੇ ਵਿਚ ਜ਼ਿਆਦਾਤਰ ਸਿੱਖ ਭਾਈਚਾਰੇ ਲਈ ਪ੍ਰੋਗਰਾਮ ਪ੍ਰਸਾਰਿਤ ਕਰਦਾ ਹੈ। ਨੋਟਿਸ ਮਿਲਣ ਤੋਂ ਬਾਅਦ ਚੈਨਲ ਨੇ ਜਵਾਬ ਦਿੰਦਿਆਂ ਕਿਹਾ ਸੀ ਕਿ ਪ੍ਰਸਾਰਿਤ ਪ੍ਰੋਗਰਾਮ ਵਿਚ ਹਿੰਸਕ ਕਾਰਵਾਈ ਦਾ ਸੱਦਾ ਨਹੀਂ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਸੀ ਕਿ ਆਫਕਾਮ ਨੂੰ 'ਗਲਤਫਹਿਮੀ ਹੋਈ ਹੈ'।

## ਗੁਜਰਾਤ ਦੇ ਪੰਜਾਬੀ ਕਿਸਾਨਾਂ ਨੂੰ ਭਗਵੰਤ ਤੋਂ ਵੱਡੀਆਂ ਆਸਾਂ

**ਚੰਡੀਗੜ੍ਹ:** ਗੁਜਰਾਤ 'ਚ ਉਜਾੜੇ ਦਾ ਖੌਫ ਝੱਲ ਰਹੇ ਪੰਜਾਬੀ ਕਿਸਾਨਾਂ ਨੇ ਹੁਣ ਨਵੇਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਟੇਕ ਲਾਈ ਹੈ। ਗੁਜਰਾਤ ਵਿਚ 'ਆਪ' ਦੇ ਦੋ ਦਿਨਾਂ ਪ੍ਰੋਗਰਾਮਾਂ 'ਚ ਪੁੱਜੇ ਭਗਵੰਤ ਮਾਨ ਨੂੰ ਉਨ੍ਹਾਂ ਅਪੀਲ ਕੀਤੀ ਕਿ ਉਹ ਪੰਜਾਬੀ ਕਿਸਾਨਾਂ 'ਤੇ ਉਜਾੜੇ ਦੀ ਲਟਕ ਰਹੀ ਤਲਵਾਰ ਤੋਂ ਮੁਕਤੀ ਦਿਵਾਉਣ। ਬੇਸ਼ੱਕ ਇਨ੍ਹਾਂ ਪੰਜਾਬੀ ਕਿਸਾਨਾਂ ਦੀ ਮੁਲਾਕਾਤ ਭਗਵੰਤ



ਮਾਨ ਨਾਲ ਨਹੀਂ ਹੋ ਸਕੀ ਹੈ, ਪਰ ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ। 'ਆਪ' ਨੇ ਪੰਜਾਬ ਤੋਂ ਬਾਅਦ ਹੁਣ 'ਗੁਜਰਾਤ ਮਿਸ਼ਨ' ਦੀ ਸ਼ੁਰੂਆਤ ਕੀਤੀ ਹੈ।

ਭੁਜ ਖਿੱਤੇ ਦੇ ਪਿੰਡ ਨਰੋਣਾ ਦੇ ਕਿਸਾਨ ਬਿੱਕਰ ਸਿੰਘ ਨੇ ਕਿਹਾ ਕਿ ਦਹਾਕਿਆਂ ਤੋਂ ਬੈਠੇ ਕਿਸਾਨ ਹਾਲੇ ਵੀ ਗੁਜਰਾਤ ਵਿਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਖੁੱਸਣ ਦਾ ਡਰ ਸਤਾ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਬਾਂਹ ਫੜੇ ਅਤੇ ਗੁਜਰਾਤ ਸਰਕਾਰ ਤੋਂ ਉਨ੍ਹਾਂ ਦੀ ਮੰਗ ਪੂਰੀ ਕਰਾਵੇ। ਪਿੰਡ ਜੁਰਾ ਦੇ ਚਮਕੌਰ ਸਿੰਘ ਨੂੰ ਇਸ ਗੱਲ ਦਾ ਦੁੱਖ ਹੈ ਕਿ ਗੁਜਰਾਤ ਵਿਚ ਉਨ੍ਹਾਂ ਨੂੰ ਬਾਹਰਲੇ ਹੋਣ ਦਾ ਸੰਤਾਪ ਝੱਲਣਾ ਪੈ ਰਿਹਾ ਹੈ। ਵੇਰਵਿਆਂ ਅਨੁਸਾਰ ਗੁਜਰਾਤ ਵਿਚ ਕਰੀਬ ਪੰਜ ਹਜ਼ਾਰ ਪੰਜਾਬੀ ਕਿਸਾਨਾਂ ਦੇ ਪਰਿਵਾਰ ਹਨ ਜਿਨ੍ਹਾਂ ਨੂੰ ਕਾਫੀ ਲੰਮੇ ਅਰਸੇ ਤੋਂ ਜ਼ਮੀਨਾਂ ਬਚਾਉਣ ਦੀ ਲੜਾਈ ਲੜਨੀ ਪੈ ਰਹੀ ਹੈ। ਜ਼ਿਕਰਯੋਗ ਹੈ ਕਿ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ 1964 ਵਿਚ 'ਜੈ ਜਵਾਨ ਜੈ ਕਿਸਾਨ' ਦੇ ਨਾਅਰੇ ਤਹਿਤ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਭੁਜ ਖੇਤਰ ਵਿਚ ਜ਼ਮੀਨਾਂ ਅਲਾਟ ਕੀਤੀਆਂ ਸਨ। ਤਕਰੀਬਨ 20 ਹਜ਼ਾਰ ਏਕੜ ਜ਼ਮੀਨ ਪੰਜਾਬੀ ਕਿਸਾਨਾਂ ਕੋਲ ਹੈ। ਗੁਜਰਾਤ ਸਰਕਾਰ ਨੇ ਪੰਜਾਬੀ ਕਿਸਾਨਾਂ ਦੀ ਜ਼ਮੀਨ ਦੀ ਮਾਲਕੀ 'ਤੇ ਮਾਲ ਵਿਭਾਗ ਦੇ ਰਿਕਾਰਡ ਵਿਚ ਰੈੱਡ ਐਂਟਰੀ ਪਾ ਦਿੱਤੀ ਹੈ। ਉਸ ਮਗਰੋਂ ਕਿਸਾਨਾਂ ਨੇ ਹਾਈ ਕੋਰਟ ਵਿਚ ਕੇਸ ਦਾਇਰ ਕਰ ਦਿੱਤਾ ਸੀ ਜਿਥੋਂ ਉਨ੍ਹਾਂ ਨੂੰ ਰਾਹਤ ਮਿਲ ਗਈ ਸੀ। ਗੁਜਰਾਤ ਸਰਕਾਰ ਨੇ ਕਿਸਾਨਾਂ ਦੇ ਹੱਕ ਵਿਚ ਆਏ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਸੀ। ਗੁਜਰਾਤ ਦੇ ਭੂ-ਮਾਫੀਏ ਵੱਲੋਂ ਕਈ ਦਫਾ ਪੰਜਾਬੀ ਕਿਸਾਨਾਂ 'ਤੇ ਹਮਲੇ ਕੀਤੇ ਜਾ ਚੁੱਕੇ ਹਨ। ਚੇਤੇ ਰਹੇ ਕਿ ਨਰਿੰਦਰ ਮੋਦੀ ਨੇ 23 ਫਰਵਰੀ, 2014 ਨੂੰ ਜਗਰਾਓਂ ਵਿਖੇ 'ਫਤਿਹ ਰੈਲੀ' ਦੌਰਾਨ ਇਹ ਵਾਅਦਾ ਕੀਤਾ ਸੀ ਕਿ ਕਿਸੇ ਵੀ ਸਿੱਖ ਕਿਸਾਨ ਨੂੰ ਗੁਜਰਾਤ 'ਚੋਂ ਉੱਜੜਨ ਨਹੀਂ ਦਿੱਤਾ ਜਾਵੇਗਾ। ਮਾਰਚ 2019 ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਚੇਚੇ ਤੌਰ 'ਤੇ ਗੁਜਰਾਤ ਪੁੱਜੇ ਸਨ ਜਿਥੇ ਉਨ੍ਹਾਂ ਸਟੇਜ ਤੋਂ ਨਰਿੰਦਰ ਮੋਦੀ ਨੂੰ ਅਸ਼ੀਰਵਾਦ ਦਿੱਤਾ ਸੀ। ਉਦੋਂ ਇਹ ਪੰਜਾਬੀ ਕਿਸਾਨ ਨਾਰਾਜ਼ ਹੋ ਗਏ ਸਨ ਕਿਉਂਕਿ ਬਾਦਲ ਨੇ ਪੰਜਾਬੀ ਕਿਸਾਨਾਂ ਦਾ ਮਾਮਲਾ ਨਹੀਂ ਉਠਾਇਆ ਸੀ। ਗੁਜਰਾਤ ਦੇ ਕਠੋਰਾ ਇਲਾਕੇ ਵਿਚ ਕਰੀਬ ਤਿੰਨ ਹਜ਼ਾਰ ਪੰਜਾਬੀ ਕਿਸਾਨ ਪਰਿਵਾਰ ਹਨ।

## ਬਾਦਲਾਂ ਨੂੰ ਸ਼੍ਰੋਮਣੀ ਕਮੇਟੀ ਤੋਂ ਲਾਂਭੇ ਕਰਨ ਲਈ ਪੰਥਕ ਧਿਰਾਂ ਨੂੰ ਏਕੇ ਦਾ ਸੱਦਾ

**ਧੂਰੀ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜ਼ਮੀਨਾਂ ਬਾਦਲਾਂ ਨੇ ਆਪਣੇ ਚਹੇਤਿਆਂ ਨੂੰ ਦੇ ਕੇ ਗੁਰੂ ਘਰਾਂ ਦਾ ਨੁਕਸਾਨ ਕੀਤਾ ਹੈ। ਇਨ੍ਹਾਂ ਜ਼ਮੀਨਾਂ ਦੀ ਨਿਲਾਮੀ ਸਰਕਾਰੀ ਭਾਅ 'ਤੇ ਲੋਕਾਂ ਦੇ ਸਾਹਮਣੇ ਹੋਣੀ ਚਾਹੀਦੀ ਹੈ।

ਉਨ੍ਹਾਂ ਸ਼੍ਰੋਮਣੀ ਕਮੇਟੀ ਤਰਫੋਂ ਸਿਰੋਪਿਆਂ ਉੱਪਰ 18 ਕਰੋੜ ਰੁਪਏ ਖਰਚ ਕਰਨ ਦੇ ਸੋਸ਼ਲ ਮੀਡੀਆ 'ਤੇ ਚੱਲ ਰਹੇ ਪ੍ਰਚਾਰ 'ਤੇ ਸੁਆਲ ਖੜ੍ਹੇ ਕਰਦਿਆਂ ਇਸ ਮਾਮਲੇ ਦੀ ਜਾਂਚ ਦੀ ਮੰਗ ਕੀਤੀ



ਹੈ। ਉਨ੍ਹਾਂ ਪੰਜਾਬ ਦੇ ਗੁਰੂ ਘਰਾਂ ਨੂੰ ਬਾਦਲਾਂ ਤੋਂ ਮੁਕਤ ਕਰਵਾਉਣ ਲਈ ਸਾਰੀਆਂ ਪੰਥਕ ਧਿਰਾਂ ਨੂੰ ਇਕ ਮੰਚ 'ਤੇ ਇਕੱਠੇ ਹੋਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ 'ਆਪ' ਵੱਲੋਂ ਰਾਜ ਸਭਾ ਵਿਚ ਭੇਜੇ ਪੰਜ ਮੈਂਬਰ ਆਮ ਨਹੀਂ, ਖਾਸ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬੁੱਧੀਜੀਵੀਆਂ ਦੀ ਘਾਟ ਨਹੀਂ ਹੈ, ਗੈਰ ਪੰਜਾਬੀਆਂ ਨੂੰ ਰਾਜ ਸਭਾ ਮੈਂਬਰ ਬਣਾਉਣ ਤੋਂ ਸਾਫ ਹੋ ਗਿਆ ਹੈ ਕਿ ਪੰਜਾਬ ਸਰਕਾਰ ਦੀ ਦਿੱਲੀ ਤੋਂ ਚੱਲਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ, ਪੰਜਾਬ ਦੇ ਪਾਣੀਆਂ, ਕੇਂਦਰੀ ਪੂਲ ਵਿਚੋਂ ਪੰਜਾਬ ਲਈ ਬਿਜਲੀ ਦੀ ਕਟੌਤੀ ਕਰਨ ਤੇ ਹੋਰ ਮਾਮਲਿਆਂ ਵਿਚ ਕੇਂਦਰ ਸਰਕਾਰ ਦੀ ਬੇਲੋੜੀ ਦਖਲਅੰਦਾਜ਼ੀ ਪੰਜਾਬ ਤੋਂ ਇਲਾਵਾ ਦੇਸ ਦੀਆਂ ਘੱਟ ਗਿਣਤੀ ਕੌਮਾਂ ਲਈ ਖਤਰਾ ਬਣਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕੇਂਦਰ ਵੱਲੋਂ ਲਏ ਜਾ ਰਹੇ ਪੰਜਾਬ ਵਿਰੋਧੀ ਫੈਸਲਿਆਂ ਦਾ ਸੂਬੇ ਦੇ ਰਾਜ ਸਭਾ ਅਤੇ ਲੋਕ ਸਭਾ ਮੈਂਬਰਾਂ ਨੂੰ ਸਖਤ ਵਿਰੋਧ ਕਰਨਾ ਚਾਹੀਦਾ ਹੈ।

### ਬਾਦਲ ਤੋਂ ਐਵਾਰਡ ਵਾਪਸ ਲਿਆ ਜਾਵੇ: ਦਾਦੂਵਾਲ

**ਅੰਮ੍ਰਿਤਸਰ:** ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਹੋਈ ਨਮੋਸ਼ੀਜਨਕ ਹਾਰ ਤੋਂ ਬਾਅਦ ਹਰਿਆਣਾ ਵਿਚ ਬਣੀ ਐਡਹਾਕ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤਾ ਹੋਇਆ 'ਫਖ਼ਰ-ਏ-ਕੌਮ' ਐਵਾਰਡ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿਚ ਸਿੱਖ ਕੌਮ ਅਤੇ ਪੰਥ ਨੇ ਬਾਦਲਾਂ ਨੂੰ ਨਕਾਰ ਦਿੱਤਾ ਹੈ ਤੇ ਨਕਾਰਿਆ ਹੋਇਆ ਵਿਅਕਤੀ ਕੌਮ ਦਾ ਫਖਰ ਨਹੀਂ ਹੋ ਸਕਦਾ।

### ਸ਼੍ਰੋਮਣੀ ਕਮੇਟੀ ਵੱਲੋਂ ਕੈਨੇਡਾ ਦੇ ਚੈਨਲ ਖਿਲਾਫ ਸ਼ਿਕਾਇਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਕੈਨੇਡਾ ਦੇ ਇਕ ਟੀਵੀ ਚੈਨਲ ਦੇ ਮਾਲਕ, ਉਸ ਦੇ ਪੱਤਰਕਾਰ ਅਤੇ ਪੰਜਾਬ ਦੇ ਉਥੋਂ ਪੱਤਰਕਾਰ ਸਣੇ ਚੈਨਲ ਦੇ ਕੈਮਰਾਮੈਨ ਤੇ ਹੋਰਨਾਂ ਖਿਲਾਫ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ। ਇਸ ਵਿਚ ਦੋਸ਼ ਲਾਇਆ ਗਿਆ ਹੈ ਕਿ ਇਸ ਟੀਵੀ ਚੈਨਲ ਨੇ ਦਰਬਾਰ ਸਾਹਿਬ ਦੇ ਪ੍ਰਬੰਧਾਂ ਨੂੰ ਬਦਨਾਮ ਕਰਨ ਲਈ ਗਲਤ ਪ੍ਰਚਾਰ ਕੀਤਾ ਹੈ, ਜਿਸ ਨਾਲ ਸਿੱਖ ਸੰਸਥਾ ਦੇ ਅਕਸ ਨੂੰ ਢਾਹ ਲੱਗੀ ਹੈ। ਇਹ ਸ਼ਿਕਾਇਤ ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਵੱਲੋਂ ਕੀਤੀ ਗਈ ਹੈ। ਸ਼ਿਕਾਇਤ ਪੱਤਰ ਡੀ.ਸੀ.ਪੀ. ਪਰਮਿੰਦਰ ਸਿੰਘ ਭੰਡਾਲ ਨੂੰ ਸੌਂਪਿਆ ਗਿਆ ਹੈ। ਸ਼ਿਕਾਇਤ ਪੱਤਰ ਦੇਣ ਵਾਲਿਆਂ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸਕੱਤਰ ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਪ੍ਰਤਾਪ ਸਿੰਘ, ਬਿਜੈ ਸਿੰਘ, ਮੀਤ ਸਕੱਤਰ ਕੁਲਵਿੰਦਰ ਸਿੰਘ ਰਮਦਾਸ ਤੇ ਹੋਰ ਅਧਿਕਾਰੀ ਮੌਜੂਦ ਸਨ।

## ਦਰਬਾਰ ਸਾਹਿਬ ਦੇ ਸੇਵਾਦਾਰਾਂ ਨੂੰ ਮਿਲੇ ਵਾਕੀ-ਟਾਕੀ ਸੈੱਟ

**ਅੰਮ੍ਰਿਤਸਰ:** ਸ੍ਰੀ ਦਰਬਾਰ ਸਾਹਿਬ ਵਿਚ ਸੁਰੱਖਿਆ ਪ੍ਰਬੰਧਾਂ ਦੇ ਮੱਦੇਨਜ਼ਰ ਪ੍ਰਬੰਧਕਾਂ ਨੇ ਹੁਣ ਗੁਰੂ ਘਰ ਦੇ ਸਾਰੇ ਦਾਖਲਾ ਰਸਤਿਆਂ 'ਤੇ ਤਾਇਨਾਤ ਮੁਲਾਜ਼ਮਾਂ ਨੂੰ ਵਾਕੀ ਟਾਕੀ ਨਾਲ ਲੈਸ ਕਰ ਦਿੱਤਾ ਹੈ। ਮੁਲਾਜ਼ਮ ਹਰ ਵੇਲੇ ਸੀ.ਸੀ.ਟੀ.ਵੀ. ਕੰਟਰੋਲ ਰੂਮ ਤੇ ਪ੍ਰਬੰਧਕਾਂ ਨਾਲ ਸਿੱਧੇ ਜੁੜੇ ਰਹਿਣਗੇ। ਦਰਬਾਰ ਸਾਹਿਬ ਦੇ ਮੈਨੇਜਰ ਸੁਲੱਖਣ ਸਿੰਘ ਭੰਗਾਲੀ ਨੇ ਦੱਸਿਆ ਕਿ ਫਿਲਹਾਲ ਲਗਭਗ ਇਕ ਦਰਜਨ ਵਾਕੀ ਟਾਕੀ ਸੈੱਟ ਮੁਲਾਜ਼ਮਾਂ ਨੂੰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਸ੍ਰੀ ਦਰਬਾਰ ਸਾਹਿਬ ਦੇ ਪ੍ਰਵੇਸ਼ ਦੁਆਰ 'ਤੇ ਪਰਿਕਰਮਾ ਅਤੇ ਸੱਚਖੰਡ ਵਿਚ ਤਾਇਨਾਤ ਮੁਲਾਜ਼ਮਾਂ ਨੂੰ ਵਾਕੀ ਟਾਕੀ ਸੈੱਟ ਦਿੱਤੇ ਗਏ ਹਨ। ਮੈਨੇਜਰ ਨੇ ਕਿਹਾ ਕਿ ਇਸ ਦਾ ਮੁੱਖ ਮੰਤਵ ਦਰਬਾਰ ਸਾਹਿਬ ਦੀ



ਮੁੱਖ ਇਮਾਰਤ, ਪਰਿਕਰਮਾ ਅਤੇ ਪ੍ਰਵੇਸ਼ ਦੁਆਰ 'ਤੇ ਤਾਇਨਾਤ ਮੁਲਾਜ਼ਮਾਂ ਵਿਚ ਆਪਸੀ ਤਾਲਮੇਲ ਰੱਖਣਾ ਹੈ। ਇਸ ਨਾਲ ਮੁਲਾਜ਼ਮਾਂ ਨੂੰ ਕਿਸੇ ਘਟਨਾ ਦੀ ਸੂਚਨਾ ਮਿਲ ਸਕੇਗੀ ਅਤੇ ਤੁਰਤ ਕਾਰਵਾਈ ਵੀ ਹੋ ਸਕੇਗੀ। ਉਨ੍ਹਾਂ ਦੱਸਿਆ ਕਿ ਸੀ.ਸੀ.ਟੀ.ਵੀ. ਕੈਮਰਿਆਂ ਦਾ ਇਕ ਕੰਟਰੋਲ ਰੂਮ ਵੀ ਬਣਾਇਆ ਗਿਆ ਹੈ, ਜੋ ਵਾਕੀ ਟਾਕੀ ਸੈੱਟ ਵਾਲੇ ਮੁਲਾਜ਼ਮਾਂ ਨਾਲ ਹਰ ਵੇਲੇ ਸੰਪਰਕ ਵਿਚ ਰਹੇਗਾ। ਸੀ.ਸੀ.ਟੀ.ਵੀ. ਕੈਮਰਿਆਂ ਰਾਹੀਂ ਕੀਤੀ ਜਾ ਰਹੀ ਨਿਗਰਾਨੀ ਤਹਿਤ ਜੇਕਰ ਕੋਈ ਘਟਨਾ ਸਾਹਮਣੇ ਆਉਂਦੀ ਹੈ ਤਾਂ ਕੰਟਰੋਲ ਰੂਮ ਰਾਹੀਂ ਮੁਲਾਜ਼ਮਾਂ ਨੂੰ ਤੁਰਤ ਚੌਕਸ ਕੀਤਾ ਜਾ ਸਕੇਗਾ। ਉਨ੍ਹਾਂ ਦੱਸਿਆ ਕਿ ਦਰਬਾਰ ਸਾਹਿਬ ਸਮੂਹ ਵਿਚ ਲਗਭਗ 16 ਬੋਰਡ ਲਾਏ ਗਏ ਹਨ, ਜਿਨ੍ਹਾਂ 'ਤੇ ਤੰਬਾਕੂ ਆਦਿ ਦੀ ਵਰਤੋਂ ਉਤੇ ਰੋਕ ਸਣੇ ਹੋਰ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਕੈਂਪਸ ਵਿਚ ਸੂਚਨਾ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਲਗਾਤਾਰ ਬੋਲ ਕੇ ਸ਼ਰਧਾਲੂਆਂ ਨੂੰ ਦੱਸਿਆ ਜਾ ਰਿਹਾ ਹੈ।

### ਜ਼ਮੀਨੀ ਵਿਵਾਦ ਕਾਰਨ ਗੋਲੀਬਾਰੀ 'ਚ ਸਰਪੰਚ ਦੇ ਪਤੀ ਸਣੇ ਚਾਰ ਮੌਤਾਂ



**ਕਾਹਨੂੰਵਾਨ:** ਥਾਣਾ ਭੈਣੀ ਮੀਆਂ ਖਾਂ ਅਧੀਨ ਪੈਂਦੇ ਪਿੰਡ ਫੁੱਲੜਾਂ ਵਿਚ ਜ਼ਮੀਨੀ ਵਿਵਾਦ ਨੂੰ ਲੈ ਕੇ ਦੋ ਧਿਰਾਂ ਵਿਚ ਖੂਨੀ ਟੱਕਰ ਹੋ ਗਈ ਹੈ। ਇਸ ਟੱਕਰ ਦੌਰਾਨ ਦੋਵਾਂ ਧਿਰਾਂ ਵੱਲੋਂ ਚਲਾਈ ਗੋਲੀਆਂ 'ਚ 4 ਵਿਅਕਤੀਆਂ ਦੀ ਮੌਤ ਹੋ ਗਈ ਤੇ ਇਕ ਗੰਭੀਰ ਜ਼ਖਮੀ ਹੋ ਗਿਆ। ਇਸ ਘਟਨਾ ਵਿਚ ਕਾਂਗਰਸੀ ਸਰਪੰਚ ਦੇ ਪਤੀ ਸਮੇਤ 4 ਹੋਰਾਂ ਦੀ ਮੌਤ ਹੋ ਗਈ। ਇਕ ਧਿਰ ਦੇ ਮ੍ਰਿਤਕਾਂ ਦੀ ਪਛਾਣ ਨਿਸ਼ਾਨ ਸਿੰਘ ਪੁੱਤਰ ਹੰਸਾ ਸਿੰਘ, ਸੁਖਰਾਜ ਸਿੰਘ ਪੁੱਤਰ ਚੰਨਣ ਸਿੰਘ ਤੇ ਜੈਮਲ ਸਿੰਘ ਤੇਜਾ ਸਿੰਘ ਵਾਸੀ ਪਿੰਡ ਫੁਲੜਾ ਵਜੋਂ ਅਤੇ ਦੂਜੀ ਧਿਰ ਦੇ ਮਨਿੰਦਰ ਸਿੰਘ ਪੁੱਤਰ ਦੀਦਾਰ ਸਿੰਘ ਪਿੰਡ ਖੈਰਾਬਾਦ ਥਾਣਾ ਦਸੂਹਾ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਪਿੰਡ ਫੁੱਲੜੇ ਦੇ ਕਾਂਗਰਸੀ ਆਗੂ ਸੁਖਰਾਜ ਸਿੰਘ ਅਤੇ ਉਸ ਦੇ ਸਾਥੀ ਦਰਿਆ ਬਿਆਸ ਨਾਲ ਲੱਗਦੀ 100 ਏਕੜ ਵਿਵਾਦਤ ਜ਼ਮੀਨ ਉੱਪਰ ਗਏ ਸਨ ਜਿਥੇ ਉਨ੍ਹਾਂ ਦਾ ਵਿਰੋਧੀ ਧਿਰ ਨਾਲ ਟਕਰਾ ਹੋ ਗਿਆ।

# ਪੰਜਾਬ ਨੂੰ ਚੰਡੀਗੜ੍ਹ ਦਿਵਾਉਣ ਲਈ ਸਾਂਝੀ ਲੜਾਈ ਲੜਨ ਦਾ ਐਲਾਨ

## ਵਿਧਾਨ ਸਭਾ ਵਿਚ ਵੀ ਇਕਜੁਟ ਨਜ਼ਰ ਆਈਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਨੇ ਚੰਡੀਗੜ੍ਹ ਸਮੇਤ ਸੂਬੇ ਦੇ ਹੋਰਨਾਂ ਬੁਨਿਆਦੀ ਮਸਲਿਆਂ 'ਤੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਸਾਂਝੀ ਲੜਾਈ ਲੜਨ ਦਾ ਐਲਾਨ ਕੀਤਾ ਹੈ।

ਵਿਧਾਨ ਸਭਾ ਦੇ ਇਕ ਰੋਜ਼ਾ ਵਿਸ਼ੇਸ਼ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਚੰਡੀਗੜ੍ਹ ਦੇ ਮੁਲਾਜ਼ਮਾਂ 'ਤੇ ਕੇਂਦਰੀ ਸੇਵਾ ਨਿਯਮ ਲਾਗੂ ਕਰਨ ਦੇ ਫੈਸਲੇ ਖਿਲਾਫ ਲਿਆਂਦੇ ਮਤੇ 'ਤੇ ਭਾਜਪਾ ਨੂੰ ਛੱਡ ਕੇ ਬਾਕੀ ਸਾਰੀਆਂ ਸਿਆਸੀ ਧਿਰਾਂ ਨੇ ਸਰਬਸੰਮਤੀ ਦਿਖਾਈ। ਵਿਧਾਨ ਸਭਾ ਵਿਚ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦੀ ਗਾਰੰਟੀ ਦਿੰਦੇ ਹਨ ਕਿ ਉਹ ਪੰਜਾਬ ਦੇ ਹੱਕਾਂ ਤੋਂ ਪਾਸਾ ਨਹੀਂ ਵੱਟਣਗੇ ਤੇ ਨਾ ਹੀ ਦੋਗਲੀ ਨੀਤੀ ਨਹੀਂ ਅਪਣਾਉਣਗੇ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ਼ ਦੇ ਜਮਹੂਰੀ ਢਾਂਚੇ ਨੂੰ ਬਚਾਉਣ ਲਈ ਸਾਂਝੀ ਲੜਾਈ ਦੀ ਲੋੜ ਹੈ। ਇਸ ਲਈ ਸਿਆਸੀ ਧਿਰਾਂ ਗਿਲੇ ਸ਼ਿਕਵੇ ਭੁਲਾ ਕੇ ਪੰਜਾਬ ਦੇ ਹਿੱਤਾਂ ਲਈ ਇਕ ਮੰਚ 'ਤੇ ਇਕੱਠੀਆਂ ਹੋਣ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ, ਦਿੱਲੀ, ਪੱਛਮੀ ਬੰਗਾਲ ਵਰਗੇ ਰਾਜਾਂ ਵਿਚ ਬਦਲਾਖੋਰੀ ਦੀ ਰਾਜਨੀਤੀ ਤਹਿਤ ਕੰਮ ਕਰਕੇ ਰਾਜ ਸਰਕਾਰਾਂ ਨੂੰ ਕਮਜ਼ੋਰ ਕਰ ਰਹੀ ਹੈ। ਮੁੱਖ ਮੰਤਰੀ ਨੇ ਕੇਂਦਰ 'ਤੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਲਈ ਸੰਘੀ ਢਾਂਚੇ ਨਾਲ ਛੇੜਛਾੜ ਕਰਕੇ ਸੂਬਿਆਂ ਦੀਆਂ ਸ਼ਕਤੀਆਂ ਖੋਹ ਕੇ ਦੇਸ਼ ਨੂੰ ਕਮਜ਼ੋਰ ਕਰਨ ਦੇ ਦੋਸ਼ ਵੀ ਲਾਏ। ਸੂਬੇ ਵਿਚ ਨਸ਼ਿਆਂ ਦੇ ਮੁੱਦੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਪੰਜਾਬ ਅਜੇ ਵੀ ਨਸ਼ਿਆਂ ਦੀ ਅਲਾਮਤ ਨਾਲ ਜੂਝ ਰਿਹਾ ਹੈ। ਉਨ੍ਹਾਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਪ੍ਰਤੀ ਵਚਨਬੱਧਤਾ ਵੀ ਦੁਹਰਾਈ।

ਕਾਂਗਰਸ ਵਿਧਾਇਕ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਜੰਮੂ ਕਸ਼ਮੀਰ ਅਤੇ ਪੰਜਾਬ ਜਿਨ੍ਹਾਂ ਦੋ ਸੂਬਿਆਂ ਵਿਚ ਘੱਟ ਗਿਣਤੀ ਫਿਰਕਿਆਂ ਦਾ ਦਬਦਬਾ ਹੈ, ਉਨ੍ਹਾਂ ਸੂਬਿਆਂ ਨੂੰ ਮੋਦੀ ਸਰਕਾਰ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਪਹਿਲਾਂ ਬੀ.ਬੀ.ਐਮ.ਬੀ. ਵਿਚ ਪੰਜਾਬ ਦੀ ਨੁਮਾਇੰਦਗੀ ਦਾ ਭੋਗ ਪਾਇਆ ਤੇ ਹੁਣ ਚੰਡੀਗੜ੍ਹ ਵਿਚ ਕੇਂਦਰੀ ਨਿਯਮ ਲਾਗੂ ਕਰਕੇ ਪੰਜਾਬ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮੁੱਦੇ 'ਤੇ ਵੀ ਪੰਜਾਬ ਨਾਲ ਧੱਕਾ ਕਰਨ ਦੇ ਰੌਂਅ ਵਿੱਚ ਦਿਖਾਈ ਦੇ ਰਹੀ ਹੈ।

ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਸਮੁੱਚੀਆਂ ਪਾਰਟੀਆਂ ਦੇ ਨੁਮਾਇੰਦਿਆਂ ਦੀ ਅਗਵਾਈ ਹੇਠ ਇੱਕ ਵਫ਼ਦ ਤੁਰੰਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕਰਕੇ ਕੇਂਦਰ ਨੂੰ ਪੰਜਾਬ ਵਿਰੋਧੀ ਫੈਸਲੇ ਲੈਣ ਤੋਂ ਰੋਕੇ। ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਗੈਰ ਜਮਹੂਰੀ ਤੇ ਤਾਨਾਸ਼ਾਹੀ ਹੈ ਜਿਸ ਖਿਲਾਫ਼ ਸਾਰੀਆਂ ਧਿਰਾਂ ਨੂੰ ਖੜ੍ਹੇ ਹੋਣ ਦੀ ਜ਼ਰੂਰਤ ਹੈ। ਪਰਗਟ ਸਿੰਘ ਨੇ ਇਸ ਮਤੇ ਨੂੰ ਕਿਸੇ ਸਿੱਟੇ ਤੱਕ ਪਹੁੰਚਾਉਣ ਦੀ ਗੱਲ ਕਹੀ।




### ਪੰਜਾਬ ਨਾਲ ਬੇਰੁਖੀ ਵਾਲਾ ਵਤੀਰਾ ਬੰਦ ਕਰੇ ਕੇਂਦਰ: ਚੰਦੂਮਾਜਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਪ੍ਰੇਮ ਸਿੰਘ ਚੰਦੂਮਾਜਰਾ ਨੇ ਕੇਂਦਰ ਸਰਕਾਰ ਵੱਲੋਂ 'ਅਣਐਲੋਕੇਟਿਡ ਪੂਲ' ਵਿਚੋਂ ਪੰਜਾਬ ਨੂੰ ਮਿਲਣ ਵਾਲੀ ਬਿਜਲੀ ਹਰਿਆਣਾ ਨੂੰ ਦੇਣਾ ਕੇਂਦਰ ਸਰਕਾਰ ਵੱਲੋਂ ਧੱਕੇਸ਼ਾਹੀ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਦੇ ਥਰਮਲਾਂ ਵਿਚ ਕੋਲੇ ਦੀ ਵੱਡੀ ਕਿੱਲਤ ਕਾਰਨ ਸੂਬੇ ਅੰਦਰ ਬਿਜਲੀ ਸੰਕਟ ਬਣਦਾ ਨਜ਼ਰ ਆ ਰਿਹਾ ਹੈ, ਪਰ ਅਜਿਹੇ ਸਮੇਂ ਕੇਂਦਰ ਵੱਲੋਂ ਹੱਥ ਪਿਛਾਂਹ ਖਿੱਚਣਾ ਹੋਰ ਵੀ ਮੰਦਭਾਗਾ ਵਤੀਰਾ ਹੈ।

### ਪੰਜਾਬ ਸਰਕਾਰ ਵੱਲੋਂ ਪੇਸ਼ ਮਤਾ ਅਰਥਹੀਣ: ਖੱਟਰ

**ਗੁਰੂਗ੍ਰਾਮ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ 'ਤੇ ਦਾਅਵੇਦਾਰੀ ਲਈ ਪੰਜਾਬ ਅਸੈਂਬਲੀ ਵਿਚ ਪੇਸ਼ ਮਤੇ ਨੂੰ ਅਰਥਹੀਣ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਤੇ ਹਰਿਆਣਾ ਦਾ ਹੱਕ ਹਮੇਸ਼ਾ ਰਹੇਗਾ। ਖੱਟਰ ਨੇ ਕਿਹਾ ਕਿ ਚੰਡੀਗੜ੍ਹ ਵਿਚ ਕੇਂਦਰੀ ਸੇਵਾ ਨੇਮ ਲਾਗੂ ਕਰਨ ਦੇ ਕੇਂਦਰ ਸਰਕਾਰ ਦੇ ਫੈਸਲੇ ਨਾਲ ਚੰਡੀਗੜ੍ਹ ਦੇ ਮੁਲਾਜ਼ਮਾਂ ਨੂੰ ਹੀ ਲਾਭ ਮਿਲੇਗਾ।

### ਸੰਘਰਸ਼ ਤੋਂ ਬਗੈਰ ਮਸਲਾ ਹੱਲ ਨਹੀਂ ਹੋਣਾ: ਰਾਜੇਵਾਲ

**ਸਮਰਾਲਾ:** ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਸਿਰਫ ਵਿਧਾਨ ਸਭਾ ਵਿਚ ਮਤਾ ਪਾਸ ਕਰਕੇ ਚੰਡੀਗੜ੍ਹ ਪੰਜਾਬ ਨੂੰ ਨਹੀਂ ਮਿਲੇਗਾ ਕਿਉਂਕਿ ਕੇਂਦਰ ਜਲਦੀ ਹੀ ਪੰਜਾਬ ਦੇ ਪਾਣੀਆਂ ਉਤੇ ਹੋਰ ਡਾਕਾ ਮਾਰਨ ਵਾਲਾ ਹੈ। ਸ੍ਰੀ ਰਾਜੇਵਾਲ ਨੇ ਕਿਹਾ ਕਿ ਪੰਜਾਬ ਵਿਚ ਧਰਤੀ ਹੇਠਲਾ ਪਾਣੀ ਖਤਮ ਹੋਣ ਕਿਨਾਰੇ ਹੈ। ਉਨ੍ਹਾਂ ਕਿਹਾ ਕਿ ਹਾੜ੍ਹੀ ਦਾ ਸੀਜ਼ਨ ਖਤਮ ਹੋਣ ਤੋਂ ਬਾਅਦ ਇਸ ਮਸਲੇ 'ਤੇ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

# ਨਵਜੋਤ ਸਿੱਧੂ ਵੱਲੋਂ ਪ੍ਰਧਾਨਗੀ ਲਈ ਮੁੜ ਭੱਜ-ਨੱਠ



**ਪਟਿਆਲਾ:** ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਮਿਲੀ ਹਾਰ ਉਤੇ ਮੰਥਨ ਮਗਰੋਂ ਪੰਜਾਬ ਦੇ ਬਹੁਤੇ ਕਾਂਗਰਸੀ ਆਗੂਆਂ ਨੇ ਨਵਜੋਤ ਸਿੰਘ ਸਿੱਧੂ ਨੂੰ ਮੁੜ ਕਾਂਗਰਸ ਦੀ ਕਮਾਨ ਸੌਂਪਣ 'ਤੇ ਜੋਰ ਦਿੱਤਾ ਹੈ। ਆਗੂਆਂ ਨੇ ਕਾਂਗਰਸ ਹਾਈ ਕਮਾਨ ਨੂੰ ਤਰਕ ਦਿੱਤਾ ਹੈ ਕਿ ਭਾਵੇਂ ਕੁਝ ਹੋਰ ਆਗੂ ਵੀ ਹੋਣਗੇ, ਪਰ ਮੁੱਖ ਤੌਰ 'ਤੇ ਨਵਜੋਤ ਸਿੱਧੂ ਹੀ ਕਾਂਗਰਸ ਪਾਰਟੀ ਨੂੰ ਮੁੜ ਲੀਹ 'ਤੇ ਲਿਆਉਣ ਦੇ ਸਮਰੱਥ ਹਨ।

ਲਿਹਾਜ਼ਾ ਉਨ੍ਹਾਂ ਨੂੰ ਹੀ ਮੁੜ ਤੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਇਨ੍ਹਾਂ ਕਾਂਗਰਸੀ ਆਗੂਆਂ ਨੇ ਸਿੱਧੂ ਨੂੰ ਭਰੋਸਾ ਦਿਵਾਇਆ ਕਿ ਜੇਕਰ ਉਹ ਮੁੜ ਅੱਗੇ ਲੱਗਦੇ ਹਨ, ਤਾਂ ਕਾਂਗਰਸ 'ਚ ਨਵੀਂ ਰੂਹ ਫੂਕਣ ਲਈ ਉਹ ਸਾਰੇ ਸ਼ਿੱਦਤ ਨਾਲ ਉਨ੍ਹਾਂ ਦੀ ਅਗਵਾਈ ਹੇਠਾਂ ਪਾਰਟੀ ਲਈ ਕੰਮ ਕਰਨਗੇ। ਨਵਜੋਤ ਸਿੱਧੂ ਦੀ ਇਥੇ ਯਾਦਵਿੰਦਰਾ ਕਲੋਨੀ ਸਥਿਤ ਰਿਹਾਇਸ਼ ਵਿਚ ਹੋਈ ਵਿਸ਼ੇਸ਼ ਇਕੱਤਰਤਾ ਦੌਰਾਨ ਕਾਂਗਰਸੀ ਆਗੂਆਂ ਨੇ ਉਪਰੋਕਤ ਮਤਾ ਪਾਇਆ। ਪੰਜ ਘੰਟੇ ਦੇ ਕਰੀਬ ਚੱਲੇ ਵਿਚਾਰ ਵਟਾਂਦਰੇ ਵਿਚ ਮੁੱਖ ਤੌਰ 'ਤੇ ਸ਼ਮਸ਼ੇਰ ਸਿੰਘ ਦੂਲੋਂ, ਸ਼ੇਰ ਸਿੰਘ ਘੁਬਾਇਆ, ਅਸ਼ਵਨੀ ਸੇਖੜੀ, ਮੁਹੰਮਦ ਮੁਸਤਫਾ, ਮਹਿੰਦਰ ਸਿੰਘ ਕੇਪੀ, ਰਜੀਆ ਸੁਲਤਾਨਾ, ਹਰਦਿਆਲ ਕੰਬੋਜ, ਰਾਜਿੰਦਰ ਸਮਾਣਾ, ਹਰਮਿੰਦਰ ਗਿੱਲ, ਸੁਖਵਿੰਦਰ ਡੈਨੀ, ਸੁਰਜੀਤ ਧੀਮਾਨ, ਮਹਿਤਾਬ ਖਹਿਰਾ, ਸੁਨੀਲ ਦੱਤੀ, ਵਿਸ਼ਨੂੰ ਸ਼ਰਮਾ, ਗੁਰਪ੍ਰੀਤ ਜੀਪੀ, ਹਰਜਿੰਦਰ ਕਪੂਰਥਲਾ, ਪਿਰਮਲ ਖਾਲਸਾ, ਤਰਲੋਚਨ ਬੰਗਾ, ਸੰਤੋਸ਼ ਚੌਧਰੀ, ਦਵਿੰਦਰ ਘੁਬਾਇਆ ਸਣੇ ਕੁਝ ਹੋਰ ਆਗੂ ਮੌਜੂਦ ਸਨ।

ਜਾਣਕਾਰੀ ਅਨੁਸਾਰ ਕਾਂਗਰਸ ਦੀ ਨਮੋਸ਼ੀਜਨਕ ਹਾਰ ਸਬੰਧੀ ਹੋਈ ਖੁੱਲ੍ਹੀ ਚਰਚਾ ਦੌਰਾਨ ਕਾਂਗਰਸ ਦੀ ਗੁੱਟਬੰਦੀ, 'ਆਪ' ਦੀ ਹਵਾ ਅਤੇ ਲੋਕ ਮਨਾਂ 'ਚ ਉਤਪੰਨ ਹੋਈ ਬਦਲਾਅ ਦੀ ਭਾਵਨਾ ਮੁੱਖ ਕਾਰਨ ਮੰਨੇ ਗਏ। ਆਗੂਆਂ ਨੇ ਕਿਹਾ ਕਿ ਕਾਂਗਰਸ ਨੂੰ ਮੁੜ ਤੋਂ ਪੈਰਾਂ ਸਿਰ ਕਰਨ, ਖਾਸ ਕਰਕੇ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਦੀ ਮਜ਼ਬੂਤ ਪਕੜ ਅਤੇ ਪਹਿਲੀ ਸਥਿਤੀ ਬਹਾਲ ਕਰਨ ਲਈ ਹੁਣ ਤੋਂ ਹੀ ਤਹੱਈਆ ਕਰਨਾ ਜਰੂਰੀ ਪਹਿਲੂ ਹੈ।

# 'ਆਪ' ਨੇ ਨਗਰ ਨਿਗਮਾਂ ਚੋਣਾਂ ਲਈ ਖਿੱਚੀ ਤਿਆਰੀ




**ਚੰਡੀਗੜ੍ਹ:** ਪੰਜਾਬ ਵਿਚ ਇਸ ਸਾਲ ਦੇ ਅੰਤ ਵਿਚ ਹੋਣ ਵਾਲੀਆਂ ਚਾਰ ਨਗਰ ਨਿਗਮਾਂ ਦੀਆਂ ਚੋਣਾਂ ਬਾਰੇ ਆਮ ਆਦਮੀ ਪਾਰਟੀ ਨੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਅਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਪਾਰਟੀ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ, ਜਿਲ੍ਹਾ ਪ੍ਰਧਾਨਾਂ, ਲੋਕ ਸਭਾ ਇੰਚਾਰਜਾਂ ਤੇ ਜਿਲ੍ਹਾ ਸਕੱਤਰਾਂ ਸਮੇਤ ਹੋਰ ਆਹੁਦੇਦਾਰਾਂ ਨਾਲ ਬੈਠਕ ਕਰਕੇ ਨਗਰ ਨਿਗਮ ਚੋਣਾਂ ਬਾਰੇ ਰਣਨੀਤੀ ਉਤੇ ਚਰਚਾ ਕੀਤੀ।

ਪੰਜਾਬ ਸਰਕਾਰ ਵੱਲੋਂ ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਤੇ ਜਲੰਧਰ ਨਗਰ ਨਿਗਮਾਂ ਦੀਆਂ ਚੋਣਾਂ ਦਸੰਬਰ, 2022 ਵਿਚ ਕਰਵਾਈਆਂ ਜਾਣੀਆਂ ਹਨ। ਜਰਨੈਲ ਸਿੰਘ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਹੋਈ ਜਿੱਤ ਨਾਲ ਕਈ ਚੰਗੇ ਸੰਕੇਤ ਸਾਹਮਣੇ ਆਏ ਹਨ, ਜਿਵੇਂ ਪਟਿਆਲਾ ਨਗਰ ਨਿਗਮ ਦੇ ਸਾਬਕਾ ਮੇਅਰ ਅਜੀਤਪਾਲ ਸਿੰਘ ਕੋਹਲੀ ਪਟਿਆਲਾ ਸ਼ਹਿਰੀ ਤੋਂ ਵਿਧਾਇਕ ਚੁਣੇ ਗਏ ਹਨ।

ਵਿਧਾਇਕ ਕੋਹਲੀ ਦੀ ਪਟਿਆਲਾ ਸ਼ਹਿਰ ਦੇ ਲੋਕਾਂ ਵਿਚ ਚੰਗੀ ਪਛਾਣ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਨਿਗਮ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਵੀ 'ਆਪ' ਦੇ ਆਗੂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 'ਆਪ' ਦੀ ਸਰਕਾਰ ਬਣਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਪੰਜਾਬ ਦੇ ਲੋਕਾਂ ਲਈ ਵੱਡੇ ਫੈਸਲੇ ਕਰ ਰਹੇ ਹਨ। ਪੰਜਾਬ ਚੋਣਾਂ ਵਿਚ ਹੋਈ ਵੱਡੀ ਜਿੱਤ ਦੇ ਨਾਲ-ਨਾਲ ਸਰਕਾਰ ਦੇ ਕੰਮਾਂ ਅਤੇ ਫੈਸਲਿਆਂ ਦਾ ਵੀ ਨਿਗਮ ਚੋਣਾਂ ਵਿਚ ਪਾਰਟੀ ਨੂੰ ਵੱਡਾ ਲਾਭ ਮਿਲੇਗਾ।

### ਭਾਜਪਾ ਵੱਲੋਂ ਵੀ ਨਿਗਮ ਚੋਣਾਂ ਦੀ ਤਿਆਰੀ ਦਾ ਸੱਦਾ

**ਅੰਮ੍ਰਿਤਸਰ:** ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪਾਰਟੀ ਵਰਕਰਾਂ ਨੂੰ ਹੁਣ ਤੋਂ ਹੀ ਨਗਰ ਨਿਗਮ ਤੇ ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਲਈ ਤਿਆਰੀ ਅਰੰਭਣ ਲਈ ਆਖਿਆ ਹੈ। ਪਠਾਨਕੋਟ ਤੋਂ ਚੋਣ ਜਿੱਤਣ ਮਗਰੋਂ ਅੰਮ੍ਰਿਤਸਰ ਪੁੱਜਣ 'ਤੇ ਜ਼ਿਲ੍ਹਾ ਪ੍ਰਧਾਨ ਸੁਰੇਸ਼ ਮਹਾਜਨ ਤੇ ਹੋਰ ਆਗੂਆਂ ਵੱਲੋਂ ਅਸ਼ਵਨੀ ਕੁਮਾਰ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਭਾਜਪਾ ਵਰਕਰਾਂ ਨੂੰ ਆਉਣ ਵਾਲੀਆਂ ਨਿਗਮ ਚੋਣਾਂ ਲਈ ਹੁਣ ਤੋਂ ਹੀ ਤਿਆਰੀ ਆਰੰਭ ਦੇਣ ਲਈ ਕਿਹਾ। ਉਨ੍ਹਾਂ ਕਿਹਾ ਕਿ ਲੋਕਾਂ ਨਾਲ ਕਈ ਵਾਅਦੇ ਕਰ ਕੇ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਪੋਲ ਖੁੱਲ੍ਹਣ ਲੱਗ ਪਈ ਹੈ। ਸੱਚਾਈ ਸਾਹਮਣੇ ਆਉਣ ਤੋਂ ਬਾਅਦ ਲੋਕ ਬਦਲ ਵਜੋਂ ਹੁਣ ਭਾਜਪਾ ਵੱਲ ਦੇਖ ਰਹੇ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦੀਆਂ ਚੋਣਾਂ ਜਲਦੀ ਆਉਣ ਵਾਲੀਆਂ ਹਨ, ਇਸ ਲਈ ਪਾਰਟੀ ਵਰਕਰ ਅੱਜ ਤੋਂ ਹੀ ਤਿਆਰੀ ਸ਼ੁਰੂ ਕਰ ਦੇਣ।

## ਸੂਬੇ ਦੇ ਅੰਦਰ ਹੀ ਤਿਆਰ ਕੀਤਾ ਜਾ ਰਿਹਾ ਹੈ 'ਚਿੱਟਾ': ਭਗਵੰਤ ਮਾਨ

**ਚੰਡੀਗੜ੍ਹ:** ਵਿਧਾਨ ਸਭਾ ਇਜਲਾਸ ਦੌਰਾਨ ਪੰਜਾਬ ਵਿਚ ਨਸ਼ਿਆਂ ਦੇ ਮੁੱਦੇ ਉਤੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਇਥੇ ਸੂਬੇ ਵਿਚ 'ਚਿੱਟਾ' ਤਿਆਰ ਕੀਤਾ ਜਾ ਰਿਹਾ ਹੈ ਅਤੇ ਅਜਿਹੀਆਂ ਘਿਣਾਉਣੀਆਂ ਗਤੀਵਿਧੀਆਂ ਵਿਚ ਸ਼ਾਮਲ ਲੋਕਾਂ ਦਾ ਜਲਦ ਹੀ ਪਰਦਾਫਾਸ਼ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਸਮਝ ਨਹੀਂ ਲੱਗ ਰਹੀ ਕਿ ਰਾਜਸਥਾਨ ਦੀ ਸਰਹੱਦ ਦਾ 2.5 ਗੁਣਾ ਤੋਂ ਵੱਧ ਰਕਬਾ ਅਤੇ ਜੰਮੂ-ਕਸ਼ਮੀਰ ਦੀ ਸਰਹੱਦ ਦਾ ਅੱਧੇ ਤੋਂ ਵੱਧ ਹਿੱਸਾ ਪਾਕਿਸਤਾਨ ਨਾਲ ਲੱਗਦਾ ਹੋਣ ਦੇ ਬਾਵਜੂਦ ਜਿੱਥੇ ਕੰਡਿਆਲੀ ਤਾਰ ਵੀ ਨਹੀਂ ਹੈ, ਵਿਚ ਨਸ਼ਿਆਂ ਦੀ ਕੋਈ ਸਮੱਸਿਆ ਨਹੀਂ ਹੈ, ਜਦਕਿ ਪੰਜਾਬ ਅਜੇ ਵੀ ਨਸ਼ਿਆਂ ਦੀ ਅਲਾਮਤ ਨਾਲ ਜੂਝ ਰਿਹਾ ਹੈ। ਉਧਰ, ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪਿੰਡ ਕੋਠੇ ਬੁੱਕਲ ਸਿੰਘ ਨਗਰ ਵਿਚ ਇਕ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਆਉਂਦੇ ਛੇ ਮਹੀਨਿਆਂ ਵਿਚ ਪੰਜਾਬ 'ਚੋਂ ਚਿੱਟਾ ਹਰ ਹਾਲਤ ਵਿਚ ਖਤਮ ਕਰ ਦਿੱਤਾ ਜਾਵੇਗਾ। ਪੰਜਾਬ ਸਰਕਾਰ ਦਾ ਪਹਿਲਾ ਮਕਸਦ ਨਸ਼ਿਆਂ ਦਾ ਖਾਤਮਾ ਅਤੇ ਸਿਹਤ ਤੇ ਸਿੱਖਿਆ ਸਹੂਲਤਾਂ ਦਾ ਵਿਸਥਾਰ ਕਰਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਇਤਿਹਾਸਕ ਫ਼ਤਵਾ ਦਿੱਤਾ ਹੈ ਤੇ ਸਰਕਾਰ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ ਲਈ ਕੋਈ ਕਸਰ ਨਹੀਂ ਛੱਡੇਗੀ। ਉਨ੍ਹਾਂ ਆਪਣੀ ਸਪੀਕਰ ਵਜੋਂ ਨਿਯੁਕਤੀ ਲਈ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕੀਤਾ।

# ਪੰਜਾਬ ਸਰਕਾਰ ਦੀ 'ਅਨਾਜ ਵੰਡ ਯੋਜਨਾ' ਵਿਚ ਸੁਸਤ ਚਾਲ ਤੋਂ ਕੇਂਦਰ ਖਫਾ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਆਟਾ ਦਾਲ ਸਕੀਮ ਦੇ 'ਵੰਡ ਪੈਟਰਨ' ਨੂੰ ਲੈ ਕੇ ਪੰਜਾਬ ਸਰਕਾਰ ਨੂੰ ਤਾੜਿਆ ਹੈ। ਪੰਜਾਬ ਵਿਚ ਲਾਭਪਾਤਰੀਆਂ ਨੂੰ ਪਹਿਲਾਂ ਹਰ ਛੇ ਮਹੀਨੇ ਦੀ ਇਕੱਠੀ ਕਣਕ ਵੰਡੀ ਜਾਂਦੀ ਸੀ ਪਰ ਹੁਣ ਤਿੰਨ ਮਹੀਨੇ ਪਿੱਛੋਂ ਵੰਡੀ ਜਾਣ ਲੱਗੀ ਹੈ। ਜਨਵਰੀ ਤੋਂ ਮਾਰਚ 2022 ਦੇ ਤਿੰਨ ਮਹੀਨੇ ਦੀ ਕਣਕ ਦੀ ਵੰਡ ਹਾਲੇ ਬਕਾਇਆ ਪਈ ਹੈ। ਪੰਜਾਬ ਵਿਚ ਇਸ ਸਕੀਮ ਦੇ ਸਮਾਰਟ ਕਾਰਡ ਜਿਆਦਾ ਹਨ ਜਦੋਂਕਿ ਕੇਂਦਰ ਵੱਲੋਂ ਅਨਾਜ ਦੀ ਐਲੋਕੇਸ਼ਨ ਘੱਟ ਦਿੱਤੀ ਹੋਈ ਹੈ। ਨਤੀਜੇ ਵਜੋਂ ਕੁਝ ਕਣਕ ਪੰਜਾਬ ਨੂੰ ਆਪਣੇ ਖਜਾਨੇ 'ਚੋਂ ਖਰੀਦਣੀ ਪੈਂਦੀ ਹੈ।



ਕੇਂਦਰੀ ਖਪਤਕਾਰ ਮਾਮਲੇ, ਫੂਡ ਤੇ ਜਨਤਕ ਵੰਡ ਮੰਤਰਾਲੇ ਨੇ ਪਹਿਲੀ ਅਪਰੈਲ ਨੂੰ ਖੁਰਾਕ ਤੇ ਸਪਲਾਈ ਵਿਭਾਗ ਪੰਜਾਬ ਦੇ ਪ੍ਰਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਨਾਜ ਦੀ ਵੰਡ ਵੇਲੇ ਸਿਰ ਨਹੀਂ ਕੀਤੀ ਜਾਂਦੀ। ਕੇਂਦਰੀ ਹਦਾਇਤਾਂ ਅਨੁਸਾਰ ਲਾਭਪਾਤਰੀਆਂ ਨੂੰ ਅਨਾਜ ਪਹਿਲਾਂ ਦੇਣਾ ਹੁੰਦਾ ਹੈ ਜਦੋਂਕਿ ਪੰਜਾਬ ਸਰਕਾਰ 'ਵੰਡ ਸਰਕਲ' ਦੇ ਅਖੀਰ ਵਿਚ ਕਣਕ ਵੰਡਦੀ ਹੈ। ਅਜਿਹਾ ਕਰਨ ਨਾਲ ਐਨ.ਐਫ.ਐਸ.ਏ ਦੇ ਅਸਲ ਮਕਸਦਾਂ ਦੀ ਪੂਰਤੀ ਨਹੀਂ ਹੁੰਦੀ।

ਜਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਅਕਤੂਬਰ 2021 ਤੋਂ ਮਾਰਚ 2022 ਤੱਕ ਦੇ ਅਨਾਜ ਦੀ ਚੁਕਾਈ ਤੇ ਵੰਡ ਲਈ ਸਮੇਂ ਵਿਚ ਵਾਧੇ ਦੀ ਮੰਗ ਕੀਤੀ ਸੀ। ਇਸ ਮਗਰੋਂ ਕੇਂਦਰੀ ਮੰਤਰਾਲੇ ਨੇ ਮਾਰਚ 2022 ਤੱਕ ਵਾਲੇ ਵੰਡ ਸਰਕਲ ਦੇ ਅਨਾਜ ਨੂੰ ਵੰਡਣ ਲਈ ਮਿਆਦ 15 ਮਈ 2022 ਤੱਕ ਵਧਾ ਦਿੱਤੀ ਹੈ। ਇਸ ਦੇ ਨਾਲ ਹੀ ਕੇਂਦਰ ਨੇ ਇਹ ਤਾੜਨਾ ਕੀਤੀ ਕਿ ਅੱਗੇ ਤੋਂ ਅਨਾਜ ਤੈਅ ਸਮੇਂ ਦੇ ਅੰਦਰ ਵੰਡਿਆ ਜਾਵੇ ਤੇ ਐਤਕੀਂ ਇਕ ਦਫਾ ਹੀ ਛੋਟ ਦੇਣ ਦਾ ਜਿਕਰ ਕੀਤਾ ਗਿਆ। ਪਿਛਲੇ ਸੀਜ਼ਨ ਵਿਚ ਪੰਜਾਬ ਸਰਕਾਰ ਦੋ ਰੁਪਏ ਪ੍ਰਤੀ ਕਿਲੋ ਵਾਲੀ ਕਣਕ ਦੀ ਪੂਰੀ ਖਰੀਦ ਨਹੀਂ ਕਰ ਸਕੀ ਸੀ ਜਿਸ ਕਰ ਕੇ ਅੱਗੇ ਲਾਭਪਾਤਰੀਆਂ ਲਈ ਕਣਕ ਦੀ ਕਿੱਲਤ ਪੈ ਗਈ। ਕੇਂਦਰ ਸਰਕਾਰ ਨੇ ਇਸ ਕਿੱਲਤ ਦੀ ਪੂਰਤੀ ਲਈ 31,952 ਮੀਟਰਿਕ ਟਨ ਦੀ ਪ੍ਰਵਾਨਗੀ ਵੀ ਦੇ ਦਿੱਤੀ ਹੈ। ਇਸ ਤੋਂ ਬਿਨਾਂ ਕੇਂਦਰ ਸਰਕਾਰ ਵੱਲੋਂ ਸਮਾਰਟ ਰਾਸ਼ਨ ਕਾਰਡ ਸਕੀਮ ਤਹਿਤ ਪੰਜਾਬ ਨੂੰ ਪੂਰੇ ਅਨਾਜ ਦੀ ਐਲੋਕੇਸ਼ਨ ਨਹੀਂ ਕੀਤੀ ਜਾਂਦੀ। ਪੰਜਾਬ ਵਿਚ ਆਟਾ ਦਾਲ ਸਕੀਮ ਤਹਿਤ 90 ਹਜ਼ਾਰ ਕਾਰਡਾਂ ਦਾ ਰਾਸ਼ਨ ਕੇਂਦਰ ਵੱਲੋਂ ਘੱਟ ਦਿੱਤਾ ਜਾਂਦਾ ਹੈ।

ਅਧਿਕਾਰੀਆਂ ਮੁਤਾਬਕ ਕੇਂਦਰੀ ਮੰਤਰਾਲਾ ਪੰਜਾਬ ਦੀ ਆਬਾਦੀ ਦੇ ਲਿਹਾਜ਼ ਨਾਲ ਇਹ ਐਲੋਕੇਸ਼ਨ ਜਾਰੀ ਕਰਦਾ ਹੈ। ਕੇਂਦਰ ਵੱਲੋਂ ਘੱਟ ਅਨਾਜ ਦਿੱਤੇ ਜਾਣ ਕਰ ਕੇ ਇਸ ਦੀ ਭਰਪਾਈ ਪੰਜਾਬ ਸਰਕਾਰ ਹੀ ਕਰਦੀ ਹੈ। ਅਕਤੂਬਰ 2021 ਤੋਂ ਮਾਰਚ 2022 ਤੱਕ ਵਾਲੇ ਵੰਡ ਸਰਕਲ ਲਈ 11,354 ਮੀਟਰਿਕ ਟਨ ਕਣਕ ਕੇਂਦਰ ਵੱਲੋਂ ਘੱਟ ਐਲੋਕੇਟ ਕੀਤੀ ਗਈ ਹੈ ਜੋ ਹੁਣ ਪੰਜਾਬ ਸਰਕਾਰ ਵੱਲੋਂ ਖਰੀਦੀ ਜਾਣੀ ਹੈ। ਇਸ 'ਤੇ ਪੰਜਾਬ ਸਰਕਾਰ ਦਾ ਕਰੀਬ 24.41 ਕਰੋੜ ਰੁਪਏ ਖਰਚ ਆਵੇਗਾ।

ਪੰਜਾਬ ਟਾਈਮਜ਼

ਸਨਿਚਰਵਾਰ, 9 ਅਪਰੈਲ 2022

# ਪੰਜਾਬ ਲਈ ਲੜਾਈ

ਪੰਜਾਬ ਅਤੇ ਹਰਿਆਣਾ ਵਿਚਕਾਰ ਇਕ ਵਾਰ ਫਿਰ, ਮੁੜ ਉਹੀ ਸਿਆਸੀ ਖਿੱਚੋਤਾਣ ਪੈਦਾ ਹੋਣ ਦੇ ਖਦਸ਼ੇ ਖੜ੍ਹੇ ਹੋ ਰਹੇ ਹਨ ਜਿਸ ਕਾਰਨ ਇਸ ਖਿੱਤੇ ਦੇ ਲੋਕਾਂ ਨੇ ਬਹੁਤ ਲੰਮਾ ਸਮਾਂ ਸੰਤਾਪ ਭੋਗਿਆ ਅਤੇ ਜਿਸ ਦਾ ਸੇਕ ਅੱਜ ਤਾਈਂ ਮਹਿਸੂਸ ਕੀਤਾ ਜਾ ਰਿਹਾ ਹੈ। ਹੁਣ ਹਰਿਆਣਾ ਵਿਧਾਨ ਸਭਾ ਵਿਚ ਕੇਵਲ ਚੰਡੀਗੜ੍ਹ ਉਤੇ ਦਾਅਵੇ ਦਾ ਹੀ ਮਤਾ ਨਹੀਂ ਪਾਸ ਕੀਤਾ ਗਿਆ ਸਗੋਂ ਪੰਜਾਬ ਵਿਧਾਨ ਸਭਾ ਵੱਲੋਂ ਚੰਡੀਗੜ੍ਹ ਤੁਰੰਤ ਪੰਜਾਬ ਨੂੰ ਦੇਣ ਵਾਲੇ ਮਤੇ ਦੀ ਬਾਕਾਇਦਾ ਨਿਖੇਧੀ ਵੀ ਕੀਤੀ ਗਈ। ਇਹੀ ਨਹੀਂ, ਸਤਲੁਜ-ਯਮੁਨਾ ਲਿੰਕ ਨਹਿਰ ਰਾਹੀਂ ਹਰਿਆਣਾ ਨੂੰ ਪਾਣੀ ਦੇਣ ਅਤੇ ਹਿੰਦੀ ਬੋਲਦੇ ਇਲਾਕੇ ਹਰਿਆਣਾ ਵਿਚ ਸ਼ਾਮਿਲ ਕਰਨ ਵਾਲੇ ਮਤੇ ਵੀ ਪਾਸ ਕੀਤੇ ਗਏ ਹਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਆਪਣੀ ਚੰਡੀਗੜ੍ਹ ਫੇਰੀ ਦੌਰਾਨ ਚੰਡੀਗੜ੍ਹ ਦੇ ਮੁਲਾਜ਼ਮਾਂ ਲਈ ਪੰਜਾਬ ਵਾਲੇ ਸੇਵਾ ਨਿਯਮਾਂ ਦੀ ਥਾਂ ਕੇਂਦਰ ਦੇ ਸੇਵਾ ਨਿਯਮ ਲਾਗੂ ਕਰਨ ਦਾ ਐਲਾਨ ਕੀਤਾ ਸੀ। ਇਹ ਨਿਯਮ ਤੁਰੰਤ, ਪਹਿਲੀ ਅਪਰੈਲ ਤੋਂ ਲਾਗੂ ਵੀ ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨਾਲ ਸਬੰਧਤ ਅਤੇ ਕੁਝ ਹੋਰ ਅਜਿਹੇ ਫੈਸਲੇ ਕੀਤੇ ਹਨ ਜਿਨ੍ਹਾਂ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਕੇਂਦਰ ਵਿਚਲੀ ਮੋਦੀ ਸਰਕਾਰ ਪੰਜਾਬ ਨਾਲ ਆਢਾ ਲਾ ਰਹੀ ਹੈ। ਪੰਜਾਬ ਬਾਰੇ ਇਹ ਕੋਈ ਵਿਕੋਲਿਤਰੇ ਫੈਸਲੇ ਨਹੀਂ ਬਲਕਿ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਆਰ.ਐਸ.ਐਸ. ਮੁੱਢ ਤੋਂ ਮਜ਼ਬੂਤ ਕੇਂਦਰ ਦੇ ਹੱਕ ਵਿਚ ਰਹੀਆਂ ਹਨ। ਜਦੋਂ ਤੋਂ ਕੇਂਦਰ ਵਿਚ ਮੋਦੀ ਸਰਕਾਰ ਹੋਂਦ ਵਿਚ ਆਈ ਹੈ, ਇਹ ਰਾਜਾਂ ਤੋਂ ਉਨ੍ਹਾਂ ਦੇ ਹੱਕ ਖੋਹ ਰਹੀ ਹੈ। ਹੁਣ ਇਸ ਦੀ ਇਸ ਕਵਾਇਦ ਵਿਚ ਬੜੀ ਤੇਜ਼ੀ ਆ ਗਈ ਹੈ।

ਚੰਡੀਗੜ੍ਹ ਵਿਚ ਸੇਵਾ ਨਿਯਮਾਂ ਵਿਚ ਤਬਦੀਲੀ ਤੋਂ ਬਾਅਦ ਪੰਜਾਬ ਦੀ ਨਵੀਂ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਤੁਰੰਤ, ਪੰਜਾਬ ਵਿਧਾਨ ਸਭਾ ਦਾ ਇਕ ਰੋਜ਼ਾ ਵਿਸ਼ੇਸ਼ ਬੁਲਾਇਆ ਅਤੇ ਚੰਡੀਗੜ੍ਹ ਉਤੇ ਦਾਅਵੇ ਵਾਲਾ ਮਤਾ ਪਾਸ ਕਰ ਦਿੱਤਾ। ਵਿਚਾਰਨ ਵਾਲਾ ਮਸਲਾ ਇਹ ਹੈ ਕਿ ਹੁਣ ਇਸ ਤੋਂ ਅਗਾਂਹ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਇਨ੍ਹਾਂ ਸਾਰੇ ਮਸਲਿਆਂ 'ਤੇ ਕੀ ਰਵੱਈਆ ਅਖਤਿਆਰ ਕਰਦੀ ਹੈ। ਵਿਧਾਨ ਸਭਾ ਵਿਚ ਮਤਾ ਪਾਸ ਕਰਨਾ ਪੰਜਾਬ ਦੇ ਹੱਕਾਂ ਦੀ ਲੜਾਈ ਇਕ ਪੱਖ ਹੈ ਜਦ ਕਿ ਦੂਜਾ ਅਤੇ ਅਹਿਮ ਪੱਖ ਇਸ ਮਤੇ ਦੀ ਪੈਰਵਾਈ ਦਾ ਹੈ। ਇਸ ਪ੍ਰਸੰਗ ਵਿਚ ਪੰਜਾਬ ਪਹਿਲਾਂ ਹੀ ਹਰਿਆਣਾ ਹੱਥੋਂ ਮਾਤ ਖਾ ਚੁੱਕਾ ਹੈ। ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ ਵਿਚ ਪੰਜਾਬ ਬਹੁਤ ਵੱਡੀ ਅਣਗਹਿਲੀ ਕਰ ਚੁੱਕਾ ਹੈ। ਇਹ ਮਾਮਲਾ ਸੁਪਰੀਮ ਕੋਰਟ ਵਿਚ ਲੰਮੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਰਿਕਾਰਡ ਦੱਸਦਾ ਹੈ ਕਿ ਪੰਜਾਬ ਦੀਆਂ ਸਮੇਂ ਦੀਆਂ ਸਰਕਾਰ ਨੇ ਇਸ ਕੇਸ ਦੀ ਪੈਰਵਾਈ ਢੰਗ ਨਾਲ ਕੀਤੀ ਹੀ ਨਹੀਂ। ਇਸ ਦਾ ਨਤੀਜਾ ਇਹ ਨਿੱਕਲਿਆ ਹੈ ਕਿ ਇਸ ਕੇਸ ਦੀ ਸਮੁੱਚੀ ਸੁਰ ਪੰਜਾਬ ਦੇ ਖਿਲਾਫ ਜਾ ਰਹੀ ਹੈ ਅਤੇ ਹਰਿਆਣਾ ਬੜ੍ਹਕਾਂ ਮਾਰ ਰਿਹਾ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ ਬਾਰੇ ਸੁਪਰੀਮ ਕੋਰਟ ਜੋ ਵੀ ਫੈਸਲਾ ਕਰੇਗਾ, ਇਸ ਨੂੰ ਮਨਜ਼ੂਰ ਹੋਵੇਗਾ।

ਹਰਿਆਣਾ ਨੇ ਹੁਣ ਹਰਿਆਣਾ ਵਿਧਾਨ ਸਭਾ ਵਿਚ ਮਤੇ ਪਾਸ ਕਰਕੇ ਦਰਸਾ ਦਿੱਤਾ ਹੈ ਕਿ ਆਉਣ ਵਾਲੇ ਸਮੇਂ ਦੋਹਾਂ ਸੂਬਿਆਂ ਵਿਚਕਾਰ ਤਕਰਾਰ ਅਤੇ ਤਣਾਅ ਵਧ ਸਕਦੇ ਹਨ। ਪਿੱਛੇ ਜਿਹੇ ਚੱਲੇ ਕਿਸਾਨ ਅੰਦੋਲਨ ਦੌਰਾਨ ਇਨ੍ਹਾਂ ਦੋਹਾਂ ਰਾਜਾਂ ਦੇ ਕਿਸਾਨਾਂ ਨੇ ਰਲ ਕੇ ਮੋਦੀ ਸਰਕਾਰ ਦੀ ਗੋਡਣੀਆਂ ਲਗਵਾ ਦਿੱਤੀਆਂ ਹਨ। ਅਸਲ ਵਿਚ, ਮੋਦੀ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਸਭ ਤੋਂ ਪਹਿਲਾਂ ਅਤੇ ਕਾਰਗਰ ਵਿਰੋਧ ਪੰਜਾਬ ਵਿਚ ਹੀ ਹੋਇਆ। ਇਸ ਤੋਂ ਬਾਅਦ ਹਰਿਆਣਾ ਇਸ ਦੇ ਨਾਲ ਆ ਰਲਿਆ। ਫਿਰ ਜਦੋਂ ਦਿੱਲੀ ਦੀਆਂ ਬਰੂਹਾਂ ਉਤੇ ਅੰਦੋਲਨ ਚੱਲਿਆ ਤਾਂ ਦੋਹਾਂ ਰਾਜਾਂ ਦੇ ਕਿਸਾਨਾਂ ਨੇ ਸਾਂਝ ਦੀ ਵਿਰਾਟ ਮਿਸਾਲ ਪੇਸ਼ ਕੀਤੀ। ਮੋਦੀ ਸਰਕਾਰ ਨੇ ਕਿਸਾਨਾਂ ਵਿਚਕਾਰ ਦੁਫੇੜ ਪਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਪਰ ਕਿਸਾਨਾਂ ਅਤੇ ਇਨ੍ਹਾਂ ਦੀ ਅਗਵਾਈ ਕਰ ਰਹੀਆਂ ਕਿਸਾਨ ਜਥੇਬੰਦੀਆਂ ਨੇ ਸੂਝ-ਸਿਆਣਪ ਦਾ ਮੁਜ਼ਾਹਰਾ ਕਰਦਿਆਂ ਸਰਕਾਰ ਦੀ ਹਰ ਚਾਲ ਨੂੰ ਨਾਕਾਮ ਕਰ ਦਿੱਤਾ। ਇਹ ਗੱਲ ਵੱਖਰੀ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਅਤੇ ਉਸ ਤੋਂ ਬਾਅਦ ਅਜਿਹੇ ਹਾਲਾਤ ਪੈਦਾ ਹੋਏ ਕਿ ਕਿਸਾਨ ਮੋਰਚਾ ਆਪਣੀ ਪਹਿਲਾਂ ਵਾਲੀ ਵੁੱਕਤ ਗੁਆ ਬੈਠਾ। ਇਹੀ ਉਹ ਸਮਾਂ ਸੀ ਜਿਸ ਦੀ ਉਡੀਕ ਬੜੇ ਲੰਮੇ ਸਮੇਂ ਤੋਂ ਮੋਦੀ ਸਰਕਾਰ ਕਰ ਰਹੀ ਸੀ। ਚੋਣਾਂ ਵਿਚ ਤਾਂ ਭਾਵੇਂ ਭਾਰਤੀ ਜਨਤਾ ਪਾਰਟੀ ਬੁਰੀ ਤਰ੍ਹਾਂ ਮਾਤ ਖਾ ਗਈ ਪਰ ਹੁਣ ਇਸ ਨੇ ਕੇਂਦਰ ਸਰਕਾਰ ਰਾਹੀਂ ਪੰਜਾਬ ਉਤੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਆਉਣ ਵਾਲੇ ਸਮੇਂ ਵਿਚ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਨਵੀਂ ਬਣੀ ਭਗਵੰਤ ਮਾਨ ਸਰਕਾਰ ਕੇਂਦਰ ਸਰਕਾਰ ਨੂੰ ਕਿਸ ਤਰ੍ਹਾਂ ਟੱਕਰਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਹਕੀਕਤ ਇਹ ਹੈ ਕਿ ਮਜ਼ਬੂਤ ਕੇਂਦਰ ਵਾਲੇ ਮੁੱਦੇ ਉਤੇ ਆਮ ਆਦਮੀ ਪਾਰਟੀ ਦੀ ਰਾਏ ਭਾਰਤੀ ਜਨਤਾ ਪਾਰਟੀ ਵਾਲੀ ਹੀ ਹੈ। ਇਸੇ ਕਰਕੇ ਤਾਂ ਜਦੋਂ ਮੋਦੀ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਬਣਾਏ ਸਨ ਤਾਂ ਦਿੱਲੀ ਸਰਕਾਰ ਜਿਥੇ ਆਮ ਆਦਮੀ ਪਾਰਟੀ ਸੱਤਾ ਵਿਚ ਹੈ, ਨੇ ਤਿੰਨਾਂ ਵਿਚੋਂ ਇਕ ਕਾਨੂੰਨ ਤੁਰੰਤ ਲਾਗੂ ਕਰਨ ਬਾਰੇ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਸੀ। ਉਦੋਂ ਲੋਕਾਂ ਦੇ ਤਿੱਖੇ ਵਿਰੋਧ ਕਾਰਨ ਇਸ ਨੋਟੀਫਿਕੇਸ਼ਨ ਬਾਰੇ ਕੇਜਰੀਵਾਲ ਸਰਕਾਰ ਨੇ ਚੁੱਪ ਵੱਟ ਲਈ। ਹਾਲਾਤ ਦੱਸ ਰਹੇ ਹਨ ਕਿ ਪੰਜਾਬ ਇਕ ਵਾਰ ਫਿਰ ਸਿਆਸਤ ਦਾ ਅਖਾੜਾ ਬਣ ਰਿਹਾ ਹੈ। ਪੰਜਾਬ ਸਰਕਾਰ ਅਜਿਹੇ ਮੁੱਦਿਆਂ ਉਤੇ ਜਿਹੜਾ ਮਰਜ਼ੀ ਪੈਂਤੜਾ ਅਖਤਿਆਰ ਕਰੇ, ਹੁਣ ਪੰਜਾਬ ਦੀ ਜਾਗਰੂਕ ਅਵਾਮ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਇਕ ਵਾਰ ਫਿਰ ਡਟਣਾ ਪਵੇਗਾ, ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਇਹ ਸਭ ਮੱਤਭੇਦ ਭੁਲਾ ਕੇ ਕਿਸਾਨ ਅੰਦੋਲਨ ਵਿਚ ਡਟੇ ਸਨ। ਫਿਰ ਪੰਜਾਬ ਕੋਲੋਂ ਇਸ ਦੇ ਹੱਕ ਕੋਈ ਨਹੀਂ ਖੋਹ ਸਕਦਾ ਬਲਕਿ ਇਹ ਇਕ ਵਾਰ ਫਿਰ ਮੋਦੀ ਸਰਕਾਰ ਦਾ ਗਰੂਰ ਤੋੜ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਭਰਦਾਨ ਦਾ ਨਵਾਂ ਨਾਟਕ!

ਦੂਜੀ ਵਾਰ ਦੇਖ ਕੇ ਨਮੋਸ਼ੀ ਭਰੀ ਹਾਰ ਹੋਈ, 'ਟੱਬਰ ਦੇ ਦਲ' ਦੀ ਕਮਰ ਹੋਈ ਕੁੱਬੀ ਐ।
ਗੋਲਕਾਂ ਦੀ ਲੁੱਟ ਤੇ ਬੇਅਦਬੀ ਦਾ ਕਾਂਡ ਚੇਤੇ, ਗੁਰੂ ਨਾਮ ਲੇਵਿਆਂ ਦੇ ਛੁਰੀ ਸੀਨੇ ਖੁੱਭੀ ਐ।
ਕੀਤੀ ਦੁਰਵਰਤੋਂ ਜੋ ਤਖਤ ਅਕਾਲ ਵਾਲੀ, ਨੰਗੀ ਕਰਤੂਤ ਇਹ ਸਮਝਦੇ ਕਿ ਗੁੱਬੀ ਐ।
ਨੇੜਲੇ ਚਮਚਿਆਂ ਦੇ ਪੁੱਤਾਂ ਤਾਈਂ ਗੱਫੇ ਦਿੱਤੇ, ਬਾਪੂ ਤਦੇ ਬੋਲੇ ਨਾ ਮੂੰਹੋਂ 'ਚ ਦਿੱਤੀ ਛੁੱਬੀ ਐ।
ਪੁੱਤ-ਮੋਹ 'ਚ ਅੰਨ੍ਹੀ ਨਾਲੇ ਧਨ ਦੇ ਪ੍ਰੇਮ ਵਾਲੀ, ਪੁੱਟ'ਤੀ ਪੰਜਾਬੀਆਂ ਸੁਰਤਿ ਜਿਹੜੀ ਖੁੱਭੀ ਐ।
ਰਾਜ-ਮਦੁ ਦੇ ਨਸ਼ੇ 'ਚ ਵੱਟੇਪਾਈ ਗਿਆ ਖੁਦ, ਉਹੀ 'ਭਰਦਾਨ' ਪੁੱਛੇ ਬੇੜੀ ਕਿੱਦਾਂ ਡੁੱਬੀ ਐ?

# ਲੋਕਾਂ ਦੇ ਨੁਮਾਇੰਦਿਆਂ ਦੀ ਭੂਮਿਕਾ ਅਤੇ ਪੰਜਾਬ

ਰਾਜੇ ਦਾ ਜਿਹੋ ਜਿਹਾ ਰਿਸ਼ਤਾ ਪਰਜਾ ਨਾਲ ਹੁੰਦਾ ਸੀ, ਉਹੋ ਜਿਹਾ ਰਿਸ਼ਤਾ ਵਿਧਾਨਕਾਰਾਂ ਦਾ ਹਲਕੇ ਦੀ ਪਰਜਾ ਨਾਲ ਹੋਣਾ ਚਾਹੀਦਾ ਹੈ। ਪਿਛਲੇ ਕਈ ਵਰ੍ਹਿਆਂ ਤੋਂ ਇਹ ਰਿਸ਼ਤਾ ਲਗਾਤਾਰ ਨਿਵਾਣ ਵੱਲ ਵਗਿਆ। ਇਸ ਰਿਸ਼ਤੇ ਨੂੰ ਪਿਛਲੇ ਹਾਲਾਤ ਅਤੇ ਮੌਜੂਦਾ ਸਥਿਤੀ ਵਿਚ ਉਪਜੀ ਆਸ ਦੀ ਕਿਰਨ ਦੇ ਪ੍ਰਸੰਗ ਵਿਚ ਵਿਚਾਰਿਆ ਜਾ ਰਿਹਾ ਹੈ।

ਚੋਣਾਂ ਨੂੰ ਲੋਕਤੰਤਰ ਦਾ ਥੰਮ੍ਹ ਆਖਿਆ ਗਿਆ ਹੈ ਪਰ ਚੋਣਾਂ ਕਾਰਨ ਸਮਾਜ ਧੜੇਬੰਦੀ ਦਾ ਸ਼ਿਕਾਰ ਹੋਇਆ ਹੈ। ਚੋਣਾਂ ਵਿਚ ਹੋਈਆਂ ਜਿੱਤਾਂ-ਹਾਰਾਂ ਨੇ ਕੁੜੱਤਣ ਤੇ ਬਦਲੇ ਦੀ ਭਾਵਨਾ ਨੂੰ ਜਨਮ ਦਿੱਤਾ। ਜਿੱਤੇ ਲੋਕ ਤਾਕਤ ਦੀ ਵਰਤੋਂ ਕਰਨ ਲੱਗੇ ਤੇ ਸਮਾਜ ਵਿਚ ਵੰਡੀਆਂ ਪੈ ਗਈਆਂ। ਗਲਤ ਮੁਕੱਦਮੇ ਦਰਜ ਹੋਣ ਲੱਗੇ ਅਤੇ ਮੁਕੱਦਮਿਆਂ ਵਿਚ ਬੇਕਸੂਰ ਲੋਕਾਂ ਨੂੰ ਪ੍ਰੇਸ਼ਾਨ ਕੀਤਾ ਜਾਣ ਲੱਗਾ। ਜੁਰਮ ਦੀਆਂ ਧਾਰਾਵਾਂ ਆਪਣੇ ਅਨੁਸਾਰ ਬਦਲੀਆਂ ਜਾਣ ਲੱਗੀਆਂ। ਬੇਕਸੂਰ ਲੋਕਾਂ ਨੂੰ ਇਰਾਦਾ ਕਤਲ ਅਤੇ ਕਤਲ ਜਿਹੀਆਂ ਗੰਭੀਰ ਧਾਰਾਵਾਂ ਦਾ ਸਾਹਮਣਾ ਕਰਨਾ ਪਿਆ। ਆਮ ਲੋਕਾਂ ਨੂੰ ਦੁੱਖਾਂ-ਤਕਲੀਫਾਂ 'ਚੋਂ ਲੰਘਣਾ ਪਿਆ ਤੇ



ਗੁਰਪ੍ਰੀਤ ਸਿੰਘ ਤੂਰ
+91-98158-00405

ਭਾਈਚਾਰਕ ਸਾਂਝ ਨੂੰ ਗੰਭੀਰ ਸੱਟ ਵੱਜੀ। ਜਾਣੇ-ਅਣਜਾਣੇ ਤੇ ਸਿੱਧੇ-ਅਸਿੱਧੇ ਰੂਪ ਵਿਚ ਕੁਝ ਵਿਧਾਨਕਾਰ ਇਸ ਸਭ ਦਾ ਹਿੱਸਾ ਬਣਦੇ ਰਹੇ ਹਨ। ਅਜਿਹੇ ਹਾਲਾਤ ਦਾ ਸਮਾਜ ਵਿਰੋਧੀ ਅਨਸਰਾਂ ਨੇ ਭਰਪੂਰ ਫਾਇਦਾ ਉਠਾਇਆ। ਅਗਲਾ ਸਫਰ ਤੈਅ ਕਰਦਿਆਂ ਅਜਿਹੇ ਹਾਲਾਤ ਨੇ ਨਾਜਾਇਜ਼ ਕਬਜ਼ਿਆਂ, ਫਿਰੌਤੀਆਂ ਤੇ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਨੂੰ ਜਨਮ ਦਿੱਤਾ। ਇਹੋ ਹਾਲਾਤ ਨਸ਼ਿਆਂ ਦੇ ਪਾਸਾਰ ਤੇ ਗੈਂਗਸਟਰ ਕਲਚਰ ਦੇ ਵਾਧੇ ਲਈ ਵੀ ਜ਼ਿੰਮੇਵਾਰ ਬਣੇ।

ਇੱਥੋਂ ਆਪਾਂ ਨੂੰ ਪਿੱਛੇ ਮੁੜਨਾ ਪਵੇਗਾ। ਮੰਦ-ਭਾਵਨਾ ਤੋਂ ਸਦ-ਭਾਵਨਾ, ਵੈਰ ਵਿਰੋਧ ਤੋਂ ਮੇਲ ਮਿਲਾਪ, ਦੁਸ਼ਮਣੀ ਤੋਂ ਦੋਸਤੀ, ਭਾਈਚਾਰਕ ਸਾਂਝ ਦੀਆਂ ਇਹ ਪੁੰਗਰੀਆਂ ਤੰਦਾਂ ਹਨ। ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਲੜਾਈ-ਝਗੜੇ ਦੀਆਂ ਨਾਂ-ਮਾਤਰ ਘਟਨਾਵਾਂ ਇਸ ਸਫਰ ਦਾ ਸ਼ੁਭ ਸੰਕੇਤ ਹਨ। 'ਅੱਜ ਪੰਜਾਬ ਦੇ ਤਿੰਨ ਕਰੋੜ ਵਾਸੀ ਮੁੱਖ ਮੰਤਰੀ ਦੀ ਸਹੁੰ ਚੁੱਕ ਰਹੇ ਹਨ', ਸਹੁੰ ਚੁੱਕਣ ਸਮੇਂ ਮੁੱਖ ਮੰਤਰੀ (ਭਗਵੰਤ ਮਾਨ) ਦੇ ਕਹੇ ਇਹ ਸ਼ਬਦ ਇਸ ਪੱਖ ਦੀ ਪ੍ਰਭਾਵਸ਼ਾਲੀ ਸ਼ੁਰੂਆਤ ਹੈ। ਹੋਲੀ ਵਾਲੇ ਦਿਨ ਹਰਿਆਣਾ ਦੇ ਮੁੱਖ ਮੰਤਰੀ (ਮਨੋਹਰ ਲਾਲ ਖੱਟਰ) ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦੇ ਮੱਥੇ 'ਤੇ ਤਿਲਕ ਲਾਉਣਾ ਭਾਈਚਾਰਕ ਸਾਂਝ ਦਾ ਵੱਡਾ ਸੁਨੇਹਾ ਹੈ। ਭਾਈਚਾਰਕ ਸਾਂਝ 'ਚ ਪਈਆਂ ਤਰੇੜਾਂ ਕਾਰਨ ਪੰਜਾਬ ਦਾ ਅਥਾਹ ਨੁਕਸਾਨ ਹੋਇਆ ਹੈ। 'ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ, ਐ ਪੰਜਾਬ ਕਰਾਂ ਕੀ ਸਿਫਤ ਤੇਰੀ, ਵੱਸੇ ਰੱਸੇ, ਘਰ ਬਾਰ ਤਿਰਾ, ਜੀਵੇ ਜਾਗੇ ਪਰਵਾਰ ਤਿਰਾ'। ਪੰਜਾਬ ਦੀ ਧਰਤੀ ਭਾਈਚਾਰਕ ਸਾਂਝ ਦੀਆਂ ਅਜਿਹੀਆਂ ਕਲਮਾਂ ਨਾਲ ਭਰੀ ਪਈ ਹੈ। ਵਿਧਾਇਕਾਂ ਦੇ ਥੋੜ੍ਹੇ-ਬਹੁਤੇ ਛਿੱਟਿਆਂ ਨਾਲ ਹੀ ਹਰੀਆਂ-ਭਰੀਆਂ ਕਰੂੰਬਲਾਂ ਪੁੰਗਰ ਪੈਣੀਆਂ ਹਨ। ਕੋਲ ਖੜ੍ਹੇ ਵਿਅਕਤੀਆਂ ਲਈ ਸੰਜਮ ਤੇ ਸਾਹਮਣੇ ਖੜ੍ਹੇ ਵਿਅਕਤੀਆਂ ਲਈ ਸਨਮਾਨ ਇਸ ਵੇਲੇ ਤੁਹਾਡੀਆਂ ਦੋਵੇਂ ਮੁੱਠੀਆਂ ਰੰਗਾਂ ਨਾਲ ਭਰੀਆਂ ਹੋਈਆਂ ਹਨ। ਰੱਬ ਕਰੇ, ਵਿਧਾਨ ਸਭਾ ਦਾ ਇਹ ਕਾਲ ਭਾਈਚਾਰਕ ਸਾਂਝ ਦੇ ਤੌਰ 'ਤੇ ਜਾਣਿਆ ਜਾਵੇ।

ਇਲਾਕੇ ਦਾ ਵਿਕਾਸ ਉਚੇਚੇ ਧਿਆਨ ਦੀ ਮੰਗ ਕਰਦਾ ਹੈ। ਅੱਜ ਵੀ ਵਿਕਾਸ ਪੱਖੋਂ ਅਸੀਂ ਗਲੀਆਂ-ਨਾਲੀਆਂ, ਇੰਟਰਲੌਕਿੰਗ ਟਾਈਲਾਂ, ਧਰਮਸ਼ਾਲਾਵਾਂ ਤੇ ਸ਼ਮਸ਼ਾਨਘਾਟ ਤੱਕ ਹੀ ਸੀਮਤ ਹਾਂ। ਪਿੰਡਾਂ ਤੇ ਕਸਬਿਆਂ ਵਿਚ ਹੋਣ ਵਾਲੇ ਕੰਮਾਂ ਦੀ ਸੂਚੀ ਤਿਆਰ ਕਰਵਾਈ ਜਾਵੇ। ਸਾਡੇ ਵਿਧਾਨਕਾਰ ਵਿਕਾਸ ਪੱਖੋਂ ਜ਼ਿਲ੍ਹਾ ਲੁਧਿਆਣਾ ਦਾ ਚਕਰ ਪਿੰਡ ਦੇਖਣ ਜਾਣ। ਅਸੀਂ ਸਰਵੇ ਕਰਵਾਈਏ ਤੇ ਸਾਡੇ ਕੋਲ ਇਲਾਕੇ ਦੇ ਅੰਕੜੇ ਆਧਾਰਿਤ ਮੁਕੰਮਲ ਸੂਚਨਾ ਹੋਵੇ। ਇਸ ਸਾਰੇ ਕੰਮ ਲਈ ਯੋਜਨਾਬੰਦੀ ਅਤੀ ਮਹੱਤਵਪੂਰਨ ਹੈ। ਪ੍ਰਾਂਤ ਅਤੇ ਕੇਂਦਰ ਦੀਆਂ ਭਲਾਈ ਸਕੀਮਾਂ ਆਪਣੇ ਹਲਕੇ ਵਿਚ ਲੈ ਕੇ ਆਈਏ। ਵਿਕਾਸ ਦੇ ਕੰਮ ਵਾਤਾਵਰਨ ਅਨੁਕੂਲ ਹੋਵਣ, ਜੇ ਅਸੀਂ ਚੱਪੇ-ਚੱਪੇ 'ਤੇ ਟਾਈਲਾਂ ਲਾ ਦਈਏ ਤਾਂ ਧਰਤੀ ਵਿਚ ਪਾਣੀ ਕਿਵੇਂ ਸਮੋ ਸਕੇਗਾ ਅਤੇ ਪੌਦੇ ਕਿਵੇਂ ਉਗਾ ਸਕਾਂਗੇ? ਪੇਂਡੂ ਵਿਕਾਸ, ਸਾਇੰਸ ਤੇ ਤਕਨਾਲੋਜੀ, ਗਵਰਨੈਂਸ, ਪ੍ਰਦੂਸ਼ਣ ਬੋਰਡ ਆਦਿ ਅਦਾਰਿਆਂ ਦੀ ਵਿਕਾਸ ਦੇ ਕੰਮਾਂ ਲਈ ਮਦਦ ਲਈ ਜਾ ਸਕਦੀ ਹੈ। ਸਕੂਲਾਂ ਅਤੇ ਹਸਪਤਾਲਾਂ ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ, ਇਸ ਸਮੇਂ ਪਿੰਡਾਂ ਵਿਚ ਪਸ਼ੂ ਹਸਪਤਾਲਾਂ



ਦੀ ਵੱਡੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਵਿਧਾਨਕਾਰਾਂ ਦਾ ਇੱਕ ਵ੍ਹੱਟਸਐਪ ਗਰੁੱਪ ਹੋਵੇ, ਜਿੱਥੇ ਵਿਕਾਸ ਤੇ ਭਲਾਈ ਦੇ ਕੰਮਾਂ-ਕਾਰਾਂ ਦੀਆਂ ਤਸਵੀਰਾਂ ਅਤੇ ਇਸ ਸਬੰਧੀ ਮਹੱਤਵਪੂਰਨ ਸੂਚਨਾਵਾਂ ਸਾਂਝੀਆਂ ਕੀਤੀਆਂ ਜਾਣ।

ਵਿਆਹਾਂ ਅਤੇ ਸਮਾਜਕ ਸਮਾਗਮਾਂ ਦੇ ਫਜ਼ੂਲ ਖਰਚਿਆਂ ਕਾਰਨ ਆਮ ਲੋਕ ਆਰਥਕ ਤੰਗੀਆਂ-ਤਰੁਸ਼ੀਆਂ ਵਿਚ ਪੀੜੇ ਜਾ ਰਹੇ ਹਨ। ਜਾਇਦਾਦਾਂ ਵਿਕ ਰਹੀਆਂ ਹਨ ਅਤੇ ਕਰਜ਼ੇ ਦੀਆਂ ਪੰਡਾਂ ਨਿਰੰਤਰ ਭਾਰੀਆਂ ਹੋ ਰਹੀਆਂ ਹਨ। ਪੰਜਾਬ ਵਿਚ ਪ੍ਰਤੀ ਵਰ੍ਹੇ ਵਿਆਹਾਂ ਲਈ ਕਿੰਨੀਆਂ ਜਾਇਦਾਦਾਂ ਵੇਚੀਆਂ ਗਈਆਂ ਤੇ ਕਿੰਨੀਆਂ ਰਕਮਾਂ ਖਰਚ ਹੋਈਆਂ, ਜੇ ਇਹ ਅੰਕੜੇ ਇਕੱਠੇ ਕੀਤੇ ਜਾਣ ਤਾਂ ਸਨਸਨੀਖੇਜ਼ ਤੱਥ ਸਾਡੇ ਸਾਹਮਣੇ ਆਉਣਗੇ। ਪਿਛਲੇ ਸਮਿਆਂ 'ਤੇ ਝਾਤੀ ਮਾਰੀਏ ਤਾਂ ਇਸ ਪੱਖੋਂ ਧਾਰਮਿਕ ਸੰਸਥਾਵਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਦੇ ਯਤਨ ਨਾਂ-ਮਾਤਰ ਹੀ ਹਨ। ਇਸ ਸਮੇਂ ਵਿਧਾਨਕਾਰਾਂ ਕੋਲ ਖਾਲੀ ਮੈਦਾਨ ਹੈ। ਉਨ੍ਹਾਂ ਵੱਲੋਂ ਆਪਣੇ ਹਲਕੇ ਦੇ ਲੋਕਾਂ ਨੂੰ ਸਮਾਜਿਕ ਸਮਾਗਮਾਂ 'ਤੇ ਘੱਟ ਖਰਚ ਕਰਨ ਲਈ ਉਤਸ਼ਾਹਿਤ ਕਰਨਾ ਅਤੀ ਲੋੜੀਂਦਾ, ਸ਼ਲਾਘਾਯੋਗ ਅਤੇ ਲਾਹੇਵੰਦ ਯਤਨ ਹੋਵੇਗਾ। ਅੰਦਾਜ਼ਨ ਵਿਧਾਨਕਾਰਾਂ ਨੂੰ ਪ੍ਰਤੀ ਦਿਨ ਦੋ ਤੋਂ ਚਾਰ ਸਮਾਗਮਾਂ 'ਤੇ ਜਾਣ ਅਤੇ ਲੋਕਾਂ ਨੂੰ ਗੈਰ-ਰਸਮੀ ਅਤੇ ਰਸਮੀ ਤੌਰ 'ਤੇ ਸੰਬੋਧਨ ਕਰਨ ਦੇ ਮੌਕੇ ਮਿਲਦੇ ਰਹਿੰਦੇ ਹਨ, ਅਜਿਹੇ ਮੌਕਿਆਂ 'ਤੇ ਉਨ੍ਹਾਂ ਨੂੰ ਘੱਟ ਖਰਚਿਆਂ ਲਈ ਪ੍ਰੇਰਨਾ ਚਾਹੀਦਾ ਹੈ। ਘੱਟ ਖਰਚਾ ਕਰਨ ਵਾਲੇ ਲੋਕਾਂ ਨੂੰ ਇਕੱਠਾਂ ਵਿਚ ਮਾਨ-ਸਨਮਾਨ ਦਿੱਤਾ ਜਾਵੇ ਤੇ ਮੀਡੀਆ ਵਿਚ ਇਸ ਨੂੰ ਉਭਾਰਿਆ ਜਾਵੇ। ਇਸ ਖੇਤਰ ਵਿਚ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਸ਼ਖਸੀਅਤਾਂ ਰਾਹੀਂ ਪ੍ਰਭਾਵਸ਼ਾਲੀ ਯੋਗਦਾਨ ਪਾਇਆ ਜਾ ਸਕਦਾ ਹੈ। ਇਸ ਪੱਖੋਂ ਤੁਹਾਨੂੰ ਰੋਲ ਮਾਡਲ ਬਣ ਕੇ ਲੋਕਾਂ ਦੇ ਸਾਹਮਣੇ ਆਉਣਾ ਚਾਹੀਦਾ ਹੈ।

ਲਗਭਗ ਹਰ ਰੋਜ਼ ਨਸ਼ਿਆਂ ਦੀ ਓਵਰਡੋਜ਼ ਕਾਰਨ ਹੋਈ ਮੌਤ ਦੀ ਖਬਰ ਅਖਬਾਰ ਵਿਚ ਹੁੰਦੀ ਹੈ। ਨਸ਼ਿਆਂ ਦੀ ਰੋਕਥਾਮ ਬੱਤੀ ਬੁਝਾਉਣ ਜਾਂ ਪਾਣੀ ਦੀ ਟੂਟੀ ਬੰਦ ਕਾਰਨ ਵਾਂਗ ਨਹੀਂ ਹੈ। ਇਸ ਪੇਚੀਦਾ ਤੇ ਗੰਭੀਰ ਸਮੱਸਿਆ ਦੇ ਕਈ ਕਾਰਨ ਹਨ। ਹਰ ਹਲਕੇ ਵਿਚ ਨਸ਼ਾ ਛੁਡਾਓ ਤੇ ਮੁੜ ਵਸਾਓ ਸੈਂਟਰ ਚੱਲ ਰਹੇ ਹਨ। ਵਿਧਾਨਕਾਰਾਂ ਨੂੰ ਅਜਿਹੇ ਸੈਂਟਰਾਂ ਦੀ ਵਿਸ਼ੇਸ਼ ਨਿਗਰਾਨੀ ਕਰਨੀ ਚਾਹੀਦੀ ਹੈ। ਉਨ੍ਹਾਂ ਵੱਲੋਂ ਲੋਕਾਂ ਨੂੰ ਨਸ਼ਾ ਛੱਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਨ ਅਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਮੁਹੱਈਆ ਕਰਵਾਉਣ ਦਾ ਉਨ੍ਹਾਂ ਕੋਲ ਅਹਿਮ ਪਲੈਟਫਾਰਮ ਹੈ। ਨਸ਼ਿਆਂ ਵਿਰੁੱਧ ਯਤਨ ਉਨ੍ਹਾਂ ਨੂੰ ਆਪਣੀ ਪਹਿਲ ਸੂਚੀ ਵਿਚ ਸ਼ਾਮਲ ਕਰਨੇ ਚਾਹੀਦੇ ਹਨ।

1978 ਦੀ ਗੱਲ ਹੈ। ਸ. ਦਲੀਪ ਸਿੰਘ ਵਾਸੀ ਤਲਵੰਡੀ ਕਲਾਂ, ਜ਼ਿਲ੍ਹਾ ਲੁਧਿਆਣਾ ਪੰਜਾਬ ਸਰਕਾਰ ਦੇ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਸਨ। ਮੰਤਰੀ ਜੀ ਨੇ ਡਿਪਟੀ ਕਮਿਸ਼ਨਰ (ਲੁਧਿਆਣਾ) ਤੋਂ ਪਰਮਿਟ ਜਾਰੀ ਕਰਵਾ ਕੇ ਵੀਹ ਬੋਰੀਆਂ ਸੀਮਿੰਟ ਖਰੀਦਿਆ। ਮਹੀਨੇ ਕੁ ਬਾਅਦ ਇੱਕ ਸ਼ਾਮ ਉਹ ਡਿਪਟੀ ਕਮਿਸ਼ਨਰ ਦਫਤਰ ਪਹੁੰਚੇ ਪਰ ਉਦੋਂ ਤੱਕ ਡਿਪਟੀ ਕਮਿਸ਼ਨਰ ਦਫਤਰ ਵਿਚੋਂ ਉੱਠ ਚੁੱਕੇ ਸਨ। ਉਹ ਪੁੱਛ-ਪੁੱਛ ਕੇ ਰੈੱਡ ਕਰਾਸ ਭਵਨ ਪਹੁੰਚੇ ਪਰ ਡਿਪਟੀ ਕਮਿਸ਼ਨਰ ਅੱਗੇ ਚਲੇ ਗਏ। ਇੰਜ ਇੱਕ ਦੋ ਥਾਵਾਂ 'ਤੇ ਹੋਰ ਲੱਭ ਕੇ ਉਹ ਡਿਪਟੀ ਕਮਿਸ਼ਨਰ ਦੀ ਰਿਹਾਇਸ਼ ਦੇ ਬਾਹਰ ਜੀਪ ਵਿਚ ਬੈਠ ਕੇ ਉਨ੍ਹਾਂ ਦੀ ਉਡੀਕ ਕਰਨ ਲੱਗੇ। ਦਿਨ ਛੋਟੇ ਸਨ, ਹਨੇਰੇ ਹੋਏ ਡਿਪਟੀ ਕਮਿਸ਼ਨਰ ਘਰ ਵਾਪਸ ਆਏ। ਮੰਤਰੀ ਜੀ ਨੂੰ ਘਰ ਦੇ ਬਾਹਰ ਉਡੀਕ ਕਰਦਿਆਂ ਦੇਖ ਉਨ੍ਹਾਂ ਬੇਨਤੀ ਕੀਤੀ ਕਿ ਆਦੇਸ਼ ਦਿਓ। ਜੀਪ ਦੇ ਮਗਰ ਟਰਾਲੀ ਸੀ, ਉਸ ਟਰਾਲੀ ਵਿਚ ਅੱਠ ਬੋਰੀਆਂ ਸੀਮਿੰਟ ਪਿਆ ਸੀ, ਮੰਤਰੀ ਜੀ ਕਹਿੰਦੇ ਮੇਰਾ ਬਾਰਾਂ ਬੋਰੀਆਂ ਨਾਲ ਕੰਮ ਮੁਕੰਮਲ ਹੋ ਗਿਆ, ਤੁਸੀਂ ਇਹ ਸੀਮਿੰਟ ਕਿਸੇ ਲੋੜਵੰਦ ਨੂੰ ਜਾਰੀ ਕਰ ਦਿਓ। ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਰੋਡਵੇਜ਼ ਦੀਆਂ ਬੱਸਾਂ ਦੀਆਂ ਇੱਕ, ਦੋ ਤੇ ਤਿੰਨ ਨੰਬਰ ਸੀਟਾਂ ਪਿੱਛੇ ਲਿਖਿਆ ਹੁੰਦਾ ਸੀ- ਇਹ ਸੀਟਾਂ ਐਮ.ਐਲ.ਏਜ਼. ਲਈ ਰਾਖਵੀਆਂ ਹਨ!

24 ਜੁਲਾਈ 1994 ਨੂੰ ਮੈਂ ਨਵਾਂ ਸ਼ਹਿਰ ਵਿਖੇ ਸਰਕਾਰੀ ਨੌਕਰੀ 'ਤੇ ਹਾਜ਼ਰ ਹੋਇਆ ਸੀ। ਤੀਜੇ ਦਿਨ ਨਵਾਂ ਸ਼ਹਿਰ ਵਿਚ ਖੇਤੀਬਾੜੀ ਮੰਤਰੀ ਸ. ਦਿਲਬਾਗ ਸਿੰਘ ਨੇ ਰਾਹੋਂ ਤੋਂ ਸਤਲੁਜ ਦਰਿਆ ਵੱਲ ਭੂਮੀ ਸੰਭਾਲ ਮਹਿਕਮੇ ਵੱਲੋਂ ਖਾਲ ਪੱਕੇ ਕਰਨ ਸਬੰਧੀ ਉਦਘਾਟਨ ਕਰਨ ਆਉਣਾ ਸੀ। ਉਦਘਾਟਨ ਵਾਲੇ ਪੱਥਰ ਤੋਂ ਪਰਦਾ ਹਟਾਉਣ ਤੋਂ ਬਾਅਦ ਮੰਤਰੀ ਜੀ ਪੱਕੇ ਖਾਲ-ਖਾਲ ਤੁਰਨ ਲੱਗੇ। ਉਹ ਚਾਰ ਸੌ ਮੀਟਰ ਤੱਕ ਗਏ ਜਿੱਥੇ ਪਾਣੀ ਖੇਤ ਵਿਚ ਪੈਂਦਾ ਸੀ। ਮੰਤਰੀ ਜੀ ਨੇ ਝੁਕ ਕੇ ਸੀਮਿੰਟ 'ਤੇ ਹੱਥ ਘਸਾਇਆ ਅਤੇ ਪੁੱਛਿਆ- "ਸੀਮਿੰਟ ਕਿਹੜਾ ਲਾਇਆ?" ਵਾਪਸ ਮੁੜਦਿਆਂ ਠੇਕੇਦਾਰ ਨੇ ਸਟੋਰ 'ਚ ਪਈਆਂ ਅੰਬੂਜਾ ਸੀਮਿੰਟ ਦੀਆਂ ਖਾਲੀ ਬੋਰੀਆਂ ਉਨ੍ਹਾਂ ਨੂੰ ਦਿਖਾਈਆਂ। ਠੇਕੇਦਾਰ ਨੂੰ ਰਤਾ ਪਾਸੇ ਕਰਦਿਆਂ ਉਨ੍ਹਾਂ ਬੁੱਕਲ ਜਿਹੀ ਵਿਚ ਪੁੱਛਿਆ, "ਅਫਸਰਾਂ ਨੂੰ ਥੋੜ੍ਹਾ ਬਹੁਤਾ ਦਿੱਤਾ?" ਉਸ ਨੇ ਹੱਥ ਜੋੜ ਦਿੱਤੇ। ਲੋਕਾਂ ਸਾਹਮਣੇ ਉਨ੍ਹਾਂ ਮਹਿਕਮੇ ਦੀ ਤਾਰੀਫ ਕੀਤੀ ਅਤੇ ਨਵਾਂ ਸ਼ਹਿਰ ਪਹੁੰਚ ਕੇ ਐਸ.ਡੀ.ਓ. ਅਤੇ ਐਕਸੀਅਨ ਲਈ ਪ੍ਰਸੰਸਾ ਪੱਤਰ ਜਾਰੀ ਕਰਨ ਦੇ ਆਦੇਸ਼ ਦਿੱਤੇ।

ਪਿਛਲੇ ਵਰ੍ਹੇ ਦੀ ਗੱਲ ਹੈ। 52 ਆਰ.ਬੀ. ਜ਼ਿਲ੍ਹਾ ਗੰਗਾਨਗਰ ਵਿਚ ਸਮਾਗਮ ਦੌਰਾਨ ਮੇਜ਼ ਦੁਆਲੇ ਬੈਠੇ ਸੱਤ-ਅੱਠ ਵਿਅਕਤੀਆਂ ਨੂੰ ਮੈਂ ਪੁੱਛਿਆ ਕਿ ਪੰਜਾਬ ਤੇ ਰਾਜਸਥਾਨ ਦੇ ਵਿਧਾਇਕਾਂ ਦੇ ਕੰਮ-ਕਾਰ ਤੇ ਵਿਚਰਨ-ਵਿਹਾਰ ਵਿਚ ਕੀ ਅੰਤਰ ਹੈ? ਇੱਕ ਵਿਅਕਤੀ ਨੇ ਆਖਿਆ, "ਮਲੋਟ ਨੇੜੇ ਮੈਰਿਜ ਪੈਲੇਸ ਵਿਚ ਬਰਾਤ ਆਉਣ 'ਤੇ ਅਰਦਾਸ ਹੋ ਰਹੀ ਸੀ। ਤਦ ਪੰਜਾਬ ਦੇ ਇੱਕ ਵਿਧਾਇਕ ਆਏ, ਪੁਲਿਸ ਦੀ ਗੱਡੀ ਹੂਟਰ ਮਾਰਦੀ ਹੋਈ, ਉਨ੍ਹਾਂ ਨਾਲ ਆਪਣੀ ਗੱਡੀ ਤੋਂ ਇਲਾਵਾ ਦੋ ਗੱਡੀਆਂ ਹੋਰ ਸਨ। ਪੰਦਰਾਂ ਕੁ ਬੰਦਿਆਂ ਨੇ ਨਾਸ਼ਤਾ ਕੀਤਾ ਅਤੇ ਅੱਧੇ ਕੁ ਘੰਟੇ ਬਾਅਦ ਉਹ ਹੂਟਰ ਮਾਰਦੇ ਹੋਏ ਲਾਮ ਲਸ਼ਕਰ ਸਮੇਤ ਬਠਿੰਡੇ ਵਾਲੀ ਸੜਕ ਪੈ ਗਏ। ਰਾਜਸਥਾਨ ਦੇ ਵਿਧਾਇਕ ਨਾਲ ਪੁਲਿਸ ਵਰਦੀ ਵਿਚ ਇੱਕ ਕਰਮਚਾਰੀ ਸੀ ਅਤੇ ਡਰਾਈਵਰ ਸਿਵਲ ਕੱਪੜਿਆਂ ਵਿਚ, ਜੀਪ ਵਿਚ ਕੁੱਲ ਤਿੰਨ ਜਣੇ ਸਨ। ਪੁਲਿਸ ਵਰਦੀ ਵਾਲਾ ਸਾਰਾ ਦਿਨ ਗੱਡੀ 'ਚ ਬੈਠਾ ਰਿਹਾ ਜਾਂ ਗੱਡੀ ਕੋਲ ਖੜ੍ਹਾ ਰਿਹਾ। ਡਰਾਈਵਰ ਨੇ ਉਸ ਨੂੰ ਉੱਥੇ ਹੀ ਖਾਣਾ ਲਿਆ ਕੇ ਦਿੱਤਾ। ਰਾਜਸਥਾਨ ਦੇ ਵਿਧਾਇਕ ਡੋਲੀ ਤੁਰਨ ਬਾਅਦ ਧੀ ਦੇ ਬਾਪ ਨੂੰ ਸਨੇਹ ਨਾਲ ਮਿਲ ਕੇ ਗਏ।" ਪੰਜਾਬ ਦੀ ਮਿੱਟੀ ਸਾਧਾਰਨ ਤੇ ਲੋਕ-ਹਿਤੈਸ਼ੀ ਰਾਜਨੀਤਕ ਤੇ ਪ੍ਰਸ਼ਾਸਨਿਕ ਪੈੜਾਂ ਨੂੰ ਤਰਸੀ ਪਈ ਹੈ। ਅਵਾਮ ਨੂੰ ਵੀ.ਆਈ.ਪੀ. ਕਲਚਰ ਤੋਂ ਨਿਜਾਤ ਸਮੇਂ ਦਾ ਵਿਸ਼ੇਸ਼ ਸੁਨੇਹਾ ਹੈ। ਕਿਹਾ ਜਾਂਦਾ ਹੈ ਕਿ ਵਿਧਾਇਕ ਬਣਨ ਲਈ ਪੁਸ਼ਤਾਂ ਲੰਘ ਜਾਂਦੀਆਂ ਹਨ। ਲੋਕਾਂ ਨੇ ਆਪਣੇ ਘਰਾਂ 'ਤੇ ਰਵਾਇਤੀ ਪਾਰਟੀਆਂ ਦੇ ਝੰਡੇ ਲਾ ਕੇ ਵੀ ਤੁਹਾਡੀ ਉਂਗਲ ਫੜੀ ਹੈ। ਉਨ੍ਹਾਂ ਤੁਹਾਨੂੰ ਅਥਾਹ ਮਾਣ-ਸਤਿਕਾਰ ਦਿੱਤਾ ਹੈ। ਉਨ੍ਹਾਂ ਆਪਣਾ ਭਵਿੱਖ ਤੁਹਾਡੀ ਝੋਲੀ ਪਾਇਆ ਹੈ।

# ਚੰਡੀਗੜ੍ਹ ਅਤੇ ਰਾਜਾਂ ਦੇ ਹੱਕਾਂ ਦੀ ਦਾਅਵੇਦਾਰੀ

***ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਸਾਕਾਰ ਕਰਨ ਲਈ ਆਰ.ਐਸ.ਐਸ.-ਭਾਜਪਾ ਵੱਲੋਂ ਰਾਜਾਂ ਦੇ ਅਧਿਕਾਰ ਖੇਤਰ ਉਪਰ ਹਮਲਿਆਂ ਨਾਲ ਕੇਂਦਰ-ਰਾਜ ਸਬੰਧਾਂ ਅਤੇ ਸੱਚੇ ਫੈਡਰਲ ਢਾਂਚੇ ਦਾ ਸਵਾਲ ਮੁੜ ਉਠਣਾ ਸ਼ੁਰੂ ਹੋ ਗਿਆ ਹੈ। ਡੈਮਾਂ ਦੇ ਸਵਾਲ ਉਪਰ ਦੱਖਣੀ ਭਾਰਤ ਦੇ ਰਾਜਾਂ ਦਾ ਵਿਰੋਧ ਪਹਿਲਾਂ ਹੀ ਸਾਹਮਣੇ ਆ ਚੁੱਕਾ ਹੈ। ਕਾਂਗਰਸ, ਅਕਾਲੀ ਦਲ ਅਤੇ ਚੋਣ ਵਾਲੀਆਂ ਹੋਰ ਪਾਰਟੀਆਂ ਚੰਡੀਗੜ੍ਹ ਅਤੇ ਪੰਜਾਬ ਦੇ ਹੱਕਾਂ ਦੇ ਮੁੱਦੇ ਉੱਪਰ ਸਿਰਫ ਸਿਆਸਤ ਕਰਨਗੀਆਂ। 'ਆਪ' ਖੁਦ ਸੱਤਾ ਦੇ ਕੇਂਦਰੀਕਰਨ ਦੀ ਹਮਾਇਤੀ ਪਾਰਟੀ ਹੈ। ਇਹ ਕੇਂਦਰੀਕਰਨ ਦਾ ਰਸਮੀਂ ਵਿਰੋਧ ਤਾਂ ਕਰ ਸਕਦੀ ਹੈ ਪਰ ਫੈਸਲਾਕੁਨ ਲੜਾਈ ਨਹੀਂ ਲੜ ਸਕਦੀ। ਪੰਜਾਬ ਦੀਆਂ ਸੱਚੀਆਂ ਹਿਤੈਸ਼ੀ ਤਾਕਤਾਂ ਨੂੰ ਰਾਜਾਂ ਦੇ ਹੱਕਾਂ ਦੀ ਰਾਖੀ ਅਤੇ ਫੈਡਰਲ ਢਾਂਚੇ ਲਈ ਲੰਮੇ ਜਮਹੂਰੀ ਸੰਘਰਸ਼ ਦੀ ਦੂਰਅੰਦੇਸ਼ ਯੋਜਨਾ ਉਲੀਕਣੀ ਚਾਹੀਦੀ ਹੈ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

'ਆਪ' ਦੀ ਸਰਕਾਰ ਵੱਲੋਂ ਵਿਧਾਨ ਸਭਾ ਦੇ ਇਕ ਦਿਨ ਦੇ ਵਿਸ਼ੇਸ਼ ਸੈਸ਼ਨ ਵਿਚ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਮਤਾ ਪਾਸ ਕਰਕੇ ਐਲਾਨ ਕੀਤਾ ਗਿਆ ਹੈ ਕਿ ਆਉਣ ਵਾਲੇ ਦਿਨਾਂ 'ਚ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੋਂ ਸਮਾਂ ਲੈ ਕੇ ਪੰਜਾਬ ਦਾ ਪੱਖ ਮਜ਼ਬੂਤੀ ਨਾਲ ਰੱਖਿਆ ਜਾਵੇਗਾ। ਇਸ ਮਤੇ ਦਾ ਵਿਰੋਧ ਸਿਰਫ ਭਾਜਪਾ ਦੇ ਦੋ ਵਿਧਾਇਕਾਂ ਨੇ ਕੀਤਾ। ਭਾਜਪਾ ਦਾ ਇਹ ਸਟੈਂਡ ਉਨ੍ਹਾਂ ਦੇ ਪੂਰੇ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਦਾ ਹਿੱਸਾ ਹੈ। ਉਨ੍ਹਾਂ ਦੀ ਮਨਸ਼ਾ ਹਰ ਤਰੀਕੇ ਨਾਲ ਪੰਜਾਬ ਦੇ ਹਿਤਾਂ ਨੂੰ ਸੱਟ ਮਾਰਨ ਦੀ ਹੈ। ਬਾਕੀ ਪਾਰਟੀਆਂ ਨੇ ਇਸ ਮਤੇ ਦੀ ਹਮਾਇਤ ਰਾਜਨੀਤਕ ਮਜਬੂਰੀਆਂ ਕਾਰਨ ਕੀਤੀ ਹੈ ਕਿਉਂਕਿ ਜੇ ਉਹ ਅਜਿਹਾ ਨਹੀਂ ਕਰਦੇ ਸਨ ਤਾਂ ਲੋਕਾਂ 'ਚ ਉਨ੍ਹਾਂ ਦੀ ਰਾਜਨੀਤਕ ਸਾਖ ਹੋਰ ਜ਼ਿਆਦਾ ਖੁਰ ਜਾਣੀ ਸੀ। ਉਨ੍ਹਾਂ ਵੱਲੋਂ ਮਤੇ ਦੀ ਹਮਾਇਤ ਕਰਨ ਦਾ ਭਾਵ ਇਹ ਨਹੀਂ ਹੈ ਕਿ ਉਹ ਚੰਡੀਗੜ੍ਹ ਪੰਜਾਬ ਨੂੰ ਲੈ ਕੇ ਦੇਣ ਲਈ ਸੁਹਿਰਦ ਹਨ। ਸਭ ਨੂੰ ਪਤਾ ਹੈ ਕਿ ਚੰਡੀਗੜ੍ਹ ਸਮੇਤ ਪੰਜਾਬ ਦੇ ਹੱਕਾਂ ਦੇ ਸਵਾਲਾਂ ਨੂੰ ਉਲਝਾਈ ਅਤੇ ਲਟਕਾਈ ਰੱਖਣ ਦੀ ਮੁੱਖ ਜ਼ਿੰਮੇਵਾਰ ਕਾਂਗਰਸ ਪਾਰਟੀ ਹੈ ਜਿਸ ਨੇ ਕੇਂਦਰੀ ਸੱਤਾ ਉੱਪਰ ਸਭ ਤੋਂ ਵੱਧ ਸਮਾਂ ਰਾਜ ਕਰਨ ਦੇ ਬਾਵਜੂਦ ਇਹ ਮਸਲੇ ਹੱਲ ਨਹੀਂ ਹੋਣ ਦਿੱਤੇ।

1947 ਦੀ ਸੱਤਾ ਬਦਲੀ ਤੋਂ ਬਾਅਦ ਨਹਿਰੂ ਸਰਕਾਰ ਭਾਸ਼ਾ ਦੇ ਆਧਾਰ 'ਤੇ ਰਾਜ ਬਣਾਉਣਾ ਨਹੀਂ ਚਾਹੁੰਦੀ ਸੀ। ਰਾਜਾਂ ਦਾ ਅੱਧਾ-ਅਧੂਰਾ ਪੁਨਰਗਠਨ ਵੀ ਕੌਮੀਅਤਾਂ ਦੇ ਤਿੱਖੇ ਇਤਿਹਾਸਕ ਅੰਦੋਲਨ ਦੇ ਦਬਾਓ ਹੇਠ ਕੀਤਾ ਗਿਆ। ਪੰਜਾਬ ਨੂੰ ਉਸ ਪੁਨਰਗਠਨ 'ਚੋਂ ਬਾਹਰ ਰੱਖਿਆ ਗਿਆ। ਅਕਾਲੀ ਦਲ ਨੇ ਤਿੱਖਾ ਅੰਦੋਲਨ ਕਰਕੇ ਇਕ ਦਹਾਕੇ ਬਾਅਦ ਨਵੰਬਰ 1966 'ਚ ਪੰਜਾਬ ਦਾ ਪੁਨਰਗਠਨ ਤਾਂ ਕਰਵਾ ਲਿਆ ਪਰ ਇੱਥੇ ਵੀ ਸਰੇਆਮ ਧੱਕਾ ਅਤੇ ਬੇਇਨਸਾਫੀ ਕੀਤੀ ਗਈ। ਨਾ ਤਾਂ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕੀਤੇ ਗਏ, ਨਾ ਰਿਪੇਰੀਅਨ ਕਾਨੂੰਨ ਅਨੁਸਾਰ ਇਸ ਨੂੰ ਇਸ ਦੇ ਦਰਿਆਈ ਪਾਣੀਆਂ ਦੇ ਹੱਕ ਦਿੱਤੇ ਗਏ ਅਤੇ ਨਾ ਰਾਜਧਾਨੀ ਦਿੱਤੀ ਗਈ।

ਕਾਂਗਰਸ ਦੀ ਬਦਨੀਅਤ ਅਤੇ 'ਪਾੜੋ ਅਤੇ ਰਾਜ ਕਰੋ' ਦੀ ਬਦਨੀਤੀ ਕਾਰਨ ਰਾਜਾਂ ਲਈ ਵੱਧ ਅਧਿਕਾਰਾਂ ਦੀ ਜਮਹੂਰੀ ਮੰਗ ਅਤੇ ਸਿੱਖ ਘੱਟਗਿਣਤੀ ਦੇ ਸਰੋਕਾਰਾਂ ਨੇ ਵੱਖਰੇ ਸਿੱਖ ਰਾਜ ਦੀ ਹਮਾਇਤ ਦਾ ਰੂਪ ਅਖਤਿਆਰ ਕਰ ਲਿਆ। ਪੰਜਾਬ ਨੂੰ ਪੂਰਾ ਇਕ ਦਹਾਕਾ ਕਾਲੇ ਦੌਰ ਦਾ ਸੰਤਾਪ ਝੱਲਣਾ ਪਿਆ। ਫਿਰ ਵੀ, ਕਾਂਗਰਸ ਦੀ ਕੇਂਦਰ ਸਰਕਾਰ ਵੱਲੋਂ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਵਾਅਦਾ ਕਰਕੇ ਵੀ ਨਾ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਗਿਆ, ਨਾ ਪੰਜਾਬ ਦੇ ਹੱਕਾਂ ਨਾਲ ਜੁੜੇ ਹੋਰ ਮਸਲੇ ਹੱਲ ਕੀਤੇ ਗਏ। ਅਕਾਲੀ ਲੀਡਰਸ਼ਿਪ ਨੇ ਵੀ ਚੰਡੀਗੜ੍ਹ ਅਤੇ ਪੰਜਾਬ ਦੇ ਹੋਰ ਮਸਲਿਆਂ ਨੂੰ ਸਿਰਫ ਤੇ ਸਿਰਫ ਸੱਤਾ ਉੱਪਰ ਕਾਬਜ਼ ਹੋਣ ਲਈ ਚੁੱਕਿਆ। ਸੱਤਾ ਹਾਸਲ ਕਰ ਲੈਣ ਤੋਂ ਬਾਅਦ ਇਨ੍ਹਾਂ ਮੁੱਦਿਆਂ ਲਈ ਕਦੇ ਗੰਭੀਰਤਾ ਨਹੀਂ ਦਿਖਾਈ। ਚਾਹੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਰਹੀ ਜਾਂ ਭਾਜਪਾ ਦੀ ਗੱਠਜੋੜ ਦੀ ਸਰਕਾਰ, ਅਕਾਲੀ ਆਗੂਆਂ ਨੇ ਕਦੇ ਵੀ ਚੰਡੀਗੜ੍ਹ ਸਮੇਤ ਪੰਜਾਬ ਦੇ ਮਸਲਿਆਂ ਦੇ ਹੱਲ ਲਈ ਦਬਾਓ ਨਹੀਂ ਪਾਇਆ। ਖੱਬੇਪੱਖੀਆਂ ਸਮੇਤ ਹੋਰ ਰਾਜਨੀਤਕ ਧਿਰਾਂ ਨੇ ਵੀ ਇਨ੍ਹਾਂ ਮਸਲਿਆਂ ਦੇ ਹੱਲ ਲਈ ਕਦੇ ਕੋਈ ਸੰਜੀਦਾ ਅੰਦੋਲਨ ਨਹੀਂ ਵਿੱਢਿਆ।

ਪੰਜਾਬ ਦੇ ਪੁਨਰਗਠਨ ਮੌਕੇ ਚੰਡੀਗੜ੍ਹ ਨੂੰ ਦੋ ਰਾਜਾਂ ਦੀ ਸਾਂਝੀ ਰਾਜਧਾਨੀ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੀ ਆਰਜ਼ੀ ਵਿਵਸਥਾ ਕੀਤੀ ਗਈ ਸੀ। ਇਸ ਵਿਵਸਥਾ ਤਹਿਤ ਚੰਡੀਗੜ੍ਹ ਦਾ 60% ਹਿੱਸਾ ਪੰਜਾਬ ਕੋਲ ਅਤੇ 40% ਹਰਿਆਣੇ ਕੋਲ ਹੈ। ਪੁਨਰਗਠਨ ਦੇ ਨਾਂ ਹੇਠ ਪੰਜਾਬ ਦੇ ਪਾਣੀਆਂ ਦਾ ਹੱਕ ਵੀ ਕੇਂਦਰ ਨੇ ਆਪਣੇ ਹੱਥ 'ਚ ਲੈ ਲਿਆ। ਸਰਕਾਰਾਂ ਬਦਲਦੀਆਂ ਰਹੀਆਂ ਪਰ ਭਾਰਤ ਦੀ ਹੁਕਮਰਾਨ ਜਮਾਤ ਵੱਲੋਂ ਉਪਰੋਕਤ ਆਰਜ਼ੀ ਵਿਵਸਥਾ ਨੂੰ ਪੱਕੀ ਵਿਵਸਥਾ ਦੀ ਤਰ੍ਹਾਂ ਚਲਾਇਆ ਜਾ ਰਿਹਾ ਹੈ ਅਤੇ ਸਾਢੇ ਪੰਜ ਦਹਾਕਿਆਂ ਤੋਂ ਪਾਣੀਆਂ ਦੇ ਹੱਕ ਅਤੇ ਪੰਜਾਬ ਦੀ ਰਾਜਧਾਨੀ ਦਾ ਸਵਾਲ ਨਾ ਸਿਰਫ ਉੱਥੇ ਦਾ ਉੱਥੇ ਹੈ ਸਗੋਂ ਹੁਣ ਪੰਜਾਬ ਦੇ ਹੱਕ ਖਤਮ ਕਰਨ ਲਈ ਇਕ ਤੋਂ ਬਾਅਦ ਇਕ ਕਦਮ ਚੁੱਕੇ ਜਾ ਰਹੇ ਹਨ।



ਜਿੱਥੋਂ ਤੱਕ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਮਤਾ ਪਾਸ ਕਰਨ ਦਾ ਸਵਾਲ ਹੈ, ਇਹ ਪਹਿਲਕਦਮੀਂ ਮਹਿਜ਼ ਮੁੱਢਲਾ ਕਦਮ ਹੈ ਜਿਸ ਨਾਲ ਮਸਲਾ ਹੱਲ ਹੋਣ ਵਾਲਾ ਨਹੀਂ ਹੈ। ਮੁੱਖ ਮੰਤਰੀ ਅਤੇ ਉਸ ਦੀ ਸਰਕਾਰ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦੇ ਮਤੇ ਨੂੰ ਗੰਭੀਰਤਾ ਨਾਲ ਨਾ ਲੈਣ ਦੀ ਸੂਰਤ 'ਚ ਪੰਜਾਬ ਸਰਕਾਰ ਦੀ ਅਗਲੀ ਯੋਜਨਾ ਕੀ ਹੈ ਅਤੇ ਚੰਡੀਗੜ੍ਹ ਉੱਪਰ ਪੰਜਾਬ ਦੀ ਦਾਅਵੇਦਾਰੀ ਨੂੰ ਅਮਲੀ ਜਾਮਾ ਪਵਾਉਣ ਲਈ ਆਉਣ ਵਾਲੇ ਸਮੇਂ 'ਚ ਉਹ ਕੀ ਕਦਮ ਚੁੱਕਣਗੇ। ਕੀ ਕੋਈ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ? ਕੀ ਕੇਂਦਰ ਸਰਕਾਰ ਵਿਰੁੱਧ ਪੰਜਾਬ ਦੇ ਅਵਾਮ ਨੂੰ ਲਾਮਬੰਦ ਕਰਕੇ ਕੋਈ ਅੰਦੋਲਨ ਸ਼ੁਰੂ ਕੀਤਾ ਜਾਵੇਗਾ? ਭਾਜਪਾ ਹਿੰਦੂ ਜਜ਼ਬਾਤ ਨੂੰ ਪੰਜਾਬ ਵਿਰੁੱਧ ਭੜਕਾਉਣ ਲਈ ਹਰ ਹਰਬਾ ਵਰਤੇਗੀ। ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਇਸ ਦਿਸ਼ਾ 'ਚ ਭੜਕਾਊ ਬਿਆਨਬਾਜ਼ੀ ਕੀਤੀ ਹੈ। ਹਰਿਆਣਾ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਹਰਿਆਣੇ ਦੀ ਦਾਅਵੇਦਾਰੀ ਦਾ ਮਤਾ ਪਾਸ ਕਰ ਦਿੱਤਾ ਹੈ। ਸਪਸ਼ਟ ਹੈ ਕਿ ਹਰਿਆਣੇ ਦੇ ਲੋਕਾਂ ਦੇ ਜਜ਼ਬਾਤ ਭੜਕਾ ਕੇ ਉਨ੍ਹਾਂ ਨੂੰ ਪੰਜਾਬ ਵਿਰੁੱਧ ਵਰਤਿਆ ਜਾਵੇਗਾ ਅਤੇ ਭਗਵਾਂ ਬ੍ਰਿਗੇਡ ਥੋੜ੍ਹੇ ਕੀਤਿਆਂ ਕੇਂਦਰੀਕਰਨ ਤੋਂ ਪਿੱਛੇ ਨਹੀਂ ਹਟੇਗਾ। ਧਾਰਾ 370 ਅਤੇ 35ਏ ਨੂੰ ਖਤਮ ਕਰਕੇ ਫੌਜੀ ਤਾਕਤ ਦੇ ਜ਼ੋਰ ਜੰਮੂ ਕਸ਼ਮੀਰ ਨੂੰ ਤੋੜਨ ਦੀ ਮਿਸਾਲ ਸਾਡੇ ਸਾਹਮਣੇ ਹੈ। ਕਸ਼ਮੀਰੀ ਅਵਾਮ ਦੇ ਤਿੱਖੇ ਵਿਰੋਧ ਦੀ ਵੀ ਕੋਈ ਪ੍ਰਵਾਹ ਨਹੀਂ ਕੀਤੀ ਗਈ। ਰਾਸ਼ਟਰਵਾਦੀ ਜਨੂੰਨ ਦੇ ਡੰਗੇ ਹੋਏ ਭਾਰਤ ਦੇ ਜ਼ਿਆਦਾਤਰ ਲੋਕਾਂ ਨੇ ਉਸ ਧੱਕੇਸ਼ਾਹੀ ਪ੍ਰਤੀ ਅੱਖਾਂ ਮੀਟ ਰੱਖੀਆਂ ਹਨ। ਵਿਆਪਕ ਲੋਕ ਦਬਾਓ ਤੋਂ ਬਿਨਾਂ ਫਾਸ਼ੀਵਾਦੀ ਹਕੂਮਤ ਚੰਡੀਗੜ੍ਹ ਦੇ ਮਸਲੇ ਉੱਪਰ ਵੀ ਕੋਈ ਗੱਲਬਾਤ ਨਹੀਂ ਕਰੇਗੀ। ਜੇ ਮਤੇ ਨੂੰ ਅਮਲ 'ਚ ਲਿਆਉਣ ਲਈ ਕੋਈ ਠੋਸ ਕੰਮ ਨਹੀਂ ਕੀਤਾ ਜਾਂਦਾ ਤਾਂ ਇਸ ਮਤੇ ਦਾ ਹਸ਼ਰ ਵੀ ਉਸੇ ਤਰ੍ਹਾਂ ਦਾ ਹੋਵੇਗਾ ਜੋ ਪੰਜਾਬ ਦੇ ਪਾਣੀਆਂ ਦੇ ਸਵਾਲ ਉੱਪਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ ਪਾਸ ਕੀਤੇ ਮਤੇ ਦਾ ਹੋਇਆ ਸੀ ਅਤੇ ਜੋ ਸਿਰਫ ਫਾਈਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਿਆ ਸੀ।

ਆਰ.ਐਸ.ਐਸ.-ਭਾਜਪਾ ਦੀ ਕੇਂਦਰ ਸਰਕਾਰ ਨੇ ਪਿਛਲੇ ਦਿਨਾਂ 'ਚ ਕੇਂਦਰੀਕਰਨ ਦੀ ਦਿਸ਼ਾ 'ਚ ਜੋ ਕਦਮ ਚੁੱਕੇ ਹਨ, ਉਨ੍ਹਾਂ ਪਿੱਛੇ ਕੰਮ ਕਰਦੇ ਅਸਲ ਮਨੋਰਥ ਨੂੰ ਸਮਝਣਾ ਜ਼ਰੂਰੀ ਹੈ। ਮੋਦੀ-ਅਮਿਤ ਸ਼ਾਹ ਵਜ਼ਾਰਤ ਨੇ ਰਾਜਾਂ ਦੇ ਹੱਕ ਖੋਹਣ ਅਤੇ ਹਰ ਖੇਤਰ 'ਚ ਹੀ ਵੱਧ ਤੋਂ ਵੱਧ ਹੱਕਾਂ ਨੂੰ ਹਥਿਆਉਣ ਦਾ ਅਮਲ ਵਿੱਢਿਆ ਹੋਇਆ ਹੈ। ਭਾਰਤ ਦੀ ਟੈਕਸ ਪ੍ਰਣਾਲੀ ਦਾ ਮੂੰਹ ਪਹਿਲਾਂ ਹੀ ਕੇਂਦਰੀ ਖਜ਼ਾਨੇ ਨੂੰ ਭਰਨ ਵੱਲ ਸੀ। ਟੈਕਸ ਪ੍ਰਣਾਲੀ ਨੂੰ ਸਰਲ ਬਣਾਉਣ ਦੇ ਨਾਂ ਹੇਠ ਥੋਪੀ ਗਈ ਜੀ.ਐਸ.ਟੀ. ਪ੍ਰਣਾਲੀ ਰਾਜਾਂ ਨੂੰ ਹੋਰ ਕਮਜ਼ੋਰ ਕਰਨ ਅਤੇ ਆਰਥਿਕਤਾ ਉੱਪਰ ਕੇਂਦਰ ਦਾ ਕੰਟਰੋਲ ਹੋਰ ਵਧਾਉਣ ਲਈ ਹੀ ਸੀ। ਤਿੰਨ ਖੇਤੀ ਕਾਨੂੰਨ ਵੀ ਰਾਜਾਂ ਦੇ ਅਧਿਕਾਰ ਖੇਤਰ ਦੀ ਉਲੰਘਣਾ ਕਰਕੇ ਥੋਪੇ ਗਏ ਸਨ ਜਿਨ੍ਹਾਂ ਨੂੰ ਪੰਜਾਬ ਦੀ ਅਗਵਾਈ 'ਚ ਹੋਰ ਰਾਜਾਂ ਦੇ ਲੋਕਾਂ ਨੇ ਬੇਮਿਸਾਲ ਸਾਂਝਾ ਸੰਘਰਸ਼ ਲੜ ਕੇ ਰੱਦ ਕਰਾਇਆ। ਲਿਹਾਜ਼ਾ, ਉਸ ਸੰਘਰਸ਼ ਦਾ ਮਹੱਤਵ ਸਿਰਫ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਤੱਕ ਸੀਮਤ ਨਹੀਂ ਹੈ ਸਗੋਂ ਰਾਜਾਂ ਦੇ ਅਧਿਕਾਰ ਖੇਤਰ ਨੂੰ ਬਚਾਉਣ ਦੇ ਪੱਖ ਤੋਂ ਵੀ ਸੰਘਰਸ਼ ਬਹੁਤ ਮਹੱਤਵਪੂਰਨ ਸੀ। 2019 'ਚ ਹੀ ਕੇਂਦਰ ਸਰਕਾਰ ਨੇ ਡੈਮਾਂ ਦੇ ਨੁਕਸਾਨ ਅਤੇ ਇਸ ਨਾਲ ਹੋਣ ਵਾਲੇ ਹੋਰ ਨੁਕਸਾਨ ਦੀ ਪੇਸ਼ਬੰਦੀ ਦੇ ਬਹਾਨੇ ਡੈਮ ਸੁਰੱਖਿਆ ਕਾਨੂੰਨ ਚੋਰੀ ਚੋਰੀ ਬਣਾ ਲਿਆ ਸੀ। ਇਸ ਰਾਹੀਂ ਕੇਂਦਰ ਨੇ ਡੈਮਾਂ ਉੱਪਰੋਂ ਰਾਜਾਂ ਦੇ ਹੱਕ ਖਤਮ ਕਰਕੇ ਪਾਣੀਆਂ ਦੇ ਹੱਕ ਸਮੇਤ ਸਾਰੇ ਹੱਕ ਚੁੱਪ-ਚੁਪੀਤੇ ਆਪਣੇ ਹੱਥ 'ਚ ਲੈ ਲਏ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਆਰ.ਐਸ.ਐਸ.-ਭਾਜਪਾ ਦੇ ਮਨਸੂਬੇ ਅਨੁਸਾਰ ਮੁਲਕ ਦੇ ਸਾਰੇ ਦਰਿਆਵਾਂ ਨੂੰ ਆਪਸ ਵਿਚ ਜੋੜਨ ਦੀ ਯੋਜਨਾ ਬਣਾਈ ਗਈ ਸੀ ਜੋ ਸੱਤਾ ਤੋਂ ਬਾਹਰ ਹੋ ਜਾਣ ਕਾਰਨ ਅੱਗੇ ਨਹੀਂ ਸੀ ਵਧ ਸਕੀ। ਪਿੱਛੇ ਜਿਹੇ ਜੋ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਦੀ ਪੱਕੀ ਮੈਂਬਰੀ ਖਤਮ ਕਰਕੇ ਬੋਰਡ ਪੂਰੀ ਤਰ੍ਹਾਂ ਕੇਂਦਰੀ ਨੁਮਾਇੰਦਿਆਂ ਦਾ ਬਣਾਇਆ ਗਿਆ ਅਤੇ ਭਾਖੜਾ ਡੈਮ ਦੀ ਸੁਰੱਖਿਆ ਲਈ ਤਾਇਨਾਤ ਪੰਜਾਬ ਪੁਲਿਸ ਦੇ ਮੁਲਾਜ਼ਮ ਹਟਾ ਕੇ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਲਗਾਏ ਗਏ, ਉਹ ਦਰਿਆਈ ਪਾਣੀਆਂ ਉੱਪਰ ਮੁਕੰਮਲ ਕੇਂਦਰੀ ਕੰਟਰੋਲ ਦੇ ਇਸੇ ਲੰਮੇ-ਚੌੜੇ ਮਨਸੂਬੇ ਦਾ ਹਿੱਸਾ ਹੈ। ਪਿਛਲੇ ਸਾਲ ਪਾਕਿਸਤਾਨ ਦੀ ਸਰਹੱਦ ਉੱਪਰਲੇ ਜ਼ਿਲ੍ਹਿਆਂ ਦੇ ਅੰਦਰ ਬੀ.ਐਸ.ਐਫ. ਦਾ ਅਧਿਕਾਰ ਖੇਤਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਕਰ ਲਿਆ ਗਿਆ ਸੀ, ਹੁਣ ਚੰਡੀਗੜ੍ਹ ਉੱਪਰ ਕੇਂਦਰ ਦੇ ਸਰਵਿਸ ਰੂਲ ਥੋਪ ਦਿੱਤੇ ਗਏ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਵੀ ਕੇਂਦਰ ਸਰਕਾਰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਕੋਸ਼ਿਸ਼ 'ਚ ਹੈ। ਪਹਿਲਾਂ ਆਰ.ਐਸ.ਐਸ. ਪੱਖੀ ਵਿਅਕਤੀ ਵਾਈਸ ਚਾਂਸਲਰ ਲਗਾਇਆ। ਫਿਰ ਯੂਨੀਵਰਸਿਟੀ ਦੀ ਸੈਨੇਟ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਤਿੱਖੇ ਵਿਰੋਧ ਦੇ ਬਾਵਜੂਦ ਭਾਵੇਂ ਆਰ.ਐਸ.ਐਸ.-ਭਾਜਪਾ ਅਜੇ ਕਾਮਯਾਬ ਨਹੀਂ ਹੋ ਸਕੀ ਪਰ ਇਸ ਨੇ ਆਪਣੀ ਜ਼ਿੱਦ ਛੱਡੀ ਨਹੀਂ ਹੈ। ਬਿਜਲੀ ਬਿੱਲ-2020 ਦਾ ਖਰੜਾ ਭਾਵੇਂ ਕਿਸਾਨ ਸੰਘਰਸ਼ ਦੇ ਦਬਾਓ ਕਾਰਨ ਰੋਕ ਲਿਆ ਗਿਆ ਸੀ, ਉਸ ਦਾ ਮਨੋਰਥ ਵੀ ਬਿਜਲੀ ਖੇਤਰ ਉੱਪਰ ਕੇਂਦਰ ਦਾ ਕੰਟਰੋਲ ਵਧਾਉਣ ਲਈ ਬਿਜਲੀ ਸਬੰਧੀ ਕੇਂਦਰੀ ਰੈਗੂਲੇਟਰੀ ਅਥਾਰਟੀ ਨੂੰ ਫੈਸਲਾਕੁਨ ਬਣਾਉਣਾ ਅਤੇ ਅੰਤਿਮ ਤੌਰ 'ਤੇ ਬਿਜਲੀ ਖੇਤਰ ਨੂੰ ਰਾਜਾਂ ਤੋਂ ਖੋਹ ਕੇ, ਕਮਰਸ਼ੀਅਲ ਬਣਾ ਕੇ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨਾ ਹੈ। ਮੌਜੂਦਾ ਵਿਵਸਥਾ ਅਨੁਸਾਰ ਬਿਜਲੀ ਖੇਤਰ ਰਾਜਾਂ ਅਤੇ ਕੇਂਦਰ ਦੀ ਸਮਵਰਤੀ ਸੂਚੀ ਵਿਚ ਹੈ ਅਤੇ ਬਿਜਲੀ ਦਰਾਂ ਕੇਂਦਰ ਅਤੇ ਰਾਜਾਂ ਦੋਵਾਂ ਦੀ ਮਨਜ਼ੂਰੀ ਨਾਲ ਤੈਅ ਹੁੰਦੀਆਂ ਹਨ। ਆਉਣ ਵਾਲੇ ਦਿਨਾਂ 'ਚ ਕੇਂਦਰ ਦਾ ਦਖਲ ਅਤੇ ਜਕੜ ਵਧਾਉਣ ਵਾਲੀਆਂ ਅਜਿਹੀਆਂ ਹੋਰ ਧੱਕੇਸ਼ਾਹੀਆਂ ਨੂੰ ਅੰਜਾਮ ਦਿੱਤੇ ਜਾਣ ਦੀ ਪੂਰੀ ਸੰਭਾਵਨਾ ਹੈ। ਇਸ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ ਕਿ ਕੇਂਦਰ ਸਰਕਾਰ ਨੇ ਕੇਂਦਰੀਕਰਨ ਨੂੰ ਵਧਾਉਣ ਲਈ ਹੋਰ ਵੀ ਕਈ ਫੈਸਲੇ ਚੋਰੀ ਚੋਰੀ ਲਏ ਹੋ ਸਕਦੇ ਹਨ। ਕਿਉਂਕਿ ਆਰ.ਐਸ.ਐਸ.-ਭਾਜਪਾ ਭਾਰਤ ਦੇ ਉਸ ਰਸਮੀਂ ਢਾਂਚੇ ਨੂੰ ਵੀ ਤਹਿਸ-ਨਹਿਸ ਕਰ ਦੇਣਾ ਚਾਹੁੰਦੀ ਹੈ ਜਿਸ ਨੂੰ ਫੈਡਰਲ ਢਾਂਚਾ ਮੰਨਿਆ ਜਾਂਦਾ ਹੈ ਪਰ ਜੋ ਸਹੀ ਮਾਇਨਿਆਂ 'ਚ ਫੈਡਰਲ ਕਦੇ ਵੀ ਨਹੀਂ ਰਿਹਾ।

***ਆਰ.ਐਸ.ਐਸ.-ਭਾਜਪਾ ਦੇ ਫਾਸ਼ੀਵਾਦੀ ਕੇਂਦਰੀਕਰਨ ਨੂੰ ਠੱਲ੍ਹ ਪਾਉਣੀ ਜ਼ਰੂਰੀ ਹੈ। ਕਥਿਤ ਫੈਡਰਲ ਢਾਂਚਾ ਪਹਿਲਾਂ ਹੀ ਐਨਾ ਕੇਂਦਰੀਕ੍ਰਿਤ ਹੈ ਜਿਸ ਤਹਿਤ ਰਾਜ ਪੂਰੀ ਤਰ੍ਹਾਂ ਕੇਂਦਰੀ ਹੁਕਮਰਾਨਾਂ ਦੇ ਰਹਿਮੋ-ਕਰਮ 'ਤੇ ਹਨ। ਭਾਰਤ ਇਕ ਰਾਸ਼ਟਰ ਨਹੀਂ ਹੈ ਸਗੋਂ ਬਹੁ-ਕੌਮੀਅਤ ਮੁਲਕ ਹੈ। ਨਸਲੀ-ਸਭਿਆਚਾਰਕ ਅਤੇ ਕੌਮੀ ਵੰਨ-ਸਵੰਨਤਾ ਸੱਚੇ ਫੈਡਰਲ ਢਾਂਚੇ ਦੀ ਮੰਗ ਕਰਦੀ ਹੈ। ਭਾਰਤ ਦਾ ਕਥਿਤ ਫੈਡਰਲ ਢਾਂਚਾ ਕੌਮੀਅਤਾਂ ਦੇ ਸਵੈ-ਨਿਰਣੇ ਦੇ ਜਮਹੂਰੀ ਹੱਕ ਦੇ ਆਧਾਰ 'ਤੇ ਨਹੀਂ ਬਣਾਇਆ ਗਿਆ ਸਗੋਂ ਇਹ ਐਸਾ ਨਾਮਨਿਹਾਦ ਸੰਘੀ ਢਾਂਚਾ ਹੈ ਜੋ ਕੇਂਦਰੀ ਹੁਕਮਰਾਨ ਜਮਾਤ ਵੱਲੋਂ ਕੌਮੀਅਤਾਂ ਦੀਆਂ ਜਮਹੂਰੀ ਰੀਝਾਂ ਨੂੰ ਦਰੜ ਕੇ ਮਨਮਰਜ਼ੀ ਨਾਲ ਬਣਾਇਆ ਗਿਆ ਸੀ।***


ਆਰ.ਐਸ.ਐਸ.-ਭਾਜਪਾ ਦੇ ਫਾਸ਼ੀਵਾਦੀ ਕੇਂਦਰੀਕਰਨ ਨੂੰ ਠੱਲ੍ਹ ਪਾਉਣੀ ਜ਼ਰੂਰੀ ਹੈ। ਕਥਿਤ ਫੈਡਰਲ ਢਾਂਚਾ ਪਹਿਲਾਂ ਹੀ ਐਨਾ ਕੇਂਦਰੀਕ੍ਰਿਤ ਹੈ ਜਿਸ ਤਹਿਤ ਰਾਜ ਪੂਰੀ ਤਰ੍ਹਾਂ ਕੇਂਦਰੀ ਹੁਕਮਰਾਨਾਂ ਦੇ ਰਹਿਮੋ-ਕਰਮ 'ਤੇ ਹਨ। ਭਾਰਤ ਇਕ ਰਾਸ਼ਟਰ ਨਹੀਂ ਹੈ ਸਗੋਂ ਬਹੁ-ਕੌਮੀਅਤ ਮੁਲਕ ਹੈ। ਨਸਲੀ-ਸਭਿਆਚਾਰਕ ਅਤੇ ਕੌਮੀ ਵੰਨ-ਸਵੰਨਤਾ ਸੱਚੇ ਫੈਡਰਲ ਢਾਂਚੇ ਦੀ ਮੰਗ ਕਰਦੀ ਹੈ। ਭਾਰਤ ਦਾ ਕਥਿਤ ਫੈਡਰਲ ਢਾਂਚਾ ਕੌਮੀਅਤਾਂ ਦੇ ਸਵੈ-ਨਿਰਣੇ ਦੇ ਜਮਹੂਰੀ ਹੱਕ ਦੇ ਆਧਾਰ 'ਤੇ ਨਹੀਂ ਬਣਾਇਆ ਗਿਆ ਸਗੋਂ ਇਹ ਐਸਾ ਨਾਮਨਿਹਾਦ ਸੰਘੀ ਢਾਂਚਾ ਹੈ ਜੋ ਕੇਂਦਰੀ ਹੁਕਮਰਾਨ ਜਮਾਤ ਵੱਲੋਂ ਭਾਰਤੀ ਵੱਡੀ ਸਰਮਾਏਦਾਰੀ ਦੀ ਪੂਰੇ ਮੁਲਕ ਦੀ ਸਾਲਮ ਮੰਡੀ ਨੂੰ ਕੰਟਰੋਲ ਕਰਨ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਅਤੇ ਕੌਮੀਅਤਾਂ ਦੀਆਂ ਜਮਹੂਰੀ ਰੀਝਾਂ ਨੂੰ ਦਰੜ ਕੇ ਮਨਮਰਜ਼ੀ ਨਾਲ ਬਣਾਇਆ ਗਿਆ ਸੀ। ਇਸ ਸੰਵਿਧਾਨਕ ਵਿਵਸਥਾ 'ਚ ਨਾ ਕੌਮੀਅਤਾਂ ਦੀ ਖੁਦਮੁਖਤਾਰ ਹੈਸੀਅਤ ਹੈ ਅਤੇ ਨਾ ਉਨ੍ਹਾਂ ਦੀ ਕੋਈ ਪੁੱਗਤ ਹੈ। ਆਰ.ਐਸ.-ਐਸ.-ਭਾਜਪਾ ਦਾ ਹਿੰਦੂ ਰਾਸ਼ਟਰਵਾਦੀ ਏਜੰਡਾ ਇਸ ਤੋਂ ਵੀ ਅੱਗੇ ਜਾ ਕੇ ਵੱਧ ਤੋਂ ਵੱਧ ਕੇਂਦਰੀਕਰਨ ਦਾ ਹੈ ਜੋ ਭਾਰਤ ਦੀ ਇਜਾਰੇਦਾਰੀ ਕਾਰਪੋਰੇਟ ਸਰਮਾਏਦਾਰੀ ਦੀਆਂ ਇਕਹਿਰੀ ਮੰਡੀ ਦੀਆਂ ਲਾਲਸਾਵਾਂ ਲਈ ਸਭ ਤੋਂ ਵੱਧ ਢੁਕਵਾਂ ਹੈ।

ਸੱਤਰਵਿਆਂ ਦੇ ਅਖੀਰ 'ਚ ਅਤੇ ਅੱਸੀਵਿਆਂ ਦੇ ਦਹਾਕੇ ਦੇ ਸ਼ੁਰੂ 'ਚ ਭਾਰਤ ਅੰਦਰ ਕੌਮੀਅਤਾਂ ਦੇ ਸੰਘਰਸ਼ ਮੁੜ ਉੱਠੇ। ਕੁਝ ਸੰਘਰਸ਼ ਵੱਖਰੇ ਕੌਮੀਅਤ ਰਾਜ ਬਣਾਏ ਜਾਣ ਲਈ ਸਨ। ਕੁਝ ਦੀ ਮੁੱਖ ਮੰਗ ਰਾਜਾਂ ਦੀ ਖੁਦਮੁਖਤਾਰੀ ਦੀ ਅਤੇ ਰਾਜਾਂ ਦੇ ਅੰਦਰ ਖੇਤਰੀ ਖੁਦਮੁਖਤਾਰੀ ਦੀ ਸੀ। ਜਿਨ੍ਹਾਂ ਕੌਮੀਅਤਾਂ ਦਾ ਉਨ੍ਹਾਂ ਦੀ ਇੱਛਾ ਵਿਰੁੱਧ ਭਾਰਤ ਨਾਲ ਸਿਰ-ਨਰੜ ਕੀਤਾ ਗਿਆ ਸੀ (ਜਿਵੇਂ ਮਿਜ਼ੋ, ਨਾਗਾ, ਮਨੀਪੁਰੀ ਅਤੇ ਕਸ਼ਮੀਰੀ) ਉਨ੍ਹਾਂ ਵੱਲੋਂ ਸਵੈ-ਨਿਰਣੇ ਦਾ ਹੱਕ ਲੈਣ ਅਤੇ ਭਾਰਤ ਤੋਂ ਅਲਹਿਦਾ ਹੋਣ ਲਈ ਪਹਿਲਾਂ ਹੀ ਜੁਝਾਰੂ ਅੰਦੋਲਨ ਕੀਤੇ ਜਾ ਰਹੇ ਸਨ। ਅਕਾਲੀ ਦਲ ਵੱਲੋਂ ਪਾਸ ਕੀਤੇ ਆਨੰਦਪੁਰ ਸਾਹਿਬ ਦੇ ਮਤੇ ਦੀ ਮੁੱਖ ਮੰਗ ਰਾਜਾਂ ਲਈ ਵੱਧ ਅਧਿਕਾਰਾਂ ਦੀ ਮੰਗ ਹੀ ਸੀ। ਉਸ ਨੂੰ ਬਾਅਦ 'ਚ ਖੁਦ ਅਕਾਲੀ ਦਲ ਨੇ ਵੀ ਕਦੇ ਗੰਭੀਰਤਾ ਨਾਲ ਨਹੀਂ ਉਠਾਇਆ ਸਗੋਂ ਸੱਤਾ 'ਚ ਆਉਣ ਲਈ ਇਸ ਨੇ ਅਤਿਅੰਤ ਕੇਂਦਰੀਕਰਨ ਦੇ ਝੰਡਾਬਰਦਾਰ ਜਨ ਸੰਘ/ਭਾਜਪਾ ਨਾਲ ਸਾਂਝ ਪਾਉਣ ਨੂੰ ਪਹਿਲ ਦਿੱਤੀ ਅਤੇ ਸੱਤਾ ਖਾਤਰ ਅਕਾਲੀ ਆਗੂਆਂ ਨੇ ਆਪਣੀ ਮੁੱਖ ਰਾਜਨੀਤਕ ਮੰਗ ਦੀ ਬਲੀ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ।

ਹਿੰਦੂ ਰਾਸ਼ਟਰ ਦੇ ਪ੍ਰੋਜੈਕਟ ਨੂੰ ਸਾਕਾਰ ਕਰਨ ਲਈ ਆਰ.ਐਸ.ਐਸ.-ਭਾਜਪਾ ਵੱਲੋਂ ਰਾਜਾਂ ਦੇ ਅਧਿਕਾਰ ਖੇਤਰ ਉੱਪਰ ਹਮਲਿਆਂ ਨਾਲ ਕੇਂਦਰ-ਰਾਜ ਸੰਬੰਧਾਂ ਅਤੇ ਸੱਚੇ ਫੈਡਰਲ ਢਾਂਚੇ ਦਾ ਸਵਾਲ ਮੁੜ ਉੱਠਣਾ ਸ਼ੁਰੂ ਹੋ ਗਿਆ ਹੈ। ਡੈਮਾਂ ਦੇ ਸਵਾਲ ਉੱਪਰ ਦੱਖਣੀ ਭਾਰਤ ਦੇ ਰਾਜਾਂ ਦਾ ਵਿਰੋਧ ਪਹਿਲਾਂ ਹੀ ਸਾਹਮਣੇ ਆ ਚੁੱਕਾ ਹੈ। ਕਾਂਗਰਸ, ਅਕਾਲੀ ਦਲ ਅਤੇ ਚੋਣ ਵਾਲੀਆਂ ਹੋਰ ਪਾਰਟੀਆਂ ਚੰਡੀਗੜ੍ਹ ਅਤੇ ਪੰਜਾਬ ਦੇ ਹੱਕਾਂ ਦੇ ਮੁੱਦੇ ਉੱਪਰ ਸਿਰਫ ਸਿਆਸਤ ਕਰਨਗੀਆਂ। 'ਆਪ' ਖੁਦ ਸੱਤਾ ਦੇ ਕੇਂਦਰੀਕਰਨ ਦੀ ਹਮਾਇਤੀ ਪਾਰਟੀ ਹੈ। ਇਹ ਕੇਂਦਰੀਕਰਨ ਦਾ ਰਸਮੀਂ ਵਿਰੋਧ ਤਾਂ ਕਰ ਸਕਦੀ ਹੈ ਪਰ ਫੈਸਲਾਕੁਨ ਲੜਾਈ ਨਹੀਂ ਲੜ ਸਕਦੀ। ਪੰਜਾਬ ਦੀਆਂ ਸੱਚੀਆਂ ਹਿਤੈਸ਼ੀ ਤਾਕਤਾਂ ਨੂੰ ਰਾਜਾਂ ਦੇ ਹੱਕਾਂ ਦੀ ਰਾਖੀ ਅਤੇ ਫੈਡਰਲ ਢਾਂਚੇ ਲਈ ਲੰਮੇ ਜਮਹੂਰੀ ਸੰਘਰਸ਼ ਦੀ ਦੂਰਅੰਦੇਸ਼ ਯੋਜਨਾ ਉਲੀਕਣੀ ਚਾਹੀਦੀ ਹੈ। ਸੱਚੇ ਫੈਡਰਲ ਢਾਂਚੇ ਤੋਂ ਬਗੈਰ ਨਾ ਕੌਮੀਅਤਾਂ ਦੀਆਂ ਜਮਹੂਰੀ ਰੀਝਾਂ ਪੂਰੀਆਂ ਹੋ ਸਕਦੀਆਂ ਹਨ, ਨਾ ਰਾਜਾਂ ਦੀ ਆਰਥਕ ਤਰੱਕੀ ਹੋ ਸਕਦੀ ਹੈ ਅਤੇ ਨਾ ਉਨ੍ਹਾਂ ਦਾ ਆਜ਼ਾਦ ਭਾਸ਼ਾਈ-ਸਭਿਆਚਾਰਕ ਵਿਕਾਸ ਸੰਭਵ ਹੈ। ਚੰਡੀਗੜ੍ਹ ਉੱਪਰ ਦਾਅਵੇਦਾਰੀ ਦੀ ਲੜਾਈ ਇਸੇ ਭਵਿੱਖ-ਨਕਸ਼ੇ ਨਾਲ ਲੜੀ ਜਾਣੀ ਚਾਹੀਦੀ ਹੈ।

# ਖੁਸ਼ਆਮਦੀਦ ਕਵਿੱਤਰੀ ਦਵਿੰਦਰ

ਪੰਜਾਬੀ ਕਵਿੱਤਰੀਆਂ ਵਿਚ ਦਵਿੰਦਰ ਗੁਰਾਇਆ ਦਾ ਨਾਂ ਪੰਜਾਬੀ ਕਾਵਿ ਲਈ ਸ਼ੁਭ ਸ਼ਗਨ ਹੈ। ਸੰਸਾਰ ਕਾਵਿ ਦੇ ਅਨੁਰੂਪ ਹੀ ਪੰਜਾਬੀ ਕਾਵਿ ਦਾ ਮੁਹਾਂਦਰਾ ਹਾਲਾਤ ਅਨੁਸਾਰ ਬਦਲ ਰਿਹਾ ਹੈ। ਅਜੋਕੀ ਕਵਿਤਾ ਵਿਚਾਰਧਾਰਾ ਦੀ ਨਿਰੀ ਸਾਪੇਖ ਪੇਸ਼ਕਾਰੀ ਨਹੀਂ ਸਗੋਂ ਅਨੁਭਵ ਦੇ ਵਿਸ਼ਾਲ ਸੰਸਾਰ 'ਚੋਂ ਉਪਜਿਆ ਪ੍ਰਵਾਹ ਹੈ। ਦਵਿੰਦਰ ਅੱਜ ਕੱਲ੍ਹ ਅਮਰੀਕਾ ਵਿਚ ਰਹਿੰਦੀ ਹੈ; ਉਹ ਅਮਰੀਕਾ ਜਿਸ ਲਈ ਵੱਖ-ਵੱਖ ਸੋਚਾਂ, ਵਿਚਾਰਾਂ ਵਾਲੇ ਲੋਕ ਵੱਖ-ਵੱਖ ਵਿਸ਼ੇਸ਼ਣ ਵਰਤਦੇ ਹਨ ਪਰ ਇਕ ਗੱਲ 'ਤੇ ਸਾਰੇ ਇਕਮੱਤ ਹੁੰਦੇ ਹਨ ਕਿ ਉਸ ਦੇਸ਼ ਦੀ ਚਕਾਚੌਂਧ, ਵਿਕਾਸ ਅਤੇ ਸਭਿਆਚਾਰਕ ਦਿਖ ਨੇ ਅਤੇ ਉਸ ਦੇ ਸੰਸਾਰ ਰਾਜਨੀਤੀ ਵਿਚ ਦਬਦਬੇ ਵਾਲੇ ਰੋਲ ਨੇ ਉਥੇ ਪੁੱਜੇ ਪਰਵਾਸੀਆਂ ਦੀਆਂ ਅੰਦਰਲੀਆਂ ਬਿਰਤੀਆਂ ਅਤੇ ਜਜ਼ਬਾਤ ਨੂੰ ਜਾਂ ਤਾਂ



**ਡਾ. ਸੁਰਿੰਦਰ ਸ਼ਾਂਤ**

**ਪੁਸਤਕ ਸਮੀਖਿਆ**


ਮਧੋਲ ਸੁੱਟਿਆ ਹੈ ਜਾਂ ਵੱਖਰਾ ਮੁਹਾਣ ਮੋੜ ਦਿੱਤਾ ਹੈ। ਉਹ ਐਸਾ ਸਮੁੰਦਰ ਹੈ ਜਿਥੇ ਦੇਰ ਸਵੇਰ ਹਰ ਪਰਵਾਸੀ ਉਥੋਂ ਦਾ ਵਾਸੀ ਬਣਦਾ ਆਪਣੀ ਹੋਂਦ ਨੂੰ ਪੂਰੀ ਤਰ੍ਹਾਂ ਗਵਾ ਬੈਠਦਾ ਹੈ ਪਰ ਕੁਝ ਸਿਰੜੀ ਅਤੇ ਸੁਹਿਰਦ ਲੋਕ ਆਪਣੀ ਸੋਚ ਅਤੇ ਮੁਹਾਵਰੇ ਨੂੰ ਨਾ ਤਾਂ ਖੁੰਢਾ ਹੋਣ ਦਿੰਦੇ ਹਨ ਤੇ ਨਾ ਹੀ ਕਿਸੇ ਵਿਗਾੜ ਦਾ ਸ਼ਿਕਾਰ ਹੋਣ ਦਿੰਦੇ ਹਨ। ਕੁਝ ਕਵੀ/ਲੇਖਕ ਰੁਦਨ ਤੱਕ ਸੀਮਤ ਰਹਿੰਦੇ ਹਨ ਤੇ ਆਪਣੀ ਮਿੱਟੀ ਦੇ ਮੋਹ ਨੂੰ ਯਾਦ ਕਰਦੇ ਹਨ। ਕੋਈ ਵਿਰਲਾ-ਟਾਵਾਂ ਪੂਰੇ ਜਲੌਅ ਵਿਚ ਰਹਿੰਦਾ ਹੋਇਆ ਸੰਘਰਸ਼ਸ਼ੀਲ ਰਹਿੰਦਾ ਹੈ। ਐਸਾ ਲੇਖਕ ਪਰਵਾਸੀ ਲੇਖਕਾਂ ਦੀ ਨਿੱਕੀ ਜਿਹੀ ਕਤਾਰ ਜਾਂ ਤੰਗ ਜਿਹੇ ਖਾਨੇ ਵਿਚ ਨਹੀਂ ਪੈਂਦਾ ਸਗੋਂ ਮੁੱਖ ਧਾਰਾਈ ਕਾਵਿ-ਪ੍ਰਵਾਹ ਦਾ ਅੰਗ ਬਣਿਆ ਰਹਿੰਦਾ ਹੈ। ਦਵਿੰਦਰ ਐਸੇ ਹੀ ਲੇਖਕਾਂ 'ਚੋਂ ਇਕ ਹੈ ਜਿਹੜੀ ਅਮਰੀਕਾ ਜਾ ਕੇ ਪੰਜਾਬੀ ਸਰੋਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਜਿਉਂ ਦੀ ਤਿਉਂ ਪਛਾਣਦੀ ਹੈ ਅਤੇ ਕਾਵਿ ਅਨੁਭਵ ਵਿਚ ਲਿਆਉਣ ਦਾ ਯਤਨ ਕਰ ਰਹੀ ਹੈ।

ਕੱਚੇ ਕੋਠੇ ਵਿਚਲੀਆਂ ਵਧੇਰੇ ਕਵਿਤਾਵਾਂ ਕਵਿੱਤਰੀ ਦੇ ਆਪਣੇ ਅਨੁਭਵ ਦਾ ਸਹਿਜ ਪ੍ਰਗਟਾਵਾ ਹਨ। ਇਸ ਪੁਸਤਕ ਦੀ ਪਹਿਲੀ ਕਵਿਤਾ ਮਾਸਟਰ ਪੀਸ ਕਵਿਤਾ ਕਹੀ ਜਾ ਸਕਦੀ ਹੈ। ਔਰਤ ਦਾ ਸਮਾਜਕ ਰੁਤਬਾ ਕੀ ਹੈ? ਪਰਿਵਾਰ ਵਿਚ ਉਸ ਦਾ ਸਥਾਨ ਕੀ ਹੈ? ਉਸ ਤੋਂ ਬਗੈਰ ਕਿਵੇਂ ਸਾਰਾ ਸਮਾਜਕ ਤਾਣਾ-ਬਾਣਾ ਬਿਖਰ ਜਾਂਦਾ ਹੈ? ਕਿਵੇਂ ਘਰ ਖੋਲਾ ਹੋ ਜਾਂਦਾ ਹੈ ਉਸ ਦੇ ਬਗੈਰ। ਇਹ ਕਵਿਤਾ ਦਵਿੰਦਰ ਦੇ ਅੰਤਹਕਰਨ ਦਾ ਸ਼ਾਬਦਿਕ ਪ੍ਰਗਟਾਵਾ ਹੈ ਜੋ ਕਵੀ-ਮਨ ਦੀ ਆਵਾਜ਼ ਨਾ ਰਹਿ ਕੇ ਸਮੂਹ ਲੋਕ-ਮਨ ਦੀ ਆਵਾਜ਼ ਹੋ ਨਿੱਬੜਿਆ ਹੈ:

ਮੈਂ ਕੱਚੇ ਕੋਠੇ ਦੀ ਛੱਤ ਹਾਂ
ਹਰ ਮੌਸਮ ਹੰਢਾਇਆ ਮੈਂ
ਕਦੀ ਧੁੱਪਾਂ ਨੇ ਉਖੇੜਿਆ
ਕਦੀ ਬੁਛਾੜਾਂ ਨੇ ਰੋੜ੍ਹਿਆ
ਪਰ ਮੇਰੀ ਹੋਂਦ ਨਾ ਮਰੀ
ਮੈਂ ਡਿੱਗੀ ਟੁੱਟੀ ਤੇ ਖਿੰਡੀ
ਮੁੜ ਛੱਤ ਬਣ ਗਈ
ਮੈਂ ਕੱਚੇ ਕੋਠੇ ਦੀ ਛੱਤ ਹਾਂ।

ਇਹ ਨਾਰੀਤਵ ਦੀ ਮਹਾਨਤਾ ਅਤੇ ਉਸ ਦੀ ਸਦੀਵੀ ਮੌਲਿਕਤਾ ਵੱਲ ਵੀ ਸੰਕੇਤ ਕਰਦੀ ਹੈ। ਐਸੀਆਂ ਹੋਰ ਵੀ ਬਹੁਤ ਸਾਰੀਆਂ ਕਵਿਤਾਵਾਂ ਹਨ ਜੋ ਨਾਰੀ ਨਾਲ ਜੁੜੇ ਸਰੋਕਾਰਾਂ ਦੀ ਤਰਜਮਾਨੀ ਕਰਦੀਆਂ ਹਨ। ਵੇਸਵਾ ਐਸੀ ਹੀ ਕਵਿਤਾ ਹੈ ਜਿਹੜੀ ਔਰਤ ਦੀ ਮਜਬੂਰੀ ਤੇ ਬੇਵਸੀ ਨੂੰ ਪ੍ਰਗਟ ਕਰਦੀ ਹੈ, ਉਸ ਦੀ ਨਿਰਾਸਤਾ ਤੇ ਮਾਯੂਸੀ ਨੂੰ ਪੇਸ਼ ਕਰਦੀ ਹੈ ਪਰ ਨਾਲ ਹੀ ਮਰਦ ਉਸ ਦੀ ਚੁੱਪ ਅਤੇ ਖਾਮੋਸ਼ੀ ਨੂੰ ਜ਼ਿੱਲਤ ਵਿਚ ਬਦਲ ਕੇ ਉਸ ਨੂੰ ਅਤਿ ਨੀਵਾਣਾ ਵੱਲ ਧੱਕਦਾ ਦੱਸਿਆ ਹੈ। ਆਪ ਵਿਚ ਉਹ ਸੁੱਚੇ ਦਾ ਸੁੱਚਾ ਰਹਿੰਦਾ ਹੈ। 'ਐ ਮਨੁੱਖ' ਵੀ ਐਸੀ ਹੀ ਕਵਿਤਾ ਹੈ ਜਿਸ ਵਿਚ ਸਮਾਜਕ ਮਰਯਾਦਾ ਲੰਘ ਕੇ ਮਰਦ ਸਾਰੇ ਰਿਸ਼ਤੇ ਤਹਿਸ-ਨਹਿਸ ਕਰ ਦਿੰਦਾ ਹੈ। ਧੀ, ਭੈਣ, ਮਾਂ ਦੇ ਰਿਸ਼ਤੇ ਉਸ ਲਈ ਅਰਥਹੀਣ ਹੋ ਜਾਂਦੇ ਹਨ। 'ਮੇਰੀ ਕਥਾ' ਕਵਿਤਾ ਵਿਚ ਦਵਿੰਦਰ ਨੇ 'ਮੈਂ' ਨੂੰ ਸੰਬੋਧਨ ਹੁੰਦਿਆਂ ਇਸਤਰੀਤਵ ਦੇ ਧੁਰ ਅੰਦਰ ਦੀ ਝਾਤ ਪਾਈ ਹੈ।

ਕਵਿਤਰੀ ਅਮਰੀਕਾ ਰਹਿੰਦਿਆਂ ਵੀ ਪਿੰਡ




ਦੀਆਂ ਯਾਦਾਂ ਨੂੰ ਉਂਜ ਹੀ ਆਪਣੇ ਸੀਨੇ ਵਿਚ ਸਮੋਈ ਬੈਠੀ ਹੈ। ਉਹ ਉਨ੍ਹਾਂ ਪਲਾਂ ਛਿਣਾਂ ਨੂੰ ਕਵਿਤਾ ਰਾਹੀਂ ਫੜਨ ਦਾ ਯਤਨ ਕਰਦੀ ਹੈ ਜਿਹੜੇ ਉਸ ਨੇ ਆਪਣੇ ਪਿੰਡ ਦੀਆਂ ਜੂਹਾਂ ਵਿਚ ਗੁਜ਼ਾਰੇ। 'ਪਿੰਡ ਛੱਡ ਆਏ', 'ਬਾਪ ਸਾਡੇ ਕਰਮ ਜੋ ਲਿਖੇ', 'ਮਿੱਟੀਏ ਨੀ ਮੁਆਫ ਕਰੀਂ', 'ਉਹ ਦਿਨ ਕਿਥੇ ਗਏ' ਆਦਿ ਕਈ ਕਵਿਤਾਵਾਂ ਐਸੇ ਹੀ ਅਹਿਸਾਸ ਨੂੰ ਮੂਰਤੀਮਾਨ ਕਰਦੀਆਂ ਹਨ। ਇਨ੍ਹਾਂ ਵਿਚ ਆਰਥਕ ਤੇ ਸਮਾਜਕ ਸੰਘਰਸ਼ ਕਰਦਿਆਂ ਪਿਛਲਝਾਤ ਰਾਹੀਂ ਅਤੀਤ ਨੂੰ ਵਧੀਆ ਢੰਗ ਰਾਹੀਂ ਚਿਤ੍ਰਤ ਕੀਤਾ ਗਿਆ ਹੈ। ਪਰਾਏ ਦੇਸ਼ ਵਿਚ ਰਹਿੰਦਿਆਂ ਪਰਾਏਪਨ ਦਾ ਅਹਿਸਾਸ ਸਦਾ ਹੀ ਸਤਾਉਂਦਾ ਹੈ। ਨਾਲ ਹੀ ਆਪਣੀ ਮਿੱਟੀ ਵਿਚੋਂ ਪੁੱਟੇ ਜਾਣ ਦੀ ਪੀੜਾ ਵੀ ਅੰਤਰਮਨ ਨੂੰ ਹਲੂਣਦੀ ਹੈ ਤੇ ਪੀੜਤ ਕਰਦੀ ਹੈ। ਕਵਿੱਤਰੀ ਆਪਣੇ ਤੇ ਪਰਾਏ ਦੇਸ਼ ਦੀ ਫਿਜ਼ਾ, ਵਿਤਕਰੇ, ਵਿਕਾਰ, ਧਾਰਮਿਕ ਵਖਰੇਵੇਂ ਤੇ ਸ਼ੋਸ਼ਣ ਦੇ ਵੱਖ-ਵੱਖ ਤਰੀਕਿਆਂ ਨੂੰ ਪੇਸ਼ ਕਰਦਿਆਂ ਬੜਾ ਕਾਵਿਮਈ ਮਾਹੌਲ ਸਿਰਜਦੀ ਹੈ। ਉਸ ਦੀਆਂ ਇਹ ਕਵਿਤਾਵਾਂ ਪਰਵਾਸ ਦੇ ਦਰਦ ਦਾ ਸ਼ੀਸ਼ਾਨੁਮਾ ਪ੍ਰਗਟਾਵਾ ਹੈ। ਉਸ ਦੇ ਕੁਝ ਗੀਤ ਵੀ ਬੜੇ ਪਿਆਰੇ ਹਨ ਜਿਨ੍ਹਾਂ ਵਿਚ ਲੈਅ ਹੈ, ਰਸ ਹੈ, ਸੰਗੀਤ ਹੈ ਤੇ ਵਿਚਾਰਾਂ ਦੀ ਸੁੰਦਰ ਪੇਸ਼ਕਾਰੀ ਹੈ। ਇਨ੍ਹਾਂ ਵਿਚ ਭਾਵੁਕਤਾ ਹੈ ਪਰ ਚੇਤਨਾ ਵੀ ਬਰਾਬਰ ਨਾਲ ਤੁਰਦੀ ਹੈ। ਉਸ ਨੇ ਕਵਿਤਾ ਵਿਚਲੇ ਬਿੰਬ ਤੇ ਪ੍ਰਤੀਕ ਨਿਰੋਲ ਪੇਂਡੂ ਰਹਿਤਲ 'ਚੋਂ ਸਿਰਜੇ ਹਨ:

ਅਜੇ ਤਾਂ ਛੱਜ ਛੋਪਿਆਂ ਦਾ ਭਰਿਆ
ਇਕ ਵੀ ਪੂਣੀ ਕੱਤੀ ਨਾ
ਅਜੇ ਤਾਂ ਤੱਕਲਾ ਵਿੰਗਾ-ਟੇਢਾ
ਮਾਲ੍ਹ ਚਰਖੇ ਦੀ ਵੱਟੀ ਨਾ
ਅਜੇ ਮੁੰਨਾ ਠੁਕਵਾਉਣ ਲਈ
ਤਰਖਾਣਾਂ ਦੇ ਘਰ ਜਾਣਾ
ਅਜੇ ਚਰਮਖਾਂ ਬੁਣਨ ਲਈ
ਬੇਲੇ ਤੋਂ ਕਾਹੀ ਮੰਗਵਾਣੀ

ਕਲਾਤਮਿਕਤਾ ਕਵਿਤਰੀ ਦਾ ਸੁੰਦਰ ਗੁਣ ਹੈ ਜਿਹੜਾ ਉਸ ਦੀਆਂ ਕਵਿਤਾਵਾਂ ਨੂੰ ਹੋਰ ਸ਼ਿੱਦਤ ਨਾਲ ਪੜ੍ਹਨ ਲਈ ਮਜਬੂਰ ਕਰਦਾ ਹੈ। ਉਸ ਦੇ ਗੀਤ ਚੀਰੇ ਵਾਲਾ, ਇਕ ਕੁੜੀ, ਮੈਂ ਕੰਮੀਆਂ ਦੀ ਲਗਰ, ਜਾਣ ਵਾਲੇ ਦੀ ਯਾਦ ਵਿਚ, ਲਾ ਲੈ ਚੁੰਨੀ ਨੂੰ ਕਿਨਾਰੀ ਆਦਿ ਧਿਆਨ ਖਿੱਚਦੇ ਹਨ।

ਵਿਦੇਸ਼ ਜਾ ਕੇ ਵਧੀਆ ਵਸੇਬੇ ਲਈ ਯਤਨਸ਼ੀਲ ਪੰਜਾਬੀਆਂ ਜਾਂ ਹੋਰ ਕੌਮਾਂ ਦੇ ਲੋਕਾਂ ਲਈ ਆਰਥਕ ਸੰਘਰਸ਼ ਕਿਸੇ ਜੰਗ ਤੋਂ ਘੱਟ ਨਹੀਂ ਜਿਹੜੀ ਦਵਿੰਦਰ ਨੂੰ ਵੀ ਲੜਨੀ ਪਈ। ਇਹ ਜੰਗ ਕੇਵਲ ਅਮਰੀਕਾ ਵਿਚ ਹੀ ਨਹੀਂ ਲੜੀ ਜਾ ਰਹੀ ਸਗੋਂ ਸਾਰੇ ਦੇਸ਼ਾਂ ਵਿਚ ਥੁੜ੍ਹਾਂ ਮਾਰੇ ਲੋਕ ਆਪਣੀ ਹੋਂਦ ਬਚਾਉਣ ਲਈ ਲੜ ਰਹੇ ਹਨ ਪਰ ਆਪਣੀ ਮਿੱਟੀ ਤੋਂ ਆਪਣੇ ਆਪ ਨੂੰ ਪੁੱਟ ਕੇ ਕਿਸੇ ਬੇਗਾਨੀ ਮਿੱਟੀ ਵਿਚ ਜੜ੍ਹਾਂ ਮਜ਼ਬੂਤੀ ਨਾਲ ਲਾਉਣੀਆਂ ਸੌਖਾ ਕਾਰਜ ਨਹੀਂ। ਕਵਿੱਤਰੀ ਨੇ ਐਸੀਆਂ ਕਈ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ ਹੈ ਜੋ ਵਖਰੇਵਿਆਂ, ਵਿਤਕਰਿਆਂ ਅਤੇ ਦਿਖਾਵਿਆਂ ਵਾਲੇ ਇਸ ਦੇਸ਼ ਵਿਚ ਹਰ ਵਿਦੇਸ਼ੀ ਬਸ਼ਿੰਦੇ ਨੂੰ ਜਦੋਜਹਿਦ ਕਰਨੀ ਪੈਂਦੀ ਹੈ। ਇਨ੍ਹਾਂ ਦੇਸ਼ਾਂ ਵਿਚ ਜਾ ਕੇ ਬਜ਼ੁਰਗਾਂ ਦੀ ਜੋ ਬਦਤਰ ਹਾਲਤ ਹੈ, ਉਸ ਦਾ ਬੜਾ ਯਥਾਰਥਕ ਤੇ ਮਾਰਮਿਕ ਚਿਤਰਨ ਦਵਿੰਦਰ ਨੇ ਕੀਤਾ ਹੈ:

ਪਤਾ ਲੱਗਾ ਹੀ ਨਹੀਂ ਕਦ ਉਮਰ ਢਲ ਗਈ
ਰੱਬਾ! ਇਹ ਕੀ ਕਹਿਰ ਕਮਾ ਦਿੱਤਾ
ਕੱਢ ਕੇ ਮਾਸਟਰ ਬੈੱਡ ਰੂਮ 'ਚੋਂ ਸੋਫੇ ਵਾਂਗੂ
'ਬਾਪੂ' ਬੇਸਮੈਂਟ ਵਿਚ ਟਿਕਾ ਦਿੱਤਾ
ਇਥੇ ਵੰਡਣ ਨੂੰ ਕਰਜ਼ੇ ਤੋਂ ਬਿਨਾਂ ਕੁਝ ਨਹੀਂ
ਪਰ ਵੰਡਣ ਦੀ ਰੀਤ ਨੂੰ ਕਾਇਮ ਰੱਖਿਆ
ਮਾਂ ਰਹੀ ਏ ਬੱਚੇ ਖਿਡਾਉਣ ਜੋਗੀ
ਸਬਜ਼ੀ ਲਿਆਉਣ ਲਈ ਪੁੱਤਾਂ ਨੇ ਪਿਉ ਰੱਖਿਆ।

ਰਿਸ਼ਤਿਆਂ ਦੀ ਟੁੱਟ-ਭੱਜ, ਨੈਤਿਕਤਾ ਵਿਚ ਪੈ ਰਹੀਆਂ ਤਰੇੜਾਂ, ਸਫੈਦ ਹੋ ਰਿਹਾ ਖੂਨ, ਪੈਸੇ ਲਈ ਅੰਨ੍ਹੀ ਦੌੜ, ਆਪਣੀ ਹਉਂ ਨੂੰ ਪੱਠੇ ਪਾਉਣ ਦੀ ਕਰੁਚੀ, ਤਿੜਕਦਾ ਆਪਾ ਅਤੇ ਧਿੰਗੋਜ਼ੋਰੀ ਦਾ ਤੰਤਰ ਹਰ ਥਾਂ ਪੈਰ ਪਸਾਰ ਰਿਹਾ ਹੈ। ਕਵਿੱਤਰੀ ਨੇ ਇਨ੍ਹਾਂ ਸਾਰੇ ਵਿਸ਼ਿਆਂ ਨੂੰ ਫੜ ਕੇ ਕਵਿਤਾ ਵਿਚ ਢਾਲਣ ਦਾ ਯਤਨ ਕੀਤਾ ਹੈ:

ਧੀਆਂ ਭੈਣਾਂ ਬਣ ਗਈਆਂ
ਲੇਬਲ ਬਾਜ਼ਾਰ ਦਾ
ਆਉ! ਨੰਗੇ ਜਿਸਮਾਂ ਨੂੰ
ਪਾ ਕੇ ਕਫਨ ਢਕ ਦੇਈਏ।

ਇਸ ਸ਼ਹਿਰ ਨੂੰ ਪਾਵੋ ਲਾਅਨਤਾਂ
ਫਿਟਕਾਰੋ ਵੇ ਕੋਈ
ਇਸ ਦੀ ਹੋਂਦ ਵਿਚ
ਸਤਿਅਮ ਦਾ ਸੰਸਕਾਰ ਕਿਉਂ ਨਹੀਂ।

ਦਵਿੰਦਰ ਦੀਆਂ ਕਵਿਤਾਵਾਂ ਸ਼ਹਿਰ, ਦਹਿਸ਼ਤ, ਰਿਸ਼ਤਿਆਂ ਦਾ ਨਿੱਘ, ਔਰਤ, ਧੀਆਂ, ਮੇਰੀ ਕਥਾ, ਮੰਡੀਕਰਨ ਆਦਿ ਵਿਚ ਇਨ੍ਹਾਂ ਵਿਚਾਰਾਂ ਦੀ ਸੁੰਦਰ ਪੇਸ਼ਕਾਰੀ ਹੈ।

ਦਵਿੰਦਰ ਕੋਲ ਕਵਿਤਾ ਕਹਿਣ ਦੀ ਜੁਗਤ ਹੈ। ਉਸ ਕੋਲ ਸਮਝਦਾਰੀ ਹੈ ਤੇ ਕਵਿਤਾ ਛਪਵਾਉਣ ਲਈ ਡਾਲਰ ਵੀ। ਆਉਣ ਵਾਲੇ ਸਮੇਂ ਵਿਚ ਉਸ ਕੋਲੋਂ ਹੋਰ ਵਧੀਆ ਪੁਸਤਕਾਂ ਦੀ ਆਸ ਕਰਦਾ ਹਾਂ। ਇਸ ਪੁਸਤਕ ਲਈ ਉਸ ਨੂੰ ਢੇਰ ਸਾਰੀਆਂ ਵਧਾਈਆਂ।

# ਪੰਜਾਬੀ ਖੇਡ ਸਾਹਿਤ ਦੀ ਨਵੀਂ ਪੁਸਤਕ 'ਖੇਡ ਸਾਹਿਤ ਦੇ ਮੋਤੀ'

**ਪੰਜਾਬੀ ਖੇਡ ਸਾਹਿਤ**




**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਪ੍ਰਿੰ. ਸਰਵਣ ਸਿੰਘ ਦੀ ਇਹ ਪੁਸਤਕ 'ਪੰਜਾਬੀ ਖੇਡ ਸਾਹਿਤ' ਲੜੀ ਦਾ ਤੀਜਾ ਭਾਗ ਹੈ। ਪਹਿਲੇ ਭਾਗ ਦਾ ਨਾਂ 'ਸ਼ਬਦਾਂ ਦੇ ਖਿਡਾਰੀ' ਸੀ, ਦੂਜੇ ਦਾ 'ਖੇਡ ਸਾਹਿਤ ਦੀਆਂ ਬਾਤਾਂ'। ਪਹਿਲੇ ਭਾਗ ਵਿਚ 24 ਖੇਡ ਲੇਖਕਾਂ ਤੇ ਉਨ੍ਹਾਂ ਦੀਆਂ ਲਿਖਤਾਂ ਦਾ ਜ਼ਿਕਰ ਸੀ, ਦੂਜੇ ਵਿਚ 28 ਲੇਖਕਾਂ ਦਾ। ਇਸ ਭਾਗ ਵਿਚ 24 ਲੇਖਕਾਂ ਤੇ ਉਨ੍ਹਾਂ ਦੀਆਂ ਖੇਡ ਲਿਖਤਾਂ ਦਾ ਵੇਰਵਾ ਹੈ। ਉਮੀਦ ਹੈ ਚੌਥਾ ਭਾਗ ਵੀ ਛੇਤੀ ਛਪੇਗਾ। ਪੇਸ਼ ਹੈ 'ਖੇਡ ਸਾਹਿਤ ਦੇ ਮੋਤੀਆਂ' ਦੀ ਝਲਕ:

ਓਮ ਪ੍ਰਕਾਸ਼ ਗਾਸੋ ਨੱਬਿਆਂ ਨੂੰ ਢੁਕਿਆ ਸਰਗਰਮ ਲੇਖਕ ਹੈ। ਸਕੂਲ 'ਚ ਉਹ ਪੀਟੀ ਮਾਸਟਰ ਹੁੰਦਾ ਸੀ ਤੇ ਕਾਲਜ ਵਿਚ ਪੰਜਾਬੀ ਦਾ ਪ੍ਰੋਫ਼ੈਸਰ। ਉਹ ਹਰਫਨਮੌਲਾ ਲੇਖਕ ਹੈ ਜੋ ਖੇਡ ਪੁਸਤਕਾਂ ਦੀਆਂ ਅਨੇਕਾਂ ਭੂਮਿਕਾਵਾਂ ਲਿਖ ਚੁੱਕੈ। ਸਿੱਧੂ ਦਮਦਮੀ ਪੰਜਾਬੀ ਮੀਡੀਆ ਦਾ ਸਿਕੰਦਰ ਹੈ। ਉਹ 'ਪੰਜਾਬੀ ਟ੍ਰਿਬਿਊਨ' ਦਾ ਐਡੀਟਰ ਸੀ ਜਿਸ ਨੇ 'ਸਤਰਾਂ ਤੇ ਸੈਨਤਾਂ' ਕਾਲਮ ਸਣੇ 'ਸਾਹਿਬਾਂ ਦੀ ਦੁਚਿੱਤੀ', 'ਗੁਆਚੀ ਗੱਲ' ਤੇ 'ਖ਼ਬਰ ਖ਼ਤਮ' ਪੁਸਤਕਾਂ ਲਿਖੀਆਂ। ਗੁਰਭਜਨ ਗਿੱਲ ਦਾ ਜੁੱਸਾ ਕਬੱਡੀ ਖਿਡਾਰੀਆਂ ਵਰਗਾ ਸੀ ਪਰ ਹੈ ਉਹ ਸ਼ਬਦਾਂ ਦਾ ਖਿਡਾਰੀ। ਕਲਾਕਾਰਾਂ ਦਾ ਕਲਾਕਾਰ, ਕਵੀਆਂ ਦਾ ਕਵੀ ਤੇ ਮੇਲਿਆਂ ਦਾ ਮੇਲੀ। ਰਹਿੰਦਾ ਲੁਧਿਆਣੇ ਹੈ, ਧਮਕ ਲਾਹੌਰ, ਲੰਡਨ ਤੇ ਲਾਸ ਏਂਜਲਸ ਤਕ ਪੈਂਦੀ ਐ।

ਰਾਜਦੀਪ ਸਿੰਘ ਗਿੱਲ ਨੂੰ ਪੰਜਾਬ ਪੁਲਿਸ ਦੇ ਡੀਜੀਪੀ ਵਜੋਂ ਘੱਟ, ਖਿਡਾਰੀਆਂ ਦੇ ਮਸੀਹੇ ਵਜੋਂ ਵੱਧ ਜਾਣਿਆ ਜਾਂਦਾ ਹੈ। ਉਹ ਸਾਲਾਂਬੱਧੀ ਖੇਡਾਂ ਖਿਡਾਰੀਆਂ ਦਾ ਰਹਿਬਰ ਰਿਹਾ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਖੋਜ ਅਖਾੜੇ ਦਾ ਰੁਸਤਮ ਹੈ। ਪੰਜਾਬੀ ਖੇਡ ਸਾਹਿਤ ਦੀ ਪਹਿਲੀ ਪੀ ਐਚਡੀ ਕਰਨ ਵਾਲੇ ਡਾ. ਸੁਖਦਰਸ਼ਨ ਚਹਿਲ ਦਾ ਉਹ ਮੁੱਢਲਾ ਗਾਈਡ ਸੀ। ਮਾਨ ਮਰਾੜ੍ਹਾਂ ਵਾਲੇ ਦਾ ਗੀਤ 'ਜਿੱਥੇ ਗਏ ਪੰਜਾਬੀ ਲੈ ਗਏ ਨਾਲ ਕਬੱਡੀ ਨੂੰ' ਬੇਹੱਦ ਮਕਬੂਲ ਹੋਇਆ ਜਿਸ ਨੂੰ ਲੱਖਾਂ ਲੋਕਾਂ ਨੇ ਸੁਣਿਆ। ਉਹਦੇ ਲਿਖੇ ਤੇ ਸੁਖਵਿੰਦਰ ਦੇ ਗਾਏ ਗੀਤ ਦਾ ਮੁਖੜਾ ਹੈ:

ਜਿੱਥੇ ਗਏ ਪੰਜਾਬੀ ਲੈ ਗਏ
ਨਾਲ ਕਬੱਡੀ ਨੂੰ,
ਜੁਗਾਂ ਜੁਗਾਂ ਤੋਂ ਕਰਨ ਪੰਜਾਬੀ
ਪਿਆਰ ਕਬੱਡੀ ਨੂੰ...।




ਬ੍ਰਿਗੇਡੀਅਰ ਲਾਭ ਸਿੰਘ ਓਲੰਪੀਅਨ ਸੰਦੌੜ ਦੇ ਟਿੱਬਿਆਂ ਦਾ ਹੀਰਾ ਹਿਰਨ ਹੈ ਜਿਸ ਨੇ ਪਹਿਲੀ ਛਾਲ ਨਾਲ ਹੀ ਪੰਜਾਬ ਸਕੂਲਾਂ ਦਾ ਰਿਕਾਰਡ ਤੋੜ ਦਿੱਤਾ ਸੀ। ਉਸਦੀ ਸਵੈ-ਜੀਵਨੀ ਬੜੀ ਦਿਲਚਸਪ ਹੈ। ਪਿਆਰਾ ਸਿੰਘ ਰਛੀਨ 'ਮੱਲ ਦੀਆਂ ਗੱਲਾਂ' ਵਾਲੇ ਪ੍ਰੋ. ਕਰਮ ਸਿੰਘ ਦਾ ਮੁਰੀਦ ਸੀ। ਉਸਨੂੰ ਕੁਸ਼ਤੀ ਅਖਾੜਿਆਂ ਦਾ ਰੁਸਤਮ ਲੇਖਕ ਕਿਹਾ ਜਾ ਸਕਦੈ। ਸੋਹਣ ਸਿੰਘ ਚੀਮੇ ਨੇ ਸਚਿੱਤਰ ਪੁਸਤਕ 'ਖੇਡ ਮੈਦਾਨ 'ਚ ਅੱਧੀ ਸਦੀ' ਲਿਖੀ ਜਿਸ ਵਿਚ ਕਬੱਡੀ ਦਾ ਅੱਖੀਂ ਡਿੱਠਾ ਇਤਿਹਾਸ ਦਰਜ ਕੀਤਾ। ਕਰਨਲ ਬਲਬੀਰ ਸਿੰਘ ਨੂੰ ਗੋਡੇ ਦੀ ਸੱਟ ਲੈ ਬੈਠੀ, ਨਹੀਂ ਤਾਂ ਇਕ ਦੀ ਥਾਂ ਤਿੰਨ ਓਲੰਪਿਕਸ ਖੇਡਦਾ। ਉਸ ਦੀ ਸਵੈ-ਜੀਵਨੀ 'ਸੰਸਾਰਪੁਰ ਤੋਂ ਲੰਡਨ' ਹੈ। ਅਮਰ 'ਸੂਫ਼ੀ' ਨੇ ਖੇਡਾਂ ਖਿਡਾਰੀਆਂ ਬਾਰੇ ਦੋਹੇ ਤੇ ਬੈਂਤ ਲਿਖੇ ਹਨ। ਕ੍ਰਿਕਟ ਕੋਚ ਰਾਜਿੰਦਰ ਸਿੰਘ ਨੱਬਿਆਂ ਨੂੰ ਢੁਕਿਆ ਖੇਡ ਲੇਖਕ ਹੈ। ਉਸਦੇ ਸੈਂਕੜੇ ਆਰਟੀਕਲ ਛਪੇ ਹਨ ਤੇ ਅੱਧੀ ਦਰਜਨ ਖੇਡ ਪੁਸਤਕਾਂ।

ਸੰਸਾਰਪੁਰ ਦੇ ਜੰਮਪਲ ਪ੍ਰੋ. ਪੋਪਿੰਦਰ ਸਿੰਘ ਕੁਲਾਰ ਦੀ ਪੁਸਤਕ 'ਹਾਕੀ ਦਾ ਘਰ ਸੰਸਾਰਪੁਰ' ਉਹਦੇ ਪੀ ਐਚਡੀ ਦੇ ਖੋਜ ਪ੍ਰਬੰਧ ਉਤੇ ਆਧਾਰਿਤ ਹੈ। ਦੁਨੀਆ ਦਾ ਕੋਈ ਹੋਰ ਪਿੰਡ ਨਹੀਂ ਜਿੱਥੇ 14 ਓਲੰਪੀਅਨ ਖਿਡਾਰੀਆਂ ਦੇ ਘਰ ਇਕੋ ਬੀਹੀ ਵਿਚ ਹੋਣ। ਸਰਕਾਰ ਨੂੰ ਇਹ ਬੀਹੀ 'ਖੇਡ ਵਿਰਾਸਤ' ਵਜੋਂ ਸੰਭਾਲਣੀ ਚਾਹੀਦੀ ਹੈ। ਮਾਹਿਲਪੁਰ ਨੂੰ ਫੁੱਟਬਾਲ ਦਾ ਘਰ ਬਣਾਉਣ ਵਿਚ ਵੱਡਾ ਯੋਗਦਾਨ ਸ੍ਰੀ ਗੁਰੂ ਗੋਬਿੰਦ ਖ਼ਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਹਰਭਜਨ ਸਿੰਘ ਦਾ ਹੈ ਜਿਨ੍ਹਾਂ ਬਾਰੇ ਪ੍ਰੋ. ਅਜੀਤ ਸਿੰਘ ਲੰਗੇਰੀ ਨੇ ਪੁਸਤਕ ਲਿਖੀ। ਇਕਬਾਲ ਸਿੰਘ ਸਰੋਆ ਨੇ ਹਾਕੀ ਦੇ ਪੁਰਾਣੇ ਖਿਡਾਰੀਆਂ ਬਾਰੇ ਪੁਸਤਕ ਲਿਖੀ 'ਹਾਕੀ ਦੇ ਸੁਲਤਾਨ'। ਉਸ ਵਿਚ ਵੀਹ ਓਲੰਪੀਅਨਾਂ ਦੇ ਸ਼ਬਦ ਚਿੱਤਰ ਹਨ। ਕਹਾਣੀਕਾਰ ਗੁਰਮੀਤ ਕੜਿਆਲਵੀ ਖੇਡ ਸ਼ੈਲੀ ਦਾ ਵੀ ਚੈਂਪੀਅਨ ਹੈ। ਸ਼ਬਦਾਂ ਦੇ ਪਾਸ ਤੇ ਵਾਕਾਂ ਦੇ ਪੈਨਲਟੀ ਕਾਰਨਰ ਲਾਉਣ ਦਾ 'ਗੋਲ ਕਿੰਗ'! ਗੁਰਮੀਤ ਪਲਾਹੀ ਹਾਕੀ ਬੱਲੇ ਦਾ ਨਹੀਂ, ਕਲਮ ਦਾ ਖਿਡਾਰੀ ਹੈ। ਸੈਂਕੜੇ ਲੇਖ ਲਿਖੇ ਅਤੇ ਹਜ਼ਾਰਾਂ ਰੁੱਖ ਬੂਟੇ ਲਾਏ ਤੇ ਲੁਆਏ ਹਨ। ਅਮਰੀਕ ਸਿੰਘ ਭਾਗੋ ਵਾਲੀਏ ਨੇ ਸ਼ੌਕ-ਸ਼ੌਕ ਵਿਚ ਘੋੜਿਆਂ ਤੇ ਬਲਦਾਂ ਦੇ ਸ਼ੌਕੀਆਂ ਬਾਰੇ ਚਾਰ ਪੁਸਤਕਾਂ ਛਪਵਾਈਆਂ ਜਿਨ੍ਹਾਂ 'ਚੋਂ 'ਸਰਦਾਰਾਂ ਦੇ ਘੋੜੇ' ਕੌਫ਼ੀ ਟੇਬਲ ਬੁੱਕ ਹੈ।

ਮਹਿੰਦਰ ਸਿੰਘ ਚਕਰ ਦੇ ਦੋ ਨਾਵਲ 'ਕੱਲਰ ਦੇ ਕੰਵਲ' ਤੇ 'ਸੂਰਾ ਸੋ ਪਹਿਚਾਨੀਏ' ਛਪੇ ਸਨ। ਜੇ ਏਕੇ ਸੰਤਾਲੀ ਨਾਲ ਅਨਿਆਈ ਮੌਤੇ ਨਾ ਮਾਰਿਆ ਜਾਂਦਾ ਤਾਂ ਆਪਣੀ ਪੋਤੀ 'ਸਿਮਰ ਚਕਰ' ਨੂੰ ਓਲੰਪੀਅਨ ਮੁੱਕੇਬਾਜ਼ ਬਣੀ ਵੇਖਦਾ ਅਤੇ 13 ਨਵੰਬਰ 2021 ਨੂੰ ਅਰਜਨਾ ਅਵਾਰਡ ਲੈਣ ਲਈ ਉਹਦੇ ਨਾਲ ਰਾਸ਼ਟਰਪਤੀ ਭਵਨ ਜਾਂਦਾ। ਸਤਵਿੰਦਰ ਸੁਹੇਲਾ ਅਲਬੇਲਾ ਖੇਡ ਲੇਖਕ ਸੀ। ਉਸ ਨੇ ਬਲਵਿੰਦਰ ਫਿੱਡੇ ਬਾਰੇ ਰੰਗੀਨ ਪੁਸਤਕ ਛਾਪੀ। ਫਿਰ ਉਹ ਪੰਜਾਹ ਸਾਲ ਦੀ ਉਮਰੇ ਆਪਣੀ ਪਤਨੀ ਨੂੰ ਗੋਲੀ ਮਾਰ ਕੇ ਆਪ ਵੀ ਖੂਹ 'ਚ ਛਾਲ ਮਾਰ ਗਿਆ। ਸਚਿੱਤਰ ਪੁਸਤਕ 'ਸਮਾਲਸਰ ਮੇਰਾ ਪਿੰਡ' ਬੀਬੀ ਜੱਗੀ ਬਰਾੜ ਵਲੋਂ ਆਪਣੇ ਬਾਬਲ ਪਿੰਡ ਨੂੰ ਭੇਟ ਕੀਤਾ ਅਨਮੋਲ ਤੋਹਫ਼ਾ ਹੈ। ਰਵਿੰਦਰ ਚੋਟ ਖੇਡਾਂ-ਖਿਡਾਰੀਆਂ ਦੇ ਮਨੋਵਿਗਿਆਨ ਬਾਰੇ ਲਿਖਣ ਵਾਲਾ ਖੇਡ ਲੇਖਕ ਹੈ। ਜਗਦੇਵ ਬਰਾੜ ਦੀ ਰੀਝ ਪਹਿਲਵਾਨ ਜਾਂ ਕਬੱਡੀ ਦਾ ਤਕੜਾ ਖਿਡਾਰੀ ਬਣਨ ਦੀ ਸੀ ਜੋ ਪੂਰੀ ਨਾ ਹੋ ਸਕੀ। ਉਸੇ ਰੀਝ ਨੂੰ ਪੂਰੀ ਕਰਨ ਲਈ ਉਹ ਖੇਡ ਲੇਖਕ ਬਣ ਗਿਆ। ਅਮਰਿੰਦਰ ਗਿੱਦਾ ਦੀ ਪੁਸਤਕ 'ਭਾਰਤੀ ਹਾਕੀ ਦੇ ਨਾਬਰ' ਪੜ੍ਹ ਕੇ ਮੈਂ ਉਹਦਾ ਨਾਂ ਹੀ 'ਅਮਰਿੰਦਰ ਨਾਬਰ' ਰੱਖ ਲਿਆ। ਇਸ ਪੁਸਤਕ ਵਿਚ ਉਸ ਨੇ ਹਾਕੀ ਦੇ ਨਾਬਰ ਖਿਡਾਰੀਆਂ ਤੇ ਨਾਬਰ ਕੋਚਾਂ ਦੀਆਂ ਬਾਤਾਂ ਪਾਈਆਂ ਜਿਵੇਂ ਉਹ ਵੀ ਦੁੱਲੇ ਭੱਟੀ ਹੋਣ!

ਇਹ ਪੁਸਤਕ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਛਾਪੀ ਹੈ ਜਿਨ੍ਹਾਂ ਦੇ ਫੋਨ 92090-00001, 99151-03490, 98152-43917 ਹਨ।

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਸਾਊਥਬੈਂਡ (ਇੰਡੀਆਨਾ)

## ਖਾਲਸਾ ਸਿਰਜਣਾ ਦਿਵਸ 'ਤੇ

# ਵਿਸ਼ੇਸ਼ ਗੁਰਮਤਿ ਸਮਾਗਮ



ਗੁਰੂ ਪਿਆਰੀ ਸਾਧਸੰਗਤ ਜੀ। ਬੇਨਤੀ ਹੈ ਕਿ ਖ਼ਾਲਸਾ ਪੰਥ ਦਾ ਸਾਜਨਾ ਦਿਹਾੜਾ (ਵਿਸਾਖੀ ਦਾ ਤਿਉਹਾਰ) ਗੁਰਦੁਆਰਾ ਬਾਬਾ ਮੱਖਣਸ਼ਾਹ ਜੀ ਲੁਬਾਣਾ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ 'ਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗੁਰਮੀਤ ਸਿੰਘ ਗਡਾਨੀ (ਸਾਬਕਾ ਪ੍ਰਧਾਨ) | ਅਵਤਾਰ ਸਿੰਘ ਲੱਖਾ (ਸਾਬਕਾ ਪ੍ਰਧਾਨ) | ਅਮਰਜੀਤ ਸਿੰਘ ਗਡਾਨੀ (ਸਾਬਕਾ ਪ੍ਰਧਾਨ) | ਸੁਖਵਿੰਦਰ ਸਿੰਘ ਮਿਆਣੀ (ਪ੍ਰਧਾਨ) | ਜਗਮੋਹਨ ਸਿੰਘ | ਸਾਹਿਬ ਸਿੰਘ | ਸੁਖਜਿੰਦਰ ਸਿੰਘ ਮਿਆਣੀ | ਅਮਰਬੀਰ ਸਿੰਘ



ਸੋਨੂੰ ਗਡਾਨੀ, ਰਾਜੂ, ਰਿੰਕੂ, ਟੋਨੀ,

ਦੇਸੀ ਘਿਓ ਦੀਆਂ ਜਲੇਬੀਆਂ ਦੇ ਲੰਗਰ ਦੀ ਸੇਵਾ ਸਰਦਾਰ ਮਲਕੀਤ ਸਿੰਘ ਸਾਹਿਬ ਵਲੋਂ ਕੀਤੀ ਜਾਵੇਗੀ। ਇਡਲੀ ਅਤੇ ਡੋਸੇ ਦਾ ਲੰਗਰ ਵੀ ਲੱਗੇਗਾ।



ਲਾਲੀ, ਲੱਕੀ, ਸਾਕਾ ਨਡਾਲਾ

## ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ

ਅਰੰਭ ਅਖੰਡ ਪਾਠ: ਸ਼ੁਕਰਵਾਰ 15 ਅਪਰੈਲ, 2022
ਭੋਗ ਅਖੰਡ ਪਾਠ: ਐਤਵਾਰ 17 ਅਪਰੈਲ, 2022
ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸਰਦਾਰ ਅਮਰਬੀਰ ਸਿੰਘ ਜੀ ਦੇ ਪਰਿਵਾਰ ਵੱਲੋਂ ਕੀਤੀ ਜਾਵੇਗੀ।
ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਗੁਰੂ ਘਰ ਦੇ ਰਾਗੀ ਅਤੇ ਢਾਡੀ ਜਥੇ ਕਥਾ, ਕੀਰਤਨ ਕਰਨਗੇ।

## ਰਾਗੀ ਤੇ ਢਾਡੀ ਜਥੇ

ਭਾਈ ਰਛਪਾਲ ਸਿੰਘ ਜੀ (ਹਜ਼ੂਰੀ ਰਾਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੇ)
ਸਾਥੀ, ਭਾਈ ਹਰਦੀਪ ਸਿੰਘ ਜੀ, ਭਾਈ ਸਤਵੰਤ ਸਿੰਘ ਜੀ

ਭਾਈ ਅਜੀਤ ਸਿੰਘ ਜੀ (ਮੈਰੀਵਲ ਸ੍ਰੀ ਹਜ਼ੂਰ ਸਾਹਿਬ ਵਾਲੇ)
ਭਾਈ ਮੋਹਨ ਸਿੰਘ ਜੀ ਬਢਾਨਾ (ਢਾਡੀ ਜਥਾ)
ਗਤਕਾ ਟੀਮ ਜੌਹਰ ਦਿਖਾਏਗੀ

# Gurdwara Baba Makhan Shah Lubana

**1501 N. Bendix Dr., South Bend, IN 46628**

# ਮੈਂ ਤੇ ਮੇਰਾ ਬਾਪੂ

***ਸਿਮਰਨ ਧਾਲੀਵਾਲ ਮੁੱਖ ਰੂਪ ਵਿਚ ਕਹਾਣੀਕਾਰ ਹੈ। ਉਹਨੇ ਬੜੀਆਂ ਖੂਬਸੂਰਤ ਕਹਾਣੀਆਂ ਦੀ ਰਚਨਾ ਕੀਤੀ ਹੈ। ਇਸ ਲੇਖ ਵਿਚ ਉਹਨੇ ਆਪਣੇ ਬਾਪੂ ਬਾਰੇ ਕੁਝ ਗੱਲਾਂ ਕੀਤੀਆਂ ਹਨ ਜੋ ਹੁਣ ਸਦਾ ਲਈ ਉਸ ਦਾ ਸਾਥ ਛੱਡ ਗਿਆ ਹੈ। ਇਹ ਰਚਨਾ ਵੀ ਕਹਾਣੀ ਵਾਂਗ ਤੁਰਦੀ ਹੈ ਅਤੇ ਪਾਠਕ ਅੰਦਰ ਉਤਸੁਕਤਾ ਭਰੀ ਜਾਂਦੀ ਹੈ।***

ਬਾਪੂ ਹਮੇਸ਼ਾ ਲਈ ਚਲਾ ਗਿਆ ਹੈ। ਸਾਰਾ ਕੁਝ ਛੱਡ ਕੇ। ਕਿਸੇ-ਕਿਸੇ ਦਿਨ, ਘਰ ਮੁੜਦਿਆਂ ਇਹ ਖਿਆਲ ਆਉਂਦਾ ਹੈ ਕਿ ਬਾਪੂ ਹੁਣ ਘਰ ਨਹੀਂ ਹੋਣਾ। ਉਹਦੇ ਨਾਲ ਜੁੜੀਆਂ ਕਿੰਨੀਆਂ ਗੱਲਾਂ ਯਾਦ ਆਉਣ ਲੱਗ ਜਾਂਦੀਆਂ ਨੇ। ਕੋਈ ਬੇ-ਵਿਸ਼ਵਾਸੀ ਜਿਹੀ ਹੁੰਦੀ ਹੈ। ਲੱਗਦਾ ਹੀ ਨਹੀਂ ਹੈ ਕਿ ਉਹ ਕਿਤੇ ਦੂਰ ਚਲਾ ਗਿਆ ਹੈ; ਉਥੇ ਜਿੱਥੋਂ ਕਦੇ ਕੋਈ ਨਹੀਂ ਮੁੜਦਾ। ਮੈਨੂੰ ਪਤਾ ਹੈ, ਵਕਤ ਨਾਲ ਇਹ ਸਭ ਲੱਗਣੋਂ ਹਟ ਜਾਏਗਾ। ਘਰ ਦੇ ਜੀਅ ਦਾ ਜਾਣਾ ਤਾਂ ਕਦੀ ਨਹੀਂ ਭੁੱਲਦਾ, ਫਿਰ ਵੀ ਜ਼ਿੰਦਗੀ ਆਮ ਵਰਗੀ ਹੋ ਜਾਂਦੀ ਹੈ। ਜਾਣਾ ਸਭ ਨੇ। ਸਭ ਦੀ ਵਾਰੀ ਮੁਕੱਰਰ ਹੈ। ਫਿਰ ਵੀ ਕਿਸੇ ਦਾ ਜਾਣਾ ਸਾਨੂੰ ਅਸਹਿਜ ਕਰਦਾ ਹੈ। ਜਿਸ ਦਿਨ ਬਾਪੂ ਗੁਜ਼ਰਿਆ, ਮੈਂ ਬਹੁਤਾ ਰੋਇਆ ਨਹੀਂ। ਘਰ ਦਾ ਮਾਹੌਲ, ਭੈਣ-ਭੂਆ ਦੇ ਵਿਰਲਾਪ ਨੇ ਮੇਰੀਆਂ ਵੀ ਅੱਖਾਂ ਵਿਚ ਹੰਝੂ ਲਿਆ ਦਿੱਤੇ ਪਰ ਬਹੁਤਾ ਮੈਂ ਗੁੰਮ-ਸੁੰਮ ਹੋਇਆ, ਕੰਮ ਕਰਦਾ ਰਿਹਾ। ਰਸਮਾਂ ਨਿਭਾਉਂਦਾ ਰਿਹਾ। ਵੱਡੇ ਜੋ-ਜੋ ਦੱਸਦੇ, ਕਰੀ ਜਾਂਦਾ ਪਰ ਮੇਰੇ ਅੰਦਰ ਕਰੋੜਾਂ ਸੋਚਾਂ ਸਰਪਟ ਦੌੜਦੀਆਂ ਰਹੀਆਂ।

ਮੇਰੀਆਂ ਸੋਚਾਂ ਦੇ ਕੇਂਦਰ ਵਿਚ ਬਾਪੂ ਖੜ੍ਹਾ ਹੈ।

ਮੈਂ ਤੇ ਬਾਪੂ ਬੜਾ ਮੁੱਲ ਦਾ ਬੋਲਦੇ ਸਾਂ ਆਪਸ ਵਿਚ, ਹਮੇਸ਼ਾ ਤੋਂ ਹੀ ਪਰ ਸ਼ਾਇਦ ਇਹੀ ਸਾਡਾ ਦੋਨਾਂ ਦਾ ਤਰੀਕਾ ਸੀ। ਬਾਪੂ ਨੇ ਕਦੇ ਕਹਿ ਕੇ ਪਿਆਰ ਨਹੀਂ ਸੀ ਜਤਾਇਆ ਪਰ ਔਲਾਦ ਨਾਲ ਮੋਹ ਕਿਸ ਨੂੰ ਨਹੀਂ ਹੁੰਦਾ? ਮੈਂ ਕਦੇ ਕੁਝ ਆਖ ਕੇ ਪਿਆਰ ਨਹੀਂ ਸੀ ਜਤਾ ਸਕਿਆ ਪਰ



ਬਾਪ ਤੋਂ ਵੱਡਾ ਕੌਣ ਹੁੰਦਾ ਹੈ ਬੰਦੇ ਦੀ ਜ਼ਿੰਦਗੀ ਵਿਚ? ਬਾਪੂ ਮੇਰਾ ਫਿਕਰ ਕਰਦਾ ਤੇ ਮੈਨੂੰ ਹਮੇਸ਼ਾ ਇਸ ਗੱਲ ਦਾ ਫਿਕਰ ਰਹਿੰਦਾ ਕਿ ਬਾਪੂ ਖੁਸ਼ ਰਹੇ। ਦਿਨ ਤਿਉਹਾਰ 'ਤੇ

**ਸਿਮਰਨ ਧਾਲੀਵਾਲ**
ਫੋਨ: +91-94632-15168

ਜਦੋਂ ਉਹ ਸਾਡੇ ਵਿਚ ਕਿਤੇ ਜਾਣ ਲਈ ਗੱਡੀ ਵਿਚ ਨਾਲ ਬੈਠਾ ਹੁੰਦਾ, ਮੈਨੂੰ ਚੰਗਾ-ਚੰਗਾ ਲੱਗਦਾ। ਮੈਂ ਉਸ ਲਈ ਕਦੇ-ਕਦੇ ਕੋਈ ਚੀਜ਼ ਖਰੀਦਦਾ। ਝੁਕਦਾ ਉਸ ਤੋਂ ਇੰਨਾ ਸਾਂ ਕਿ ਕਦੇ ਕਹਿ ਤਾਂ ਨਾ ਸਕਦਾ ਕਿ ਬਹੁਤ ਸੋਹਣੀ ਲੱਗੀ ਇਹ ਚੀਜ਼ ਤੁਹਾਡੇ ਪਰ ਅੰਦਰੋਂ ਬਹੁਤ ਖੁਸ਼ ਹੁੰਦਾ। ਇਹੀ ਮੇਰੀ ਮੁਹੱਬਤ ਸੀ। ਇਹੀ ਮੇਰਾ ਇਜ਼ਹਾਰ-ਏ-ਮੁਹੱਬਤ। ਬਾਪੂ ਲਈ ਕੋਈ ਚੀਜ਼ ਲੈ ਕੇ ਆਉਣਾ ਮੈਨੂੰ ਚੰਗਾ ਲੱਗਦਾ।

ਬਾਪੂ ਮੈਨੂੰ ਬੋਲ ਕੇ ਕਦੇ ਕੁਝ ਨਹੀਂ ਸੀ ਕਹਿੰਦਾ ਪਰ ਮੇਰਾ ਫਿਕਰ ਕਰਦਾ। ਕਦੇ ਬਾਹਰ ਗਿਆ ਮੈਂ ਦਸ ਮਿੰਟ ਲੇਟ ਹੋ ਜਾਂਦਾ ਤਾਂ ਉਹਨੂੰ ਅੱਚਵੀ ਲੱਗ ਜਾਂਦੀ। ਮਾਂ ਨੂੰ ਆਖਦਾ, ਉਹਨੂੰ ਫੋਨ ਕਰ। ਕਾਲਜ ਪੜ੍ਹਦਿਆਂ ਮੇਰੇ ਕੋਲ ਫੋਨ ਤਾਂ ਨਹੀਂ ਸੀ ਹੁੰਦਾ ਪਰ ਉਹ ਪਿੰਡੋਂ ਬਾਹਰ ਸੜਕ 'ਤੇ ਮੈਨੂੰ ਦੇਖਣ ਆ ਜਾਂਦਾ। ਬਹੁਤ ਸਾਲਾਂ ਵਿਚ ਉਸ ਦਾ ਇਹੀ ਸੁਭਾਅ ਸੀ।

ਹੁਣ ਮਾਂ ਦੀ ਥਾਂ ਉਹ ਪਤਨੀ ਕੋਲੋਂ ਫੋਨ ਕਰਵਾਉਂਦਾ। ਮੈਂ ਪਹਿਲਾਂ ਆਪਣੀ ਗੱਲ ਮਾਂ ਰਾਹੀਂ ਬਾਪੂ ਨਾਲ ਕਰਦਾ ਸੀ, ਹੁਣ ਪਤਨੀ ਰਾਹੀਂ ਕਰਦਾ ਹੁੰਦਾ ਸੀ। ਉਹ ਵੀ ਬਹੁਤ ਵਾਰ ਇਉਂ ਹੀ ਕਰਦਾ। ਸਾਡਾ ਦੋਨਾਂ ਦਾ ਜਿਵੇਂ ਆਹੀ ਢੰਗ ਸੀ। ਮਾਂ ਅਕਸਰ ਪੁਰਾਣੀਆਂ ਗੱਲਾਂ ਦੱਸਦੀ ਹੈ। ਜਦੋਂ ਘਰੇ ਬਹੁਤ ਗਰੀਬੀ ਸੀ। ਇੱਕ ਡੰਗ ਦਾ ਖਾ ਕੇ ਜਦੋਂ ਦੂਜੇ ਡੰਗ ਦਾ ਫਿਕਰ ਹੁੰਦਾ ਸੀ। ਇੱਕ ਪਾ (ਪਾਈਆ) ਦੁੱਧ ਲੈ ਕੇ ਪੂਰੇ ਦਿਨ ਦੀ ਚਾਹ ਬਣਦੀ, ਤੇ ਜਦੋਂ ਮੇਰੀ ਵੱਡੀ ਭੈਣ ਨੂੰ ਦੁੱਧ ਦੀ ਥਾਂ ਚਾਹ ਪਿਆ ਕੇ ਪਾਲਿਆ ਗਿਆ ਸੀ; ਉਹਨਾਂ ਹੀ ਸਮਿਆਂ ਵਿਚ ਬਾਪੂ ਨੇ ਬਹੁਤ ਮਿਹਨਤ ਕੀਤੀ। ਹਰ ਛੋਟਾ ਵੱਡਾ ਕੰਮ ਕੀਤਾ। ਟੱਬਰ ਪਾਲਿਆ। ਮੈਂ ਕੱਚੇ ਘਰ ਵਿਚ ਜੰਮਿਆ ਸਾਂ। ਨਾ ਜਾਣੇ, ਕੱਚੇ ਘਰਾਂ 'ਤੇ ਕੁਦਰਤ ਦਾ ਆਪਸ ਵਿਚ ਕੀ ਵੈਰ ਸੀ। ਰੱਜ ਕੇ ਮੀਂਹ ਪੈਂਦੇ ਸੀ ਉਹਨਾਂ ਸਮਿਆਂ 'ਚ। ਝੜੀ ਲੱਗ ਜਾਂਦੀ। ਕੋਠੇ ਡਿੱਗ ਨਾ ਪੈਣ, ਇਸ ਡਰ ਮਾਂ ਅਤੇ ਬਾਪੂ ਮੈਨੂੰ ਗੁਆਂਢਣ ਤਾਈ ਵੱਲ ਭੇਜ ਦਿੰਦੇ। ਵੱਡੇ ਹੋ ਕੇ ਸਮਝ ਆਈ ਸੀ ਕਿ ਸ਼ਾਇਦ ਉਹ ਸੋਚਦੇ ਹੋਣ- ਨਾ ਜਾਣੇ, ਕੋਠੇ ਡਿੱਗ ਪਏ ਤਾਂ? ਇਹ ਗੱਲ ਕਿੰਨੀ ਕੁ ਸਾਧਾਰਨ ਹੈ ਜਾਂ ਕਿੰਨੀ ਕੁ ਅਸਾਧਾਰਨ, ਪਤਾ ਨਹੀਂ ਪਰ ਅੱਜ ਇਹ ਗੱਲ ਸੋਚਦਿਆਂ ਮੈਂ ਭਾਵੁਕ ਹੁੰਦਾ ਹਾਂ, ਤੇ ਕੋਠੇ ਡਿੱਗੇ ਵੀ ਇਸੇ ਤਰ੍ਹਾਂ ਬਹੁਤਾ ਮੀਂਹ ਪੈਣ ਕਾਰਨ ਸਨ। ਪਿੰਡ ਪੱਕਾ ਮਕਾਨ ਬਣਿਆ। ਕਿਵੇਂ ਬਣਿਆ, ਮੈਨੂੰ ਨਹੀਂ ਪਤਾ। ਪੈਸੇ ਕਿੱਥੋਂ ਆਏ, ਮੈਂ ਨਹੀਂ ਸਾਂ ਜਾਣਦਾ ਪਰ ਸ਼ਹਿਰ ਘਰ ਮੈਂ ਆਪਣੇ ਹੱਥੀਂ ਬਣਵਾਇਆ। ਪੈਸੇ ਦਾ ਮੁੱਲ ਪਤਾ ਲੱਗਿਆ। ਕਮਾਈ ਕਿਵੇਂ ਹੁੰਦੀ, ਇਹ ਕੱਚੀਆਂ-ਪੱਕੀਆਂ ਨੌਕਰੀਆਂ ਕਰਦਿਆਂ ਸਿੱਖਿਆ।

ਬਾਪੂ ਹਮੇਸ਼ਾ ਕਿਰਸ ਕਰਦਾ। ਕਦੀ ਇਹ ਕਿਰਸ ਬਹੁਤੀ ਹੋ ਜਾਂਦੀ। ਮੈਂ ਖਿਝਦਾ ਵੀ। ਸੋਚਦਾ- ਜੋ ਹੈ ਜਿੰਨਾ ਹੈ, ਬੰਦਾ ਖਾਵੇ ਹੰਢਾਵੇ। ਕਦੇ ਸਮਝਦਾ, ਬਹੁਤਾ ਤਰਸੇਵਾਂ ਦੇਖਣ ਵਾਲੇ ਲੋਕ ਇੰਝ ਦੇ ਆਪੇ ਬਣ ਜਾਂਦੇ ਨੇ।

ਮੇਰੀ ਤੇ ਉਹਦੀ ਸੁਰ ਬਹੁਤੀ ਨਹੀਂ ਸੀ ਮਿਲਦੀ। ਇਸੇ ਲਈ ਮੈਂ ਆਪਣੀ ਗੱਲ ਕਦੇ ਖੁੱਲ੍ਹ ਕੇ ਬਾਪੂ ਨਾਲ ਨਹੀਂ ਸੀ ਕੀਤੀ। ਕਾਲਜ ਪੜ੍ਹਦਿਆਂ ਹੀ ਮੈਂ ਕਹਾਣੀਆਂ ਲਿਖਣ ਲੱਗਿਆਂ ਸੀ। ਅਖਬਾਰਾਂ ਰਸਾਲਿਆਂ ਵਿਚ ਮੇਰਾ ਨਾਮ ਛਪਦਾ। ਬਾਪੂ ਇਸ ਬਾਰੇ ਬੋਲ ਕੇ ਤਾਂ ਕੁਝ ਨਾ ਕਹਿੰਦਾ ਪਰ ਮੇਰੀ ਪਿੱਠ ਪਿੱਛੇ ਮੇਰੀਆਂ ਗੱਲਾਂ ਕਰਦਾ, ਮੇਰੇ ਲੇਖਕ ਹੋਣ ਦੀਆਂ ਗੱਲਾਂ। ਲੋਕਾਂ ਨੂੰ ਮੇਰੀਆਂ ਛਪੀਆਂ ਰਚਨਾਵਾਂ ਦਿਖਾਉਂਦਾ। ਉਦੋਂ ਫੋਨ ਦਾ ਬਹੁਤਾ ਜ਼ੋਰ ਨਹੀਂ ਸੀ ਪਰ ਕਦੇ-ਕਦੇ ਕਿਸੇ ਪਾਠਕ ਦੀ ਚਿੱਠੀ ਆ ਜਾਂਦੀ। ਚਿੱਠੀ ਬਾਪੂ ਮੇਰੇ ਕੋਲੋਂ ਵੀ ਪਹਿਲਾਂ ਪੜ੍ਹ ਲੈਂਦਾ। ਇਸ ਬਾਰੇ ਵੀ ਉਹ ਕਦੇ ਕੁਝ ਨਹੀਂ ਸੀ ਬੋਲਿਆ ਪਰ ਯਕੀਨਨ, ਲੋਕਾਂ ਦੀਆਂ ਚਿੱਠੀਆਂ ਵਿਚ ਲਿਖੀ ਮੇਰੀ ਪ੍ਰਸੰਸਾ ਪੜ੍ਹ ਕੇ ਉਹ ਪ੍ਰਸੰਨ ਜ਼ਰੂਰ ਹੁੰਦਾ ਹੋਵੇਗਾ।



ਮੇਰੀ ਪਹਿਲੀ ਕਿਤਾਬ ਛਪੀ। ਕਰੀਬ ਦਸ ਕੁ ਸਾਲ ਪਹਿਲਾਂ ਦੀ ਗੱਲ ਹੈ। ਚੰਡੀਗੜ੍ਹ ਤੋਂ ਟਰਾਂਸਪੋਰਟਰ ਰਾਹੀਂ ਕਿਤਾਬ ਮਿਲੀ। ਮੈਂ ਡੱਬਾ ਖੋਲ੍ਹ ਕੇ ਸਭ ਤੋਂ ਉਪਰਲੀ ਕਾਪੀ ਚੁੱਕ ਕੇ ਬਾਪੂ ਨੂੰ ਦਿਖਾਈ। ਇਉਂ ਕਰਨ ਦਾ ਮੈਂ ਪਹਿਲਾਂ ਹੀ ਮਿੱਥਿਆ ਹੋਇਆ ਸੀ ਪਰ ਬਾਪੂ ਨੇ ਕੁਝ ਨਹੀਂ ਕਿਹਾ। ਇੱਕ ਲਫਜ਼ ਵੀ ਨਹੀਂ। ਉਪਰੋਂ ਥੱਲਿਓਂ ਕਿਤਾਬ ਦੇਖੀ, ਤੇ ਮੰਜੇ 'ਤੇ ਧਰ ਦਿੱਤੀ। ਇਹੀ ਤਰੀਕਾ ਸੀ ਬਾਪੂ ਦਾ। ਉਹੀ ਬਾਪੂ ਮੇਰੀ ਗੈਰ-ਹਾਜ਼ਰੀ ਵਿਚ ਲੋਕਾਂ ਨੂੰ ਮੇਰੀ ਕਿਤਾਬ ਦਿਖਾਉਂਦਾ। ਸਬਬ ਨਾਲ ਉਸ ਕਿਤਾਬ ਉਪਰ ਦੋ ਕੁ ਸਾਲਾਂ ਬਾਅਦ ਮੈਨੂੰ ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਮਿਲ ਗਿਆ। ਜਦੋਂ ਦਿੱਲੀ ਤੋਂ ਫੋਨ ਆਇਆ, ਮੈਂ ਘਰੋਂ ਬਾਹਰ ਸਾਂ। ਫੋਨ ਉਪਰ ਖਬਰ ਸੁਣ ਕੇ ਮੈਂ ਘਰ ਨੂੰ ਦੌੜਿਆ। ਬਾਪੂ ਦਰਾਂ ਵਿਚ ਹੀ ਖੜ੍ਹਾ ਸੀ। ਮੈਂ ਪੁਰਸਕਾਰ ਵਾਲੀ ਗੱਲ ਦੱਸੀ। ਜਾਣਦਾ ਸਾਂ ਸਾਹਿਤ ਅਕਾਦਮੀ ਜਾਂ ਉਸ ਦਾ ਐਵਾਰਡ ਕੀ ਅਰਥ ਰੱਖਦਾ, ਇਹ ਬਾਪੂ ਨੂੰ ਨਹੀਂ ਸੀ ਪਤਾ। ਇਸ ਲਈ ਨਾਲ ਮਿਲਣ ਵਾਲੇ ਪੈਸਿਆਂ ਦਾ ਜ਼ਿਕਰ ਕੀਤਾ। ਆਖਿਆ, ਇਹ ਭਾਰਤ ਸਰਕਾਰ ਦਾ ਅਦਾਰਾ ਹੈ ਜਿਸ ਵੱਲੋਂ ਸਨਮਾਨ ਮਿਲਣਾ। ਸੋਚਦਾ ਸਾਂ, ਅਕਾਦਮੀ ਨਾ ਸਹੀ, ਭਾਰਤ ਸਰਕਾਰ ਤਾਂ ਸਭ ਨੂੰ ਸਮਝ ਆਉਂਦੀ ਹੈ। ਬਾਪੂ ਨੇ ਬੱਸ ਹੂੰਅ-ਹਾਂ ਕੀਤੀ, ਹੋਰ ਕੁਝ ਨਹੀਂ ਪਰ ਜਦੋਂ ਦਿੱਲੀ ਜਾ ਕੇ ਪੁਰਸਕਾਰ ਲੈਂਦਿਆਂ ਦੀ ਖਬਰ ਫੋਟੋ ਸਮੇਤ ਪੰਜਾਬੀ ਅਖਬਾਰਾਂ ਵਿਚ ਛਪੀ, ਉਹ ਖਬਰ ਬਾਪੂ ਨੇ ਆਂਢ-ਗੁਆਂਢ ਵਿਚ ਕਈਆਂ ਨੂੰ ਦਿਖਾਈ।

ਇਉਂ ਬਿਨ ਬੋਲਿਆਂ ਬਾਪੂ ਕਿੰਨਾ ਕੁਝ ਬੋਲ ਜਾਂਦਾ।

ਆਪਣੀ ਹੋਸ਼ ਵਿਚ ਮੈਂ ਬਾਪੂ ਦਾ ਕੋਈ ਬਹੁਤਾ ਯਾਰ-ਬੇਲੀ ਨਹੀਂ ਸੀ ਦੇਖਿਆ। ਕਦੇ ਕਦਾਈਂ ਕੋਈ ਜਣਾ ਬਾਪੂ ਕੋਲ ਆਉਂਦਾ। ਘੜੀ-ਪਲ ਬੈਠਦਾ। ਖਾਣ-ਹੰਢਾਉਣ, ਮੇਲੇ ਮੱਸਿਆ। ਵਿਆਹ-ਸ਼ਾਦੀ ਕਿਸੇ ਕੰਮ ਵਿਚ ਬਾਪੂ ਦੀ ਬਹੁਤੀ ਰੁਚੀ ਨਹੀਂ ਸੀ। ਰਿਸ਼ਤੇਦਾਰੀਆਂ ਵਿਚ ਤਾਂ ਉਹ ਬਹੁਤ ਘੱਟ ਜਾਂਦਾ। ਮੈਂ ਹਰ ਥਾਂ ਮਾਤਾ ਨੂੰ ਲੈ ਕੇ ਜਾਂਦਾ। ਬਾਪੂ ਘਰ ਰਹਿੰਦਾ। ਕਦੇ ਫਸਿਆਂ-ਫਸਾਇਆਂ ਉਹਨੂੰ ਕਿਤੇ ਜਾਣਾ ਪੈ ਜਾਂਦਾ ਤਾਂ ਬੁਰਕੀ ਸਾਡੇ ਮੂੰਹ ਵਿਚ ਹੁੰਦੀ, ਉਹ ਚਲੋ-ਚਲੋ ਪਹਿਲਾਂ ਕਰ ਦਿੰਦਾ। ਮੇਰੇ ਵਿਆਹ ਤੋਂ ਮਗਰੋਂ ਤਾਂ ਕਿਤੇ ਜਾਣਾ ਆਉਣਾ ਉਹਨੇ ਜਮਾਂ ਹੀ ਛੱਡ ਦਿੱਤਾ ਸੀ। ਮਾਂ ਕਦੇ ਜਾਣ ਦੀ ਗੱਲ ਵੀ ਕਰਦੀ ਤਾਂ ਉਹ ਆਖਦਾ, "ਇਹ ਚਲੇ ਜਾਣਗੇ ਕਿ ਆਪਣੀ ਥਾਂ ਜਾਣਾ ਇਹਨਾਂ।" ਉਸ ਦੀ ਇਸ ਗੱਲ ਵਿਚ ਮੈਂ, ਮੇਰੀ ਪਤਨੀ ਦੋਵੇਂ ਸ਼ਾਮਿਲ ਹੁੰਦੇ।

ਮੈਂ ਬਾਪੂ ਨੂੰ ਕਦੇ ਕਿਸੇ ਦੀ ਨਿੰਦਾ ਜਾਂ ਉਸਤਤ ਕਰਦਿਆਂ ਨਹੀਂ ਸੀ ਦੇਖਿਆ। ਉਹ ਜਿਵੇਂ ਸਭ ਕਾਸੇ ਤੋਂ ਨਿਰਲੇਪ ਸੀ। ਮੈਨੂੰ ਯਾਦ ਹੈ, ਕਰੋਨਾ ਸੰਕਟ ਵੇਲੇ ਜਦੋਂ ਸਾਰੇ ਘਰ ਸਾਂ, ਬਾਜ਼ਾਰ ਬੰਦ ਸਨ, ਖਾਣ ਨੂੰ ਕੁਝ ਜੁੜਦਾ ਨਹੀਂ ਸੀ ਤਾਂ ਉਦੋਂ ਰੋਟੀਆਂ ਖਾ-ਖਾ ਅੱਕੇ ਬੈਠੇ ਸਾਂ। ਮੈਨੂੰ ਕੁਕਿੰਗ ਦਾ ਖਾਸਾ ਸ਼ੌਕ ਹੈ। ਨਿੱਤ ਕੁਝ ਨਾ ਕੁਝ ਬਣਾ ਧਰਦਾ। ਬਾਪੂ ਖਾਂਦਾ ਵੀ ਪਰ ਨਾਲ ਹੀ ਬੁੜ-ਬੁੜ ਕਰਦਾ ਰਹਿੰਦਾ। ਇਹ ਉਹਦਾ ਸੁਭਾਅ ਸੀ, ਇਹ 'ਵੰਨ-ਸੁਵੰਨੀਆਂ' ਚੀਜ਼ਾਂ ਉਹਨੂੰ ਪਸੰਦ ਨਹੀਂ ਸੀ ਹੁੰਦੀਆਂ ਤੇ ਪਸੰਦ ਨਾ-ਪਸੰਦ ਕਹਿਣ ਦੀ ਥਾਂ ਉਹ ਖਿਝ ਜਿਹੀ ਜ਼ਾਹਿਰ ਕਰਨ ਲੱਗਦਾ। ਕਦੇ ਚਾਹ ਰੋਟੀ ਲੇਟ ਹੋ ਜਾਂਦੀ ਤਾਂ ਬਾਪੂ ਭੱਜ ਕੇ ਪੈ ਜਾਂਦਾ। ਸਾਡੇ ਘਰ ਵਿਚ ਮੈਂ ਮਾਂ ਜਾਂ ਪਤਨੀ ਨੂੰ ਘੜੀ ਦੀਆਂ ਸੂਈਆਂ ਦਾ ਧਿਆਨ ਰੱਖਦਿਆਂ ਹੀ ਦੇਖਦਾ।

ਹੁਣ ਬਾਪੂ ਦੀਆਂ ਇਹ ਸਭ ਗੱਲਾਂ ਬਹੁਤ ਯਾਦ ਆਉਂਦੀਆਂ ਨੇ। ਉਹ ਹਮੇਸ਼ਾ ਮੇਰੀ ਬਿਹਤਰੀ, ਕਾਮਯਾਬੀ, ਤਰੱਕੀ ਲਈ ਤਰਸਦਾ ਵੀ ਰਿਹਾ ਤੇ ਦੁਆਵਾਂ ਵੀ ਮੰਗਦਾ ਰਿਹਾ।

ਹੁਣ ਕੁਝ ਦੇਰ ਤੋਂ ਬਾਪੂ ਥੋੜ੍ਹਾ ਜਿਹਾ ਢਿੱਲਾ-ਮੱਠਾ ਰਹਿਣ ਲੱਗਿਆ ਸੀ। ਅਸੀਂ ਡਾਕਟਰ ਕੋਲ ਜਾਣ ਦੀ ਗੱਲ ਕਰਦੇ ਤਾਂ ਉਹ ਉਮਰਾਂ ਦੀ ਕਥਾ ਛੇੜ ਲੈਂਦਾ। ਆਖਦਾ, "ਬਥੇਰੀ ਉਮਰ ਹੋਗੀ ਮੇਰੀ ਹੁਣ, 'ਗਾਂਹ-'ਗਾਂਹ ਜਵਾਨ ਹੋਣਾ।" ਬਾਪੂ ਜ਼ਿੱਦੀ ਵੀ ਸੀ, ਗੱਲ ਨਹੀਂ ਸੀ ਮੰਨਦਾ। ਇੱਕ ਦਿਨ ਮੈਂ ਘਰ ਦਵਾਈ ਲੈਣ ਲਈ ਭੇਜਿਆ ਵੀ ਸੀ, ਉਹ ਘੰਟਾ ਦੋ ਘੰਟੇ ਕੋਈ ਹੋਰ ਕੰਮ ਕਰ ਕੇ ਘਰ ਮੁੜ ਆਇਆ।

"ਕੀ ਹੋਇਆ ਮੈਨੂੰ!" ਮਾਤਾ ਨੇ ਕੁਝ ਆਖਿਆ ਤਾਂ ਉਹ ਟੁੱਟ ਕੇ ਪੈ ਗਿਆ।

***ਬਾਪੂ ਮੈਨੂੰ ਬੋਲ ਕੇ ਕਦੇ ਕੁਝ ਨਹੀਂ ਸੀ ਕਹਿੰਦਾ ਪਰ ਮੇਰਾ ਫਿਕਰ ਕਰਦਾ। ਕਦੇ ਬਾਹਰ ਗਿਆ ਮੈਂ ਦਸ ਮਿੰਟ ਲੇਟ ਹੋ ਜਾਂਦਾ ਤਾਂ ਉਹਨੂੰ ਅੱਚਵੀ ਲੱਗ ਜਾਂਦੀ। ਮਾਂ ਨੂੰ ਆਖਦਾ, ਉਹਨੂੰ ਫੋਨ ਕਰ। ਕਾਲਜ ਪੜ੍ਹਦਿਆਂ ਮੇਰੇ ਕੋਲ ਫੋਨ ਤਾਂ ਨਹੀਂ ਸੀ ਹੁੰਦਾ ਪਰ ਉਹ ਪਿੰਡੋਂ ਬਾਹਰ ਸੜਕ 'ਤੇ ਮੈਨੂੰ ਦੇਖਣ ਆ ਜਾਂਦਾ। ਬਹੁਤ ਸਾਲਾਂ ਵਿਚ ਉਸ ਦਾ ਇਹੀ ਸੁਭਾਅ ਸੀ।***

ਤੇ ਜਿਸ ਦਿਨ ਕੁਝ ਹੋਇਆ, ਕਿਸੇ ਨੂੰ ਕੁਝ ਸਮਝ ਵੀ ਨਾ ਆਈ। ਬਾਪੂ ਨੂੰ ਦੋ ਕੁ ਦਿਨ ਬੁਖਾਰ ਚੜ੍ਹਿਆ। ਬੁਖਾਰ ਦੀ ਦਵਾਈ ਲਈ। ਬੁਖਾਰ ਤਾਂ ਠੀਕ ਹੋ ਗਿਆ ਪਰ ਦਮ ਚੜ੍ਹਨ ਲੱਗਾ। ਤੁਰਨਾ ਫਿਰਨਾ ਔਖਾ ਹੋ ਗਿਆ। ਮੈਨੂੰ ਲੱਗਿਆ, ਸ਼ਾਇਦ ਡੇਂਗੂ ਹੋਵੇ। ਕਮਜ਼ੋਰੀ ਹੈ। ਸੈੱਲ ਘਟ ਗਏ ਹੋਣਗੇ ਤਾਂ ਹੀ ਸਰੀਰ ਵਿਚ ਸੱਤਿਆ ਘਟ ਗਈ ਹੈ ਪਰ ਟੈੱਸਟ ਕਰਾ ਕੇ ਪਤਾ ਲੱਗਾ, ਡੇਂਗੂ ਵਰਗੀ ਕੋਈ ਗੱਲ ਨਹੀਂ ਸੀ ਪਰ ਸਿਹਤ ਬਾਪੂ ਦੀ ਉਸੇ ਤਰ੍ਹਾਂ ਦੀ ਸੀ। ਮੈਂ ਆਪਣੇ ਕਿਸੇ ਡਾਕਟਰ ਦੋਸਤ ਨਾਲ ਗੱਲ ਕੀਤੀ। ਉਹਨੂੰ ਲੱਗਿਆ, ਸ਼ਾਇਦ ਦਿਲ ਦੀ ਕੋਈ ਸਮੱਸਿਆ ਹੋਵੇ। ਉਹਨੇ ਹਾਰਟ ਦੇ ਕੁਝ ਟੈਸਟ ਕਰਾਉਣ ਲਈ ਆਖਿਆ। ਬੁਖਾਰ ਮੁੜ ਹੋਇਆ ਨਹੀਂ ਪਰ ਸਾਹ ਚੜ੍ਹਨ ਦੀ ਸਮੱਸਿਆ ਹੋਰ ਵੀ ਵਧ ਗਈ। ਕਰੋਨਾ ਦਾ ਰੌਲਾ-ਰੱਪਾ ਸੀ, ਹਸਪਤਾਲ ਜਾਣ ਨੂੰ ਜੀਅ ਨਹੀਂ ਸੀ ਕਰਦਾ। ਹਾਰਟ ਦੇ ਸਾਰੇ ਟੈਸਟ ਬਿਲਕੁਲ ਸਹੀ ਸਨ। ਮੁੜ ਡਾਕਟਰ ਨਾਲ ਗੱਲ ਕੀਤੀ। ਕਿਡਨੀ ਦੇ ਕੁਝ ਟੈਸਟ ਕਰਵਾਏ। ਲੈਬ ਵਿਚ ਸੈਂਪਲ ਦੇ ਕੇ ਬਾਪੂ ਨੂੰ ਘਰ ਛੱਡ ਕੇ ਮੈਂ ਕਿਤੇ ਕੰਮ ਚਲਾ ਗਿਆ। ਰਿਪੋਰਟ ਦੋ ਕੁ ਘੰਟਿਆਂ ਨੂੰ ਮਿਲਣੀ ਸੀ। ਮੈਂ ਗਿਆ ਤਾਂ ਪਿਛੋਂ ਸਕੂਟਰੀ ਲੈ ਕੇ ਬਾਪੂ ਕਿਧਰੇ ਤੁਰ ਗਿਆ। ਬਾਜ਼ਾਰ ਵਿਚ ਕਿਸੇ ਦੁਕਾਨਦਾਰ ਨਾਲ ਕੋਈ ਹਿਸਾਬ-ਕਿਤਾਬ ਕਰਨਾ ਸੀ। ਆਪਣਾ ਕੰਮ ਮੁਕਾ ਕੇ ਮੈਂ ਘਰ ਨੂੰ ਆ ਹੀ ਰਿਹਾ ਸੀ ਕਿ ਬਾਪੂ ਦਾ ਮੈਨੂੰ ਫੋਨ ਆ ਗਿਆ ਕਿ ਮੈਨੂੰ ਚੱਕਰ ਆਈ ਜਾਂਦੇ ਨੇ, ਮੈਂ ਬਾਜ਼ਾਰ ਵਿਚ ਬਾਲਮੀਕ ਮੰਦਰ 'ਚ ਪੈ ਗਿਆ, ਮੈਨੂੰ ਲੈ ਜਾ; ਪੈਦਲ ਆਈਂ, ਮੇਰੇ ਕੋਲ ਸਕੂਟਰੀ ਹੈ।

ਮੈਂ ਜਲਦੀ ਨਾਲ ਘਰ ਪਹੁੰਚਿਆ। ਮੋਟਰ ਸਾਈਕਲ ਘਰੇ ਖੜ੍ਹਾ ਕੇ ਬਾਜ਼ਾਰ ਨੂੰ ਗਿਆ। ਜਾਂਦਿਆਂ-ਜਾਂਦਿਆਂ ਲੈਬ ਵਿਚੋਂ ਰਿਪੋਰਟ ਲੈ ਲਈ। ਰਿਪੋਰਟ ਦੇਖੀ ਸਭ ਕੁਝ ਸਿਰੇ ਲੱਗਿਆ ਪਿਆ। ਮੈਂ ਫੋਨ ਕਰ ਕੇ ਆਪਣੇ ਡਾਕਟਰ ਦੋਸਤ ਨੂੰ ਰੀਡਿੰਗ ਦੱਸੀ ਰਿਪੋਰਟ ਦੀ। ਉਹਨੇ ਪਹਿਲਾ ਲਫਜ਼ ਹੀ ਇਹੀ ਆਖਿਆ, "ਹਸਪਤਾਲ ਲੈ ਜਾ, ਬਾਪੂ ਬਚਣਾ ਨਹੀਂ।"

ਮੈਨੂੰ ਧੱਕਾ ਜਿਹਾ ਲੱਗਾ। ਉਹਨੇ ਕੁਝ ਦਵਾਈ ਦੱਸੀ। ਕਿਹਾ ਕਿ ਜੇ ਇਹਨੇ ਕੋਈ ਅਸਰ ਕੀਤਾ, ਰਾਤ-ਰਾਤ 'ਚ ਸਾਹ ਥੋੜ੍ਹਾ ਸੌਖਾ ਹੋ ਜਾਣਾ; ਨਹੀਂ ਤਾਂ ਹਾਲਤ ਹੋਰ ਖਰਾਬ ਹੋ ਜਾਣੀ। ਕੱਲ੍ਹ ਨੂੰ ਤੈਨੂੰ ਹਸਪਤਾਲ ਜਾਣਾ ਹੀ ਪੈਣਾ।

ਸੱਚਮੁੱਚ ਉਹੀ ਹੋਇਆ।

ਸਿਹਤ ਹੋਰ ਵਿਗੜੀ। ਅਸੀਂ ਹਸਪਤਾਲ ਗਏ। ਸਾਰਾ ਦਿਨ ਸਾਰੀ ਰਾਤ ਹਸਪਤਾਲ ਬੀਤ ਗਈ। ਹਾਲਤ ਉਸੇ ਤਰ੍ਹਾਂ। ਡਰਿਪ ਲੱਗਦੀ ਰਹੀ। ਡਾਕਟਰ ਪਿਸ਼ਾਬ ਉਡੀਕਦਾ ਰਿਹਾ।

ਆਖਿਰ ਉਹਨੇ ਆਖਿਆ, "ਹੁਣ ਡਾਇਲਸਿਸ ਕਰਨ ਬਿਨਾਂ ਕਈ ਰਾਹ ਨਹੀਂ। ਹੋ ਸਕਦਾ ਹੈ, ਦੋ ਵਾਰ ਕਰ ਕੇ ਮੁੜ ਕਦੇ ਨਾ ਕਰਨਾ ਪਵੇ; ਹੋ ਸਕਦਾ ਹੈ, ਇਹ ਰਹਿੰਦੀ ਜ਼ਿੰਦਗੀ ਜਿਊਣ ਇਸੇ ਸਿਰ 'ਤੇ।... ਤੇ ਇਸ ਦੌਰਾਨ ਮੌਤ ਵੀ ਹੋ ਜਾਂਦੀ ਹੁੰਦੀ ਹੈ।" ਸਭ ਗੱਲਾਂ ਮੇਰੇ ਲਈ ਪ੍ਰੇਸ਼ਾਨ ਕਰਨ ਵਾਲੀਆਂ ਸਨ। ਮੈਂ ਹਜ਼ਾਰਾਂ ਗੱਲਾਂ ਇੱਕੋ ਵਾਰ ਸੋਚ ਗਿਆ। ਉਸ ਡਾਕਟਰ ਦੋਸਤ ਨੂੰ ਫੋਨ ਕੀਤਾ। ਉਹ ਕਹਿਣ ਲੱਗਾ, "ਤੇਰੇ ਕੋਲ ਹੋਰ ਰਾਹ ਕੋਈ ਨਹੀਂ। ਡਾਇਲਸਿਸ ਕਰਵਾ ਦੇ। ਜੋ ਕੁਦਰਤੀ ਤੌਰ 'ਤੇ ਸਰੀਰ ਗੰਦਗੀ ਨੂੰ ਬਾਹਰ ਕੱਢ ਨਹੀਂ ਰਿਹਾ ਤਾਂ ਫੇਰ ਕੀਤਾ ਕੀ ਜਾ ਸਕਦਾ?" ਮੈਂ ਮੁੰਬਈ ਆਪਣੇ ਡਾਕਟਰ ਦੋਸਤ ਅਤੇ ਸ਼ਾਇਰ ਵਾਸਿਫ ਖਾਨ ਨੂੰ ਫੋਨ ਕੀਤਾ। ਉਸ ਦੀ ਰਾਇ ਸੀ ਤਾਂ ਉਸ ਪਲ ਨਿਰਾਸ਼ ਕਰਨ ਵਾਲੀ ਪਰ ਸੱਚ ਸੀ ਤੇ ਅਗਲੀ ਗੱਲ, ਮੇਰੇ ਕੋਲ ਕੋਈ ਹੋਰ ਰਾਹ ਵੀ ਨਹੀਂ ਸੀ।

ਉਹਨੇ ਆਖਿਆ ਸੀ, ਇਹ ਕੋਈ ਹੱਲ ਥੋੜ੍ਹਾ? ਨਾ ਬੰਦਾ ਜਿਊਂਦਿਆਂ ਵਿਚ, ਨਾ ਮਰਿਆਂ ਵਿਚ ਪਰ ਸਵਾਲ ਵੀ ਤਾਂ ਇਹੀ ਸੀ ਕਿ ਕੀਤਾ ਕੀ ਜਾਵੇ? ਉਸ ਪਲ ਪ੍ਰੇਸ਼ਾਨੀ ਐਸੀ ਕਿ ਸੁੱਝ ਕੁਝ ਵੀ ਨਹੀਂ ਸੀ ਰਿਹਾ। ਮੈਂ ਆਖਿਰ ਡਾਇਲਸਿਸ ਕਰਨ ਲਈ ਆਖ ਦਿੱਤਾ ਪਰ ਚੱਲਦੇ ਡਾਇਲਸਿਸ ਵਿਚ ਹੀ ਬਾਪੂ ਦੀ ਹਾਲਤ ਹੋਰ ਵਿਗੜ ਗਈ। ਉਹਨਾਂ ਡਾਇਲਸਿਸ ਬੰਦ ਕਰ ਦਿੱਤਾ ਤੇ ਆਖ ਦਿੱਤਾ, ਇਹਨਾਂ ਨੂੰ ਕਿਤੇ ਹੋਰ ਲੈ ਜਾਓ।

ਇਹ ਹੋਰ ਵੀ ਜ਼ਿਆਦਾ ਔਖੀ ਗੱਲ ਸੀ। ਬੁਰੀ ਹਾਲਤ ਵਿਚ ਕਿਸੇ ਹੋਰ ਹਸਪਤਾਲ ਲਈ ਭੱਜਣਾ ਸੌਖੀ ਗੱਲ ਨਹੀਂ ਸੀ। ਅਸੀਂ ਤਰਨਤਾਰਨ ਦੇ ਹੀ ਕਿਸੇ ਵੱਡੇ ਹਸਪਤਾਲ ਗਏ। ਐਂਬੂਲੈਂਸ ਵਿਚ ਬਾਪੂ ਬੇਸੁਰਤ ਪਿਆ ਸੀ। ਆਕਸੀਜਨ ਲੱਗੀ ਹੋਈ ਸੀ। ਹਸਪਤਾਲ ਵਾਲਿਆਂ, ਦਾਖਲ ਕਰਨ ਤੋਂ ਇਨਕਾਰ ਕਰ ਦਿੱਤਾ। ਬਹਾਨਾ ਸੀ, ਮਰੀਜ਼ ਨਾਜ਼ੁਕ ਹੈ, ਕਰੋਨਾ ਕਾਲ ਹੈ।

ਬਹੁਤ ਤਰਲੇ ਲਏ; ਆਖਿਆ, ਕਰੋਨਾ ਟੈਸਟ ਕਰ ਲਓ ਪਰ ਉਹ ਮੰਨੇ ਨਹੀਂ। ਮੈਂ ਐਂਬੂਲੈਂਸ ਦੇ ਡਰਾਇਵਰ ਨੂੰ ਅੰਮ੍ਰਿਤਸਰ ਜਾਣ ਲਈ ਆਖ ਦਿੱਤਾ। ਅੰਮ੍ਰਿਤਸਰ ਜਦ ਨੂੰ ਹਸਪਤਾਲ ਪਹੁੰਚੇ, ਹਾਲ ਹੋਰ ਵੀ ਮਾੜਾ ਹੋ ਗਿਆ। ਡਾਕਟਰਾਂ ਨੇ ਸੌ ਤਰ੍ਹਾਂ ਦੀਆਂ ਕਾਗਜ਼ੀ ਕਾਰਵਾਈਆਂ ਕੀਤੀਆਂ। ਬਾਪੂ ਨੂੰ ਵੈਂਟੀਲੇਟਰ 'ਤੇ ਪਾ ਦਿੱਤਾ। ਇਹ ਸ਼ਾਮ ਦੇ ਸੱਤ ਕੁ ਵਜੇ ਦੀ ਗੱਲ ਸੀ। ਬੇਸ਼ੱਕ ਹਸਪਤਾਲ ਵਿਚ ਬੀਤਿਆ ਉਹ ਪੂਰਾ ਹਫਤਾ ਹੀ ਭੈੜਾ ਸੀ ਤੇ ਸਾਰਾ ਕੁਝ ਯਾਦ ਆਉਂਦਿਆਂ ਹੀ ਮੇਰੇ ਲੂੰ ਕੰਡੇ ਖੜ੍ਹੇ ਹੋਣ ਲੱਗਦੇ ਨੇ ਪਰ ਉਹ ਪਹਿਲੀ ਰਾਤ ਤਾਂ ਜਿਵੇਂ ਸੂਲਾਂ 'ਤੇ ਤੁਰਨ ਵਾਂਗ ਨਿਕਲੀ ਸੀ। ਦੁਪਹਿਰ ਤੱਕ ਤਾਂ ਮੈਂ ਇਹ ਸੋਚਿਆ ਸੀ ਕਿ ਡਾਇਲਸਿਸ ਹੋ ਕੇ ਅਸੀਂ ਘਰ ਚਲ ਜਾਣਾ ਹੈ ਪਰ ਅਚਾਨਕ ਅੰਮ੍ਰਿਤਸਰ ਆਉਣਾ ਪੈ ਗਿਆ ਸੀ ਤੇ ਚੰਗਾ ਭਲਾ ਬਾਪੂ ਦੋ ਦਿਨਾਂ ਵਿਚ ਬਿਮਾਰ ਹੋ ਕੇ ਆਈ.ਸੀ.ਯੂ. ਵਿਚ ਪਹੁੰਚ ਗਿਆ ਸੀ। ਹਸਪਤਾਲ ਵਾਲਿਆਂ ਸਾਰੀ ਰਾਤ ਨਾ ਬੈਠਣ ਦਿੱਤਾ। ਕਦੇ ਦਵਾਈਆਂ, ਕਦੇ ਟੈਸਟ। ਡਾਕਟਰ ਕੁਝ ਪੱਲੇ ਨਾ ਪਾਉਂਦੇ। ਇੱਥੋਂ ਤੱਕ ਕਿ ਪਹਿਲੇ ਦੋ ਦਿਨ ਤਾਂ ਮੈਨੂੰ ਇਹ ਵੀ ਪਤਾ ਨਾ ਲੱਗਾ ਕਿ ਮਾਹਿਰ ਡਾਕਟਰ ਕੌਣ ਹੈ ਜਿਸ ਦੇ ਅਧੀਨ ਬਾਪੂ ਦਾ ਇਲਾਜ ਚੱਲ ਰਿਹਾ ਹੈ। ਸਵੇਰੇ ਨੌਂ ਵਜੇ ਸਾਰੇ ਡਾਕਟਰ ਰਾਊਂਡ 'ਤੇ ਆਉਂਦੇ ਸਨ। ਮੈਂ ਪਾਗਲਾਂ ਵਾਂਗ ਆਈ.ਸੀ.ਯੂ. ਦੇ ਬੂਹੇ ਵੱਲ ਝਾਕਦਾ ਰਹਿੰਦਾ ਕਿ ਡਾਕਟਰ ਨੂੰ ਮਿਲਾਂ, ਉਸ ਤੋਂ ਬਾਪੂ ਦਾ ਹਾਲ ਪੁੱਛਾਂ। ਮੇਰੇ ਸਭ ਤੋਂ ਕਰੀਬੀ ਦੋਸਤ ਗੁਰਦੇਵ ਦਾ ਫੋਨ ਆਇਆ। ਉਹਨੇ ਪਹਿਲਾ ਸਵਾਲ ਇਹੀ ਕੀਤਾ, "ਪੈਸਿਆਂ ਦਾ ਕਿਵੇਂ ਆ? ਇੱਥੇ ਕੰਧਾਂ ਵੀ ਪੈਸੇ ਮੰਗਦੀਆਂ। ਮੈਂ ਪੈਸੇ ਭੇਜਾਂ? ਪੈਸਿਆਂ ਖੁਣੋਂ ਕੋਈ ਗੱਲ ਨ੍ਹੀਂ ਰਹਿਣੀ ਚਾਹੀਦੀ।"

ਮੈਂ ਉਸ ਦੀ ਇਸ ਗੱਲ ਨਾਲ ਭਾਵੁਕ ਹੋ ਗਿਆ। ਰੋਣ ਲੱਗਿਆ।

ਅਗਲੇ ਦਿਨ ਬਾਪੂ ਸੂਰਤ ਵਿਚ ਸੀ ਪਰ ਪਾਈਪਾਂ ਲੱਗੀਆਂ ਹੋਣ ਕਰਕੇ ਬੋਲ ਨਹੀਂ ਸੀ ਹੁੰਦਾ। ਉਹ ਇਸ਼ਾਰਾ ਕਰ ਕੇ ਗੱਲਾਂ ਦੱਸਦਾ, ਸਮਝਾਉਂਦਾ। ਫੇਰ ਉਹਨੇ ਪੈੱਨ ਕਾਗਜ਼ ਮੰਗਿਆ। ਲਿਖ ਕੇ ਘਰ ਜਾਣ ਲਈ ਆਖਣ ਲੱਗਾ। ਮੈਂ ਸਮਝਾਇਆ, ਮਸਲਾ ਵੱਡਾ ਸੀ ਤਾਂ ਆਉਣਾ ਪਿਆ ਇੱਥੇ। ਦੋ ਚਾਰ ਦਿਨ ਦੀ ਗੱਲ ਹੈ, ਆਪਾਂ ਠੀਕ ਹੋ ਕੇ ਚਲੇ ਜਾਣਾ ਘਰ। ਹਸਪਤਾਲ ਰਹਿਣ ਦੌਰਾਨ ਤਿੰਨ ਵਾਰ ਡਾਇਲਸਿਸ ਹੋਇਆ। ਪਿਸ਼ਾਬ ਬਿਲਕੁਲ ਨਹੀਂ ਸੀ ਆਇਆ। ਇਸ ਲਈ ਡਾਕਟਰ ਨੇ ਆਖ ਦਿੱਤਾ ਸੀ ਕਿਡਨੀਆਂ ਜਮਾਂ ਖਤਮ ਨੇ। ਜਿਹੜਾ ਸਮਾਂ ਵੀ ਜਿਊਣਗੇ, ਹੁਣ ਡਾਇਲਸਿਸ ਦੇ ਸਿਰ 'ਤੇ ਜਿਊਣਗੇ। ਜਿਸ ਦਿਨ ਅਸੀਂ ਘਰ ਆਏ, ਬਾਪੂ ਦੀ ਹਾਲਤ ਉਦੋਂ ਵੀ ਬਹੁਤੀ ਚੰਗੀ ਨਹੀਂ ਸੀ। ਗੱਲ ਮੈਂ ਸਮਝ ਗਿਆ ਸੀ। ਡਾਇਲਸਿਸ ਹੋਏਗਾ, ਦੋ ਕੁ ਦਿਨ ਬਾਪੂ ਦੀ ਜਾਨ ਸੌਖੀ ਰਹੇਗੀ। ਮੁੜ ਫੇਰ ਖੂਨ ਵਿਚ ਗੰਦਗੀ ਸ਼ਾਮਿਲ ਹੋਣ ਲੱਗੇਗੀ। ਸਾਹ ਫੇਰ ਔਖਾ ਹੋਏਗਾ।

ਅਸੀਂ ਸ਼ਾਮ ਨੂੰ ਛੁੱਟੀ ਲੈ ਕੇ ਹਸਪਤਾਲ ਤੋਂ ਘਰ ਨੂੰ ਮੁੜੇ ਸਾਂ। ਉਹ ਰਾਤ, ਅਗਲਾ ਦਿਨ ਤੇ ਅਗਲੀ ਰਾਤ ਬਾਪੂ ਘਰ ਰਿਹਾ। ਗੱਲਾਂ ਕੀਤੀਆਂ। ਖਬਰ ਲੈਣ ਨੂੰ ਸਕੇ-ਸਬੰਧੀ, ਸਾਂਝ ਵਾਲੇ ਲੋਕ ਆਉਂਦੇ ਰਹੇ। ਉਸ ਤੋਂ ਅਗਲੀ ਸਵੇਰ ਮੈਨੂੰ ਜਿਵੇਂ ਕੁਝ ਖਾਲੀਪਣ ਜਿਹਾ ਮਹਿਸੂਸ ਹੋਣ ਲੱਗਿਆ ਸੀ। ਮੈਂ ਤੜਕਸਾਰ ਬਾਪੂ ਨੂੰ ਚਾਹ ਲਈ ਪੁੱਛਿਆ। ਫੜ ਕੇ ਮੂੰਹ ਧੋਣ, ਬਰੱਸ਼ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਲੱਗਿਆ ਜਿਵੇਂ ਬਾਪੂ ਆਪਣੇ ਆਪ ਵਿਚ ਨਹੀਂ ਸੀ। ਮੈਂ ਉਸੇ ਦਿਨ ਡਾਇਲਸਿਸ ਕਰਵਾਉਣ ਜਾਣ ਬਾਰੇ ਸੋਚਿਆ ਹੋਇਆ ਸੀ। ਸਿਆਲੀ ਜਿਹੇ ਦਿਨ ਸਨ। ਰਤਾ ਕੁ ਦਿਨ ਚੜ੍ਹਿਆ ਤਾਂ ਮੈਂ ਤਿਆਰ ਹੋ ਗਿਆ।

*(ਬਾਕੀ ਅਗਲੇ ਸਫੇ 'ਤੇ)*

# ਸਮਾਜਕ ਜੀਵਨ ਅਤੇ ਰੀਤੀ-ਰਿਵਾਜਾਂ ਦੀ ਦਸਤਕ

***ਰਿਵਾਜ ਆਦਰ ਅਤੇ ਪ੍ਰੇਮ ਦਾ ਬਿੰਬ ਹੁੰਦੇ ਸਨ। ਅੱਜ ਭਾਵੇਂ ਬਹੁਤ ਸਾਰੇ ਰੀਤੀ ਰਿਵਾਜਾਂ ਨੂੰ ਖੋਰਾ ਲੱਗਿਆ ਹੈ, ਫਿਰ ਵੀ ਪੰਜਾਬੀਆਂ ਦਾ ਖਾਸਾ ਹੈ ਕਿ ਉਹ ਆਪਣੇ ਵਿਰਸੇ ਨਾਲੋਂ ਟੁੱਟਦੇ ਨਹੀਂ। ਇਸੇ ਲਈ ਪੰਜਾਬ ਦੇ ਮਿੱਠੇ-ਮਿੱਠੇ ਰਿਵਾਜ ਅਜੇ ਵੀ ਸਾਨੂੰ ਦੇਖਣ-ਸੁਣਨ ਜਾਂ ਮਾਣਨ ਨੂੰ ਮਿਲਦੇ ਹਨ, ਭਾਵੇਂ ਟਾਵੇਂ-ਟਾਵੇਂ ਹੀ ਸਹੀ। ਇਨ੍ਹਾਂ ਵਿਚੋਂ ਕੁਝ ਰਿਵਾਜਾਂ ਬਾਰੇ ਗੱਲ ਪਰਮਜੀਤ ਕੌਰ ਸਰਹਿੰਦ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ ਅਤੇ ਨਾਲ ਹੀ ਰਿਵਾਜਾਂ ਦੀ ਅਹਿਮੀਅਤ ਅਤੇ ਸਮਾਜਕ ਸਰੋਕਾਰਾਂ ਬਾਰੇ ਵੀ ਚਰਚਾ ਛੇੜੀ ਹੈ।***

ਬਦਲਦੇ ਸਮੇਂ ਨਾਲ ਖਾਣ-ਪਹਿਨਣ, ਰਹਿਣ-ਸਹਿਣ ਤੇ ਆਚਾਰ-ਵਿਹਾਰ ਵਿਚ ਵੀ ਬਦਲਾਅ ਆ ਜਾਂਦਾ ਹੈ। ਇਹ ਕੁਦਰਤੀ ਵਰਤਾਰਾ ਹੈ। ਸਮਾਜਕ ਜੀਵਨ ਵਿਚਲੇ ਰੀਤੀ-ਰਿਵਾਜ ਵੀ ਸਮੇਂ ਤੋਂ ਪ੍ਰਭਾਵਿਤ ਹੋ ਜਾਂਦੇ ਹਨ। ਸਾਡੇ ਲਈ ਮਾਣ ਦੀ ਗੱਲ ਹੈ ਕਿ ਅਸੀਂ ਪੰਜਾਬੀ ਆਪਣੇ ਮੁੱਢ ਮੂਲ ਨਾਲ ਫਿਰ ਵੀ ਜੁੜੇ ਰਹਿੰਦੇ ਹਾਂ। ਪੁਰਖਿਆਂ ਦੇ ਸਮੇਂ ਤੋਂ ਚੱਲੇ ਆ ਰਹੇ ਰਹੁ-ਰੀਤਾਂ ਦਾ ਪਰਛਾਵਾਂ ਸਾਡੇ ਨਾਲ ਤੁਰਦਾ ਹੈ।


ਪੁਰਾਤਨ ਅਤੇ ਅੱਜ ਦੇ ਸਮੇਂ ਖੁਸ਼ੀ-ਗਮੀ ਮੌਕੇ ਕੀਤੇ ਜਾਂਦੇ ਵਰਤ-ਵਿਹਾਰਾਂ ਵਿਚ ਹੁਣ ਬਹੁਤ ਅੰਤਰ ਆ ਗਿਆ ਹੈ। ਵਹਿਮਾਂ-ਭਰਮਾਂ ਵਾਲੇ ਰੀਤੀ ਰਿਵਾਜ ਪੂਰੀ ਤਰ੍ਹਾਂ ਤਾਂ ਨਹੀਂ ਪਰ ਬਹੁਤ ਹੱਦ ਤੱਕ ਨਕਾਰੇ ਜਾ ਚੁੱਕੇ ਹਨ। ਵਿਆਹ-ਕਾਰਜਾਂ ਜਾਂ ਖੁਸ਼ੀ ਦੇ ਹੋਰ ਸਮਾਗਮਾਂ ਸਮੇਂ ਕੀਤੇ ਜਾਂਦੇ ਸ਼ਗਨਾਂ ਵਿਚ ਵੀ ਅਦਲਾ-ਬਦਲੀ



**ਪਰਮਜੀਤ ਕੌਰ ਸਰਹਿੰਦ**
ਫੋਨ: +91-98728-98599

ਹੋਈ ਹੈ। ਬਦਲਵੇਂ ਰੂਪ 'ਚ ਉਹ ਮੌਜੂਦ ਜ਼ਰੂਰ ਹਨ। ਵਿਆਹ ਸਮੇਂ ਮੁੰਡੇ-ਕੁੜੀ ਦੀ ਮਾਂ ਆਪਣੇ ਪੇਕੇ ਘਰ ਸੱਦਾ-ਪੱਤਰ ਦੇਣ ਜਾਂਦੀ। ਘਰ ਦੇ ਕਿਸੇ ਜੀਅ ਤੋਂ ਬਿਨਾਂ ਕੋਈ 'ਲਾਗੀ' ਵੀ ਉਸ ਦੇ ਨਾਲ ਜਾਂਦਾ। ਮਠਿਆਈ ਦੇ ਨਾਂ 'ਤੇ ਸ਼ੱਕਰ ਅਤੇ ਚੌਲ ਰਲ਼ਾਏ ਹੁੰਦੇ ਜੋ ਸੱਤ ਜਾਂ ਨੌਂ ਕਿਲੋ ਜ਼ਰੂਰ ਹੁੰਦੇ। ਉਸ ਦੇ ਨਾਲ ਢਾਈ ਜਾਂ ਪੰਜ ਸੇਰ ਦੀ ਗੁੜ ਦੀ ਭੇਲੀ ਨੂੰ ਖੰਮ੍ਹਣੀ (ਮੌਲੀ) ਬੰਨ੍ਹ ਕੇ ਸ਼ਗਨ ਦੇ ਤੌਰ 'ਤੇ ਜ਼ਰੂਰ ਰੱਖਿਆ ਜਾਂਦਾ। ਇਸ ਸਮੱਗਰੀ ਨੂੰ 'ਬਗੜ ਭੇਲੀ' ਕਿਹਾ ਜਾਂਦਾ। ਇਹ ਰਿਵਾਜ ਵੱਖ-ਵੱਖ ਖੇਤਰਾਂ ਵਿਚ ਥੋੜ੍ਹਾ-ਬਹੁਤਾ ਹੋਰ ਢੰਗ ਦਾ ਵੀ ਹੁੰਦਾ। ਸਮੇਂ ਨਾਲ ਸ਼ੱਕਰ-ਚੌਲਾਂ ਦੀ ਥਾਂ ਪਤਾਸਿਆਂ ਨੇ ਲੈ ਲਈ ਪਰ ਗੁੜ ਦੀ ਭੇਲੀ ਜ਼ਰੂਰ ਨਾਲ ਰੱਖੀ ਜਾਂਦੀ। ਅੱਜ ਇਹ ਸਾਰਾ ਕੁਝ ਮਠਿਆਈ ਦੇ ਡੱਬਿਆਂ ਵਿਚ ਸਮਾ ਗਿਆ ਹੈ। ਵਿਚ-ਵਿਚਾਲੇ ਇਸ ਮੌਕੇ ਲੱਡੂ ਤੇ ਪਤਾਸੇ ਵੀ ਦਿੱਤੇ ਜਾਂਦੇ ਰਹੇ ਜੋ ਅੱਜ ਵੀ ਪੇਂਡੂ ਭਾਈਚਾਰਾ ਦਿੰਦਾ ਹੈ। ਭਾਵੇਂ ਪੁਰਾਣੇ ਰੀਤੀ-ਰਿਵਾਜ ਕਾਹਲੀ ਅਤੇ ਦਿਖਾਵੇ ਦੇ ਯੁੱਗ ਵਿਚ ਰੂਪ ਵਟਾ ਗਏ ਹਨ, ਪਰ ਗੁੜ ਨੂੰ ਅਜੇ ਵੀ ਅਹਿਮੀਅਤ ਦਿੱਤੀ ਜਾਂਦੀ ਹੈ। ਮਠਿਆਈ ਦੇ ਇੱਕ ਡੱਬੇ ਵਿਚ ਗੁੜ ਦੀ ਰੋੜੀ ਜਾਂ ਨਿੱਕੀ ਜਿਹੀ 'ਪੇਸੀ' ਛੋਟੀ ਜਿਹੀ ਭੇਲੀ ਨਾਲ ਖੰਮ੍ਹਣੀ ਰੱਖ ਦਿੱਤੀ ਜਾਂਦੀ ਹੈ। ਸ਼ਹਿਰੀ ਲੋਕ ਇਹ ਛੱਡਦੇ ਜਾ ਰਹੇ ਹਨ। ਪੇਂਡੂ ਭਾਈਚਾਰਾ ਅਜੇ ਗੁੜ ਨਾਲ ਸਾਂਝ ਪਾਲ ਰਿਹਾ ਹੈ।

ਬੀਤੇ ਸਮੇਂ ਕੁਝ ਰਸਮ-ਰਿਵਾਜ ਤਾਂ ਬਹੁਤ ਹੀ ਪਿਆਰੇ ਜਾਂ ਪਿਆਰ ਭਰੇ ਹੁੰਦੇ ਸਨ। ਧੀ ਦੇ ਵਿਆਹ ਮੌਕੇ ਮਾਪਿਆਂ ਵੱਲੋਂ ਘੱਟੋ-ਘੱਟ ਸੱਤ ਦਿਨ ਪਹਿਲਾਂ ਤੇ ਪੁੱਤਰ ਦੇ ਵਿਆਹ ਵੇਲੇ ਪੰਜ ਕੁ ਦਿਨ ਪਹਿਲਾਂ ਹਲਵਾਈ ਲਗਾਇਆ ਜਾਂਦਾ। ਇਸ ਨੂੰ 'ਕੜਾਹੀ ਚੜ੍ਹਾਉਣਾ' ਕਿਹਾ ਜਾਂਦਾ। ਸਾਰੀਆਂ ਮਠਿਆਈਆਂ ਘਰ ਬਣਦੀਆਂ। ਅਜੋਕੇ ਸਮੇਂ ਹਲਵਾਈ ਤੋਂ ਵਿਸ਼ੇਸ਼ ਤੌਰ 'ਤੇ ਕੁਝ ਵੱਡੀਆਂ ਜਲੇਬੀਆਂ ਬਣਵਾਈਆਂ ਜਾਂਦੀਆਂ ਹਨ। ਇਨ੍ਹਾਂ ਨੂੰ 'ਜਲੇਬ' ਕਿਹਾ ਜਾਂਦਾ ਜੋ ਕਰੀਬ 10-12 ਇੰਚ ਦੇ ਘੇਰੇ ਵਿਚ ਬਣੇ ਹੁੰਦੇ। ਇਨ੍ਹਾਂ ਨੂੰ ਚਾਂਦੀ ਦੇ ਵਰਕ ਲਗਾ ਕੇ ਸਜਾਇਆ ਹੁੰਦਾ। ਪਿੱਤਲ ਦੀ ਨਵੀਂ ਤੇ ਵੱਡੀ ਸਾਰੀ ਪਰਾਤ ਵਿਚ ਇਹ ਚਿਣ-ਚਿਣ ਰੱਖੇ ਜਾਂਦੇ। ਇਸ ਪਰਾਤ ਨੂੰ ਲਾਲ ਰੰਗ ਦੇ ਕੱਪੜੇ ਨਾਲ ਢਕ ਕੇ ਬੰਨ੍ਹ ਦਿੱਤਾ ਜਾਂਦਾ। ਇਹ ਪਰਾਤ ਮਾਪੇ ਆਪਣੀ ਧੀ ਦੀ ਸੱਸ ਲਈ ਰਾਖਵੀਂ ਕਰ ਕੇ ਭੇਜਦੇ ਜੋ ਖਾਸ ਖਿੱਚ ਦਾ ਕੇਂਦਰ ਹੁੰਦੀ। ਜਲੇਬਾਂ ਦੀ ਗਿਣਤੀ ਵਿਤ ਮੁਤਾਬਕ ਨੌਂ ਤੋਂ ਲੈ ਕੇ ਇੱਕੀ ਤੱਕ ਵੀ ਹੁੰਦੀ। ਵਿਆਹ 'ਚ ਆਏ



ਰਿਸ਼ਤੇਦਾਰਾਂ ਨੂੰ ਜਾਣ ਲੱਗਿਆਂ ਜਦੋਂ 'ਭਾਜੀ' ਭਾਵ ਹੋਰ ਮਠਿਆਈ ਦਿੱਤੀ ਜਾਂਦੀ ਤਾਂ ਬਹੁਤੀ ਨੇੜਤਾ ਵਾਲਿਆਂ ਨੂੰ ਇੱਕ ਜਾਂ ਕਿਸੇ ਨੂੰ ਅੱਧਾ ਜਲੇਬ ਵੀ ਤੋਹਫੇ ਵੱਜੋਂ ਦਿੱਤਾ ਜਾਂਦਾ।

ਜਲੇਬਾਂ ਵਾਲੀ ਪਰਾਤ ਤੋਂ ਇਲਾਵਾ ਇੱਕ ਹੋਰ ਰਿਵਾਜ ਹੁੰਦਾ। ਉਸ ਨੂੰ 'ਸੱਸ ਵਾਲੀ ਤੌੜੀ' ਜਾਂ 'ਸੱਸ ਦੀ ਤੌੜੀ' ਕਿਹਾ ਜਾਂਦਾ। ਮਿੱਟੀ ਦੀ ਇੱਕ ਤੌੜੀ ਵਿਚ ਕੁੜੀ ਦੇ ਪੇਕੇ ਘਰ ਵਿਆਹ ਲਈ ਬਣੀਆਂ ਸਾਰੀਆਂ ਮਠਿਆਈਆਂ ਦੀ ਵੰਨਗੀ ਥੋੜ੍ਹੀ-ਥੋੜ੍ਹੀ ਇਸ ਤੌੜੀ ਵਿਚ ਪਾਈ ਜਾਂਦੀ। ਤੌੜੀ ਨੂੰ ਮਿੱਟੀ ਦੇ ਹੀ ਬਣੇ ਢੱਕਣ ਜਿਸ ਨੂੰ ਚੱਪਣ ਜਾਂ ਚੱਪਣੀ ਕਿਹਾ ਜਾਂਦਾ, ਨਾਲ ਢਕਿਆ ਜਾਂਦਾ। ਉਸ ਨੂੰ ਗਿੱਲੇ ਆਟੇ ਨਾਲ ਚਿਪਕਾ ਕੇ ਚੰਗੀ ਤਰ੍ਹਾਂ ਬੰਦ ਕੀਤਾ ਜਾਂਦਾ। ਇਹ ਮੋਹ ਭਰੀ ਸੌਗਾਤ ਵੀ ਜਲੇਬਾਂ ਵਾਲੀ ਪਰਾਤ ਵਾਂਗ ਕੁੜੀ ਦੀ ਸੱਸ ਨੂੰ ਭੇਟ ਕੀਤੀ ਜਾਂਦੀ। ਆਈ ਨੂੰਹ ਦੇ ਸਾਰੇ ਸ਼ਗਨ ਕਰਕੇ ਰਾਤੀਂ ਜਾਂ ਸ਼ਾਮ ਨੂੰ ਤੇ ਜਾਂ ਫਿਰ ਦੂਜੇ ਦਿਨ ਸੱਸ ਇਹ ਤੌੜੀ ਦਾ ਢੱਕਣ ਉਤਾਰਦੀ। ਇਸ ਮੌਕੇ ਉਹ ਆਪਣੇ ਸ਼ਰੀਕੇ-ਭਾਈਚਾਰੇ ਜਾਂ ਗੁਆਂਢ ਮੁਹੱਲੇ ਦੀਆਂ ਨਜ਼ਦੀਕੀ ਔਰਤਾਂ ਨੂੰ ਸੱਦ ਲੈਂਦੀ। ਉਹ ਸਾਰੀਆਂ ਰਲ਼ ਬੈਠ ਕੇ ਇਹ ਮਠਿਆਈ ਖਾਂਦੀਆਂ। ਮਠਿਆਈ ਦੀ ਭਰੀ ਇਹ ਤੌੜੀ ਕੁੜਮਾਂ ਵੱਲੋਂ ਸੱਸ ਦੇ ਆਦਰ ਦੀ ਪ੍ਰਤੀਕ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਹੋ ਨਿੱਬੜਦੀ।

ਜਲੇਬਾਂ ਵਾਲੀ ਪਰਾਤ ਤੇ ਮਠਿਆਈ ਦੀ ਤੌੜੀ ਭਾਵੇਂ ਹੁਣ ਗੱਤੇ ਦੇ ਸੋਹਣੇ ਝਿਲਮਿਲ ਕਰਦੇ ਡੱਬਿਆਂ ਜਾਂ ਸਟੀਲ ਦੀ ਛੋਟੀ ਜਿਹੀ ਪਰਾਤ ਵਿਚ ਸਮਾ ਗਈ ਹੈ ਪਰ ਇਹ ਸਾਡੇ ਕਾਰਜਾਂ ਵਿਚੋਂ ਮਨਫੀ ਨਹੀਂ ਹੋਈ। ਕੁਝ ਘਰਾਂ ਵਿਚ ਇਹ ਰਿਵਾਜ ਜਿਉਂ ਦਾ ਤਿਉਂ ਵੀ ਮੌਜੂਦ ਹੈ। ਹੁਣੇ ਜਿਹੇ ਸਾਡੇ ਕਿਸੇ ਰਿਸ਼ਤੇਦਾਰ ਦੇ ਵਿਆਹ ਵਿਚ ਇਹ ਦੋਵੇਂ ਰਿਵਾਜ ਪੁਰਾਣੇ ਸਮੇਂ ਵਾਂਗ ਪੂਰੇ ਕੀਤੇ ਗਏ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਜਾਂ ਖੇਤਰਾਂ ਵਿਚ ਇਹ ਰਿਵਾਜ ਪ੍ਰਚੱਲਿਤ ਨਹੀਂ ਹਨ, ਪਰ ਸਾਡੇ ਮਾਲਵੇ ਅਤੇ ਪੁਆਧ ਦੀ ਪੱਟੀ ਵਾਲੇ ਪਿੰਡਾਂ ਵਿਚ ਇਹ ਅਸਲੀ ਜਾਂ ਬਦਲਵੇਂ ਰੂਪ ਵਿਚ ਦੇਖਣ-ਸੁਣਨ ਨੂੰ ਅਜੇ ਵੀ ਮਿਲਦਾ ਹੈ। ਹੁਣ ਆਮ ਤੌਰ 'ਤੇ ਵੱਡੇ-ਵੱਡੇ ਜਲੇਬਾਂ ਦੀ ਥਾਂ ਆਮ ਜਲੇਬੀਆਂ ਨਾਲੋਂ ਕੁਝ ਵੱਡੇ ਆਕਾਰ ਦੀਆਂ ਜਲੇਬੀਆਂ ਕਿਸੇ ਡੱਬੇ 'ਚ ਰੱਖੀਆਂ ਹੁੰਦੀਆਂ ਹਨ। ਚਾਂਦੀ ਦੇ ਵਰਕ ਤੋਂ ਇਲਾਵਾ ਉਨ੍ਹਾਂ ਉੱਤੇ ਕਾਜੂ, ਬਦਾਮ ਜਾਂ ਦਾਖਾਂ ਵੀ ਲਗਾਈਆਂ ਹੁੰਦੀਆਂ ਹਨ। ਚਕਾਚੌਂਧ ਤੇ ਦਿਖਾਵੇ ਦੇ ਯੁੱਗ ਵਿਚ ਇਹ ਵਰਤਾਰਾ ਕੁਦਰਤੀ ਹੈ। ਤੌੜੀ ਵਾਲੀ ਮਠਿਆਈ ਵੀ ਹੁਣ ਡੱਬੇਬੰਦ ਹੋ ਗਈ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਹੁਣ ਇਨ੍ਹਾਂ ਰਸਮਾਂ ਵਿਚੋਂ ਸਾਂਝਾਂ ਵੀ ਨਹੀਂ ਝਲਕਦੀਆਂ। ਇਹ ਸਿਰਫ ਪਰਿਵਾਰ ਤੱਕ ਸੀਮਤ ਹੋ ਗਈਆਂ ਹਨ।

ਇਨ੍ਹਾਂ ਰੀਤੀ ਰਿਵਾਜਾਂ ਬਾਰੇ ਪੜਚੋਲ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕੁਝ ਸਮਾਂ ਪਹਿਲਾਂ ਜਾਂ ਬੀਤੇ ਸਮੇਂ ਲਾੜੇ ਦੀ ਮਾਂ, ਭੈਣ, ਭਰਜਾਈ ਜਾਂ ਹੋਰ ਰਿਸ਼ਤੇਦਾਰ ਔਰਤਾਂ ਬਰਾਤ ਦੇ ਨਾਲ ਨਹੀਂ ਸਨ ਜਾਂਦੀਆਂ। ਇਹ ਵਿਸ਼ੇਸ਼ ਜਲੇਬ ਤੇ ਲਾੜੀ ਦੇ ਘਰ ਬਣੀਆਂ ਮਠਿਆਈਆਂ ਦੀ ਵੰਨਗੀ ਸਨੇਹ-ਸਤਿਕਾਰ ਵੱਜੋਂ ਸੱਸ ਲਈ ਭੇਜੀ ਜਾਂਦੀ। ਅੱਗੋਂ ਸੱਸ ਆਪਣੀ ਮਰਜ਼ੀ ਅਨੁਸਾਰ ਇਹ ਆਪਣੇ ਚਹੇਤਿਆਂ ਨੂੰ ਵੰਡਦੀ। ਆਦਰ ਤੇ ਪ੍ਰੇਮ ਦਾ ਬਿੰਬ ਹੁੰਦੇ ਸਨ ਇਹ ਰਿਵਾਜ। ਭਾਵੇਂ ਵਰਤਮਾਨ ਸਮੇਂ ਬਹੁਤ ਸਾਰੇ ਰੀਤੀ ਰਿਵਾਜਾਂ ਨੂੰ ਖੋਰਾ ਲੱਗਿਆ ਹੈ, ਪਰ ਫਿਰ ਵੀ ਪੰਜਾਬੀਆਂ ਦਾ ਖਾਸਾ ਹੈ ਕਿ ਉਹ ਆਪਣੇ ਵਿਰਸੇ ਨਾਲੋਂ ਟੁੱਟਦੇ ਨਹੀਂ। ਇਸੇ ਲਈ ਪੰਜਾਬ ਦੇ ਇਹ ਮਿੱਠੇ-ਮਿੱਠੇ ਰਿਵਾਜ ਅਜੇ ਵੀ ਸਾਨੂੰ ਦੇਖਣ-ਸੁਣਨ ਜਾਂ ਮਾਣਨ ਨੂੰ ਮਿਲਦੇ ਹਨ ਭਾਵੇਂ ਟਾਵੇਂ-ਟਾਵੇਂ ਹੀ ਸਹੀ।

## ਮੈਂ ਤੇ ਮੇਰਾ ਬਾਪੂ

*(ਪਿਛਲੇ ਸਫੇ ਦੀ ਬਾਕੀ)*

ਕਿਸੇ ਦੋਸਤ ਨੂੰ ਬੁਲਾ ਲਿਆ। ਸਵੇਰ ਦੇ ਅੱਠ ਵੱਜੇ ਸਨ, ਬਾਪੂ ਦੀ ਹਾਲਤ ਹੋਰ ਵਿਗੜ ਗਈ। ਮੈਨੂੰ ਅਹਿਸਾਸ ਤਾਂ ਸੀ ਕਿ ਕੁਝ ਵੀ ਠੀਕ ਨਹੀਂ ਹੈ, ਫੇਰ ਵੀ ਮੇਰਾ ਫਰਜ਼ ਸੀ, ਮੈਂ ਹਸਪਤਾਲ ਵੱਲ ਦੌੜਦਾ। ਮੈਂ ਉਹੀ ਕੀਤਾ। ਮੈਂ, ਮੇਰਾ ਦੋਸਤ ਤੇ ਮੇਰੇ ਚਾਚੇ ਦਾ ਪੁੱਤ ਭਾਈ। ਬਾਪੂ ਨੂੰ ਗੱਡੀ ਵਿਚ ਪਾ ਕੇ ਅਸੀਂ ਹਸਪਤਾਲ ਵੱਲ ਭੱਜੇ ਪਰ ਰਸਤੇ ਵਿਚ ਹੀ ਬਾਪੂ ਨੇ ਸਵਾਸ ਤਿਆਗ ਦਿੱਤੇ।

ਮੈਂ ਹਰ ਸਮਾਜਕ ਰਸਮ ਨਿਭਾਈ। ਚੁੱਪ-ਚਾਪ ਪਰ ਬੀਤਿਆ ਹਰ ਪਲ ਮੇਰੀਆਂ ਅੱਖਾਂ ਘੁੰਮਦਾ ਰਿਹਾ। ਮੈਂ ਕਦੀ ਬਾਪੂ ਨਾਲ ਬਹਿ ਕੇ ਖੁੱਲ੍ਹੀਆਂ ਗੱਲਾਂ ਨਹੀਂ ਸੀ ਕੀਤੀਆਂ। ਸਾਡੇ ਵਿਚਾਲੇ ਨਾ ਜਾਣੇ ਇਹ ਕੈਸੀ ਚੁੱਪ ਸੀ ਪਰ ਜਦ ਬਾਪੂ ਹਸਪਤਾਲ ਤੋਂ ਠੀਕ ਹੋ ਕੇ ਦੋ ਦਿਨ ਲਈ ਘਰ ਮੁੜਿਆ ਸੀ ਤਾਂ ਮੈਂ ਉਦੋਂ ਵੀ ਉਹਦੇ ਨਾਲ ਕੋਈ ਗੱਲ ਨਹੀਂ ਸੀ ਕੀਤੀ। ਦਵਾਈ ਦਿੰਦਾ। ਖਾਣ ਨੂੰ ਦਿੰਦਾ। ਕੱਪੜੇ ਬਦਲਦਾ ਪਰ ਸਾਡੇ ਵਿਚਾਲੇ ਫੇਰ ਇੱਕ ਚੁੱਪ ਹੁੰਦੀ। ਤੇ ਕਾਨੀ ਲੱਗਿਆਂ, ਸਿਵਿਆਂ ਤੀਕ ਜਾਂਦਿਆਂ ਮੈਨੂੰ ਇਹੀ ਗੱਲ ਖਲਦੀ ਰਹੀ। ਮੈਂ ਸੋਚਦਾ, ਮੈਂ ਕਿਉਂ ਬਾਪੂ ਨਾਲ ਗੱਲਾਂ ਨਾ ਕੀਤੀਆਂ? ਤੇ ਹੁਣ ਜਦੋਂ ਉਹਨੂੰ ਦੂਰ ਗਿਆਂ ਬਹੁਤ ਦਿਨ ਬੀਤ ਗਏ ਨੇ ਤਾਂ ਮੈਨੂੰ ਹਜ਼ਾਰਾਂ ਗੱਲਾਂ ਹਜ਼ਾਰਾਂ ਪਲ ਯਾਦ ਆਉਂਦੇ ਨੇ ਜਦੋਂ ਬਾਪੂ ਸਾਡੇ ਵਿਚਕਾਰ ਸੀ। ਉਹਦੀਆਂ ਆਦਤਾਂ। ਗੱਲਾਂ। ਸੌਣਾ ਉਠਣਾ। ਹਰ ਚੀਜ਼। ਕਿਸੇ ਵੀ ਪਲ ਮੈਨੂੰ ਬਾਪੂ ਭੁੱਲਦਾ ਨਹੀਂ। ਬਹੁਤ ਵਾਰ ਕੁਝ ਕਰਦਿਆਂ, ਕਿਤੇ ਵਿਚਰਦਿਆਂ, ਉਹ ਮੇਰੀਆਂ ਸੋਚਾਂ ਦੇ ਕੇਂਦਰ ਵਿਚ ਆਣ ਖੜ੍ਹਦਾ ਹੈ। ਮੈਂ ਉਦਾਸ ਹੋ ਜਾਂਦਾ।

ਉਸ ਔਖੀ ਘੜੀ ਜਦੋਂ ਮੈਂ ਇਕੱਲਾਂ ਸਾਂ, ਮੇਰੇ ਬਹੁਤ ਸਾਰੇ ਕਰੀਬੀ ਮੇਰਾ ਹੌਸਲਾ ਬਣੇ। ਕੈਨੇਡਾ ਤੋਂ ਹਰਪ੍ਰੀਤ ਸੇਖਾ ਦਾ ਹਰ ਰੋਜ਼ ਫੋਨ ਜਾਂ ਮੈਸੇਜ ਆਉਂਦਾ ਰਿਹਾ।

"ਬਾਈ, ਕੋਲ ਹੁੰਦਾ ਤਾਂ ਹਸਪਤਾਲ ਰੁਕ ਕੇ ਥੋਨੂੰ ਸਾਹ ਦਿਵਾਉਂਦਾ।" ਸੇਖਾ ਦਾ ਇਹੀ ਕਹਿ ਦੇਣਾ ਮੇਰੇ ਲਈ ਵੱਡੇ ਅਰਥ ਰੱਖਦਾ ਸੀ। ਮੁੰਬਈ ਤੋਂ ਡਾ. ਵਾਸਿਫ ਖਾਨ ਹਰ ਰੋਜ਼ ਫੋਨ ਕਰਦਾ। ਬਾਪੂ ਦਾ ਹਾਲ ਪੁੱਛਦਾ। ਆਪਣੀਆਂ ਡਾਕਟਰੀ ਸਲਾਹਾਂ ਦਿੰਦਾ। ਮੇਰਾ ਕਾਲਜ ਦਾ ਸਾਥੀ ਸ਼ਮਸ਼ੇਰ ਤਾਂ ਦਿਨ ਵਿਚ ਘੱਟੋ-ਘੱਟ ਦਸ ਫੋਨ ਕਰਦਾ। ਸੰਦੀਪ ਤੇ ਮੈਂ ਪਹਿਲਾਂ ਇਕੱਠੇ ਪੜ੍ਹਾਉਂਦੇ ਸਾਂ, ਅੱਜ ਕੱਲ੍ਹ ਉਹ ਸਿਹਤ ਵਿਭਾਗ ਵਿਚ ਹੈ। ਉਹਨੇ ਬਹੁਤ ਸਾਥ ਦਿੱਤਾ। ਹਸਪਤਾਲ ਵਿਚ ਡਾਕਟਰਾਂ ਨੂੰ, ਸਹਾਇਕਾਂ ਨੂੰ ਵਾਰ-ਵਾਰ ਫੋਨ ਕਰਦੀ। ਬਾਪੂ ਦੀ ਖਬਰ ਲੈਂਦੀ। ਆਈ.ਸੀ.ਯੂ. ਦੇ ਅੰਦਰ ਦੀ ਖਬਰ ਮੈਨੂੰ ਦਿੰਦੀ। ਹਸਪਤਾਲ ਰੋਟੀ ਲੈ ਕੇ ਆਉਂਦੀ। ਮਾਨਸਿਕ ਤੌਰ 'ਤੇ ਮੈਨੂੰ ਇਹਨਾਂ ਦਾ ਸਾਥ ਬਹੁਤ ਲੋੜੀਂਦਾ ਸੀ। ਮੈਂ ਬਹੁਤ ਭਾਵੁਕ ਹਾਂ। ਉਹ ਹਫਤਾ ਹਸਪਤਾਲ ਬੈਠਾ, ਦਿਨ ਵਿਚ ਪਤਾ ਨਹੀਂ ਕਿੰਨੀ ਵਾਰ ਹੋਇਆ ਹੋਵਾਂ। ਆਈ.ਸੀ.ਯੂ. ਦੇ ਬਾਹਰ ਬੈਠਾ ਹਰ ਬੰਦਾ ਗਮ ਵਿਚ ਡੁੱਬਿਆ ਹੋਇਆ ਸੀ। ਹਰ ਕਿਸੇ ਦਾ ਕੋਈ ਆਪਣਾ ਅੰਦਰ ਮੌਤ ਨਾਲ ਘੁਲ ਰਿਹਾ ਸੀ। ਕਈਆਂ ਦੇ ਆਪਣੇ ਲਾਸ਼ਾਂ ਬਣ ਨਿਕਲਦੇ ਮੈਂ ਉਹ ਹਫਤਾ ਭਰ ਦੇਖਦਾ ਰਿਹਾ ਸਾਂ।

ਜਾਣ ਵਾਲੇ ਜੇ ਕਿਸੇ ਛੁੱਟੀ 'ਤੇ ਕੁਝ ਪਲਾਂ ਲਈ ਵੀ ਮੁੜਦੇ ਹੋਣ ਤਾਂ ਸ਼ਾਇਦ ਆਪਣੇ ਦਾਦੇ ਨੂੰ ਆਇਆ ਦੇਖ ਮੇਰੀ ਛੋਟੀ ਜਿਹੀ ਬੱਚੀ ਨੂੰ ਸਾਰਾ ਜਹਾਨ ਭੁੱਲ ਜਾਏ।

ਮੈਂ ਬੇਸ਼ੱਕ ਕੁਝ ਨਾ ਬੋਲਾਂ ਪਰ ਬਾਪੂ ਨੂੰ ਘੁੱਟ ਕੇ ਜੱਫੀ ਪਾ ਕੇ ਮਿਲਾਂ। ਮੈਨੂੰ ਯਾਦ ਹੈ, ਮੈਂ ਅੱਜ ਤੀਕ ਆਪਣੇ ਬਾਪੂ ਨੂੰ ਕਦੇ ਜੱਫੀ ਨਹੀਂ ਸੀ ਪਾਈ।

## 'ਦਿ ਕਸ਼ਮੀਰ ਫਾਈਲਜ਼' ਦੇ ਸਾਈਡ ਇਫੈਕਟ

ਯੂ.ਪੀ. ਦੇ ਕੁਸ਼ੀਨਗਰ ਵਿਚ ਤਿੰਨ ਦੋਸਤ 'ਦਿ ਕਸ਼ਮੀਰ ਫਾਈਲਜ਼' ਫਿਲਮ ਦੇਖ ਕੇ ਆਏ। ਉਨ੍ਹਾਂ ਵਿਚੋਂ ਦੋ ਸਕੇ ਭਰਾ ਹਨ। ਫਿਲਮ ਦੇਖਣ ਤੋਂ ਬਾਅਦ ਉਨ੍ਹਾਂ ਦੇ ਜਜ਼ਬਾਤ ਭੜਕ ਗਏ ਅਤੇ ਵਾਪਸ ਆ ਕੇ ਉਨ੍ਹਾਂ ਨੇ ਆਪਣਾ

**ਰਵੀਸ਼ ਕੁਮਾਰ**
**ਪੇਸ਼ਕਸ਼: ਬੂਟਾ ਸਿੰਘ**

ਗੁੱਸਾ ਜੈਨੂਦੀਨ 'ਤੇ ਕੱਢਿਆ। ਲੋਕਾਂ ਨੇ ਵਿਚ ਪੈ ਕੇ ਝਗੜਾ ਮੁਕਾਇਆ ਅਤੇ ਸਮਝਿਆ ਕਿ ਮਾਮਲਾ ਨਿੱਬੜ ਗਿਆ ਹੈ ਪਰ ਜੈਨੂਦੀਨ ਬੜਾ ਪਾਗਲ ਸਾਬਤ ਹੋਇਆ। ਪਹਿਲਾਂ ਤੋਂ ਹੀ ਪੁਲਿਸ ਦੀ ਹਿਸਟਰੀ ਸ਼ੀਟ ਵਿਚ ਦਰਜ ਜੈਨੂਦੀਨ ਨੇ ਮੌਕਾ ਮਿਲਦੇ ਹੀ ਤਿੰਨਾਂ ਉੱਪਰ ਛੁਰੇ ਨਾਲ ਤਾਬੜ-ਤੋੜ ਹਮਲਾ ਕਰ ਦਿੱਤਾ। ਹੁਣ ਇਕ ਭਰਾ ਕੋਮਾ ਵਿਚ ਹੈ ਅਤੇ ਦੂਜੇ ਦੋਵੇਂ ਗੰਭੀਰ ਫੱਟੜ ਹਨ। ਜ਼ਾਹਿਰ ਹੈ, ਪੁਲਿਸ ਉੱਪਰ ਦਬਾਅ ਪਿਆ ਅਤੇ ਮਜਬੂਰਨ ਪੁਲਿਸ ਨੂੰ ਐਨਕਾਊਂਟਰ ਬਣਾਉਣਾ ਪਿਆ। ਜੈਨੂਦੀਨ ਦੇ ਪੈਰ ਵਿਚ ਗੋਲੀ ਲੱਗੀ ਅਤੇ ਹੁਣ ਉਹ ਹਿਰਾਸਤ ਵਿਚ ਹੈ। ਇਸ ਤਰ੍ਹਾਂ ਇਕ ਫਿਲਮ ਨੇ ਚਾਰ ਮਿੱਤਰਾਂ ਦੀ ਲੰਕਾ 'ਚ ਅੱਗ ਲਾ ਦਿੱਤੀ। ਲੋਕ ਹੁਣ 'ਦਿ ਕੁਸ਼ੀਨਗਰ ਫਾਈਲਜ਼' ਨੂੰ ਪੜ੍ਹ ਕੇ ਅਨੰਦ ਲੈ ਸਕਦੇ ਹਨ।

ਦੂਜੀ ਘਟਨਾ ਚਾਰ-ਪੰਜ ਦਿਨ ਪਹਿਲਾਂ ਯੂ.ਪੀ. ਦੇ ਹੀ ਫਤਿਹਪੁਰ ਦੀ ਹੈ। ਇੰਸਪੈਕਟਰ ਰਾਜਿੰਦਰ ਸਿੰਘ ਚੌਹਾਨ ਦਾਰੂ



ਪੀ ਕੇ ਘਰ ਆਏ। ਗੁਆਂਢ ਵਿਚ ਰਹਿੰਦੇ ਚੰਦਰ ਪ੍ਰਕਾਸ਼ ਗੁਪਤਾ ਜੀ ਦੇ ਬੱਚੇ ਗਲੀ ਵਿਚ ਖੇਡ ਰਹੇ ਸਨ। ਠਾਕੁਰ ਸਾਹਿਬ ਨੇ ਬੱਚਿਆਂ ਨੂੰ ਕਿਹਾ- ਬੋਲੋ ਜੈ ਸ੍ਰੀਰਾਮ! ਉਹ ਮੀਆਂ ਦੇ ਬੱਚੇ ਨਹੀਂ ਸਨ ਕਿ ਡਰ ਕੇ ਜੈ ਸ੍ਰੀਰਾਮ ਬੋਲ ਦਿੰਦੇ। ਬੱਚਿਆਂ ਨੇ ਆਨਾਕਾਨੀ ਕੀਤੀ ਅਤੇ ਇੰਸਪੈਕਟਰ ਨੇ ਆਪਣੇ ਸਰਵਿਸ ਰਿਵਾਲਵਰ ਨਾਲ ਗੋਲੀ ਚਲਾ ਦਿੱਤੀ। 15 ਸਾਲ ਦਾ ਮਯੰਕ ਅਤੇ 14 ਸਾਲ ਦਾ ਵਰਤਿਕਾ ਹਸਪਤਾਲ ਵਿਚ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ। ਤੁਸੀਂ ਜਾਣਦੇ ਹੀ ਹੋ, ਯੂ.ਪੀ. ਪੁਲਿਸ ਧਰਮ ਦੀ ਰੱਖਿਆ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿੰਦੀ ਹੈ। ਐਸਾ ਸਰਕਾਰ ਦਾ ਆਦੇਸ਼ ਵੀ ਹੈ ਪਰ ਇੰਸਪੈਕਟਰ ਸਾਹਿਬ ਨੂੰ ਹੁਣ ਸਰਕਾਰ ਨਹੀਂ ਬਚਾ ਸਕਦੀ।

ਖੈਰ! ਇਨ੍ਹਾਂ ਦੋ ਕਹਾਣੀਆਂ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ? ਸਰਕਾਰ ਦੀ ਚੁੱਕ 'ਚ ਆ ਕੇ ਜਜ਼ਬਾਤ ਓਨੇ ਹੀ ਉਬਲਣ ਦਿਓ ਜਿੰਨਾ ਝੱਲ ਸਕੋ। ਸਿਆਸਤ ਦੇ ਚੱਕਰ 'ਚ ਗੁਆਂਢੀਆਂ ਨਾਲ ਰਿਸ਼ਤੇ ਨਾ ਵਿਗਾੜੋ। ਫਿਲਮ ਅਤੇ ਸਿਆਸਤ ਦੀ ਅਫੀਮ ਓਨੀ ਹੀ ਚੱਟੋ ਕਿ ਤੁਸੀਂ ਖੁਦ ਕਿਸੇ ਫਿਲਮ ਦੇ ਪਾਤਰ ਨਾ ਬਣ ਜਾਓ। ਰਿਸ਼ਤੇ, ਸਮਾਜ ਅਤੇ ਤੁਹਾਡਾ ਜੀਵਨ ਸਭ ਤੋਂ ਉੱਪਰ ਹੈ। ਤੁਸੀਂ ਹੀ ਪਾਗਲ ਨਹੀਂ ਹੋ - ਸਾਹਮਣੇ ਵਾਲਾ ਵੀ ਪਾਗਲ ਹੋ ਸਕਦਾ ਹੈ। ਆਪਣੀ ਜਾਂ ਦੂਜਿਆਂ ਦੀ ਜਾਨ ਦੇ ਦੁਸ਼ਮਣ ਨਾ ਬਣੋ।

ਅਰਥ ਸ੍ਰੀ ਧੰਦੇ ਮਾਤ੍ਰਮ ਕਥਾ।

# ਪੰਜਾਬ 'ਚ ਹਿੰਦੂ ਚੇਤਨਾ

**ਕਲਾ ਪਰਿਕਰਮਾ**

ਇਤਿਹਾਸਕਾਰਾਂ ਅਤੇ ਵਿਦਵਾਨਾਂ ਦੇ ਧਾਰਮਿਕ ਪਛਾਣ ਅਤੇ ਫਿਰਕੂ ਚੇਤਨਾ ਬਾਰੇ ਵੱਖ-ਵੱਖ ਵਿਚਾਰ ਹਨ। ਪੰਜਾਬ ਦੀ 1947 ਦੀ ਵੰਡ ਨੂੰ ਇਸ ਪ੍ਰਸੰਗ ਵਿਚ ਵਿਚਾਰਿਆ ਗਿਆ ਹੈ। ਪ੍ਰੋਫੈਸਰ ਕੇ. ਐਲ. ਟੁਟੇਜਾ ਨੇ ਆਪਣੀ ਕਿਤਾਬ 'ਰਿਲੀਜਨ, ਕਮਿਊਨਿਟੀ ਐਂਡ ਨੇਸ਼ਨ' ਰਾਹੀਂ ਹਿੰਦੂ ਚੇਤਨਾ ਅਤੇ ਰਾਸ਼ਟਰਵਾਦ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹ ਬਸਤੀਵਾਦੀ ਪੰਜਾਬ 'ਚ ਸਿੱਖ ਰਾਜਨੀਤੀ ਤੇ ਸਥਾਪਿਤ ਖੋਜ ਰਾਹੀਂ ਆਪਣੀ ਇਤਿਹਾਸਕ ਸੂਝ ਦਾ ਪ੍ਰਮਾਣ ਦੇ ਚੁੱਕੇ ਹਨ। ਪਿਛਲੇ ਕੁਝ ਸਮੇਂ ਤੋਂ ਉਨ੍ਹਾਂ ਦਾ ਧਿਆਨ ਹਿੰਦੂ ਚੇਤਨਾ ਨੂੰ ਰਾਸ਼ਟਰਵਾਦ ਦੇ ਪ੍ਰਸੰਗ ਵਿਚ ਘੋਖਣ ਵੱਲ ਹੈ।


ਅੰਗਰੇਜ਼ਾਂ ਨੇ ਹਿੰਦੂਸਤਾਨ 'ਚ ਹਿੰਦੂ ਮੁਸਲਿਮ ਭਾਈਚਾਰਿਆਂ ਨੂੰ 'ਅਖੰਡ ਧਾਰਮਿਕ ਸਮੂਹ' ਮੰਨਦਿਆਂ ਇਸ ਧਾਰਮਿਕ ਪਛਾਣ ਨੂੰ ਫਿਰਕੂ ਪਛਾਣ 'ਚ ਤਬਦੀਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਰਾਸ਼ਟਰਵਾਦੀ ਆਗੂਆਂ ਨੇ ਇਸ ਨੂੰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਆਖਿਆ। ਸ਼ੁਰੂ 'ਚ ਆਗੂਆਂ ਨੇ ਆਪਣੇ ਸਮੂਹ ਹਿੱਤਾਂ ਨੂੰ ਤਰਜੀਹ ਦਿੱਤੀ। ਜਿਉਂ-ਜਿਉਂ ਰਾਸ਼ਟਰਵਾਦੀ ਸੋਚ ਦਾ ਪਸਾਰਾ




**ਸੁਖਦੇਵ ਸਿੰਘ ਸੋਹਲ**
**ਫੋਨ: +91-94173-14345**

ਹੋਇਆ, ਨਵੀਂ ਰਾਸ਼ਟਰੀ ਚੇਤਨਾ ਹੋਂਦ 'ਚ ਆਉਣ ਲੱਗੀ। ਜਿਵੇਂ ਧਰਮ ਨੂੰ ਬਿਰਾਦਰੀ ਤੱਕ ਰੱਖਿਆ ਜਾਂਦਾ ਸੀ, ਫਿਰ ਬਿਰਾਦਰੀ ਜਾਂ ਸਮੂਹ ਕੌਮ ਜਾਂ ਰਾਸ਼ਟਰੀ ਸੂਝ ਵੱਲ ਵਧਣ ਲੱਗਾ। ਇਲਾਕਾਈ ਹੱਦਾਂ ਛੋਟੀਆਂ ਜਾਪਣ ਲੱਗੀਆਂ। ਅੰਗਰੇਜ਼ੀ ਰਾਜ ਦਾ ਵਰਤਾਰਾ ਹਰ ਸਮੂਹ 'ਤੇ ਹਾਵੀ ਹੋਣ ਲੱਗਿਆ। ਇਸ ਦਾ ਮੁਕਾਬਲਾ ਕਰਨ ਲਈ ਕੌਮੀ ਜਥੇਬੰਦੀਆਂ, ਕੌਮੀ ਸੋਚ ਨੂੰ ਤਰਜੀਹ ਮਿਲਣ ਲੱਗੀ। ਸਮੂਹ ਛੋਟਾ ਲੱਗਣ ਲੱਗਾ ਪਰ ਅੰਗਰੇਜ਼ਾਂ ਦੀਆਂ ਨੀਤੀਆਂ ਬਿਰਾਦਰੀ ਜਾਂ ਸਮੂਹ 'ਤੇ ਹੀ ਆਧਾਰਿਤ ਸਨ। ਬਿਰਾਦਰੀ ਦੇ ਪ੍ਰਭਾਵਸ਼ਾਲੀ ਆਗੂਆਂ ਨੂੰ 'ਕੁਦਰਤੀ ਨੇਤਾ' ਪ੍ਰਮਾਣਿਤ ਕੀਤਾ ਜਾਂਦਾ ਸੀ। ਵੀਹਵੀਂ ਸਦੀ ਦੇ ਤੀਸਰੇ ਦਹਾਕੇ 'ਚ ਬਿਰਾਦਰੀ ਦਾ ਇਕ ਰੁਝਾਨ ਫਿਰਕਾਪ੍ਰਸਤੀ ਅਤੇ ਦੂਜਾ ਰਾਸ਼ਟਰਵਾਦ ਵੱਲ ਹੋਣ ਲੱਗਾ। ਫਿਰਕਾਪ੍ਰਸਤੀ ਨੇ ਵੰਡਿਆ ਅਤੇ ਰਾਸ਼ਟਰਵਾਦ ਨੇ ਲੋਕਾਂ ਨੂੰ ਜੋੜਿਆ। ਫਿਰਕਾਪ੍ਰਸਤੀ ਦਾ ਉਭਾਰ ਉਨ੍ਹੀਵੀਂ ਸਦੀ ਦੀਆਂ ਬਸਤੀਵਾਦੀ ਨੀਤੀਆਂ ਨਾਲ ਜੁੜਿਆ ਸੀ। ਮੱਧ ਸ਼੍ਰੇਣੀ ਨੇ ਇਸ ਰਾਹੀਂ ਆਪਣੀ ਪਛਾਣ ਬਣਾਈ। ਸਮੂਹ ਜਾਂ ਬਿਰਾਦਰੀ ਦੇ ਵਿਰੁੱਧ ਦੂਸਰੀ ਬਿਰਾਦਰੀ ਨੂੰ 'ਡਰ' ਦੇ ਰੂਪ ਵਿਚ ਖੜ੍ਹਾ ਕੀਤਾ ਗਿਆ। ਫਿਰਕਾਪ੍ਰਸਤੀ 'ਚ ਨਫਰਤ ਸ਼ਮਿਲਤ ਹੈ। ਕੁਝ ਨੇਤਾਵਾਂ ਨੇ ਬਿਰਾਦਰੀ ਨੂੰ ਰਾਸ਼ਟਰਵਾਦ ਨਾਲ ਜੋੜ ਕੇ ਦੇਸ਼ ਦੀ ਆਜ਼ਾਦੀ ਦੀ ਲੜਾਈ 'ਚ ਹਿੱਸਾ ਪਾਇਆ। ਇਹ ਮੋੜ ਕਠਿਨ ਤੇ ਗੁੰਝਲਦਾਰ ਸੀ। ਬਿਰਾਦਰੀ ਦੇ ਇਸ ਰੁਝਾਨ 'ਚ ਇਕ ਵਰਗ ਅੰਗਰੇਜ਼ ਪੱਖੀ ਤੇ ਮੁਸਲਿਮ ਵਿਰੋਧੀ ਸੀ ਅਤੇ ਦੂਸਰਾ ਬਸਤੀ ਵਿਰੋਧੀ ਤੇ ਰਾਸ਼ਟਰਵਾਦੀ।

ਲਾਲਾ ਲਾਜਪਤ ਰਾਏ ਉਸ ਹਿੰਦੂ ਸੋਚ ਦਾ ਮੋਢੀ ਸੀ ਜੋ ਬਿਰਾਦਰੀ ਦੇ ਨਾਲ ਨਾਲ ਰਾਸ਼ਟਰਵਾਦ ਦੀ ਹਾਮੀ ਸੀ। ਅੰਗਰੇਜ਼ਾਂ ਨੇ ਇੰਗਲੈਂਡ 'ਚ ਧਰਮ ਨੂੰ ਬਿਰਾਦਰੀ ਦੇ ਆਧਾਰ 'ਤੇ ਨਕਾਰਿਆ ਪਰ ਹਿੰਦੁਸਤਾਨ ਵਿਚ ਇਸ ਨੂੰ ਅਹਿਮੀਅਤ ਦਿੱਤੀ। ਮਰਦਮਸ਼ੁਮਾਰੀ ਤੇ ਅਖਬਾਰਾਂ ਰਾਹੀਂ ਇਹ ਪਛਾਣ ਉਭਾਰੀ ਗਈ। ਗਿਣਤੀ ਤੇ ਦੂਸਰੇ ਧਾਰਮਿਕ ਫਿਰਕੇ ਦਾ ਡਰ ਹਾਵੀ ਹੋਣ ਲੱਗਾ। ਇਸੇ ਸਮੇਂ ਰਾਸ਼ਟਰਵਾਦ ਬਸਤੀਵਾਦ ਦੀ ਵਿਰੋਧੀ ਵਿਚਾਰਧਾਰਾ ਵਜੋਂ ਉੱਭਰਿਆ। ਅੰਗਰੇਜ਼ੀ ਰਾਜ ਤੋਂ ਪਹਿਲਾਂ ਹਿੰਦੂ ਧਰਮ ਬਹੁਪੱਖੀ ਸੀ। ਸਮਾਜਕ ਲਹਿਰਾਂ ਰਾਹੀਂ ਧਰਮ ਸੁਧਾਰ ਕਰਨ ਨਾਲ ਧਾਰਮਿਕ ਸੋਚ ਵਿਕਸਤ ਹੋਈ ਜਿਸ ਵਿਚ ਫਿਰਕੂ ਰੁਝਾਨ ਪ੍ਰਤੱਖ ਸੀ। ਬਰਤਾਨਵੀ ਨਿਜ਼ਾਮ 'ਚ ਗਿਣਤੀ ਦੀ ਮਹੱਤਤਾ ਵਧੀ, ਖਾਸਕਰ ਪੱਛਮੀ ਪੰਜਾਬ ਵਿਚ






*ਪ੍ਰੋ. ਕੇ.ਐਲ. ਟੁਟੇਜਾ (ਉਪਰ) ਅਤੇ ਉਨ੍ਹਾਂ ਦੀ ਕਿਤਾਬ 'ਰਿਲੀਜਨ, ਕਮਿਊਨਿਟੀ ਐਂਡ ਨੇਸ਼ਨ' ਦਾ ਮੁਖੜਾ।*

ਹਿੰਦੂਆਂ ਨੂੰ ਆਪਣੀ ਘੱਟਗਿਣਤੀ ਦਾ ਅਹਿਸਾਸ ਹੋਣ ਲੱਗਾ। ਜ਼ਿਆਦਾ ਹਿੰਦੂ ਵਪਾਰ ਤੇ ਵਿੱਦਿਆ ਦੇ ਖੇਤਰ 'ਚ ਲੱਗੇ ਹੋਏ ਸਨ ਜਿਨ੍ਹਾਂ 'ਚ ਮੁੱਖ ਜਾਤੀਆਂ ਖੱਤਰੀ, ਅਰੋੜਾ ਤੇ ਬਾਣੀਏ ਸਨ। ਅੰਗਰੇਜ਼ੀ ਵਿਦਿਆ 'ਚ ਇਨ੍ਹਾਂ ਦੀ ਗਿਣਤੀ 82 ਫੀਸਦੀ ਅਤੇ 75 ਰੁਪਏ ਪ੍ਰਤੀ ਮਹੀਨਾ ਤਨਖਾਹ ਵਾਲੀਆਂ ਨੌਕਰੀਆਂ 'ਚ 80 ਫੀਸਦੀ ਸੀ। ਇਹ ਵਰਗ ਪੱਛਮੀ ਸੋਚ ਤੇ ਆਧੁਨਿਕਤਾ ਦੇ ਹਾਮੀ ਸੀ। ਇਨ੍ਹਾਂ ਦਾ ਰੁਝਾਨ ਆਰੀਆ ਸਮਾਜ ਵੱਲ ਵਧਿਆ। 1881 ਦੇ ਹੰਟਰ ਕਮਿਸ਼ਨ ਵੇਲੇ ਇਸ ਵਰਗ ਨੇ ਬੋਲੀ ਦੇ ਮੁੱਦੇ 'ਤੇ ਪੰਜਾਬੀ ਤੇ ਉਰਦੂ ਤੋਂ ਵੱਖਰੀ ਨੀਤੀ ਨੂੰ ਉਭਾਰਿਆ। ਇਸ ਤੋਂ ਇਲਾਵਾ ਗਊ ਰੱਖਿਆ ਲਈ ਲਹਿਰ ਚਲਾਈ ਜਿਸ ਨਾਲ ਹਿੰਦੂ ਸੋਚ ਨੂੰ ਉਭਾਰ ਮਿਲਿਆ। ਇਸੇ ਨੀਤੀ ਅਧੀਨ 1906 'ਚ ਹਿੰਦੂ ਸਭਾ ਬਣਾਈ ਗਈ। ਲਾਲਾ ਲਾਜਪਤ ਰਾਏ ਨੇ 'ਹਿੰਦੂ ਰਾਸ਼ਟਰਵਾਦ' ਦੇ ਵਿਚਾਰ ਨੂੰ ਉਭਾਰਿਆ। ਇਸ ਨੂੰ ਸਰਬ ਭਾਰਤੀ ਪੱਧਰ 'ਤੇ ਜਥੇਬੰਦ ਕੀਤਾ। ਅਪਰੈਲ 1915 'ਚ ਹਰਿਦੁਆਰ 'ਚ ਹਿੰਦੂ ਸਭਾ ਦਾ ਇਜਲਾਸ ਹੋਇਆ।

***ਪੰਜਾਬ ਦੇ ਸ਼ਹਿਰਾਂ 'ਚ ਰਾਸ਼ਟਰਵਾਦੀ ਚੇਤਨਾ ਵਿਕਸਿਤ ਹੋਈ। ਲਾਹੌਰ ਪ੍ਰਮੁੱਖ ਸ਼ਹਿਰ ਸੀ। ਹਿੰਦੂ ਮੱਧਵਰਗੀ ਜਮਾਤ ਆਪਣੇ ਹਿੱਤ ਸਪਸ਼ਟ ਕਰਨ ਲਈ ਅੱਗੇ ਆਈ। 1900 ਦੇ ਜ਼ਮੀਨ ਨਾਲ ਸਬੰਧਿਤ ਕਾਨੂੰਨ ਵੇਲੇ ਇਸ ਸੋਚ ਨੇ ਕਾਂਗਰਸ ਨੂੰ ਪੰਜਾਬ 'ਚ ਕਮਜ਼ੋਰ ਕੀਤਾ। 1907 ਦੇ ਕਿਸਾਨੀ ਸੰਘਰਸ਼ ਵੇਲੇ ਬਸਤੀਵਾਦ ਵਿਰੁੱਧ ਉੱਠੀ ਲਹਿਰ ਵਿਚ ਲਾਲਾ ਲਾਜਪਤ ਰਾਏ ਦਾ ਵੱਡਾ ਯੋਗਦਾਨ ਸੀ। ਉਨ੍ਹਾਂ ਨੇ ਹਿੰਦੁਸਤਾਨੀ ਰਾਸ਼ਟਰਵਾਦ ਨੂੰ ਤਰਜੀਹ ਦਿੱਤੀ।***


ਪੰਜਾਬ ਦੇ ਸ਼ਹਿਰਾਂ 'ਚ ਰਾਸ਼ਟਰਵਾਦੀ ਚੇਤਨਾ ਵਿਕਸਿਤ ਹੋਈ। ਲਾਹੌਰ ਪ੍ਰਮੁੱਖ ਸ਼ਹਿਰ ਸੀ। ਹਿੰਦੂ ਮੱਧਵਰਗੀ ਜਮਾਤ ਆਪਣੇ ਹਿੱਤ ਸਪਸ਼ਟ ਕਰਨ ਲਈ ਅੱਗੇ ਆਈ। 1900 ਦੇ ਜ਼ਮੀਨ ਨਾਲ ਸਬੰਧਿਤ ਕਾਨੂੰਨ ਵੇਲੇ ਇਸ ਸੋਚ ਨੇ ਕਾਂਗਰਸ ਨੂੰ ਪੰਜਾਬ 'ਚ ਕਮਜ਼ੋਰ ਕੀਤਾ। 1907 ਦੇ ਕਿਸਾਨੀ ਸੰਘਰਸ਼ ਵੇਲੇ ਬਸਤੀਵਾਦ ਵਿਰੁੱਧ ਉੱਠੀ ਲਹਿਰ ਵਿਚ ਲਾਲਾ ਲਾਜਪਤ ਰਾਏ ਦਾ ਵੱਡਾ ਯੋਗਦਾਨ ਸੀ। ਉਨ੍ਹਾਂ ਨੇ ਹਿੰਦੁਸਤਾਨੀ ਰਾਸ਼ਟਰਵਾਦ ਨੂੰ ਤਰਜੀਹ ਦਿੱਤੀ। 1909 ਵਿਚ ਮੁਸਲਮਾਨਾਂ ਨੂੰ ਵੱਖਰੀ ਨੁਮਾਇੰਦਗੀ ਦੇਣ ਨਾਲ ਹਿੰਦੂਆਂ 'ਚ ਰੋਸ ਪੈਦਾ ਹੋਇਆ। ਲਾਜਪਤ ਰਾਏ ਹਿੰਦੂ ਤੇ ਮੁਸਲਮਾਨਾਂ ਨੂੰ ਨਾਲ ਲੈ ਕੇ ਆਜ਼ਾਦੀ ਦੀ ਲਹਿਰ ਦੇ ਹੱਕ 'ਚ ਸਨ ਜਦੋਂਕਿ ਲਾਲ ਚੰਦ ਸਿਰਫ ਹਿੰਦੂਆਂ ਤੱਕ ਹੀ ਸੀਮਤ ਰਹਿਣ ਦੇ ਹੱਕ 'ਚ ਸੀ। ਮਹਾਤਮਾ ਗਾਂਧੀ ਨੇ ਸਵਰਾਜ ਵਿਚਾਰਧਾਰਾ ਰਾਹੀਂ ਹਿੰਦੂ-ਮੁਸਲਿਮ ਏਕੇ ਨੂੰ ਉਭਾਰਿਆ। ਰੌਲਟ ਸਤਿਆਗ੍ਰਹਿ ਤੇ ਜਲ੍ਹਿਆਂਵਾਲਾ ਬਾਗ ਕਤਲੇਆਮ ਨੇ ਰਾਸ਼ਟਰਵਾਦ ਨੂੰ ਲੋਕਾਂ ਤਕ ਪਹੁੰਚਾਇਆ। ਨਾ-ਮਿਲਵਰਤਣ ਲਹਿਰ ਨੇ ਇਸ ਰੁਝਾਨ ਨੂੰ ਹੋਰ ਵਿਕਸਿਤ ਕੀਤਾ। 1920ਵਿਆਂ ਦੌਰਾਨ ਹੋਏ ਫਿਰਕੂ ਫਸਾਦਾਂ ਨੇ ਇਕ ਵਾਰ ਫੇਰ ਪੰਜਾਬ ਨੂੰ 1880 ਦੇ ਦਹਾਕੇ ਵਾਂਗ ਫਿਰਕਾਪ੍ਰਸਤੀ ਵੱਲ ਧੱਕ ਦਿੱਤਾ। ਲਾਜਪਤ ਰਾਏ ਨੇ ਹਿੰਦੂ 'ਘੱਟਗਿਣਤੀ' ਵਿਚਾਰਧਾਰਾ ਵੱਲ ਮੋੜਿਆ। ਮੁਸਲਿਮ ਬਹੁਗਿਣਤੀ ਦਾ ਡਰ ਵਧਣ ਲੱਗਾ। ਲਾਜਪਤ ਰਾਏ ਆਰੀਆ ਸਮਾਜ ਦੀ ਹਿੰਦੂ ਚੇਤਨਾ ਦੇ ਹੱਕ ਵਿਚ ਸੀ। ਉਸ ਨੇ ਪੰਜਾਬ ਦੀ ਘੱਟਗਿਣਤੀ ਤੇ ਬਹੁਗਿਣਤੀ ਦੇ ਆਧਾਰ 'ਤੇ ਪ੍ਰਬੰਧਕੀ ਵੰਡ ਦੀ ਵੀ ਵਕਾਲਤ ਕੀਤੀ। ਇਸ ਦੇ ਨਾਲ ਨਾਲ ਉਸ ਨੇ ਹਿੰਦੂ ਮਹਾਸਭਾ ਦੀ ਕਾਂਗਰਸ ਵਿਰੁੱਧ ਨੀਤੀ ਦੀ ਆਲੋਚਨਾ ਵੀ ਕੀਤੀ। ਉਸ ਨੇ ਆਪਣੀ ਰਾਜਨੀਤੀ ਨੂੰ ਬਰਾਦਰੀ ਜਾਂ ਸਮੂਹ ਨਾਲ ਜੋੜਿਆ ਜਿਸ ਨੂੰ ਬਰਾਦਰਾਨਾ ਚੇਤਨਾ ਕਿਹਾ ਜਾ ਸਕਦਾ ਹੈ। ਇਹ ਸੋਚ ਫਿਰਕੂ ਸੋਚ ਤੋਂ ਵੱਖਰੀ ਸੀ। ਬਰਾਦਰਾਨਾ ਸੋਚ 'ਚ ਰਾਸ਼ਟਰਵਾਦ ਹਾਵੀ ਸੀ ਜੋ ਬਸਤੀਵਾਦ ਦੇ ਵਿਰੁੱਧ ਸੀ। ਫਿਰਕੂ ਸੋਚ 'ਚ ਸਮੂਹ ਦੇ ਹਿੱਤ ਸਨ ਤੇ ਇਸ ਦੀ ਰਾਜਨੀਤੀ ਬਰਤਾਨਵੀ ਨਿਜ਼ਾਮ ਪੱਖੀ ਸੀ। ਹਿੰਦੁਸਤਾਨ ਦੇ ਇਤਿਹਾਸ 'ਚ ਬਿਰਾਦਰੀ ਜਾਂ ਸਮੂਹ ਨੂੰ ਫਿਰਕੂ ਚੇਤਨਤਾ ਰਾਹੀਂ ਦੇਖਣ ਕਰਕੇ ਕਈ ਪੇਚੀਦਗੀਆਂ ਸਾਹਮਣੇ ਆਉਂਦੀਆਂ ਹਨ। ਜੇਮਜ਼ ਮਿੱਲ ਵੱਲੋਂ ਇਤਿਹਾਸ ਦੀ ਧਰਮ ਦੇ ਆਧਾਰ 'ਤੇ ਵੰਡ ਕਰਨ ਕਰਕੇ ਇਹ ਬਸਤੀਵਾਦੀ ਨਜ਼ਰੀਆ ਸਾਹਮਣੇ ਆਇਆ ਜਿਸ ਕਾਰਨ ਹਿੰਦੁਸਤਾਨੀ ਸਮਾਜ ਵਿਚ ਪਈ ਗਹਿਰੀ ਵੰਡ 1947 ਵਿਚ ਘਾਤਕ ਸਾਬਿਤ ਹੋਈ। ਹਿੰਦੂ ਚੇਤਨਾ ਦਾ ਉਭਾਰ ਬਸਤੀਵਾਦ ਦੇ ਢਾਂਚੇ ਤੇ ਨੀਤੀਆਂ ਨਾਲ ਜੋੜਿਆ ਜਾਂਦਾ ਹੈ। ਆਰੀਆ ਸਮਾਜ ਨੇ ਇਸ ਵਿਚ ਵੱਡੀ ਭੂਮਿਕਾ ਨਿਭਾਈ। ਲਾਜਪਤ ਰਾਏ ਹਿੰਦੂ ਹਿੱਤਾਂ ਤੇ ਚੇਤਨਾ ਦੇ ਹੱਕ ਵਿਚ ਸੀ ਅਤੇ ਉਸ ਨੇ ਹਿੰਦੂ ਚੇਤਨਾ ਨੂੰ ਰਾਸ਼ਟਰਵਾਦ ਨਾਲ ਜੋੜਨ ਨੂੰ ਤਰਜੀਹ ਦਿੱਤੀ। ਉਹ ਹਿੰਦੂ ਫਿਰਕਾਪ੍ਰਸਤੀ ਤੋਂ ਉੱਪਰ ਉੱਠਣ ਵਾਲੀ ਰਾਜਨੀਤੀ ਦੇ ਨਾਲ ਸੀ। 1920 ਦੇ ਫਿਰਕੂ ਦੰਗਿਆਂ ਨੇ ਉਸ ਨੂੰ ਵਾਰ ਵਾਰ ਹਿੰਦੂ ਹਿੱਤਾਂ ਵੱਲ ਮੋੜਿਆ। ਉਹ ਪੰਜਾਬ 'ਚ ਮੁਸਲਿਮ ਬਹੁਗਿਣਤੀ ਦੇ ਅਸਰ ਦਾ ਹੱਲ ਪੰਜਾਬ ਦੀ ਪ੍ਰਬੰਧਕੀ ਵੰਡ ਰਾਹੀਂ ਕੱਢਣ ਦੇ ਹੱਕ 'ਚ ਸੀ।

1947 ਦੀ ਪੰਜਾਬ ਦੀ ਵੰਡ ਤਕਰੀਬਨ ਇਸ ਸੋਚ ਮੁਤਾਬਿਕ ਪ੍ਰਵਾਨ ਚੜ੍ਹੀ। ਪ੍ਰੋਫੈਸਰ ਟੁਟੇਜਾ ਮੁਤਾਬਿਕ ਲਾਜਪਤ ਰਾਏ ਨੇ ਦੇਸ਼ ਵਿਚ 'ਹਿੰਦੂ ਬਹੁਗਿਣਤੀ ਪਛਾਣ' ਨੂੰ ਸਥਾਪਿਤ ਕੀਤਾ। ਇਸ ਤਰ੍ਹਾਂ ਲਾਜਪਤ ਰਾਏ ਅੱਜ ਦੇ ਭਾਰਤ 'ਚ ਉਭਰ ਰਹੀ 'ਹਿੰਦੂ ਬਹੁਗਿਣਤੀ ਦੀ ਸੋਚ' ਨਾਲ ਜੁੜਦਾ ਹੈ। ਇਸ ਪ੍ਰਸੰਗ ਵਿਚ ਇਹ ਖੋਜ ਮੌਜੂਦਾ ਹਾਲਾਤ ਨੂੰ ਸਮਝਣ ਲਈ ਅਹਿਮ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਅਪਰੈਲ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-529



**ਬਾਬਾ ਪੋਤਾ ਸੈਰ ਨੂੰ ਚੱਲੇ, ਜਦ ਪੈ ਗਈ ਸੀ ਸ਼ਾਮ**
**ਤੁਰਦਾ ਤੁਰਦਾ ਥੱਕਿਆ ਬਾਬਾ, ਕਰਨਾ ਸੀ ਵਿਸ਼ਰਾਮ**
**'ਸੀਟ' ਬਣ ਗਿਆ ਪੋਤਰਾ, ਬਾਬਾ ਕਰੇ ਅਰਾਮ!**

### ਕੈਪਸ਼ਨ ਮੁਕਾਬਲਾ-527



ਖਾਂਦੇ ਪੀਂਦੇ ਘਰਾਂ 'ਚ ਕੜਾਹ,
ਖੀਰ, ਸੇਵੀਆਂ,
ਖਾਣੇ ਤੋਂ ਬਾਅਦ ਮਿੱਠੀ ਡਿਸ਼ ਦਾ ਸੀ ਰਿਵਾਜ।
ਪਹਿਲਾਂ ਹੱਥ ਨਾਲ ਮੂਧੇ ਘੜੇ 'ਤੇ ਵੇਲ ਕੇ,
ਫਿਰ ਮਸ਼ੀਨੀ ਸੇਵੀਆਂ
ਆਈਆਂ ਵਿਚ ਪੰਜਾਬ।
ਨਵੀਂ ਪੀੜ੍ਹੀ ਦੀ ਪਸੰਦ ਮੈਗੀ, ਡੋਸਾ, ਪੀਜ਼ੇ,
ਹੁਣ ਫਾਸਟ ਫੂਡ ਨਾਲ ਹੀ ਆਉਂਦਾ ਸਵਾਦ।
ਦੁੱਧ ਸ਼ੱਕਰ ਚਾਸ਼ਨੀ 'ਚ
ਬਣੀਆਂ ਸੇਵੀਆਂ ਦਾ,
ਇੰਨਾ ਕਦੇ ਨਜ਼ਾਰਾ ਨ੍ਹੀਂ ਲਿਆ ਜਨਾਬ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ (ਪਟਿਆਲਾ)***
***ਫੋਨ: 97784-69639***

---

ਵੱਟਦੇ ਸੀ ਸੇਵੀਆਂ ਮਾਰ ਮੂਧਾ ਘੜੇ ਤਾਈਂ
ਦਾਬ ਸੀ ਹਥੇਲੀਆਂ ਦੀ
ਕਲਾ ਸੀ ਕਮਾਲ ਦੀ।
ਵਿਰਸੇ ਨੂੰ ਖਾ ਗਿਆ ਮਸ਼ੀਨੀ ਯੁੱਗ
ਅੱਜ ਵਾਲਾ
ਯਾਦਾਂ ਦੇ ਬੱਸ ਹੇਰਵੇ ਨੂੰ
ਲੱਗੇ ਇਹ ਸੰਭਾਲਦੀ।
***-ਜਗਮੀਤ ਸਿੰਘ ਪੰਧੇਰ***
***ਫੋਨ: +1 2042963177***

---

ਮਸ਼ੀਨਾਂ ਨਹੀਂ ਸਨ ਜਦੋਂ
ਜੁਗਤ ਦਾ ਜੁਗਾੜ ਤਾਂ ਵੀ
ਹੋ ਹੀ ਸੀ ਜਾਂਦਾ
ਲੈ ਘੜਾ ਲੱਤਾਂ 'ਚ ਘੁੱਟ
ਪੁੱਠਾ ਕਰ ਕੇ
ਪੇੜਾ ਹੱਥਾਂ ਨਾਲ ਵੇਲ ਵੇਲ
ਲੋੜ ਜੋਗੀਆਂ ਸੇਵੀਆਂ ਸੀ
ਬਣ ਜਾਂਦੀਆਂ।
ਮਿਹਨਤ ਸੀ, ਸਬਰ ਸੀ
ਰਿੱਜੀਆਂ ਸੇਵੀਆਂ ਘਿਓ ਦੀ ਚਾਸ
ਚੁੱਕ ਦਿੰਦੀ ਅੰਦਰੋਂ ਨਜ਼ਲਾ ਜ਼ੁਕਾਮ
ਮਨੌਤਾਂ ਪੂਰੀਆਂ ਕਰਨ ਵੇਲੇ
ਲੈ ਡੁਗਡੁਗੀ
'ਗੂਗ ਰਾਮ ਜਾਣੇ' ਦਾ ਅਲਾਪ ਸੀ
ਗਲੀ ਗਲੀ ਕਰਦੇ
ਸਮਾਂ ਬਦਲਿਆ, ਮਸ਼ੀਨਾਂ
ਤਰ੍ਹਾਂ-ਤਰ੍ਹਾਂ ਦੀਆਂ ਸੇਵੀਆਂ
ਅਸਪਗੇਤੀ
(ਇਟਾਲੀਅਨ ਸੇਵੀਆਂ), ਮੈਗੀ
ਸਭ ਸੇਵੀਆਂ ਹੀ ਹਨ।
***-ਦਰਸ਼ਨ ਪਾਲ ਦੋਸਾਂਝ***

---

ਆਂਢਣਾ-ਗੁਆਂਢਣਾ ਨੇ ਕੱਠੀਆਂ ਹੋ ਕੇ,
ਮੋਹ ਤੇ ਪਿਆਰ ਦੀਆਂ ਸਾਂਝਾਂ ਪਰੋਅ ਕੇ।
ਕਰੀਰ ਦੀਆਂ ਟਾਹਣੀਆਂ ਨੂੰ ਨੇੜੇ ਧਰ ਕੇ।
ਵੱਟਣੀਆਂ ਸੇਵੀਆਂ ਤੌੜੇ ਮੂਧੇ ਕਰ ਕੇ।
ਬੀਤੇ ਸਮੇਂ ਯਾਦ ਕਰ,
ਬਸ ਹਾਉਕਾ ਭਰੀਦੈ।
ਮੁੱਲ ਦੀਆਂ ਖਾ ਕੇ ਹੁਣ ਝੱਸ ਪੂਰਾ ਕਰੀਦੈ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

# ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਸਾਜ਼

ਸਿੱਖ ਗੁਰੂ ਸਾਹਿਬਾਨ ਦੁਆਰਾ ਚਲਾਈ ਗਈ ਸੰਗੀਤ ਪ੍ਰਣਾਲੀ ਨੂੰ ਅੱਜ ਅਸੀਂ ਗੁਰਮਤਿ ਸੰਗੀਤ ਕਹਿੰਦੇ ਹਾਂ। ਗੁਰਮਤਿ ਸੰਗੀਤ ਦੀ ਪਰੰਪਰਾ ਮੱਧਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਆਰੰਭ ਹੋਈ। ਗੁਰੂ ਜੀ ਨੇ ਅਧਿਆਤਮਕ ਵਿਸ਼ਿਆਂ ਨਾਲ ਭਰਪੂਰ ਕਾਵਿ ਰਚਿਆ ਅਤੇ ਪ੍ਰਭੂ ਉਸਤਤੀ ਲਈ ਬਾਣੀ ਦਾ ਗਾਇਨ ਕੀਤਾ। ਗੁਰਬਾਣੀ ਗਾਇਨ ਨਾਲ ਸੰਗੀਤ ਵਿਚ ਕੀਰਤਨ ਦੀ ਪ੍ਰਥਾ ਆਰੰਭ ਹੋਈ। ਸ਼ਬਦ ਕੀਰਤਨ ਦੀ ਇਹੀ ਪ੍ਰਥਾ ਅੱਜ ਗੁਰਮਤਿ ਸੰਗਤਿ ਦੇ ਨਾਂ ਨਾਲ ਜਾਣੀ ਜਾਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਇਲਾਵਾ ਬਾਕੀ ਗੁਰੂ ਸਾਹਿਬਾਨ ਨੇ ਵੀ ਬਾਣੀ ਦਾ ਉਚਾਰਨ ਕੀਤਾ, ਜਿਸ ਦਾ ਸੰਕਲਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਨੂੰ ਪ੍ਰਾਪਤ ਹੈ। ਉਨ੍ਹਾਂ ਨੇ ਕੀਰਤਨ ਦੀ ਇਸ ਪ੍ਰਥਾ ਨੂੰ ਕਾਇਮ ਰੱਖਿਆ ਅਤੇ ਵਿਕਸਤ ਵੀ ਕੀਤਾ। ਇਸ ਤਰ੍ਹਾਂ ਸ਼ਬਦ ਕੀਰਤਨ ਦੀ ਇਕ ਨਵੀਨ ਪ੍ਰਣਾਲੀ ਗੁਰਮਤਿ ਸੰਗਤਿ ਦੇ ਰੂਪ ਵਿਚ

**ਪ੍ਰੋ. ਅਜੈਪਾਲ ਸਿੰਘ ਚਵਿੰਡਾ**
**ਫੋਨ: 94642-65464**

ਸਾਨੂੰ ਪ੍ਰਾਪਤ ਹੋਈ ਜੋ ਅੱਜ ਵੀ ਆਪਣਾ ਇਕ ਨਿਵੇਕਲਾ ਸਥਾਨ ਰੱਖਦੀ ਹੈ।

ਗੁਰਬਾਣੀ ਕੀਰਤਨਕਾਰਾਂ ਦੀ ਇਸ ਕੀਰਤਨ ਪ੍ਰਥਾ ਦੇ ਆਰੰਭ ਤੋਂ ਹੀ ਗਾਇਨ ਦੇ ਨਾਲ-ਨਾਲ ਸਾਜ਼ਾਂ ਨੂੰ ਵੀ ਮਹੱਤਵਪੂਰਨ ਸਥਾਨ ਮਿਲਿਆ ਹੈ। ਗੁਰਬਾਣੀ ਵਿਚ ਸਾਜ਼ਾਂ ਲਈ ਸਾਜ਼, ਜੰਤ, ਵਾਜੇ ਅਤੇ ਬਾਜਾ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਵਾਦਕ ਲਈ ਬਜਾਵਨਹਾਰ ਸ਼ਬਦ ਦਾ ਉਲੇਖ ਮਿਲਦਾ ਹੈ ਜਿਵੇਂ:

1. ਹਮ ਤੇਰੇ ਜੰਤ ਤੂ ਬਜਾਵਨਹਾਰ॥ (ਆਦਿ ਗ੍ਰੰਥ, ਭੈਰਉ ਮਹਲਾ 5, ਪੰਨਾ 1144)
2. ਨਿਰਤਿ ਕਰੇ ਬਹੁ ਵਾਜੇ ਵਜਾਏ॥ (ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 364)
3. ਬਾਜੇ ਅਨਹਦ ਬਾਜਾ॥ (ਆਦਿ ਗ੍ਰੰਥ, ਰਾਮਕਲੀ ਮਹਲਾ 5, ਪੰਨਾ 892)

ਅਨੇਕ ਪ੍ਰਕਾਰ ਦੇ ਸਾਜ਼ਾਂ ਦਾ ਉਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਹੈ ਜਿਵੇਂ ਬੇਨ, ਬੀਨਾ, ਤੰਤੀ, ਰਬਾਬ, ਬੰਸਰੀ, ਪਖਾਵਜ, ਮ੍ਰਿਦੰਗ, ਢੋਲ, ਕਰਤਾਲ, ਦਮਾਮਾ, ਘੁੰਗਰੂ, ਮਦੀਰੇ, ਡੌਰੂ, ਛੈਣੇ ਆਦਿ।

ਗੁਰਮਤਿ ਸੰਗੀਤ ਦੇ ਸਾਜ਼ਾਂ ਦਾ ਵਰਗੀਕਰਨ: ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ ਸਾਜ਼ਾਂ ਨੂੰ ਵੱਖ-ਵੱਖ ਵਰਗਾਂ ਵਿਚ ਨਹੀਂ ਵੰਡਿਆ ਗਿਆ ਪ੍ਰੰਤੂ 'ਪੰਚਨਾਦ ਤੂਰ ਵਜਾਇ' (ਆਦਿ ਗ੍ਰੰਥ, ਪੰਨਾ 388) ਅਨੁਸਾਰ ਪੰਜ ਪ੍ਰਕਾਰ ਦੇ ਵਾਦਿਆਂ ਦੇ ਪ੍ਰਯੋਗ ਵੱਲ ਸੰਕੇਤ ਕਰਦਾ ਹੈ। ਭਾਰਤੀ ਸੰਗੀਤ ਵਿਚ ਅਸੀਂ ਆਮ ਤੌਰ 'ਤੇ ਸਾਜ਼ਾਂ ਦੇ ਚਾਰ ਪ੍ਰਕਾਰ ਤੱਤ, ਸੁਸਿਰ, ਅਵਨਧ ਅਤੇ ਘਨ ਸਾਜ਼ ਮੰਨਦੇ ਹਾਂ। ਕੁਝ ਵਿਦਵਾਨ ਤੱਤ ਵਾਦਿਆਂ ਜਾਂ ਘਨ ਸਾਜ਼ਾਂ ਦੀਆਂ ਅੱਗੋਂ ਦੋ ਕਿਸਮਾਂ ਬਣਾ ਕੇ ਸਾਜ਼ਾਂ ਦਾ ਵਰਗੀਕਰਨ ਪੰਜ ਭਾਗਾਂ ਵਿਚ ਕਰਦੇ ਹਨ ਪ੍ਰੰਤੂ ਆਮ ਤੌਰ 'ਤੇ ਚਾਰ ਭਾਗਾਂ ਵਿਚ ਹੀ ਸਾਜ਼ਾਂ ਦੇ ਵਰਗੀਕਰਨ ਦੀ ਧਾਰਨਾ ਵਧੇਰੇ ਪ੍ਰਚੱਲਿਤ ਹੈ। ਭਾਰਤੀ ਸੰਗੀਤ ਦੇ ਸਾਜ਼ਾਂ ਦੇ ਆਧਾਰ 'ਤੇ ਅਸੀਂ ਗੁਰਮਤਿ ਸੰਗੀਤ ਵਿਚ ਪ੍ਰਯੋਗ ਕੀਤੇ ਜਾਂਦੇ ਸਾਜ਼ਾਂ ਦੀ ਵੰਡ ਹੇਠ ਲਿਖੇ ਚਾਰ ਭਾਗਾਂ ਵਿਚ ਕਰ ਰਹੇ ਹਾਂ।

**ਤੱਤ ਵਾਦਿਆ ਜਾਂ ਤੰਤ ਸਾਜ਼:** ਇਸ ਸ਼੍ਰੇਣੀ ਦੇ ਅੰਤਰਗਤ ਤਾਰਾਂ ਵਾਲੇ ਸਾਜ਼ ਆਉਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤਾਰਾਂ ਵਾਲੇ ਸਾਜ਼ਾਂ ਦੇ ਅੰਤਰਗਤ ਬੀਨਾ, ਬੇਨੁ, ਤੰਤੀ, ਸਾਰੰਦਾ, ਰਬਾਬ, ਦਿਲਰੁਬਾ ਆਦਿ ਦਾ ਉਲੇਖ ਮਿਲਦਾ ਹੈ, ਜਿਨ੍ਹਾਂ ਵਿਚੋਂ ਕੀਰਤਨ ਦੀ ਸੰਗਤ ਲਈ ਪ੍ਰਯੋਗ ਕੀਤੇ ਜਾਂਦੇ ਸਾਜ਼ਾਂ ਦਾ ਵਰਨਣ ਹੇਠ ਲਿਖਤ ਹੈ: **1. ਰਬਾਬ:** ਮੱਧਕਾਲ ਵਿਚ ਰਬਾਬ ਨਾਮਕ ਇਕ ਸਾਜ਼ ਦਾ ਉਲੇਖ ਮਿਲਦਾ ਹੈ। ਰਬਾਬ ਇਕ ਤਾਰਾਂ ਵਾਲਾ ਸਾਜ਼ ਹੈ ਜਿਸ ਨੂੰ ਵਜਾਉਣ ਨਾਲ ਸੰਗੀਤ ਉਤਪੰਨ ਹੁੰਦਾ ਹੈ। ਗੁਰਬਾਣੀ ਵਿਚ ਇਸਦਾ ਉਲੇਖ ਇਸ ਤਰ੍ਹਾਂ ਆਇਆ ਹੈ:

ਰਬਾਬੁ ਪਖਾਵਜ ਤਾਲ ਘੁੰਘਰੂ
ਅਨਹਦ ਸਬਦ ਵਜਾਵੈ॥
(ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 381)

ਗੁਰੂ ਨਾਨਕ ਦੇਵ ਜੀ ਦੇ ਸਮਕਾਲੀਨ ਭਾਈ ਮਰਦਾਨਾ ਜੀ ਪ੍ਰਸਿੱਧ ਰਬਾਬ ਵਾਦਕ ਹੋਏ ਹਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਦੀ ਸੋਜ਼ ਭਰੀ ਅਵਾਜ਼ ਨਾਲ ਭਾਈ ਮਰਦਾਨੇ ਦੀ ਰਬਾਬ ਤੇ ਸੰਗਤ ਇਕ ਅਨੂਠਾ ਵਾਤਾਵਰਨ ਪੈਦਾ ਕਰ ਦਿੰਦੀ ਸੀ। ਜਿਵੇਂ:



ਫਿਰ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ॥
ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ॥ (ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ 35)

ਰਬਾਬ ਵਾਦਕ ਭਾਈ ਮਰਦਾਨਾ ਦੀ ਪ੍ਰਬੀਨਤਾ ਕਾਰਨ ਹੀ ਉਸਦੇ ਵੰਸ਼ਜ਼ ਰਬਾਬੀ ਜਾਂ ਮਰਦਾਨੇ ਕੇ ਕਹਾਏ। ਇਨ੍ਹਾਂ ਦਾ ਨਾਮ ਗੁਰਮਤਿ ਸੰਗਤਿ ਵਿਚ ਹਮੇਸ਼ਾ ਸਤਿਕਾਰ ਸਹਿਤ ਲਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਭਾਈ ਮਰਦਾਨੇ ਦੇ ਵੰਸ਼ ਸੱਤਾ ਅਤੇ ਬਲਵੰਡ ਰਬਾਬੀ ਹੀ ਕੀਰਤਨ ਕਰਦੇ ਰਹੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਰਬਾਬ ਸਾਜ਼ ਦਾ ਉਲੇਖ ਚੰਡੀ ਚਰਿੱਤਰ ਵਿਚ ਇਸ ਤਰ੍ਹਾਂ ਮਿਲਦਾ ਹੈ।

ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈ॥

**2. ਸਾਰੰਦਾ:** ਸਾਰੰਦਾ ਨਾਮਕ ਤਾਰਾਂ ਵਾਲੇ ਸਾਜ਼ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ। ਇਸਦਾ ਪ੍ਰਚਲਨ ਗੁਰੂ ਅਮਰਦਾਸ ਜੀ ਦੇ ਸਮੇਂ ਗੁਰਮਤਿ ਸੰਗੀਤ ਵਿਚ ਹੋਇਆ। ਗੁਰੂ ਜੀ ਨੇ ਹੀ ਇਸ ਸਾਜ਼ ਦਾ ਆਵਿਸ਼ਕਾਰ ਕੀਤਾ। ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਇਕ ਸਾਰੰਦਾ ਰੱਖਿਆ ਹੋਇਆ ਹੈ, ਜੋ ਗੁਰੂ ਅਮਰਦਾਸ ਜੀ ਦੁਆਰਾ ਬਣਾਇਆ ਗਿਆ ਸੀ। ਹਿਮਾਚਲ ਪ੍ਰਦੇਸ਼ ਮੰਡੀ ਸ਼ਹਿਰ ਦੇ ਇਕ ਗੁਰਦੁਆਰੇ ਵਿਚ ਇਕ ਸਾਰੰਦਾ ਅਜੇ ਤੱਕ ਸੁਰੱਖਿਅਤ ਹੈ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਵਜਾਇਆ ਕਰਦੇ ਸਨ।



**3. ਤਾਊਸ:** ਤਾਊਸ ਵੀ ਗਜ਼ ਨਾਲ ਵਜਾਇਆ ਜਾਣ ਵਾਲਾ ਤੰਤੀ ਸਾਜ਼ ਹੈ। ਦਿਲਰੁਬਾ ਤੇ ਤਾਊਸ ਦੀ ਬਣਤਰ ਵਿਚ ਥੋੜ੍ਹਾ-ਥੋੜ੍ਹਾ ਅੰਤਰ ਹੈ। ਇਨ੍ਹਾਂ ਦੇ ਅੰਗ ਸਮਾਨ ਹੀ ਹਨ। ਗੁਰਮਤਿ ਸੰਗੀਤ ਵਿਚ ਤਾਊਸ ਦਾ ਪ੍ਰਯੋਗ ਕੀਰਤਨ ਦੀ ਸੰਗਤ ਲਈ ਕੀਤਾ ਜਾਂਦਾ ਹੈ।

**4. ਦਿਲਰੁਬਾ:** ਦਿਲਰੁਬਾ ਵੀ ਗਜ਼ ਨਾਲ ਵਜਾਇਆ ਜਾਣ ਵਾਲਾ ਤੰਤੀ ਸਾਜ਼ ਹੈ। ਕਿਹਾ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਾਊਸ ਦੇ ਆਕਾਰ ਵਿਚ ਥੋੜ੍ਹਾ ਪਰਿਵਰਤਨ ਕਰ ਕੇ ਦਿਲਰੁਬਾ ਸਾਜ਼ ਦਾ ਪ੍ਰਚਲਨ ਹੋਇਆ। ਗੁਰਮਤਿ ਸੰਗੀਤ ਵਿਚ ਇਸ ਸਾਜ਼ ਦਾ ਪ੍ਰਯੋਗ ਕੀਰਤਨ ਦੀ ਸੰਗਤ ਲਈ ਕੀਤਾ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਾਹਿਬ ਵਿਖੇ ਕੀਰਤਨ ਦੀ ਸੰਗਤ ਲਈ ਰੋਜ਼ਾਨਾ ਇਸ ਸਾਜ਼ ਦਾ ਪ੍ਰਯੋਗ ਕਰ ਕੇ ਇਸਨੂੰ ਮੁੜ ਸੁਰਜੀਤ ਕੀਤਾ ਗਿਆ ਹੈ।

**5. ਸਾਰੰਗੀ:** ਸਾਰੰਗੀ ਗਜ਼ ਨਾਲ ਵਜਾਇਆ ਜਾਣ ਵਾਲਾ ਪ੍ਰਮੁੱਖ ਤੰਤੀ ਸਾਜ਼ ਹੈ। ਕੰਠ ਸਵਰ ਨਾਲ ਸਭ ਤੋਂ ਵਧੇਰੇ ਮਿਲਦਾ ਜੁਲਦਾ ਹੋਣ ਕਾਰਨ ਗਾਇਨ ਦੀ ਸੰਗਤ ਲਈ ਇਹ ਸਾਜ਼ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਸ਼ਾਸਤਰੀ ਅਤੇ ਲੋਕ-ਸੰਗੀਤ ਦੋਵਾਂ ਵਿਚ ਸਾਰੰਗੀ ਦਾ ਪ੍ਰਯੋਗ ਹੁੰਦਾ ਹੈ।

ਗੁਰਮਤਿ ਸੰਗੀਤ ਵਿਚ ਸਾਰੰਗੀ ਦਾ ਪ੍ਰਯੋਗ ਵੀ ਹੁੰਦਾ ਹੈ। ਰਾਗੀ ਜਥਿਆਂ ਦੁਆਰਾ ਗੁਰਬਾਣੀ ਦਾ ਰਾਗਬੱਧ ਗਾਇਨ ਕਰਨ ਦੇ ਨਾਲ ਸਾਰੰਗੀ ਦੀ ਸੰਗਤ ਬੜੀ ਆਨੰਦ ਦਾਇਕ ਪ੍ਰਤੀਤ ਹੁੰਦੀ ਹੈ। ਢਾਡੀ ਜਥਿਆਂ ਵਿਚ ਅੱਜ-ਕੱਲ੍ਹ ਵੀ ਸਾਰੰਗੀ ਦਾ ਪ੍ਰਚਲਨ ਹੈ।

**6. ਸਿਤਾਰ:** ਗੁਰਮਤਿ ਸੰਗੀਤ ਵਿਚ ਸਿਤਾਰ ਸਾਜ਼ ਦੀ ਸੰਗਤ ਅੱਜਕੱਲ੍ਹ ਆਮ ਹੋ ਗਈ ਹੈ। ਨਾਮੀ ਰਾਗੀ ਜਥਿਆਂ ਵਿਚ ਅਤੇ ਦੂਰਦਰਸ਼ਨ 'ਤੇ ਪ੍ਰਸਾਰਿਤ ਹੋਣ ਵਾਲੇ ਗੁਰਮਤਿ ਸੰਗਤਿ ਦੇ ਪ੍ਰੋਗਰਾਮਾਂ ਵਿਚ ਇਸ ਸਾਜ਼ ਦੀ ਸੰਗਤ ਵਧੇਰੇ ਪ੍ਰਚੱਲਿਤ ਹੈ।

**ਅਵਨੱਧ ਸਾਜ਼:** ਚਮੜੇ ਨਾਲ ਮੜੇ ਹੋਏ ਸਾਰੇ ਤਾਲ ਸਾਜ਼ ਅਵਨੱਧ ਸਾਜ਼ਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਨ੍ਹਾਂ ਦਾ ਪ੍ਰਯੋਗ ਅਕਸਰ ਗਾਇਨ ਜਾਂ ਵਾਦਨ ਦੇ ਨਾਲ ਤਾਲ ਦੇਣ ਲਈ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਸੁਤੰਤਰ ਵਾਦਿਆਂ ਦੇ ਰੂਪ ਵਿਚ ਵੀ ਇਨ੍ਹਾਂ ਨੂੰ ਵਜਾਇਆ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼੍ਰੇਣੀ ਦੇ ਅੰਤਰਗਤ ਪਖਾਵਜ, ਟਮਕ, ਭੇਰੀਆਂ, ਡੌਰੂ, ਮ੍ਰਿਦੰਗ, ਦਮਾਮਾ, ਦੁੰਦਭੀ, ਮੰਦਰ, ਮੰਦਲ ਆਦਿ ਵਾਦਿਆਂ ਦਾ ਉਲੇਖ ਮਿਲਦਾ ਹੈ ਪ੍ਰੰਤੂ ਗੁਰਮਤਿ ਸੰਗੀਤ ਦੀ ਸੰਗਤ ਲਈ ਇਨ੍ਹਾਂ ਵਿਚੋਂ ਕੁਝ ਹੀ ਸਾਜ਼ ਜਿਵੇਂ ਪਖਾਵਜ, ਮ੍ਰਿਦੰਗ, ਢੱਡ, ਤਬਲਾ ਆਦਿ ਦਾ ਪ੍ਰਯੋਗ ਪਾਇਆ ਜਾਂਦਾ ਹੈ।

**1. ਪਖਾਵਜ ਅਤੇ ਮ੍ਰਿਦੰਗ:** ਭਾਰਤੀ ਸੰਗੀਤ ਵਿਚ ਸਭ ਤੋਂ ਪ੍ਰਾਚੀਨ ਤਾਲ ਸਾਜ਼ ਪਖਾਵਜ ਹੈ। ਇਸ ਸਾਜ਼ ਦੀ ਆਵਾਜ਼ ਕੁਝ ਗੰਭੀਰ ਹੁੰਦੀ ਹੈ। ਧਰੁੱਪਦ, ਧਮਾਰ ਆਦਿ ਗੰਭੀਰ ਪ੍ਰਕਿਰਤੀ ਦੀਆਂ ਗਾਇਨ ਸ਼ੈਲੀਆਂ ਅਤੇ ਰੁਦਰਵੀਣਾ ਅਤੇ ਸਰੋਦ ਵਾਦਨ ਦੇ ਨਾਲ ਪਖਾਵਜ ਤੇ ਸੰਗਤ ਕੀਤੀ ਜਾਂਦੀ ਹੈ।

ਪਖਾਵਜ ਨਾਲ ਮਿਲਦਾ ਜੁਲਦਾ ਸਾਜ਼ ਮ੍ਰਿਦੰਗ ਕਰਨਾਟਕੀ ਸੰਗੀਤ ਵਿਚ ਪ੍ਰਚੱਲਿਤ ਹੈ। ਗੁਰਬਾਣੀ ਵਿਚ ਇਨ੍ਹਾਂ ਸਾਜ਼ਾਂ ਦਾ ਉਲੇਖ ਇਸ ਪ੍ਰਕਾਰ ਆਇਆ ਹੈ:

ਕਰ ਕਰਿ ਤਾਲੁ ਪਖਾਵਜੁ ਨੈਨਹੁ
ਮਾਥੈ ਵਜਹਿ ਰਬਾਬਾ॥
(ਆਦਿ ਗ੍ਰੰਥ, ਰਾਮਕਲੀ ਮਹਲਾ 5, ਪੰਨਾ 884)

ਰਬਾਬੁ ਪਖਾਵਜ ਤਾਲ ਘੁੰਘਰੂ
ਅਨਹਦ ਸਬਦੁ ਵਜਾਵੈ॥



(ਆਦਿ ਗ੍ਰੰਥ, ਆਸਾ ਮਹਲਾ 5, ਪੰਨਾ 381)

**2. ਤਬਲਾ:** ਤਾਲ ਦੇਣ ਲਈ ਜੋੜੀ ਜਾਂ ਤਬਲਾ ਦਾ ਪ੍ਰਯੋਗ ਗੁਰਮਤਿ ਸੰਗੀਤ ਵਿਚ ਅੱਜ ਸਭ ਤੋਂ ਵਧੇਰੇ ਹੋ ਰਿਹਾ ਹੈ। ਆਮ ਤੌਰ 'ਤੇ ਚਾਰ ਵਿਅਕਤੀਆਂ ਦੇ ਰਾਗੀ ਜਥੇ ਵਿਚ ਇਕ ਜੋੜੀ ਵਾਦਕ ਹੁੰਦਾ ਹੈ। ਤਬਲਾ ਵਾਦਕ ਤਬਲਾ ਵਜਾਉਣ ਦੇ ਨਾਲ-ਨਾਲ ਆਪਣੇ ਸਾਥੀ ਕੀਰਤਨਕਾਰਾਂ ਨਾਲ ਗਾਇਨ ਵਿਚ ਵੀ ਸੰਗਤ ਕਰਦਾ ਹੈ।

**3. ਢੱਡ:** ਢੱਡ ਡੱਮਰੂ ਤੋਂ ਛੋਟੇ ਆਕਾਰ ਦਾ ਤਾਲ ਸਾਜ਼ ਹੈ। ਗੁਰਮਤਿ ਸੰਗੀਤ ਵਿਚ ਇਸ ਸਾਜ਼ ਦਾ ਪ੍ਰਯੋਗ ਢਾਡੀ ਕਰਦੇ ਹਨ। ਵਾਰ ਗਾਇਨ ਵਿਚ ਅਕਸਰ ਢਾਡੀ ਜਥਿਆਂ ਵਿਚ ਇਕ ਪ੍ਰਮੁੱਖ ਕਥਾ-ਵਾਚਕ, ਇਕ ਸਾਰੰਗੀ ਵਾਦਕ ਅਤੇ ਦੋ ਢੱਡ ਵਾਦਕ ਹੁੰਦੇ ਹਨ। ਢੱਡ ਵਾਦਕ ਨੂੰ ਢਾਡੀ ਕਿਹਾ ਜਾਂਦਾ ਹੈ।

**4. ਢੋਲਕੀ:** ਢੋਲਕੀ ਪੰਜਾਬ ਦਾ ਪ੍ਰਸਿੱਧ ਲੋਕਸਾਜ਼ ਹੈ ਜਿਸਦਾ ਪ੍ਰਯੋਗ ਲੋਕ ਨਾਚ ਅਤੇ ਲੋਕ ਗੀਤਾਂ ਵਿਚ ਸਭ ਤੋਂ ਵਧੇਰੇ ਪਾਇਆ ਜਾਂਦਾ ਹੈ। ਗੁਰਮਤਿ ਸੰਗੀਤ ਦੇ ਅੰਤਰਗਤ ਜਦੋਂ ਹਲਕੀਆਂ-ਫੁਲਕੀਆਂ ਧੁਨਾਂ ਵਿਚ ਸਮੂਹ ਸੰਗਤ ਮਿਲ ਕੇ ਗਾਇਨ ਕਰਦੀ ਹੈ ਤਾਂ ਉਸਦੀ ਸੰਗਤੀ ਲਈ ਢੋਲਕੀ ਦੇ ਹਲਕੇ-ਫੁਲਕੇ ਬੋਲਾਂ ਨਾਲ ਤਾਲ ਦਿੱਤੀ ਜਾਂਦੀ ਹੈ।



**ਸੁਸ਼ਿਰ ਸਾਜ਼:** ਜਿਨ੍ਹਾਂ ਸਾਜ਼ਾਂ ਵਿਚ ਸਵਰਾਂ ਦੀ ਉਤਪਤੀ ਫੂਕ ਮਾਰਨ ਨਾਲ ਜਾਂ ਹਵਾ ਦੇ ਪ੍ਰਵੇਸ਼ ਨਾਲ ਹੁੰਦੀ ਹੈ ਉਹ ਇਸ ਸ਼੍ਰੇਣੀ ਦੇ ਅੰਤਰਗਤ ਆਉਂਦੇ ਹਨ। ਗੁਰਬਾਣੀ ਵਿਚ ਬੰਸਰੀ, ਸਿੰਗੀ, ਸ਼ਹਿਨਾਈ, ਸ਼ੰਖ ਆਦਿ ਸਾਜ਼ਾਂ ਦਾ ਉਲੇਖ ਇਸ ਸ਼੍ਰੇਣੀ ਦੇ ਅੰਤਰਗਤ ਮਿਲਦਾ ਹੈ।

**1. ਹਾਰਮੋਨੀਅਮ:** ਹਾਰਮੋਨੀਅਮ ਇਕ ਵਿਦੇਸ਼ੀ ਸਾਜ਼ ਹੈ ਪ੍ਰੰਤੂ ਇਸਦਾ ਪ੍ਰਯੋਗ ਸ਼ਾਸਤਰੀ ਸੰਗੀਤ, ਸੁਗਮ ਸੰਗੀਤ, ਲੋਕ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਸਭ ਤੋਂ ਵਧੇਰੇ ਹੋ ਰਿਹਾ



ਹੈ। ਬੇਸ਼ੱਕ ਇਸ ਸਾਜ਼ ਵਿਚ ਕੁਝ ਕਮੀਆਂ ਵੀ ਹਨ ਪ੍ਰੰਤੂ ਇਹ ਵਜਾਉਣ ਵਿਚ ਬਹੁਤ ਸਰਲ ਹੈ।

ਗੁਰਮਤਿ ਸੰਗੀਤ ਵਿਚ ਰਾਗੀ ਜਥਿਆਂ ਵਿਚ ਦੋ ਹਾਰਮੋਨੀਅਮ ਵਾਦਕ ਹੁੰਦੇ ਹਨ। ਅਸਲ ਵਿਚ ਅੱਜ ਬਾਕੀ ਸਾਜ਼ਾਂ ਨਾਲੋਂ ਹਾਰਮੋਨੀਅਮ ਅਤੇ ਤਬਲੇ ਦਾ ਪ੍ਰਯੋਗ ਗੁਰਮਤਿ ਸੰਗੀਤ ਵਿਚ ਵਧੇਰੇ ਪਾਇਆ ਜਾਂਦਾ ਹੈ।

**ਘਨ ਸਾਜ਼:** ਇਸ ਸ਼੍ਰੇਣੀ ਦੇ ਅੰਤਰਗਤ ਉਹ ਸਾਜ਼ ਆਉਂਦੇ ਹਨ ਜਿਨ੍ਹਾਂ 'ਤੇ ਚੋਟ ਮਾਰਨ ਨਾਲ ਆਵਾਜ਼ ਦੀ ਉਤਪਤੀ ਹੁੰਦੀ ਹੈ। ਗੁਰਬਾਣੀ ਵਿਚ ਬੇਸ਼ੱਕ ਕਰਿਤਾਲ, ਛੈਣੇ, ਘੁੰਗਰੂ, ਮਦੀਰੇ ਆਦਿ ਘਨ ਸਾਜ਼ਾਂ ਦਾ ਉਲੇਖ ਆਇਆ ਹੈ ਪ੍ਰੰਤੂ ਗੁਰਮਤਿ ਸੰਗੀਤ ਵਿਚ ਕੀਰਤਨ ਦੀ ਸੰਗਤ ਲਈ ਕਦੀ-ਕਦੀ ਖੜਤਾਲ, ਛੈਣੇ, ਚਿਮਟੇ ਆਦਿ ਘਨ ਸਾਜ਼ਾਂ ਦਾ ਪ੍ਰਯੋਗ ਹੁੰਦਾ ਹੈ।

ਉਪਰੋਕਤ ਵਰਨਣ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੱਤ, ਅਵਨੱਧ, ਸੁਸ਼ਿਰ ਅਤੇ ਘਨ ਚਾਰੇ ਪ੍ਰਕਾਰ ਦੇ ਸਾਜ਼ਾਂ ਦਾ ਉਲੇਖ ਮਿਲਦਾ ਹੈ। ਇਨ੍ਹਾਂ ਸਾਜ਼ਾਂ ਦਾ ਪ੍ਰਯੋਗ ਗੁਰਮਤਿ ਸੰਗੀਤ ਵਿਚ ਸਮੇਂ-ਸਮੇਂ ਕੀਤਾ ਜਾਂਦਾ ਹੈ। ਕੁਝ ਸਾਜ਼ ਜਿਵੇਂ ਪਖਾਵਜ, ਸਾਰੰਗੀ ਆਦਿ ਦਾ ਪ੍ਰਯੋਗ ਅੱਜ ਵੀ ਗੁਰਮਤਿ ਸੰਗੀਤ ਵਿਚ ਪਾਇਆ ਜਾਂਦਾ ਹੈ। ਇਨ੍ਹਾਂ ਸਾਜ਼ਾਂ ਦੇ ਨਾਲ ਹੀ ਸਿਤਾਰ, ਤਬਲਾ ਅਤੇ ਹਾਰਮੋਨੀਅਮ ਸਾਜ਼ਾਂ ਦਾ ਪ੍ਰਚਲਨ ਅੱਜ ਗੁਰਮਤਿ ਸੰਗੀਤ ਵਿਚ ਵਧਦਾ ਜਾ ਰਿਹਾ ਹੈ, ਜੋ ਸੰਗੀਤ ਦੇ ਹੋਰ ਖੇਤਰਾਂ ਵਾਂਗ ਗੁਰਮਤਿ ਸੰਗੀਤ ਪ੍ਰਣਾਲੀ ਵਿਚ ਵੀ ਆਈਆਂ ਤਬਦੀਲੀਆਂ ਦਾ ਸੂਚਕ ਹਨ।

# ਜੀਵਨ ਤੇ ਮੌਤ ਵਿਚਕਾਰਲੇ ਰਾਹ 'ਤੇ ਉੱਗੇ ਜੰਗਲੀ ਗੁਲਾਬ ਦੀ ਗਾਥਾ

## ਜੰਗਲੀ ਗੁਲਾਬ (ਨਾਵਲ)


ਦਵਿੰਦਰ ਮਲਹਾਂਸ ਨੇ ਆਪਣੇ ਕਹਾਣੀ ਸੰਗ੍ਰਹਿ 'ਬੇਗਮ ਤੇ ਗੁਲਾਮ' ਅਤੇ 'ਗੋਰੀ ਸਰਕਾਰ' ਰਾਹੀਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣਾ ਚੰਗਾ ਨਾਂ ਥਾਂ ਬਣਾਉਣ ਤੋਂ ਬਾਅਦ ਆਪਣਾ ਪਲੇਠਾ ਨਾਵਲ 'ਜੰਗਲੀ ਗੁਲਾਬ' ਪ੍ਰਕਾਸ਼ਿਤ ਕਰਵਾ ਕੇ ਨਾਵਲ ਦੇ ਖੇਤਰ ਵਿਚ ਵੀ ਆਪਣੇ ਹਿੱਸੇ ਦੀ ਪਛਾਣ ਬਣਾ ਲਈ ਹੈ। ਇਹ ਨਾਵਲ ਪੰਜਾਬੀ ਲੋਕਾਂ ਦੀਆਂ ਵਾਸ-ਪਰਵਾਸ ਨਾਲ ਨਾਲ ਜੁੜੀਆਂ ਮਨੋ-ਸਮਾਜਿਕ ਸਮੱਸਿਆਵਾਂ ਬਾਰੇ ਬਹੁ-ਪਰਤੀ ਸੰਵਾਦ ਸਿਰਜ ਕੇ ਇਸ ਸਿੱਟੇ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਪਰਵਾਸ ਪੰਜਾਬੀ ਮਨੁੱਖ ਦੀ ਲੋੜ ਨਹੀਂ ਸਗੋਂ ਮਜਬੂਰੀ ਹੈ। ਇਹ ਨਾਵਲ ਭਾਰਤ ਦੀ ਸਮਾਜਿਕ, ਆਰਥਿਕ ਤੇ

**ਨਿਰੰਜਣ ਬੋਹਾ**
ਫੋਨ: 91-89682-82700

ਰਾਜਨੀਤਕ ਵਿਵਸਥਾ ਵਿਚ ਲਗਾਤਾਰ ਵਧ ਰਹੇ ਵਿਗਾੜ ਨੂੰ ਪੰਜਾਬ ਦੇ ਨੌਜਵਾਨਾਂ ਦੀ ਪੱਛਮੀ ਮੁਲਕਾਂ ਵੱਲ ਲੱਗੀ ਦੌੜ ਦਾ ਮੁੱਖ ਕਾਰਨ ਮੰਨਦਾ ਹੈ ਤੇ ਇਸ ਬਾਰੇ ਦੇਸ਼ ਵਿਆਪੀ ਚਰਚਾ ਛੇੜੇ ਜਾਣ ਦੀ ਲੋੜ ਨੂੰ ਉਭਾਰਦਾ ਹੈ। ਨਾਵਲ ਅਨੁਸਾਰ ਕੇਂਦਰੀ ਹਕੂਮਤ ਦੀਆਂ ਬਦਨੀਤੀਆਂ ਕਾਰਨ 20ਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਪੈਦਾ ਹੋਇਆ ਪੰਜਾਬ ਸੰਕਟ ਪਰਵਾਸ ਦੇ ਰੁਝਾਨ ਨੂੰ ਵਧਾਉਣ ਦਾ ਵੱਡਾ ਕਾਰਨ ਬਣਿਆ, ਜਿਸ ਦੇ ਚਲਦਿਆਂ ਸਰਕਾਰੀ ਤੇ ਗੈਰ-ਸਰਕਾਰੀ ਅਤਿਵਾਦ ਦੇ ਸ਼ਿਕਾਰ ਹੋਏ ਪੰਜਾਬ ਦੇ ਬਹੁਤ ਸਾਰੇ ਲੋਕਾਂ ਨੂੰ ਆਪਣੀ ਇੱਛਾ ਤੋਂ ਉਲਟ ਦੇਸ਼ ਛੱਡ ਕੇ ਪਰਵਾਸੀ ਬਣਨਾ ਪਿਆ। ਇਸ ਨਾਵਲ ਦਾ ਮੁੱਖ ਪਾਤਰ ਅਰਜਣ ਵੀ ਥਾਣੇਦਾਰ ਰਾਜਕੁਮਾਰ ਘੋਟਣਾ ਵੱਲੋਂ ਆਪਣੀ ਵਰਦੀ 'ਤੇ ਹੋਰ ਸਟਾਰ ਲਾਉਣ ਦੀ ਲਾਲਸਾ ਦਾ ਸ਼ਿਕਾਰ ਹੋ ਕੇ ਹੀ ਪਰਵਾਸੀ ਭਾਰਤੀ ਬਣਨ ਲਈ ਮਜਬੂਰ ਹੁੰਦਾ ਹੈ।

ਨਾਵਲ ਪੰਜਾਬੀ ਮੁੰਡੇ-ਕੁੜੀਆਂ ਨੂੰ ਬਾਹਰਲੇ ਮੁਲਕਾਂ ਵੱਲ ਭੇਜਣ ਦੇ ਨਾਂ 'ਤੇ ਪਨਪੇ ਟਰੈਵਲ ਏਜੰਸੀਆਂ ਰੂਪੀ ਲੁੱਟ ਦੇ ਕਾਰੋਬਾਰ ਬਾਰੇ ਸੰਵਾਦ ਉਤੇਜਕ ਚਰਚਾ ਛੇੜਦਾ ਹੈ। ਇਹ ਏਜੰਸੀਆਂ ਪੰਜਾਬ ਦੇ ਨੌਜਵਾਨਾਂ ਨੂੰ ਸੁਪਨੇ ਤਾਂ ਸਵਰਗ ਦੇ ਵਿਖਾਉਂਦੀਆਂ ਹਨ ਪਰ ਇਨ੍ਹਾਂ ਦੇ ਧੱਕੇ ਚੜ੍ਹੇ ਅਰਜਣ ਵਰਗੇ ਨੌਜਵਾਨ ਸਾਲਾਂਬੱਧੀ ਡੌਂਕਰਾਂ ਦੀ ਕੈਦ ਵਿਚ ਰਹਿ ਕੇ ਨਰਕ ਤੋਂ ਵੀ ਬਦਤਰ ਜ਼ਿੰਦਗੀ ਭੋਗਦੇ ਹਨ। ਉਨ੍ਹਾਂ ਵਿਚ ਕਈ ਬਿਗਾਨੇ ਮੁਲਕ ਦੀ ਸਰਹੱਦ ਪਾਰ ਕਰਦਿਆਂ ਆਪਣੀ ਜਾਨ ਵੀ ਗੁਆ ਬੈਠਦੇ ਹਨ। ਏਜੰਟ ਵਲੋਂ ਅਰਜਨ ਨੂੰ ਕੀਤੇ ਸਿੱਧਾ ਲਿਬਨਾਨ ਭੇਜਣ ਦੇ ਵਾਅਦੇ ਦੀ ਪੋਲ ਉਸ ਵੇਲੇ ਖੁੱਲ੍ਹਦੀ ਹੈ ਜਦੋਂ ਸੀਰੀਆ ਦੀ ਰਾਜਧਾਨੀ ਦਸ਼ਮਕਸ ਪਹੁੰਚ ਕੇ ਉਸਨੂੰ ਉਸਦੇ ਸਾਥੀਆਂ ਸਮੇਤ ਅਗਲੀ ਯਾਤਰਾ ਲਈ ਡੌਂਕਰਾਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਵਿਦੇਸ਼ੀ ਸਰਹੱਦ ਪਾਰ ਕਰਾਉਣ ਲਈ ਵਰਤੀ ਜਾਂਦੀ ਜਾਨਲੇਵਾ ਡੌਂਕੀ ਪ੍ਰਣਾਲੀ ਬਾਰੇ ਬਹੁਤ ਸਾਰੇ ਨਾਵਲ-ਕਹਾਣੀਆਂ ਪੜ੍ਹਨ ਨੂੰ ਮਿਲਦੀਆਂ ਹਨ ਤੇ ਹੁਣ ਇਸ ਵਿਸ਼ੇ 'ਤੇ ਫਿਲਮਾਂ ਵੀ ਬਣਨ ਲੱਗ ਪਈਆਂ ਹਨ ਪਰ ਇਸ ਨਾਵਲ ਵਿਚਲੇ ਵੇਰਵੇ ਪੂਰਵਲੇ ਵੇਰਵਿਆਂ ਤੇ ਅਨੁਭਵਾਂ ਨਾਲੋਂ ਕੁਝ ਵੱਖਰੇ ਤੇ ਮੌਲਿਕ ਹਨ।

ਡੌਂਕਰਾਂ ਦੇ ਰਹਿਮ 'ਤੇ ਨਿਰਭਰ ਅਤੇ ਭੁੱਖਾਂ-ਦੁੱਖਾਂ ਦੇ ਸਤਾਏ ਅਰਜਨ ਵਰਗੇ ਲੋਕਾਂ ਦੇ ਪਹਿਲਾਂ ਲਿਬਨਾਨ ਤੇ ਫਿਰ ਜਰਮਨ ਪਹੁੰਚਣ ਦਾ ਬਿਰਤਾਂਤ ਪਰਵਾਸੀ ਜੀਵਨ ਦੀਆਂ ਸੁੱਖ ਸੁਵਿਧਾਵਾਂ ਨਾਲ ਜੁੜੇ ਕਈ ਭਰਮ ਭੁਲੇਖੇ ਦੂਰ ਕਰਨ ਵਾਲਾ ਹੈ। ਨਾਵਲ ਅਨੁਸਾਰ ਆਪਣੀ ਜਾਨ ਨੂੰ ਜ਼ੋਖਮ ਵਿਚ ਪਾ ਕੇ ਪੱਛਮੀ ਮੁਲਕਾਂ ਵਿਚ ਪਹੁੰਚੇ ਪੰਜਾਬੀ ਸਾਲਾਂਬੱਧੀ ਵਿਦੇਸ਼ੀ ਧਰਤੀ 'ਤੇ ਆਪਣੀਆਂ ਸਮਾਜਿਕ ਤੇ ਆਰਥਿਕ ਜੜ੍ਹਾਂ ਨਹੀਂ ਲਾ ਪਾਉਂਦੇ। ਉੱਥੋਂ ਦੀ ਨਿਆਂਸ਼ੀਲ ਕਹਾਉਂਦੀ ਸਮਾਜਿਕ ਵਿਵਸਥਾ ਕਿਸੇ ਵੀ ਲਿਹਾਜ਼ ਨਾਲ ਪਰਵਾਸੀ ਲੋਕਾਂ ਨਾਲ ਨਿਆਂ ਨਹੀਂ ਕਰਦੀ, ਸਗੋਂ ਉਨ੍ਹਾਂ ਦੀ ਮਜਬੂਰੀ ਦਾ ਲਾਭ ਉਠਾਉਂਦਿਆਂ ਉਨ੍ਹਾਂ ਦੀ ਕਿਰਤ ਦੀ ਦੋਹੀਂ ਹੱਥੀਂ ਲੁੱਟ ਕਰਦੀ ਹੈ। ਉੱਥੋਂ ਦੇ ਹੋਟਲਾਂ, ਖੇਤਾਂ, ਸਟੋਰਾਂ ਤੇ ਪੈਟਰੋਲ ਪੰਪਾਂ 'ਤੇ ਕੰਮ ਕਰਨ ਵਾਲੇ ਪਰਵਾਸੀਆਂ ਦੀ ਕਿਰਤ ਨੂੰ ਬਹੁਤ ਘੱਟ ਕੀਮਤ 'ਤੇ ਖਰੀਦਿਆ ਜਾਂਦਾ ਹੈ ਤੇ ਉਨ੍ਹਾਂ ਦੀ ਜ਼ਿੰਦਗੀ ਦੇ ਕਈ ਕਈ ਵਰ੍ਹੇ ਗਰੀਨ ਕਾਰਡ ਹਾਸਲ ਕਰਨ ਲਈ ਪੈਸੇ ਇਕੱਠੇ ਕਰਨ 'ਤੇ ਹੀ ਲੱਗ ਜਾਂਦੇ ਹਨ। ਉੱਥੇ ਭੁੱਖੇ ਪੇਟ ਸੌਂ ਕੇ ਵੀ ਉਹ ਆਪਣੇ ਮਾਪਿਆਂ ਸਿਰ ਚੜ੍ਹਿਆ ਕਰਜ਼ਾ ਨਹੀਂ ਉਤਾਰ ਸਕਦੇ। ਉਨ੍ਹਾਂ ਨੂੰ ਸਥਾਈ ਨਾਗਰਿਕਤਾ ਦਿਵਾਉਣ ਲਈ ਫਰਜ਼ੀ ਵਿਆਹ ਕਰਾਉਣ ਵਾਲੀਆਂ ਗੋਰੀਆਂ ਵਲੋਂ ਉਨ੍ਹਾਂ ਦੀ ਲੁੱਟ ਵੱਖਰੇ ਤੌਰ 'ਤੇ ਕੀਤੀ ਜਾਂਦੀ ਹੈ। ਇਹ ਪਰਵਾਸ ਦਾ ਕੌੜਾ ਸੱਚ ਹੈ ਕਿ ਦਿਲ -ਕੰਬਾਊ ਦੁੱਖ ਸਹਿਣ ਕਰ ਕੇ ਵੀ ਬਹੁਤ ਸਾਰੇ ਨੌਜਵਾਨ ਡਿਪੋਰਟ ਹੋ ਕੇ ਵਾਪਸ ਦੇਸ਼ ਪਰਤ ਆਉਂਦੇ ਹਨ।




ਨਾਵਲ ਜੰਗਲੀ ਬੁਲਾਬ ਦਾ ਮੁਖੜਾ

ਕਹਾਣੀ ਦਾ ਮੁੱਖ ਪਤਰ ਅਰਜਨ ਉਸਨੂੰ ਵਿਦੇਸ਼ ਭੇਜਣ ਲਈ ਮਾਪਿਆਂ ਸਿਰ ਚੜ੍ਹੇ ਕਰਜ਼ੇ ਕਾਰਨ ਬਹੁਤ ਬੇਚੈਨ ਤੇ ਅਸ਼ਾਂਤ ਹੈ ਪਰ ਉਸਦੀ ਤ੍ਰਾਸਦੀ ਇਹ ਹੈ ਕਿ ਉਹ ਚਾਹ ਕੇ ਵੀ ਉਨ੍ਹਾਂ ਲਈ ਕੁਝ ਨਹੀਂ ਕਰ ਸਕਦਾ। ਜੇ ਉਹ ਮਾਪਿਆਂ ਦੀ ਆਰਥਿਕ ਸਹਾਇਤਾ ਲਈ ਕੁਝ ਪੈਸੇ ਜੋੜ ਵੀ ਲੈਂਦਾ ਹੈ ਤਾਂ ਇਹ ਪੈਸੇ ਉਸਦੇ ਮਾਮੇ ਦੇ ਮੁੰਡੇ ਵਲੋਂ ਮਾਰੀ ਠੱਗੀ, ਹੋਟਲ ਮਾਲਕਾਂ ਵਲੋਂ ਕੀਤੀ ਬੇਈਮਾਨੀ, ਨਸ਼ੇੜੀ ਗੋਰੀ ਕੁੜੀ ਸਟੈਫੀ ਵੱਲੋਂ ਕੀਤੇ ਧੋਖੇ ਤੇ ਵਾਰ ਵਾਰ ਹੁੰਦੇ ਸਰਕਾਰੀ ਜੁਰਮਾਨਿਆਂ ਦੀ ਭੇਟ ਚੜ੍ਹ ਜਾਂਦੇ ਹਨ। ਪੁਲਿਸ ਵਲੋਂ ਉਸ ਦੇ ਪਿਤਾ 'ਤੇ ਤਸ਼ੱਦਦ ਕਰਨ, ਉਸਦੀ ਭੈਣ ਨੂੰ ਥਾਣੇ ਲਿਜਾਣ, ਭੈਣ ਦਾ ਰਿਸ਼ਤਾ ਛੁੱਟਣ ਤੇ ਮਾਂ ਦੇ ਇਕੱਲੀ ਪੈ ਜਾਣ ਦੀਆਂ ਸਮੇਂ ਸਮੇਂ 'ਤੇ ਉਸ ਤਕ ਪੁੱਜਦੀਆਂ ਸੂਚਨਾਵਾਂ ਉਸਦੇ ਮਾਨਸਿਕ ਸੰਤਾਪ ਵਿਚ ਵਾਧਾ ਕਰਦੀਆਂ ਹਨ। ਜਦੋਂ ਉਹ ਆਪਣੇ ਬਾਪੂ ਦਾ ਦੁੱਖ ਘਟਾਉਣ ਲਈ ਕੁਝ ਪੈਸੇ ਆਪਣੇ ਪਿੰਡ ਭੇਜਣ ਦੇ ਯੋਗ ਹੁੰਦਾ ਹੈ ਤਾਂ ਉਸਦਾ ਬਾਪੂ ਉਸਨੂੰ ਸਰੀਰਕ ਵਿਛੋੜਾ ਦੇ ਚੁੱਕਾ ਹੁੰਦਾ ਹੈ ਤੇ ਉਸਨੂੰ ਹੱਦੋਂ ਵੱਧ ਪਿਆਰ ਕਰਨ ਵਾਲੀ ਭੈਣ ਵੀ ਖੁਦਕੁਸ਼ੀ ਕਰ ਲੈਂਦੀ ਹੈ।

ਨਾਵਲ ਦੀ ਸਿਰਜਨਾਤਮਕ ਪਛਾਣ ਬਣਾਉਣ ਦੇ ਮੰਤਵ ਨਾਲ ਅਰਜਨ ਮਾੜੇ ਤੋਂ ਮਾੜੇ ਸਮੇਂ ਵਿਚ ਵੀ ਆਪਣੀ ਮਾਨਸਿਕ ਸਥਿਰਤਾ ਨੂੰ ਕਾਇਮ ਰੱਖਦਾ ਹੈ ਤੇ ਇਕ ਦਰਵਾਜ਼ਾ ਬੰਦ ਹੋਣ ਤੋਂ ਬਾਅਦ ਦੂਜਾ ਦਰਵਾਜ਼ਾ ਖੁੱਲ੍ਹਣ ਦੀ ਆਸ ਵਿਚ ਉਸਦੀ ਅੰਦਰਲੀ ਸੰਘਰਸ਼ੀ ਊਰਜਾ ਉਸਨੂੰ ਫਿਰ ਤੋਂ ਆਪਣੇ ਕਾਰਜ ਖੇਤਰ ਵਿਚ ਸਰਗਰਮ ਕਰ ਦਿੰਦੀ ਹੈ। ਜਦੋਂ ਉਹ ਜਰਮਨ ਤੋਂ ਡੀਪੋਰਟ ਹੋ ਕੇ ਵਾਪਸ ਭਾਰਤ ਆ ਰਿਹਾ ਹੁੰਦਾ ਹੈ ਤਾਂ ਜਹਾਜ਼ ਵਿਚ ਗੋਰੀ ਕੁੜੀ ਈਵੈਨ ਨਾਲ ਹੁੰਦੀ ਉਸਦੀ ਦੂਸਰੀ ਮੁਲਾਕਾਤ ਉਸਦੇ ਹਾਰ ਕੇ ਵੀ ਨਾ ਹਾਰਨ ਤੇ ਸੰਭਾਵਿਤ ਜਿੱਤ ਵੱਲ ਕਦਮ ਪੁੱਟਦੇ ਰਹਿਣ ਦੇ ਖਾਸੇ ਵੱਲ ਇਸ਼ਾਰਾ ਕਰ ਦਿੰਦੀ ਹੈ। ਜਰਮਨ ਰਹਿੰਦਿਆਂ ਕਿਸੇ ਹੋਰ ਮੁੰਡੇ ਵੱਲ ਝੁਕਾਅ ਰੱਖਦੀ ਈਵੈਨ ਉਸ ਦੀ ਦੋਸਤੀ ਵੱਲ ਉਤਸ਼ਾਹੀ ਹੁੰਗਾਰਾ ਨਹੀਂ ਭਰਦੀ ਪਰ ਜਹਾਜ਼ ਵਿਚ ਦੁਬਾਰਾ ਮੁਲਾਕਾਤ ਹੋਣ 'ਤੇ ਉਹ ਆਪਣੀਆਂ ਛੁੱਟੀਆਂ ਭਾਰਤ ਬਿਤਾਉਣ ਦੀ ਗੱਲ ਕਰ ਕੇ ਉਸਦੇ ਜਰਮਨ ਵਾਸ ਕਰਨ ਦੇ ਸੁਪਨੇ ਨੂੰ ਟੁੱਟਣ ਨਹੀਂ ਦਿੰਦੀ। ਨਾਵਲ ਵਿਚ ਇਨਸਾਨੀਅਤ ਤੇ ਹੈਵਾਨੀਅਤ ਦੇ ਪਰਸਪਰ ਵਿਰੋਧੀ ਜੁੱਟ ਵਿਚਲਾ ਤਣਾਉ ਇਸਦੀ ਕਹਾਣੀ ਦੀ ਗਤੀ ਨੂੰ ਤੇਜ਼ ਕਰਦਾ ਹੈ। ਅਰਜਣ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਦਿਆਂ ਵੀ ਆਪਣੇ ਇਨਸਾਨੀ ਗੁਣਾਂ ਨੂੰ ਮੂਰਛਿਤ ਨਹੀਂ ਹੋਣ ਦਿੰਦਾ। ਜਦੋਂ ਉਨ੍ਹਾਂ ਦੇ ਜਥੇ ਦਾ ਮੈਂਬਰ ਮੀਤ ਮਾਸੂਮ ਬੱਚੇ ਹੈਪੀ ਨਾਲ ਕੁਕਰਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਹੋਰਨਾਂ ਵਾਂਗ ਚੁੱਪ ਨਹੀਂ ਰਹਿੰਦਾ ਸਗੋਂ ਮਜ਼ਲੂਮ ਦੀ ਧਿਰ ਬਣ ਕੇ ਮੀਤ ਨੂੰ ਲਲਕਾਰਦਾ ਹੈ। ਜਰਮਨ ਦੀ ਜੇਲ੍ਹ ਵਿਚ ਭੁੱਖ ਨਾਲ ਤੜਫ਼ ਰਹੇ ਸਾਥੀਆਂ ਖਾਤਰ ਉਹ ਆਪਣੀ ਜਾਨ ਨੂੰ ਖਤਰੇ ਵਿਚ ਪਾ ਕੇ ਉਨ੍ਹਾਂ ਲਈ ਰਾਸ਼ਨ ਦਾ ਪ੍ਰਬੰਧ ਕਰਦਾ ਹੈ। ਪੂਰਬੀ ਜਰਮਨ ਵਿਚ ਉਸਦੇ ਮਾਮੇ ਦੇ ਮੁੰਡੇ ਲੱਕੀ ਵਲੋਂ ਉਸ ਨਾਲ ਵਾਰ ਵਾਰ ਧੋਖਾ ਕੀਤਾ ਜਾਂਦਾ ਹੈ ਪਰ ਉਹ ਔਖੇ ਸਮੇਂ ਉਸ ਦੀ ਮਦਦ ਕਰਨ ਤੋਂ ਪਿੱਛੇ ਨਹੀਂ ਹਟਦਾ। ਜੇ ਗੁਰਮੇਲ, ਜੀਤੀ, ਸੋਨੀ, ਅਹਿਮਦ, ਪਪੀਨੋ ਤੇ ਈਵੈਨ ਵਰਗੇ ਮਾਨਵੀ ਕਦਰਾਂ ਕੀਮਤਾਂ ਨੂੰ ਅੱਗੇ ਤੋਰਨ ਵਾਲੇ ਲੋਕ ਔਖੇ ਸਮਿਆਂ ਵਿਚ ਉਸਨੂੰ ਮਾਨਸਿਕ ਬਲ ਪ੍ਰਦਾਨ ਕਰਦੇ ਹਨ ਤਾਂ ਬੰਤ ਸਰਪੰਚ, ਗੰਜਾ ਥਾਣੇਦਾਰ, ਬਿੱਲੂ, ਪੱਪੂ, ਜੱਸੀ, ਸੱਪਖਾਣਾ, ਕੈਲਾ ਏਜੰਟ ਤੇ ਲੱਕੀ ਉਸਦੀ ਜ਼ਿੰਦਗੀ ਬਰਬਾਦ ਕਰਨ ਵਿਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਰੱਖਦੇ। ਆਪਣੇ ਪਹਿਲੇ ਹੀ ਨਾਵਲ ਰਾਹੀਂ ਉਸ ਪੰਜਾਬੀ ਸਾਹਿਤ ਦੇ ਪਾਠਕਾਂ ਨੂੰ ਯਕੀਨ ਦਿਵਾ ਦਿੱਤਾ ਹੈ ਕਿ ਉਸ ਵਿਚ ਸਮਕਾਲੀ ਵਰਤਾਰਿਆਂ ਖਾਸ ਤੌਰ 'ਤੇ ਪਰਵਾਸ ਨਾਲ ਜੁੜੇ ਸਮਾਜਿਕ ਤੇ ਆਰਥਿਕ ਸਰੋਕਾਰਾਂ ਨੂੰ ਸਮਝਣ ਵਾਲੀ ਪਰਪੱਕਤਾ ਹੈ। ਚਾਹੇ ਨਾਵਲ ਵਿਚਲੇ ਡੌਂਕਰ ਯਾਤਰਾ ਦੇ ਵੇਰਵੇ ਕੁਝ ਵਧੇਰੇ ਲੰਮੇ ਹੋਣ ਕਾਰਨ ਕਹਾਣੀ ਦੇ ਸੁਹਜ ਨੂੰ ਪ੍ਰਭਾਵਿਤ ਕਰਦੇ ਹਨ, ਫਿਰ ਵੀ ਇਹ ਪਰਵਾਸੀ ਜੀਵਨ ਨਾਲ ਅੰਤਰ ਸਬੰਧਤ ਜਗਿਆਸਾਵਾਂ ਨੂੰ ਸ਼ਾਂਤ ਕਰਨ ਵਿਚ ਸਫ਼ਲ ਰਿਹਾ ਹੈ। ਨਾਵਲ ਦੇ ਪਾਤਰਾਂ ਦੀ ਭਾਸ਼ਾ ਵਿਚ ਗੰਭੀਰ ਕਿਸਮ ਦੀ ਦਾਰਸ਼ਨਿਕਤਾ ਹੈ। ਜੀਵਨ ਤੇ ਮੌਤ ਵਿਚਕਾਰਲੇ ਰਾਹ 'ਤੇ ਤੁਰਦੇ ਪਾਤਰਾਂ ਦੀ ਮਨੋ ਦਸ਼ਾ ਨੂੰ ਉਸ ਬਹੁਤ ਬਰੀਕ ਕਲਮੀ ਛੋਹਾਂ ਰਾਹੀਂ ਰੂਪਮਾਨ ਕੀਤਾ ਹੈ। ਮੈਂ ਉਸਦੇ ਇਸ ਪਲੇਠੇ ਨਾਵਲ ਦਾ ਸਵਾਗਤ ਵੀ ਕਰਦਾ ਹਾਂ ਤੇ ਇਸ ਨੂੰ ਨਿੱਠ ਕੇ ਪੜ੍ਹਨ ਦੀ ਸਿਫਾਰਸ਼ ਵੀ ਕਰਦਾ ਹਾਂ। 136 ਪੰਨਿਆਂ 'ਤੇ ਆਧਾਰਿਤ 199 ਰੁਪਏ ਮੁੱਲ ਦੀ ਇਸ ਪੁਸਤਕ ਨੂੰ ਆੱਟਮ ਆਰਟ ਪਟਿਆਲਾ ਨੇ ਛਾਪਿਆ ਹੈ।

# ਅਸਲ ਬ੍ਰਹਮਗਿਆਨੀ

ਹਜ਼ਾਰਾਂ ਸਾਲ ਪਹਿਲਾਂ ਹਨੇਰੀਆਂ ਰਾਤਾਂ ਨੂੰ ਮਨੁੱਖ ਆਸਮਾਨ 'ਚ ਚਮਕਦੇ ਤਾਰਿਆਂ ਨੂੰ ਬੜੇ ਅਸਚਰਜ ਨਾਲ ਦੇਖਿਆ ਕਰਦਾ ਹੋਣੈ ਕਿਓਂਕਿ ਓਦੋਂ ਨਾ ਅੱਜ ਵਾਂਗ ਰੁਸ਼ਨਾਏ ਸ਼ਹਿਰ ਸਨ ਅਤੇ ਨਾ ਮਨੁੱਖ ਨੂੰ ਘਰਾਂ ਅੰਦਰ ਕੈਦ ਰੱਖਣ ਲਈ ਟੈਲੀਵਿਜ਼ਨ। ਰੋਜ਼ਾਨਾ ਤਾਰਿਆਂ ਦੀ ਇੱਕੋ ਜਿਹੀ ਸਥਿਤੀ ਨਾਲ ਭਾਵੇਂ ਮਨੁੱਖ ਚੰਗੀ ਤਰ੍ਹਾਂ ਵਾਕਫ ਹੋ ਗਿਆ ਸੀ ਪਰ ਇਹ ਕੀ ਹਨ ਇਸ ਪਾਸੋਂ ਲੰਮਾ ਸਮਾਂ ਅਣਜਾਣ ਹੀ ਰਿਹਾ। ਇਨ੍ਹਾਂ ਬਾਰੇ ਮਨੁੱਖੀ ਉਤਸੁਕਤਾ ਨੇ ਉਸ ਨੂੰ ਇਸ ਪਾਸੇ ਸੋਚਣ ਲਈ ਮਜਬੂਰ ਕੀਤਾ ਤਾਂ ਮਨੁੱਖੀ ਇਤਿਹਾਸ ਦੇ



**ਹਰਜੀਤ ਦਿਓਲ**
ਫੋਨ: 905-676-9242

ਵਰਕਿਆਂ 'ਚ ਖਗੋਲ ਵਿਗਿਆਨ ਨੇ ਹਾਜ਼ਰੀ ਲਵਾਈ। ਬੁਝਾਰਤ ਬਣੀ ਕੁਦਰਤ ਨੂੰ ਸਮਝਣ ਲਈ ਮਨੁੱਖੀ ਦਿਮਾਗ ਹਰਕਤ 'ਚ ਆਇਆ ਭਾਵੇਂ ਉਸ ਵਕਤ ਵੀ ਇਨ੍ਹਾਂ ਕੁਦਰਤੀ ਵਰਤਾਰਿਆਂ ਨੂੰ ਕਿਸੇ ਦੈਵੀ ਸ਼ਕਤੀ ਨਾਲ ਜੋੜਨ ਤੱਕ ਸੀਮਤ ਰਹਿਣ ਵਾਲਿਆਂ ਦੀ ਵੀ ਕਮੀ ਨਹੀਂ ਸੀ। ਵਿਰਲੇ ਨਵੀਆਂ ਲੀਹਾਂ ਪਾਉਣ ਵਾਲੇ ਵੀ ਸਨ ਜਿਨ੍ਹਾਂ ਗੌਰ ਕੀਤਾ ਕਿ ਕੁਝ ਕੁ ਤਾਰੇ ਆਪਣੀ ਜਗ੍ਹਾ ਬਦਲਦੇ ਹਨ ਜਦਕਿ ਬਾਕੀ ਹਰ ਰਾਤ ਇੱਕੋ ਥਾਂ ਨਜ਼ਰ ਆਉਂਦੇ ਹਨ। ਪਹਿਲਾਂ ਸਿਰਫ ਪੰਜ ਗਤੀਸ਼ੀਲ ਤਾਰਿਆਂ ਬਾਰੇ ਪਤਾ ਲੱਗਾ ਜਿਨ੍ਹਾਂ ਨੂੰ 'ਪਲੈਨਟ'(ਗ੍ਰੀਕ ਭਾਸ਼ਾ 'ਚ ਘੁਮੱਕੜ) ਕਿਹਾ ਗਿਆ ਤੇ ਇਨ੍ਹਾਂ ਨੂੰ ਗ੍ਰੀਕ ਦੇਵਤਿਆਂ ਦੇ ਨਾਂਅ ਦਿੱਤੇ ਗਏ। ਸਭ ਤੋਂ ਚਮਕਦਾਰ ਨੂੰ ਪਿਆਰ ਅਤੇ ਸੁੰਦਰਤਾ ਦੇ ਦੇਵਤਾ ਵੀਨਸ, ਲਾਲ ਰੰਗ ਦਾ ਭਾਸਣ ਵਾਲੇ ਤਾਰੇ ਨੂੰ ਜੰਗ ਦੇ ਦੇਵਤਾ ਮਾਰਸ, ਦੂਜਾ ਚਮਕਦਾਰ ਤਾਰਾ ਸਭ ਦੇਵਤਿਆਂ ਦਾ ਮੁਖੀ ਜਿਊਪੀਟਰ ਅਤੇ ਤੇਜ਼ ਗਤੀ ਨਾਲ ਚੱਲਣ ਵਾਲੇ ਤਾਰੇ ਨੂੰ ਦੇਵਤਾ ਦਾ ਸੰਦੇਸ਼ਵਾਹਕ ਮਰਕਰੀ ਦਾ ਨਾਂਅ ਦਿੱਤਾ ਗਿਆ। ਆਖਰੀ ਤਾਰਾ ਖੇਤੀਬਾੜੀ ਦਾ ਦੇਵਤਾ ਸੈਟਰਨ ਕਹਿਲਾਇਆ। ਸੰਨ 1610 ਈਸਵੀ ਤੱਕ ਇੰਨੀ ਹੀ ਜਾਣਕਾਰੀ ਮੌਜੂਦ ਰਹੀ।

ਇਟੈਲੀਅਨ ਵਿਗਿਆਨੀ ਗੈਲੀਲਿਓ ਗੈਲੀਲੀ ਉਨ੍ਹੀਂ ਦਿਨੀਂ ਨੀਦਰਲੈਂਡ ਵਿਚ ਈਜਾਦ ਹੋਏ ਇੱਕ ਅਦਭੁਤ ਯੰਤਰ 'ਟੈਲੀਸਕੋਪ' ਨਾਲ ਤਜਰਬੇ ਕਰਨ ਲੱਗਾ ਜੋ ਉਸ ਤੋਂ ਪਹਿਲਾਂ ਕਿਸੇ ਨੇ ਨਹੀਂ ਕੀਤਾ ਸੀ। ਪਹਿਲਾਂ ਟੈਲੀਸਕੋਪ ਸਿਰਫ ਜਹਾਜ਼ੀਆਂ ਅਤੇ ਜੰਗਾਂ ਲਈ ਵਰਤੋਂ 'ਚ ਲਿਆਂਦਾ ਗਿਆ ਪਰ ਜਦ ਗੈਲੀਲਿਓ ਇਸ ਦਾ ਮੂੰਹ ਆਕਾਸ਼ ਵੱਲ ਕਰ ਦਿੱਤਾ ਤਾਂ ਬ੍ਰਹਿਮੰਡ ਦੀ ਖੋਜ ਵੱਲ ਮਨੁੱਖ ਦਾ ਪਹਿਲਾ ਕਦਮ ਪੁੱਟਿਆ ਗਿਆ। ਚੰਨ ਜਿਸ ਨੂੰ ਲੋਕ ਸਿਰਫ ਇੱਕ ਚਮਕਦਾਰ ਧਾਤੂ ਦਾ ਗੋਲਾ ਸਮਝਦੇ ਸਨ ਟੈਲੀਸਕੋਪ ਰਾਹੀਂ ਦੇਖਿਆਂ ਧਰਤੀ ਵਰਗਾ ਗ੍ਰਹਿ ਨਜ਼ਰ ਆਇਆ। ਹੁਣ ਖਗੋਲ ਵਿਗਿਆਨ ਨੇ ਰੇਸ ਫੜ ਲਈ। ਪਤਾ ਲੱਗਾ ਕਿ ਪੰਜ ਪਲੈਨਟ ਇੱਕ ਤਰ੍ਹਾਂ ਨਾਲ ਧਰਤੀਆਂ ਹੀ ਹਨ ਅਤੇ ਵੱਡੇ ਜਿਊਪੀਟਰ ਦੁਆਲੇ ਵੀ ਕਈ ਚੰਨ ਘੁੰਮ ਰਹੇ ਹਨ। ਜਿਵੇਂ ਕਿ ਅੱਜ ਵੀ ਹੁੰਦਾ ਹੈ ਧਾਰਮਿਕ ਚਰਚਾਂ ਇਸ ਦਾ ਵਿਰੋਧ ਕੀਤਾ ਪਰ ਨਿੱਤ ਹੋ ਰਹੀਆਂ ਨਵੀਆਂ ਖੋਜਾਂ ਅੱਗੇ ਆਖਰ ਹਾਰ ਮੰਨਣੀ ਪਈ। ਇਨ੍ਹਾਂ ਗ੍ਰਹਿਾਂ ਉੱਪਰ ਜੀਵਨ ਦੇ ਕਿਆਸੇ ਲੱਗਣ ਲੱਗੇ ਅਤੇ ਏਲੀਅਨਸ ਬਾਰੇ ਕਈ ਕਾਲਪਨਿਕ ਨਾਵਲ ਲਿਖੇ ਗਏ। 1781 ਈਸਵੀ 'ਚ ਬ੍ਰਿਟਿਸ਼ ਖਗੋਲ ਵਿਗਿਆਨੀ ਵਿਲੀਅਮ ਹਰਸ਼ਲ ਨੇ ਹੋਰ ਵਿਕਸਿਤ ਹੋ ਗਈਆਂ ਦੂਰਬੀਨਾਂ (ਟੈਲੀਸਕੋਪ) ਰਾਹੀਂ ਇੱਕ ਹੋਰ ਗ੍ਰਹਿ ਦਾ ਪਤਾ ਲਾਇਆ ਜਿਸ ਨੂੰ ਆਕਾਸ਼ ਦੇ ਦੇਵਤਾ ਯੂਰੇਨਸ ਦਾ ਨਾਂਅ ਦਿੱਤਾ ਗਿਆ। ਇਸ ਮਗਰੋਂ ਇੱਕ ਤੋਂ ਬਾਅਦ ਦੂਜੇ ਵਿਗਿਆਨੀ ਇਨ੍ਹਾਂ ਖੋਜਾਂ ਨੂੰ ਅੱਗੇ ਤੋਰਦੇ ਰਹੇ ਅਤੇ ਪਿਛਲੇ ਕੰਮਾਂ ਦੇ ਨਤੀਜਿਆਂ ਨੂੰ ਵਰਤਦੇ ਹੋਏ ਹੋਰ ਅੱਗੇ ਵਧਦੇ ਰਹੇ। ਇਹ ਬ੍ਰਹਮਗਿਆਨੀ ਸਨ ਰੈਵਰੈਂਡ ਟੀ ਜੇ ਹਸੇ (1834) ਜੌਹਨ ਕਾਓਚ ਅਡਮ, ਅਰਬਨ ਲੀ ਵਰੀਅਰ ਅਤੇ ਜੌਹਨ ਗੈਲੇ। ਸੱਤਵੇਂ ਗ੍ਰਹਿ ਨੈਪਚੂਨ ਦੀ ਖੋਜ ਬਾਅਦ ਲੰਮਾ ਸਮਾਂ ਕਿਸੇ ਹੋਰ ਗ੍ਰਹਿ ਦਾ ਪਤਾ ਨਾ ਲੱਗਾ ਪਰ ਅਚਾਨਕ 1859 ਵਿਚ ਫਰਾਂਸੀਸੀ ਵਿਗਿਆਨੀ ਅਡਮੰਡ ਲਸਬਾਲਟ ਨੇ ਇੱਕ ਹੋਰ ਨਵੇਂ ਗ੍ਰਹਿ ਪਲੂਟੋ ਦਾ ਪਤਾ ਲਾ ਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਇਹ ਹੁਣ ਤੱਕ ਲੱਭਿਆ ਅਖੀਰਲਾ ਸਭ ਤੋਂ ਛੋਟਾ ਗ੍ਰਹਿ ਹੈ ਜਿਸ ਦਾ ਵਿਆਸ ਸਿਰਫ 2400 ਕਿਲੋਮੀਟਰ ਹੈ ਅਤੇ ਇਹ ਸਾਡੇ ਤੋਂ ਕੋਈ ਪੌਣੇ ਛੇ ਹਜ਼ਾਰ ਮਿਲੀਅਨ ਕਿਲੋਮੀਟਰ ਦੂਰ ਹੈ। ਧਰਮ ਵਾਂਗੂੰ ਵਿਗਿਆਨ ਖੇਤਰ ਵਿਚ ਗਿਆਨ ਨੂੰ ਸੀਮਤ ਦਾਇਰੇ ਵਿਚ ਬੰਨ੍ਹ ਕੇ ਨਹੀਂ ਰੱਖਿਆ ਜਾਂਦਾ ਇਸ ਲਈ ਅੰਤਰਰਾਸ਼ਟਰੀ ਖਗੋਲ ਸੰਸਥਾ ਨੇ ਛੇਤੀ ਹੀ ਇਸ ਨੌਵੇਂ ਗ੍ਰਹਿ ਪਲੂਟੋ ਨੂੰ ਪਲੇਨੇਟ ਦੇ ਦਰਜੇ ਤੋਂ ਬਾਹਰ ਕੱਢ ਡਵਾਰਫ ਦਾ ਨਾਂਅ ਦੇ ਦਿੱਤਾ। ਪਲੂਟੋ ਪਲੈਨਟ ਦੀ ਮਿੱਥੀ ਗਈ ਪਰਿਭਾਸ਼ਾ ਪੂਰੀ ਨਹੀਂ ਕਰਦਾ ਸੀ। ਇਸ ਬਦਲਾਓ ਲਈ ਕੋਈ ਝਗੜੇ ਫਸਾਦ ਨਹੀਂ ਹੋਏ ਕਿਉਂਕਿ ਵਿਗਿਆਨ ਦਾ ਅਸੂਲ ਹੈ "ਬਦਲਾਓ ਜੀਵਨ ਅਤੇ ਖੜੋਤ ਮ੍ਰਿਤੂ"। ਵਿਗਿਆਨ ਵਿਚ ਹੋਏ ਚਮਤਕਾਰੀ ਵਿਕਾਸ ਨੇ ਅੱਜ ਮਨੁੱਖ ਨੂੰ ਜੋ ਜਾਣਕਾਰੀਆਂ ਉਪਲਬਧ ਕਰਾਈਆਂ ਹਨ ਅਸਚਰਜ ਦੀਆਂ ਸੀਮਾਵਾਂ ਟੱਪ ਗਈਆਂ ਹਨ। ਆਕਾਸ਼ 'ਚ ਚਮਕਦੇ ਤਾਰੇ ਅਣਗਿਣਤ ਸੂਰਜ ਹਨ ਅਤੇ ਉਨ੍ਹਾਂ ਦੁਆਲੇ ਘੁੰਮਦੇ ਅਣਗਿਣਤ ਗ੍ਰਹਿਾਂ ਬਾਰੇ ਨਿੱਤ ਨਵੀਆਂ ਜਾਣਕਾਰੀਆਂ ਨਸ਼ਰ ਹੋ ਰਹੀਆਂ ਹਨ। ਸਭ ਤੋਂ ਨੇੜਲਾ ਸੂਰਜ ਮੰਡਲ ਸਾਡੇ ਤੋਂ ਸਾਢੇ ਚਾਰ ਪ੍ਰਕਾਸ਼ ਵਰ੍ਹੇ ਦੂਰ ਹੈ। ਪ੍ਰਕਾਸ਼ ਇੱਕ ਸਕਿੰਟ ਵਿਚ ਤਿੰਨ ਲੱਖ ਕਿਲੋਮੀਟਰ ਚੱਲਦਾ ਹੈ। ਜੇ ਇਸ ਗਤੀ ਨਾਲ ਚੱਲੀਏ ਤਾਂ 4.5 ਸਾਲ ਵਿਚ ਓਥੇ ਅੱਪੜਾਂਗੇ। ਹੁਣ ਦੱਸੋ ਚਿੱਟੇ ਚੋਗਿਆਂ ਜਾਂ ਭਗਵੇਂ ਲਿਬਾਸ ਵਿਚ ਵਿਚਰਦੇ ਅਖੌਤੀ ਬ੍ਰਹਮਗਿਆਨੀਆਂ ਜਿਨ੍ਹਾਂ ਨੂੰ ਸ਼ਾਇਦ ਧਰਤੀ ਦੇ ਵਿਆਸ ਦਾ ਵੀ ਪਤਾ ਨਾ ਹੋਵੇ ਕਿਸ ਗਿਆਨ ਦੀਆਂ ਪੰਡਾਂ ਲਈ ਫਿਰਦੇ ਹਨ। ਪਰ ਅਸਲ ਬ੍ਰਹਮਗਿਆਨੀਆਂ ਨਾਲ ਰੂਬਰੂ ਹੋਣ ਲਈ ਤੁਹਾਨੂੰ ਚੁੱਪ ਚੁਪੀਤੇ ਕਿਸੇ ਲਾਇਬ੍ਰੇਰੀ ਵਿਚ ਜਾ ਬੈਠਣਾ ਹੋਵੇਗਾ ਜਿੱਥੇ ਬਿਨਾ ਆਪਣੀ ਜੇਬ ਨੂੰ ਕੁੰਡੀ ਲਵਾਇਆਂ ਤੁਸੀਂ ਮਾਨਵਤਾ ਦੇ ਮਸੀਹਿਆਂ ਨਾਲ ਮੁਲਾਕਾਤਾਂ ਕਰ ਵਿਲੱਖਣ ਇਨਸਾਨੀ ਦਿਮਾਗ ਦੀ ਥਾਹ ਪਾ ਸਕਦੇ ਹੋ। ਜ਼ਰੂਰਤ ਹੈ ਤਾਂ ਸਿਰਫ ਵਕਤ ਬਰਬਾਦ ਕਰਨ ਵਾਲੇ ਨਕਲੀ ਬ੍ਰਹਮਗਿਆਨੀਆਂ ਤੋਂ ਖਹਿੜਾ ਛੁਡਾਉਣ ਦੀ।

## ਚੂੜੀਆਂ

ਗਲੀਆਂ ਦੇ ਵਿਚ ਵਣਜਾਰਾ
ਹੋਕਾ ਦੇ ਗਿਆ,
ਆਜਾ ਨੀ ਚੜ੍ਹਾਈਏ ਭਾਬੋ
ਦੋਵੇਂ ਆਪਾਂ ਚੂੜੀਆਂ,

ਮਾਹੀਆ ਵਾਲਾ ਰੰਗ ਅਤੇ
ਮਾਪਿਆਂ ਦੀ ਸੰਗ ਦਾ,
ਨਿੱਕੇ ਨਿੱਕੇ ਹਾਸਿਆਂ ਤੇ
ਦਿਲਾਂ ਦੀ ਉਮੰਗ ਦਾ,
ਪਲਾਂ 'ਚ ਮਿਟਾਵੇ ਜਿਹੜਾ
ਦਿਲਾਂ ਵਿਚੋਂ ਦੂਰੀਆਂ,
ਆਜਾ ਨੀ ਚੜ੍ਹਾਈਏ ਭਾਬੋ
ਦੋਵੇਂ ਆਪਾਂ ਚੂੜੀਆਂ।

ਇਕ ਰੰਗ ਉਹ ਜਿਹੜਾ,
ਦੁਨੀਆ ਨੂੰ ਹੈ ਫੱਬਦਾ,
ਭੋਲ਼ੇ ਚਿਹਰਿਆਂ ਅਤੇ
ਦਿਲਾਂ ਨੂੰ ਜੋ ਠੱਗਦਾ,
ਠੱਗ ਕੇ ਵੀ ਠੱਗ ਜੋ ਪ੍ਰੀਤਾਂ ਰੱਖੇ ਗੂੜ੍ਹੀਆਂ,
ਆਜਾ ਨੀ ਚੜ੍ਹਾਈਏ ਭਾਬੋ
ਦੋਵੇਂ ਆਪਾਂ ਚੂੜੀਆਂ।

ਸਾਂਝਾਂ ਤੇ ਮੁਹੱਬਤਾਂ ਦੇ ਪ੍ਰਿੰਸ
ਰੰਗ ਵਿਚ ਰੰਗੀਆਂ,
ਆਪਣੇ ਪਰਾਇਆਂ ਲਈ
ਦੁਆਵਾਂ ਹੋਣ ਮੰਗੀਆਂ,
ਆਸਾਂ ਤੇ ਉਮੀਦਾਂ ਹੋਣ
ਸਭ ਦੀਆਂ ਪੂਰੀਆਂ,
ਆਜਾ ਨੀ ਚੜ੍ਹਾਈਏ ਭਾਬੋ
ਦੋਵੇਂ ਆਪਾਂ ਚੂੜੀਆਂ।

-ਰਣਬੀਰ ਸਿੰਘ ਪ੍ਰਿੰਸ
ਫੋਨ: 98722-99613

# ਸੁਦਰਸ਼ਨ ਫਾਕਿਰ: ਲਫਜ਼ਾਂ ਦੀ ਦਰਗਾਹ

***ਸੁਦਰਸ਼ਨ ਫਾਕਿਰ ਵਰਗਾ ਸ਼ਾਇਰ ਦੁਨੀਆ 'ਚ ਕੋਈ ਹੋਰ ਨਹੀਂ ਹੋਣਾ ਜਿਸ ਨੇ 50 ਸਾਲਾਂ ਤੋਂ ਵਧੇਰੇ ਸਮੇਂ ਤਕ ਲਿਖਿਆ ਤੇ ਖੂਬ ਲਿਖਿਆ ਪਰ ਉਹ ਸਿਰਫ ਗਾਇਆ ਗਿਆ, ਪੜ੍ਹਿਆ ਨਹੀਂ ਗਿਆ। ਲੇਖਣੀ ਦੇ ਏਨੇ ਲੰਬੇ ਸਫਰ ਤੋਂ ਬਾਅਦ ਕਿਤਾਬ ਆਈ ਤਾਂ ਉਦੋਂ ਜਦੋਂ ਉਸ ਨੂੰ ਇਸ ਦੁਨੀਆ ਤੋਂ ਰੁਖਸਤ ਹੋਇਆਂ 11 ਸਾਲ ਹੋ ਗਏ ਸਨ। ਅਸੀਂ ਵਾਰ-ਵਾਰ ਵੱਖ-ਵੱਖ ਗਾਇਕਾਂ ਵੱਲੋਂ ਗਾਈਆਂ ਉਸ ਦੀਆਂ ਗਜ਼ਲਾਂ, ਨਜ਼ਮਾਂ ਤੇ ਗੀਤ ਸੁਣਦੇ ਹਾਂ। ਬੇਗਮ ਅਖਤਰ ਤੋਂ ਲੈ ਕੇ ਜਗਜੀਤ ਸਿੰਘ ਤਕ ਨੇ ਉਸ ਨੂੰ ਇਸ ਤਰ੍ਹਾਂ ਗਾਇਆ ਕਿ ਇਕ-ਇਕ ਲਫਜ਼ ਦਾ ਜਾਦੂ ਬੇਸ਼ੁਮਾਰ ਸਰੋਤਿਆਂ ਦੇ ਸਿਰ ਚੜ੍ਹ ਕੇ ਬੋਲਦਾ ਹੈ। ਅਮਰੀਕ ਨੇ ਇਸ ਸ਼ਾਇਰ ਬਾਰੇ ਇਹ ਜੀਵੰਤ ਲੇਖ ਲਿਖਿਆ ਹੈ।***

**ਅਮਰੀਕ**

ਦੁਨੀਆ 'ਚ ਕੋਈ ਹੋਰ ਇਹੋ ਜਿਹਾ ਮਕਬੂਲ ਵੱਡਾ ਸ਼ਾਇਰ ਨਹੀਂ ਹੋਣਾ ਜਿਸ ਨੇ 50 ਸਾਲਾਂ ਤੋਂ ਵਧੇਰੇ ਸਮੇਂ ਤਕ ਲਿਖਿਆ ਤੇ ਖੂਬ ਲਿਖਿਆ ਪਰ ਉਹ ਸਿਰਫ ਗਾਇਆ ਗਿਆ, ਪੜ੍ਹਿਆ ਨਹੀਂ ਗਿਆ। ਲੇਖਣੀ ਦੇ ਏਨੇ ਲੰਬੇ ਸਫਰ ਤੋਂ ਬਾਅਦ ਕਿਤਾਬ ਆਈ ਤਾਂ ਉਦੋਂ ਜਦੋਂ ਉਸ ਨੂੰ ਇਸ ਦੁਨੀਆ ਤੋਂ ਰੁਖਸਤ ਹੋਇਆਂ ਠੀਕ 11 ਸਾਲ ਹੋ ਗਏ ਸਨ। ਜਦਕਿ ਪੂਰੀ ਦੁਨੀਆ 'ਚ ਲੱਖਾਂ ਲੋਕ ਦੀਵਾਨਗੀ ਦੀ ਹੱਦ ਤਕ ਉਸ ਦੇ ਪ੍ਰਸੰਸਕ ਸਨ (ਹਨ) ਤੇ ਅਸੀਂ ਵਾਰ-ਵਾਰ ਵੱਖ-ਵੱਖ ਗਾਇਕਾਂ ਵੱਲੋਂ ਗਾਈਆਂ ਉਸ ਦੀਆਂ ਗਜ਼ਲਾਂ, ਨਜ਼ਮਾਂ ਤੇ ਗੀਤ ਸੁਣਦੇ ਹਾਂ। ਬੇਗਮ ਅਖਤਰ ਤੋਂ ਲੈ ਕੇ ਜਗਜੀਤ ਸਿੰਘ ਤਕ ਨੇ ਉਸ ਨੂੰ ਇਸ ਤਰ੍ਹਾਂ ਗਾਇਆ ਕਿ ਇਕ-ਇਕ ਲਫਜ਼ ਦਾ ਜਾਦੂ ਬੇਸ਼ੁਮਾਰ ਸਰੋਤਿਆਂ ਦੇ ਸਿਰ ਚੜ੍ਹ ਕੇ ਬੋਲਦਾ ਹੈ। ਇਹ ਅਜ਼ੀਮ ਸ਼ਾਇਰ ਸੁਦਰਸ਼ਨ ਫਾਕਿਰ ਹੈ।

ਲਿਖਣਾ ਫਾਕਿਰ ਨੇ ਬਚਪਨ ਤੋਂ ਸ਼ੁਰੂ ਕਰ ਦਿੱਤਾ ਸੀ। ਪਰਿਪੱਕ ਸ਼ਾਇਰੀ ਵੱਲ ਮੋੜ ਬਾਕਾਇਦਾ ਕਾਲਜ ਦੇ ਦਿਨਾਂ 'ਚ ਆਇਆ। ਜਲੰਧਰ ਦੇ ਡੀ.ਏ.ਵੀ. ਕਾਲਜ 'ਚ ਉਹ ਪੜ੍ਹਦਾ ਸੀ। ਉਸ ਕਾਲਜ 'ਚ ਅੱਗੇ ਜਾ ਕੇ ਗਾਇਕ ਜਗਜੀਤ ਸਿੰਘ ਵੀ ਸੀ। ਦੋਵਾਂ ਦੀ ਉਦੋਂ ਦੀ ਦੋਸਤੀ ਅੰਤ ਤੱਕ ਨਿਭੀ। ਸੁਦਰਸ਼ਨ ਫਾਕਿਰ ਨੂੰ ਗਾ ਕੇ ਜਗਜੀਤ ਸਿੰਘ ਨੇ ਸ਼ੁਹਰਤ ਦੀਆਂ ਬੁਲੰਦੀਆਂ ਸਰ ਕੀਤੀਆਂ ਤੇ ਫਾਕਿਰ ਨੂੰ ਵੀ ਕਰੀਬ-ਕਰੀਬ ਹਰੇਕ ਗਜ਼ਲ ਪ੍ਰੇਮੀ ਜਾਣਨ ਲੱਗ ਪਿਆ।

ਸੁਦਰਸ਼ਨ ਫਾਕਿਰ ਦਾ ਜਨਮ 19 ਦਸੰਬਰ ਨੂੰ ਪੰਜਾਬ ਦੇ ਫਿਰੋਜ਼ਪੁਰ ਦੇ ਪਿੰਡ ਰੇਤਵਾਲਾ 'ਚ ਹੋਇਆ। ਜ਼ਿੰਦਗੀ ਦੇ ਸ਼ੁਰੂਆਤੀ ਦਿਨਾਂ ਬਾਰੇ ਉਨ੍ਹਾਂ ਦੀ ਡਾਇਰੀ 'ਚ ਦਰਜ ਹੈ:

"ਮੇਰੇ ਪਿੰਡ ਦੇ ਆਲੇ-ਦੁਆਲੇ ਦਾ ਇਲਾਕਾ ਰੇਤਲਾ ਸੀ ਪਰ ਹਰਿਆਲੀ ਵੀ ਬੜੀ ਸੀ। ਮੇਰੇ ਪਿਤਾ ਇਲਾਕੇ ਦੇ ਮਸ਼ਹੂਰ ਡਾਕਟਰ ਸਨ ਪਰ ਮੈਂ ਸਮਝਦਾ ਸੀ ਕਿ ਉਹ ਇਸ ਇਲਾਕੇ ਦੇ ਬਾਦਸ਼ਾਹ ਹਨ ਤੇ ਮੈਂ ਹਾਂ ਸ਼ਹਿਜ਼ਾਦਾ। ਮੇਰੀ ਹਰ ਖਾਹਸ਼ ਫੌਰੀ ਪੂਰੀ ਕੀਤੀ ਜਾਂਦੀ ਸੀ। ਮੈਂ ਜਿਸ ਕਿਸੇ ਦੇ ਖੇਤ 'ਚ ਚਾਹੁੰਦਾ, ਵੜ ਜਾਂਦਾ। ਜੋ ਚਾਹੁੰਦਾ, ਕਰਦਾ। ਜਿੱਧਰ ਇਸ਼ਾਰਾ ਕਰਦਾ, ਉਹ ਚੀਜ਼ ਮਿਲ ਜਾਂਦੀ। ਬਚਪਨ 'ਚ ਮੇਰੀ ਪਰਵਰਿਸ਼ ਇਹੋ ਜਿਹੇ ਮਾਹੌਲ 'ਚ ਹੀ ਹੋਈ। ਮੇਰੇ ਪਿਤਾ ਕਿਸੇ ਮਜ਼ਹਬ ਨੂੰ ਨਹੀਂ ਸਨ ਮੰਨਦੇ। ਮੈਨੂੰ ਪਿੰਡ ਦੇ ਮੁਸਲਮਾਨਾਂ ਨੇ ਇਕ ਵਾਰ ਮੇਰੇ ਪਿਤਾ ਕੋਲੋਂ ਮੰਗ ਲਿਆ, ਉਨ੍ਹਾਂ ਦੇ ਵੀ ਦਿੱਤਾ। ਮੇਰਾ ਨਾਂ ਉਨ੍ਹਾਂ ਰੱਖਿਆ ਮੁਹੰਮਦ ਸੁਦਰਸ਼ਨ। ਉਹ ਮੈਨੂੰ ਮਸਜਿਦ ਲੈ ਕੇ ਜਾਂਦੇ ਤੇ ਕਲਮਾ ਪੜ੍ਹਾਉਂਦੇ, ਕੁਰਾਨ ਪੜ੍ਹਵਾਉਂਦੇ। ਮੇਰੀ ਦਾਦੀ ਮੈਨੂੰ ਮੰਦਰ ਲੈ ਕੇ ਜਾਂਦੀ ਤੇ ਰਾਮਾਇਣ ਤੇ ਗੀਤਾ ਦਾ ਪਾਠ ਸੁਣਾਉਂਦੀ। ਮੈਂ ਸੋਚਦਾ ਜਿਹੜੇ ਲੋਕ ਮਸਜਿਦ 'ਚ ਨਜ਼ਰ ਆਉਂਦੇ ਹਨ, ਉਹ ਮੰਦਰ 'ਚ ਨਜ਼ਰ ਕਿਉਂ ਨਹੀਂ ਆਉਂਦੇ ਜਿਹੜੇ ਮੰਦਰ 'ਚ ਹੁੰਦੇ ਨੇ, ਉਹ ਮਸਜਿਦ 'ਚ ਕਿਉਂ ਨਹੀਂ ਦਿਸਦੇ? ਉਸ ਵੇਲੇ ਮੈਨੂੰ ਪਤਾ ਨਹੀਂ ਸੀ ਕਿ ਕੁਰਾਨ ਕੀ ਹੈ, ਗੀਤਾ ਕੀ ਹੈ? ਪਰ ਇਸ ਮਾਹੌਲ 'ਚ ਜਿਹੜੇ ਸੰਸਕਾਰ ਮੈਨੂੰ ਦਿੱਤੇ, ਉਹ ਮਗਰਲੇ ਦਿਨਾਂ 'ਚ ਸ਼ਿਅਰ 'ਚ ਇੰਝ ਢਲੇ:

ਜਬ ਹਕੀਕਤ ਹੈ ਕਿ ਹਰ ਜ਼ੱਰੇ ਮੇਂ ਤੂ ਰਹਿਤਾ ਹੈ


ਫਿਰ ਕਲੀਸਾ, ਕਹੀਂ ਮਸਜਿਦ, ਕਹੀਂ ਮੰਦਰ ਕਿਉਂ ਹੈਂ?"


ਉਹ ਅੱਗੇ ਲਿਖਦਾ ਹੈ:

"ਇਸ ਲਈ ਮੈਂ ਆਪਣੇ ਆਪ ਨੂੰ ਨਾ ਹਿੰਦੂ ਮੰਨਦਾ ਹਾਂ, ਨਾ ਮੁਸਲਮਾਨ। ਆਪਣੇ ਆਪ ਨੂੰ ਸਿਰਫ ਇਨਸਾਨ ਕਹਾਂ ਤਾਂ ਬੁਰਾ ਨਾ ਮਨਾਉਣਾ। ਬਾਅਦ 'ਚ ਰੇਤਵਾਲਾ ਪਿੰਡ ਛੁਟ ਗਿਆ ਤੇ ਅਸੀਂ ਫਿਰੋਜ਼ਪੁਰ ਆ ਗਏ। ਇੱਥੇ ਆਉਂਦੇ ਹੀ ਇਸ ਤਲਖ ਸੱਚਾਈ ਨਾਲ ਮੇਰਾ ਸਾਹਮਣਾ ਹੋਇਆ ਕਿ ਮੈਂ ਕੋਈ ਸ਼ਹਿਜ਼ਾਦਾ ਨਹੀਂ ਹਾਂ। ਸਿਰਫ ਇਕ ਇਲਾਕੇ ਦੇ ਮਸ਼ਹੂਰ ਡਾਕਟਰ ਦਾ ਪੁੱਤਰ ਹਾਂ। ਅੱਜ ਜਦੋਂ ਮੈਂ ਉਨ੍ਹਾਂ ਦਿਨਾਂ ਬਾਰੇ ਸੋਚਦਾ ਹਾਂ ਤਾਂ ਲੱਗਦਾ ਹੈ ਕਿ ਇਸ ਸਚਾਈ ਨੇ ਮੇਰੇ ਅੰਦਰ ਹੀਣਤਾ ਦੀ ਭਾਵਨਾ ਪੈਦਾ ਕਰ ਦਿੱਤੀ ਸੀ- ਇਕ ਤਰ੍ਹਾਂ ਦੀ ਅਹਿਸਾਸ-ਏ-ਕਮਤਰੀ ਜਾਗੀ ਸੀ ਤੇ ਇਸ ਲਈ ਵੱਡਾ ਹੋ ਕੇ ਆਪਣੇ ਆਪ ਨੂੰ ਸਾਬਤ ਕਰਨ ਲਈ ਬੇਚੈਨ ਹੋਣ ਲੱਗਿਆ। ਸੋਚਣ ਲੱਗਾ ਕਿ ਰੇਡੀਓ ਤੋਂ ਆਵਾਜ਼ ਆਏ, ਜਿਹੜੇ ਸਾਰੇ ਸੁਣਨ। ਅਖਬਾਰਾਂ 'ਚ ਨਾਂ ਛਪੇ, ਜਿਸ ਨੂੰ ਲੋਕ ਜਾਣਨ। ਅਹਿਸਾਸ-ਏ-ਕਮਤਰੀ ਨੂੰ ਅਹਿਸਾਸ-ਏ-ਬਡਤਰੀ 'ਚ ਬਦਲਣ ਦੀਆਂ ਹੀ ਕੋਸ਼ਿਸ਼ਾਂ ਸਨ ਇਹ।"

ਇਨ੍ਹਾਂ ਅਹਿਸਾਸ ਨੇ ਅੱਲ੍ਹੜ ਉਮਰੇ ਸੁਦਰਸ਼ਨ ਫਾਕਿਰ ਦੇ ਹੱਥਾਂ 'ਚ ਸ਼ਾਇਰਾਨਾ ਕਲਮ ਫੜਾ ਦਿੱਤੀ। ਪਿਤਾ ਚਾਹੁੰਦੇ ਸਨ ਕਿ ਉਹ ਵੀ ਉਨ੍ਹਾਂ ਵਾਂਗ ਡਾਕਟਰ ਬਣੇ ਪਰ ਫਿਤਰਤ ਅਤੇ ਹਾਲਾਤ ਨੇ ਇਹ ਹੋਣ ਨਾ ਦਿੱਤਾ। ਫਿਰੋਜ਼ਪੁਰ 'ਚ ਇਸ਼ਕ ਦੀ ਨਾਕਾਮੀ ਮਿਲੀ ਤਾਂ ਪੜ੍ਹਾਈ ਦੇ ਬਹਾਨੇ ਜਲੰਧਰ ਆ ਗਏ। ਗਮ ਨੇ ਫਕੀਰਾਂ ਵਰਗਾ ਹਾਲ ਕਰ ਦਿੱਤਾ। ਉਸ ਦੇ ਉਦੋਂ ਦੇ ਕੁਝ ਦੋਸਤ ਯਾਦਾਂ ਦੀਆਂ ਬੰਦ ਖਿੜਕੀਆਂ ਖੋਲ੍ਹਦੇ ਹਨ ਤਾਂ ਪਤਾ ਲੱਗਦਾ ਹੈ ਕਿ ਸ਼ਹਿਰ ਜਲੰਧਰ ਦੇ ਰੇਲਵੇ ਰੋਡ ਦੇ ਇਕ ਢਾਬੇ ਦੇ ਉੱਪਰ ਉਸ ਦਾ ਅੱਡਾ ਸੀ। ਅਸਲ 'ਚ ਉਹ ਮੁਸਾਫਰਖਾਨੇ ਵਰਗਾ ਸੀ। ਉਸ ਦੇ ਸਭ ਤੋਂ ਪੁਰਾਣੇ ਦੋਸਤਾਂ 'ਚੋਂ ਰਵਿੰਦਰ ਕਾਲੀਆ ਨੇ ਯਾਦਾਂ ਵਿਚ ਲਿਖਿਆ ਹੈ, "ਇਸ਼ਕ 'ਚ ਨਾਕਾਮ ਹੋ ਕੇ ਸੁਦਰਸ਼ਨ ਫਾਕਿਰ ਫਿਰੋਜ਼ਪੁਰ ਤੋਂ ਜਲੰਧਰ ਆ ਗਿਆ ਸੀ ਤੇ ਸ਼ਾਇਰੀ ਤੇ ਸ਼ਰਾਬ 'ਚ ਗਲ ਤਕ ਡੁੱਬ ਗਿਆ ਸੀ। ਜਲੰਧਰ ਆ ਕੇ ਉਹ ਫਕੀਰਾਂ ਵਾਂਗ ਰਹਿਣ ਲੱਗਿਆ। ਉਸ ਨੇ ਦਾੜ੍ਹੀ ਵਧਾ ਲਈ ਸੀ ਤੇ ਸ਼ਾਇਰਾਂ ਦਾ ਲਿਬਾਸ ਪਾ ਲਿਆ ਸੀ। ਉਸ ਦਾ ਕਮਰਾ ਵੀ ਦੇਖਣ ਲਾਇਕ ਸੀ। ਵੱਡਾ ਹਾਲਨੁਮਾ ਕਮਰਾ ਸੀ, ਉਸ 'ਚ ਫਰਨੀਚਰ ਦੇ ਨਾਂ 'ਤੇ ਸਿਰਫ ਇਕ ਦਰੀ ਵਿਛੀ ਹੋਈ ਸੀ। ਕਿਤਿਓਂ-ਕਿਤਿਓਂ ਦਰੀ ਸਿਗਰਟ ਨਾਲ ਸੜੀ ਹੁੰਦੀ ਸੀ। ਵੱਖ-ਵੱਖ ਆਕਾਰ ਦੀਆਂ ਸ਼ਰਾਬ ਦੀਆਂ ਖਾਲੀ ਬੋਤਲਾਂ ਪੂਰੇ ਕਮਰੇ 'ਚ ਖਿੱਲਰੀਆਂ ਹੁੰਦੀਆਂ ਸਨ। ਪੂਰਾ ਕਮਰਾ ਜਿਵੇਂ ਐਸ਼-ਟਰੇਅ ਸੀ। ਫਾਕਿਰ ਦਾ ਕੋਈ ਸ਼ਾਗਿਰਦ ਹਫਤੇ 'ਚ ਇਕ-ਅੱਧੀ ਵਾਰੀ ਝਾੜੂ ਮਾਰ ਦਿੰਦਾ ਸੀ। ਦੇਖਦਿਆਂ-ਦੇਖਦਿਆਂ ਫਾਕਿਰ ਦਾ ਇਹ ਦੌਲਤਖਾਨਾ ਪੰਜਾਬ ਦੇ ਉਰਦੂ, ਹਿੰਦੀ ਤੇ ਪੰਜਾਬੀ ਲੇਖਕਾਂ ਦਾ ਮਰਕਜ਼ ਬਣ ਗਿਆ। ਜੇ ਕੋਈ ਕਾਫੀ ਹਾਊਸ 'ਚ ਨਾ ਮਿਲਦਾ ਤਾਂ ਉਹ ਜ਼ਰੂਰ ਇੱਥੇ ਮਿਲ ਪੈਂਦਾ। ਸਾਰਾ ਦਿਨ ਚਾਹ ਦੇ ਦੌਰ ਚੱਲਦੇ ਤੇ ਮੂੰਗਫਲੀ ਦਾ ਨਾਸ਼ਤਾ। ਅਵਲ ਤਾਂ ਫਾਕਿਰ ਨੂੰ ਇੱਕਲ ਨਾ ਮਿਲਦਾ, ਮਿਲਦਾ ਤਾਂ 'ਦੀਵਾਨ-ਏ-ਗਾਲਿਬ' 'ਚ ਰੱਖਿਆ ਆਪਣੀ ਮਹਿਬੂਬਾ ਦੇ ਵਿਆਹ ਦਾ ਸੱਦਾ ਪੱਤਰ ਦੇਖਦਾ ਰਹਿੰਦਾ। ਇਸ ਇਕ ਪੱਤਰ ਨੇ ਉਸ ਦੀ ਜ਼ਿੰਦਗੀ ਦਾ ਰੁਖ ਪਲਟ ਦਿੱਤਾ ਸੀ।

ਜਿਨ੍ਹੀਂ ਦਿਨੀਂ ਸੁਦਰਸ਼ਨ ਫਾਕਿਰ ਇਹੋ ਜਿਹੇ ਹਾਲਾਤ 'ਚ ਰਹਿੰਦਾ ਸੀ, ਜਲੰਧਰ ਉਨ੍ਹੀਂ ਦਿਨੀਂ ਪੰਜਾਬ ਦੀ ਸਭਿਆਚਾਰਕ ਰਾਜਧਾਨੀ ਸੀ। ਆਕਾਸ਼ਵਾਣੀ ਤੇ ਦੂਰਦਰਸ਼ਨ ਤੋਂ ਇਲਾਵਾ ਕਈ ਹਿੰਦੀ, ਪੰਜਾਬੀ ਤੇ ਉਰਦੂ ਦੇ ਮੁੱਖ ਅਖਬਾਰ ਇੱਥੋਂ ਛਪਦੇ ਸਨ। ਦੂਰ-ਦਰਾਜ ਤੋਂ ਲੇਖਕਾਂ ਦਾ ਆਉਣਾ-ਜਾਣਾ ਸੀ। ਪੰਜਾਬ ਯੂਨੀਵਰਸਿਟੀ ਦਾ ਹਿੰਦੀ ਵਿਭਾਗ ਵੀ ਇੱਥੇ ਸੀ। ਫਾਕਿਰ ਦੀ ਢਾਬੇ ਦੇ ਉੱਪਰ ਬਣੀ ਇਕ ਕਮਰੇ ਦੀ ਰਿਹਾਇਸ਼ 'ਤੇ ਉਰਦੂ, ਪੰਜਾਬੀ ਤੇ ਹਿੰਦੀ ਲੇਖਕਾਂ ਦਾ ਮੇਲਾ ਲੱਗਿਆ ਰਹਿੰਦਾ। ਉਸ ਦੇ ਇਕ ਕਰੀਬੀ ਦੋਸਤ ਦੱਸਦੇ ਹਨ ਕਿ ਮਹਿਮਾਨ ਨੂੰ ਦੇਖ ਕੇ ਉਸ ਦੇ ਚਿਹਰੇ 'ਤੇ ਕਦੀ ਸ਼ਿਕਨ ਨਹੀਂ ਸੀ ਆਈ। ਆਉਣ ਵਾਲੇ ਦੀ ਇੱਛਾ ਤੇ ਜ਼ਰੂਰਤ ਮੁਤਾਬਕ ਚਾਹ, ਖਾਣਾ ਤੇ ਦਾਰੂ ਦਾ ਖੁਲ੍ਹਦਿਲੀ ਨਾਲ ਬੰਦੋਬਸਤ ਹੁੰਦਾ! ਉਹੋ ਜਿਹਾ ਮਾਹੌਲ ਜਲੰਧਰ 'ਚ ਮੁੜ ਨਹੀਂ ਬਣਿਆ। ਇਸੇ ਜਲੰਧਰ 'ਚ ਇਹੋ ਜਿਹੇ ਵੱਡੇ ਲੇਖਕ ਵੀ ਹਨ ਜਿਹੜੇ ਅੱਜ ਨਹੀਂ ਜਾਣਦੇ ਕਿ ਸੁਦਰਸ਼ਨ ਫਾਕਿਰ ਨੇ ਆਖਰੀ ਸਾਹ ਮੁੰਬਈ 'ਚ ਲਿਆ ਜਾਂ ਜਲੰਧਰ 'ਚ ਅੱਜ ਫਾਕਿਰ ਨਹੀਂ ਤਾਂ ਜਲੰਧਰ ਵੀ ਉਹ ਸ਼ਹਿਰ ਨਹੀਂ ਹੈ। ਅਦਬੀ ਦੁਨੀਆ, ਖਾਸ ਤੌਰ 'ਤੇ ਸ਼ਾਇਰੀ 'ਚ 'ਗੁਰੂ-ਸ਼ਿਸ਼' ਦੀ ਰਵਾਇਤ ਬਹੁਤ ਪੁਰਾਣੀ ਹੈ। ਸੁਦਰਸ਼ਨ ਫਾਕਿਰ ਕੋਲ ਬੜੇ ਲੋਕ 'ਸ਼ਿਸ਼' ਬਣਨ ਦੀ ਖਾਹਸ਼ ਨਾਲ ਆਉਂਦੇ ਤੇ ਉਹ ਸ਼ਿਸ਼ਟਾਚਾਰ ਨਾਲ ਇਹ ਕਹਿ ਕੇ ਹੱਥ ਜੋੜ ਦਿੰਦਾ ਕਿ ਉਸ ਦਾ ਸ਼ਾਇਰੀ 'ਚ ਕੋਈ ਗੁਰੂ ਨਹੀਂ, ਇਸ ਲਈ ਉਹ ਕਿਸੇ ਨੂੰ ਆਪਣਾ ਸ਼ਿਸ਼ ਨਹੀਂ ਬਣਾਏਗਾ।





ਸ਼ਾਇਰ ਸੁਦਰਸ਼ਨ ਫਾਕਿਰ ਦੀ ਕਿਤਾਬ 'ਕਾਗਜ਼ ਕੀ ਕਸ਼ਤੀ' ਦਾ ਮੁਖੜਾ।

***ਆਪਣੇ ਸਮਕਾਲੀ ਸ਼ਾਇਰਾਂ 'ਚ ਸੁਦਰਸ਼ਨ ਫਾਕਿਰ ਸਭ ਤੋਂ ਵੱਧ ਮਸ਼ਹੂਰ ਸੀ ਪਰ ਜ਼ਿੰਦਾ ਰਹਿੰਦਿਆਂ ਉਸ ਦਾ ਇਕ ਵੀ ਸੰਗ੍ਰਹਿ ਪ੍ਰਕਾਸ਼ਿਤ ਨਹੀਂ ਹੋਇਆ। ਇਹੋ ਜਿਹੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ। 2004 'ਚ ਗੰਭੀਰ ਬਿਮਾਰ ਹੋਇਆ ਤਾਂ ਪਰਿਵਾਰ ਵਾਲੇ ਜਲੰਧਰ ਲੈ ਆਏ। ਇਹ ਉਸ ਦੀ ਪੱਕੀ ਘਰ ਵਾਪਸੀ ਸੀ। ਆਖਰੀ ਦਿਨਾਂ 'ਚ ਉਹ ਆਪਣਾ ਸੰਗ੍ਰਹਿ ਹਿੰਦੂ-ਉਰਦੂ 'ਚ ਸਾਂਝੇ ਤੌਰ 'ਤੇ ਛਪਵਾਉਣਾ ਚਾਹੁੰਦਾ ਸੀ, ਇਹ ਕੰਮ ਨਾ ਹੋ ਸਕਿਆ। 18 ਫਰਵਰੀ 2008 ਨੂੰ ਉਸ ਦੇ ਸਾਹ ਜਲੰਧਰ ਦੇ ਇਕ ਹਸਪਤਾਲ 'ਚ ਸਦਾ ਲਈ ਮੁੱਕ ਗਏ। 11 ਸਾਲ ਬਾਅਦ ਸੰਗ੍ਰਹਿ 'ਕਾਗਜ਼ ਕੀ ਕਸ਼ਤੀ'(2019) ਰਾਜਪਾਲ ਐਂਡ ਸਨਜ਼ ਵੱਲੋਂ ਪ੍ਰਕਾਸ਼ਿਤ ਹੋਇਆ।***

1969 ਦੀ ਗੱਲ ਹੈ। ਬੇਗਮ ਅਖਤਰ ਆਲ ਇੰਡੀਆ ਰੇਡੀਓ ਜਲੰਧਰ ਆਈ ਤਾਂ ਫਾਕਿਰ ਨੇ ਕਿਸੇ ਤਰ੍ਹਾਂ ਉਨ੍ਹਾਂ ਤਕ ਆਪਣੀ ਗਜ਼ਲ 'ਕੁਛ ਤੋ ਦੁਨੀਆ ਕੀ ਇਨਾਇਤ ਨੇ ਦਿਲ ਤੋੜ ਦਿਆ' ਪਹੁੰਚਾਈ। ਇਸ ਦੇ ਅਲਫਾਜ਼ ਬੇਗਮ ਸਾਹਿਬਾ ਦੇ ਦਿਲ ਨੂੰ ਇਸ ਤਰ੍ਹਾਂ ਛੋਹ ਗਏ ਕਿ ਉਨ੍ਹਾਂ ਨੇ ਉਸੇ ਸ਼ਾਮ ਇਹ ਗਜ਼ਲ ਕਈ ਵਾਰ ਗਾਈ ਤੇ ਬਾਅਦ 'ਚ ਮੁੰਬਈ ਜਾ ਕੇ ਰਿਕਾਰਡ ਕਰਵਾਈ। ਬਹੁਤ ਘੱਟ ਲੋਕ ਜਾਣਦੇ ਹਨ ਕਿ ਸੁਦਰਸ਼ਨ ਫਾਕਿਰ ਨੇ ਗ਼ਜ਼ਲ, ਨਜ਼ਮ ਤੇ ਗੀਤ ਤੋਂ ਇਲਾਵਾ ਵੀ ਬਹੁਤ ਕੁਝ ਲਿਖਿਆ ਹੈ। ਉਸ ਦੀ ਲਿਖੀ ਠੁਮਰੀ 'ਹਮਰੀ ਅਟਰੀਆ ਓ ਸਜਨਵਾ... ਦੇਖਾ ਦੇਖੀ ਬਲਮ ਹੂਈ ਜਾਏ' ਬੇਗਮ ਅਖਤਰ ਨੇ ਗਾਈ ਤਾਂ ਬੜੀ ਮਕਬੂਲ ਹੋਈ। ਫੈਜ਼ ਅਹਿਮਦ ਫੈਜ਼ ਇਸ ਠੁਮਰੀ ਦੇ ਏਨੇ ਪ੍ਰਸੰਸਕ ਸਨ ਕਿ ਇਸ ਨੂੰ ਵਾਰ-ਵਾਰ ਸੁਣਿਆ ਕਰਦੇ ਸਨ।

1971 ਦੇ ਨੇੜੇ-ਤੇੜੇ ਬੇਗਮ ਅਖਤਰ ਦੇ ਸੱਦੇ 'ਤੇ ਸੁਦਰਸ਼ਨ ਫਾਕਿਰ ਮੁੰਬਈ ਚਲਾ ਗਿਆ। ਇੱਥੇ ਉਸ ਨੇ ਨਵਾਂ ਸਫਰ ਸ਼ੁਰੂ ਕੀਤਾ। ਬੇਗਮ ਅਖਤਰ ਨੇ ਤਾਂ ਉਨ੍ਹਾਂ ਦੀਆਂ ਗਜ਼ਲਾਂ ਤੇ ਠੁਮਰੀਆਂ ਗਾਈਆਂ ਹੀ ਸਨ; ਮੁਬਾਰਕ ਬੇਗਮ, ਮੁਹੰਮਦ ਰਫੀ, ਮੰਨਾ ਡੇ, ਆਸ਼ਾ ਭੋਸਲੇ, ਪੰਕਜ ਉਧਾਸ, ਕਵਿਤਾ ਕ੍ਰਿਸ਼ਨਮੂਰਤੀ, ਭੁਪੇਂਦਰ ਸਿੰਘ, ਸੁਰੇਸ਼ ਵਾਡੇਕਰ, ਹਰੀਹਰਨ, ਐਸ. ਮਹਾਦੇਵਨ, ਅਭਿਜੀਤ, ਸੁਧਾ ਮਲਹੋਤਰਾ, ਵਿਨੋਦ ਰਾਠੌਰ, ਗੁਰਦਾਸ ਮਾਨ, ਸ਼ੋਭਾ ਗੁਰਟੂ, ਵਿਨੋਦ ਸਹਿਗਲ ਤੇ ਉਦਿਤ ਨਾਰਾਇਣ ਨੇ ਵੀ ਫਾਕਿਰ ਨੂੰ ਸ਼ਿੱਦਤ ਨਾਲ ਗਾਇਆ।

ਜਗਜੀਤ ਸਿੰਘ ਨੂੰ ਤਾਂ ਮਕਬੂਲੀਅਤ ਦੀਆਂ ਬੁਲੰਦੀਆਂ ਫਾਕਿਰ ਨੂੰ ਗਾ ਕੇ ਹਾਸਲ ਹੋਈਆਂ। ਜਗਜੀਤ-ਚਿਤਰਾ ਦੀ ਜੋੜੀ ਨੇ ਉਸ ਦੀਆਂ ਲਿਖੀਆਂ ਬੇਸ਼ੁਮਾਰ ਗਜ਼ਲਾਂ-ਨਜ਼ਮਾਂ ਨੂੰ ਆਵਾਜ਼ ਦਿੱਤੀ। 'ਕਾਗਜ਼ ਕੀ ਕੁਸ਼ਤੀ ਬਾਰਿਸ਼ ਕਾ ਪਾਨੀ' ਨਾਲ ਦੋਵਾਂ ਦੋਸਤਾਂ, ਜਗਜੀਤ ਸਿੰਘ ਤੇ ਫਾਕਿਰ ਨੂੰ ਸ਼ੋਹਰਤ ਦਾ ਅਜਿਹਾ ਆਕਾਸ਼ ਮਿਲਿਆ ਜਿਹੜਾ ਅੱਜ ਉਸੇ ਤਰ੍ਹਾਂ ਕਾਇਮ ਹੈ। ਆਖਰੀ ਵੇਲੇ ਸੁਦਰਸ਼ਨ ਫਾਕਿਰ ਸਿਰਫ ਜਗਜੀਤ ਸਿੰਘ ਲਈ ਲਿਖਣਾ ਚਾਹੁੰਦਾ ਸੀ ਤੇ ਜਗਜੀਤ ਸਿੰਘ ਉਸ ਦੀਆਂ ਹੀ ਰਚਨਾਵਾਂ ਗਾਉਣਾ ਚਾਹੁੰਦਾ ਸੀ। ਸਾਰੀ ਉਮਰ ਦੋਵੇਂ ਇਕ-ਦੂਜੇ ਦੇ ਪੂਰਕ ਬਣੇ ਰਹੇ।

ਸ਼ੁਹਰਤ ਦੇ ਸਿਖਰ 'ਤੇ ਪੁੱਜ ਕੇ ਸੁਦਰਸ਼ਨ ਫਾਕਿਰ ਅੰਤਰ-ਮੁਖੀ ਤੇ ਇਕੱਲਤਾ ਪਸੰਦ ਹੋ ਗਿਆ। ਗੁਮਨਾਮੀ ਨਾਲ ਮੁਹੱਬਤ ਹੋ ਗਈ। ਮੁੰਬਈ ਦੀਆਂ ਮਹਿਫਲਾਂ ਵਿਚ ਜਦ ਜਗਜੀਤ ਸਰੋਤਿਆਂ ਨੂੰ ਦੱਸਦਾ ਕਿ ਉਹਦੀਆਂ ਗਾਈਆਂ ਗਜ਼ਲਾਂ ਦਾ ਸ਼ਾਇਰ ਉੱਥੇ ਹੀ ਮੌਜੂਦ ਹੈ, ਫਾਕਿਰ ਨੂੰ ਮੰਚ 'ਤੇ ਬੁਲਾਇਆ ਜਾਂਦਾ ਤਾਂ ਆਡੀਟੋਰੀਅਮ ਤਾੜੀਆਂ ਨਾਲ ਗੂੰਜ ਜਾਂਦਾ; ਇਧਰ ਫਾਕਿਰ ਪਿਛਲੇ ਦਰਵਾਜ਼ੇ ਰਾਹੀਂ ਉੱਥੋਂ ਗਾਇਬ ਹੋ ਜਾਂਦਾ। ਮੁੰਬਈ 'ਚ ਉਹਦੇ ਦਿਨ ਦਾ ਟਿਕਾਣਾ ਸ਼ਾਇਰ ਹਸਤੀ ਮਲ ਹਸਤੀ ਦਾ ਸਾਂਤਾਕਰੂਜ਼ ਵਾਲਾ ਜਿਊਲਰੀ ਸ਼ੋਅਰੂਮ ਸੀ। ਰਾਤਾਂ ਕਿਸੇ ਪੁਰਾਣੀ ਲੌਂਜ 'ਚ ਬੀਤਦੀਆਂ ਸਨ। ਉਂਝ ਮੁੰਬਈ 'ਚ ਉਸ ਆਪਣਾ ਸ਼ਾਨਦਾਰ ਫਲੈਟ ਵੀ ਸੀ ਜਿੱਥੇ ਉਹ ਮਹੀਨੇ 'ਚ ਇਕ ਵਾਰ ਬਿਜਲੀ, ਪਾਣੀ ਤੇ ਫੋਨ ਦਾ ਬਿੱਲ ਲੈਣ ਜਾਂਦਾ, ਅੰਦਰ ਕਮਰੇ 'ਚ ਪੈਰ ਵੀ ਨਾ ਰੱਖਦਾ। ਸਾਂਭ ਸੰਭਾਲ ਦੀ ਘਾਟ ਕਾਰਨ ਉਹ ਫਲੈਟ ਕਬੂਤਰਾਂ ਦਾ ਆਸ਼ਿਆਨਾ ਬਣ ਗਿਆ ਸੀ। ਮਜ਼ਾਕ 'ਚ ਉਹ ਕਿਹਾ ਕਰਦਾ, "ਆਪਣੇ ਫਲੈਟ 'ਚ ਕਦਮ ਇਸ ਲਈ ਨਹੀਂ ਰੱਖਦਾ ਕਿ ਕਬੂਤਰਾਂ ਦੀ ਪ੍ਰਾਈਵੇਸੀ ਭੰਗ ਨਾ ਹੋ ਜਾਵੇ।"

ਹਰ ਵੱਡੇ ਸ਼ਾਇਰ ਵਾਂਗ ਸੁਦਰਸ਼ਨ ਫਾਕਿਰ ਵੀ ਅਜਬ-ਆਜ਼ਾਦ ਸੀ। 1990 ਤੋਂ ਬਾਅਦ ਉਸ ਨੇ ਜੋ ਵੀ ਲਿਖਿਆ, ਸਾਂਤਾਕਰੂਜ਼ (ਈਸਟ) ਦੇ ਇਕ ਬੈਂਚ ਦੇ ਬੈਠ ਕੇ ਲਿਖਿਆ। ਜੇ ਬੈਂਚ ਖਾਲੀ ਨਾ ਹੁੰਦਾ ਤਾਂ ਘੰਟਿਆ-ਬੱਧੀ ਉਸ ਦੇ ਖਾਲੀ ਹੋਣ ਦੀ ਉਡੀਕ ਕਰਦਾ ਰਹਿੰਦਾ। ਉਸ ਦਾ ਕਹਿਣਾ ਸੀ, "ਜਦੋਂ ਉਸ ਬੈਂਚ 'ਤੇ ਬੈਠਦਾ ਹਾਂ ਤਾਂ ਗਜ਼ਲ ਉਤਰਦੀ ਹੈ।" ਉਹਨੇ ਨਿੱਘੇ ਮਿੱਤਰ ਫਿਰੋਜ਼ ਖਾਨ ਦੀ ਫਿਲਮ 'ਯਲਗਾਰ' ਦੀ ਸਕ੍ਰਿਪਟ ਉਸੇ ਬੈਂਚ 'ਤੇ ਬੈਠ ਕੇ ਲਿਖੀ ਸੀ। ਬੇਚੈਨੀ ਦੇ ਆਲਮ 'ਚ ਉਹ ਕਈ ਵਾਰ ਸਾਰਾ-ਸਾਰਾ ਦਿਨ ਤੇ ਸਾਰੀ-ਸਾਰੀ ਰਾਤ ਉੱਥੇ ਬੈਠੇ-ਬੈਠੇ ਬਿਤਾ ਦਿੰਦਾ ਸੀ। ਉਸ ਨੇ ਭਗਤੀ ਗੀਤ 'ਹੇ ਰਾਮ' ਵੀ ਉਸੇ ਬੈਂਚ 'ਤੇ ਬੈਠ ਕੇ ਲਿਖਿਆ ਜਿਹੜਾ ਜਗਜੀਤ ਸਿੰਘ ਨੇ ਗਾ ਕੇ ਅਜਿਹਾ ਅਮਰ ਕੀਤਾ ਕਿ ਲੱਖਾਂ ਘਰਾਂ 'ਚ ਉਹ ਸੁਣਿਆ ਜਾਂਦਾ ਹੈ।

ਮੁੰਬਈ 'ਚ ਫਕੀਰਾਂ ਵਰਗੀ ਹਾਲਤ 'ਚ ਰਹਿਣ ਵਾਲਾ ਇਹ ਅਜ਼ੀਮ ਸ਼ਾਇਰ ਲੱਖਾਂ ਦੀ ਰਾਇਲਟੀ ਦਾ ਮਾਲਕ ਸੀ। ਉਸ ਦੀ ਪਤਨੀ ਦਾ ਫੋਨ ਆਇਆ ਕਿ ਪੁੱਤਰ ਦਾ ਵਿਆਹ ਹੈ ਤੇ ਪੈਸਿਆਂ ਦਾ ਇੰਤਜ਼ਾਮ ਕਰਨਾ ਪਵੇਗਾ। ਬੇਪਰਵਾਹ ਸੁਦਰਸ਼ਨ ਫਾਕਿਰ ਨੇ ਐਚ.ਐਮ.ਵੀ. 'ਚ ਸਿਰਫ ਇਕ ਫੋਨ ਕੀਤਾ ਤੇ ਅਗਲੇ ਦਿਨ 23 ਲੱਖ ਦਾ ਚੈੱਕ ਹਾਜ਼ਰ ਹੋ ਗਿਆ। ਉਨ੍ਹਾਂ ਦੀ ਪਤਨੀ ਸੁਦੇਸ਼ ਅਤੇ ਪੁੱਤਰ ਮਾਨਵ ਫਾਕਿਰ ਜਲੰਧਰ 'ਚ ਰਹਿੰਦਾ ਹੈ। ਸ੍ਰੀਮਤੀ ਸੁਦੇਸ਼ ਫਾਕਿਰ ਮੁਤਾਬਕ ਅੱਜ ਵੀ ਸੁਦਰਸ਼ਨ ਦੀ ਰਾਇਲਟੀ ਉਨ੍ਹਾਂ ਨੂੰ ਸਨਮਾਨ ਸਹਿਤ ਤੇ ਤਸੱਲੀਬਖਸ਼ ਹਾਸਲ ਹੁੰਦੀ ਹੈ।

ਆਪਣੇ ਸਮਕਾਲੀ ਸ਼ਾਇਰਾਂ 'ਚ ਸੁਦਰਸ਼ਨ ਫਾਕਿਰ ਸਭ ਤੋਂ ਵੱਧ ਮਸ਼ਹੂਰ ਸੀ ਪਰ ਜ਼ਿੰਦਾ ਰਹਿੰਦਿਆਂ ਉਸ ਦਾ ਇਕ ਵੀ ਸੰਗ੍ਰਹਿ ਪ੍ਰਕਾਸ਼ਿਤ ਨਹੀਂ ਹੋਇਆ। ਇਹੋ ਜਿਹੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ। 2004 'ਚ ਗੰਭੀਰ ਬਿਮਾਰ ਹੋਇਆ ਤਾਂ ਪਰਿਵਾਰ ਵਾਲੇ ਜਲੰਧਰ ਲੈ ਆਏ। ਇਹ ਉਸ ਦੀ ਪੱਕੀ ਘਰ ਵਾਪਸੀ ਸੀ। ਆਖਰੀ ਦਿਨਾਂ 'ਚ ਉਹ ਆਪਣਾ ਸੰਗ੍ਰਹਿ ਹਿੰਦੂ-ਉਰਦੂ 'ਚ ਸਾਂਝੇ ਤੌਰ 'ਤੇ ਛਪਵਾਉਣਾ ਚਾਹੁੰਦਾ ਸੀ, ਇਹ ਕੰਮ ਨਾ ਹੋ ਸਕਿਆ। 18 ਫਰਵਰੀ 2008 ਨੂੰ ਉਸ ਦੇ ਸਾਹ ਜਲੰਧਰ ਦੇ ਇਕ ਹਸਪਤਾਲ 'ਚ ਸਦਾ ਲਈ ਮੁੱਕ ਗਏ। 11 ਸਾਲ ਬਾਅਦ ਸੰਗ੍ਰਹਿ 'ਕਾਗਜ਼ ਕੀ ਕਸ਼ਤੀ'(2019) ਰਾਜਪਾਲ ਐਂਡ ਸਨਜ਼ ਵੱਲੋਂ ਪ੍ਰਕਾਸ਼ਿਤ ਹੋਇਆ। ਸੁਦਰਸ਼ਨ ਫਾਕਿਰ ਦੀਆਂ ਕੁਝ ਮਕਬੂਲ ਗਜ਼ਲਾਂ

- ਕੁਛ ਤੋ ਦੁਨੀਆ ਕੀ ਇਨਾਇਤ ਨੇ ਦਿਲ ਤੋੜ ਦੀਆ
- ਅਹਿਲ-ਏ-ਉਲਫਤ ਕੇ ਹਵਾਲੋਂ ਪੇ ਹੰਸੀ ਆਤੀ ਹੈ
- ਇਸ਼ਕ ਮੇਂ ਗੈਰਤ-ਏ-ਜਜ਼ਬਾਤ ਨੇ ਰੋਨੇ ਨਾ ਦੀਆ
- ਜਿਸ ਸੇ ਹਸਤੀ ਫਨਾ ਨਹੀਂ ਹੋਤੀ
- ਆਜ ਕੇ ਦੌਰ ਮੇਂ ਐ ਦੋਸਤ ਯੇਹ ਮੰਜ਼ਰ ਕਿਉਂ
- ਮੈਨੇ ਹਰਗਿਜ਼ ਯਹ ਨਾ ਸੋਚਾ ਮਗਰ ਯਾਦ ਆਇਆ
- ਹਮਸੇ ਤੁਮ ਕੋ ਕਯਾ ਗਿਲਾ ਹੈ ਜ਼ਿੰਦਗੀ
- ਆਦਮੀ ਆਦਮੀ ਕੋ ਕਯਾ ਦੇਗਾ
- ਕੈਸੇ ਲਿਖੋਗੇ ਮੁਹੱਬਤ ਕੀ ਕਿਤਾਬ
- ਕੌਨ ਯਹ ਜਾਨਾ ਇਸ਼ਕ ਮੇਂ ਕਬ ਕਯਾ ਹੋਨਾ ਹੈ
- ਮੇਰੀ ਜ਼ੁਬਾਂ ਸੇ ਮੇਰੀ ਦਾਸਤਾਂ ਸੁਨ ਤੋ ਸਹੀ
- ਕਿਸੀ ਰੰਜਿਸ਼ ਕੋ ਹਵਾ ਦੋ ਕਿ ਮੈਂ ਜ਼ਿੰਦਾ ਹੂੰ ਅਭੀ
- ਜ਼ਿੰਦਗੀ ਤੁਝਕੋ ਜੀਆ ਹੈ ਕੋਈ ਅਫਸੋਸ ਨਹੀਂ
- ਆਪਨੋ ਕੇ ਸਿਤਮ ਹਮਸੇ ਬਤਾਏ ਨਹੀਂ ਜਾਤੇ
- ਮੈਂ ਲੌਟ ਕੇ ਘਰ ਆਊਂ ਕੋਈ ਆਸ ਨਹੀਂ ਹੈ
- ਪੱਥਰ ਕੇ ਖੁਦਾ, ਪੱਥਰ ਕੇ ਸਨਮ, ਪੱਥਰ ਕੇ ਹੀ ਇੰਸਾਂ ਪਾਏ ਹੈਂ
- ਮੇਰੇ ਦੁਖੋਂ ਕੀ ਕੋਈ ਦਵਾ ਨਾ ਕਰੋ
- ਗ਼ਮ ਬੜੇ ਆਤੇ ਹੈਂ ਕਾਤਿਲ ਕੀ ਨਿਗਾਹੋਂ ਕੀ ਤਰਹ
- ਨਾ ਮੁਹੱਬਤ ਨਾ ਦੋਸਤੀ ਕੇ ਲਿਏ
- ਜ਼ਿੰਦਗੀ ਕੁਛ ਭੀ ਨਹੀਂ ਫਿਰ ਭੀ ਜੀਏ ਜਾਤੇ ਹੈਂ
- ਯਹ ਦੌਲਤ ਭੀ ਲੇ ਲੋ ਯਹ ਸ਼ੁਹਰਤ ਭੀ ਲੇ ਲੋ
- ਹੇ ਰਾਮ... ਹੇ ਰਾਮ... ਹੇ ਰਾਮ...

# ਸਤਿਗੁਰੁ ਸਚਾ ਪਾਤਿਸਾਹੁ ਸਾਧਸੰਗਤਿ ਸਚੁ ਖੰਡੁ ਵਸਾਇਆ



ਡਾ. ਗੁਰਨਾਮ ਕੌਰ, ਕੈਨੇਡਾ

ਭਾਈ ਗੁਰਦਾਸ ਨੇ ਸੱਤਵੀਂ ਵਾਰ ਦੀ ਪਹਿਲੀ ਪਉੜੀ ਵਿਚ ਮੰਗਲਾਚਰਨ ਕੀਤਾ ਹੈ। ਮੰਗਲਾਚਰਨ ਦੇ ਅਰਥ ਕਰਦਿਆਂ ਭਾਈ ਕਾਹਨ ਸਿੰਘ ਨਾਭਾ ਨੇ 'ਮਹਾਨ ਕੋਸ਼ ਵਿਚ ਲਿਖਿਆ ਹੈ ਕਿ ਮੰਗਲਾਚਰਨ ਦਾ ਭਾਵ ਹੈ ਉਤਸਵ ਦੀ ਰਸਮ, ਗ੍ਰੰਥ ਦੇ ਮੁੱਢ ਇਸ਼ਟ ਦਾ ਆਰਾਧਨ। ਮਹਾਨ ਕੋਸ਼ ਵਿਚ ਮੰਗਲਾਚਰਣ ਦੇ ਤਿੰਨ ਭੇਦ ਕੀਤੇ ਹਨ ਅਤੇ ਨਾਲ ਉਨ੍ਹਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਹਨ। ਪਹਿਲਾ ਹੈ ਵਸਤੂ ਨਿਰਦੇਸ਼ਾਤਮਕ ਗ੍ਰੰਥ ਵਿਚ ਜਿਸ ਦਾ ਜ਼ਿਕਰ ਕਰਨਾ ਹੈ ਉਸ ਦੇ ਹੀ ਗੁਣ, ਮਹਿਮਾ, ਲੱਛਣ ਬੋਧ ਕਰਾਉਣ ਵਾਲਾ ਮੰਗਲ; ਦੂਸਰਾ ਅਸ਼ੀਰਵਾਦਾਤਮਕ ਜਿਸ ਤੋਂ ਕਲਿਆਣ ਦੀ ਕਾਮਨਾ ਕੀਤੀ ਜਾਵੇ; ਤੀਸਰਾ ਹੈ ਨਮਸਕਾਰਾਤਮਕ ਜਿਸ ਵਿਚ ਪ੍ਰਣਾਮ ਕੀਤਾ ਜਾਵੇ। ਇਸ ਪਹਿਲੀ ਪਉੜੀ ਦੀ ਪਹਿਲੀ ਪੰਕਤੀ ਵਿਚ ਹੀ ਭਾਈ ਗੁਰਦਾਸ ਸੱਚੇ ਗੁਰੂ ਦੀ ਮਹਿਮਾ ਦਾ ਜ਼ਿਕਰ ਕਰਦੇ ਹਨ ਜੋ ਸੱਚਾ ਪਾਤਿਸ਼ਾਹ ਹੈ, ਜਿਸ ਨੇ ਸੰਤਜਨਾਂ ਦੀ ਸੰਗਤ ਸਥਾਪਤ ਕਰ ਕੇ 'ਸੱਚਖੰਡ' ਭਾਵ ਉਹ ਸਥਾਨ ਸਥਾਪਤ ਕਰ ਦਿੱਤਾ ਹੈ ਜਿੱਥੇ ਸੱਚੇ ਨਿਰੰਕਾਰ ਦਾ ਨਿਵਾਸ ਹੁੰਦਾ ਹੈ। ਅਜਿਹੇ ਸਥਾਨ 'ਤੇ ਨਿਵਾਸ ਕਰਦੇ ਹੋਏ ਸਿੱਖ ਗੁਰੂ ਤੋਂ ਸਿੱਖਿਆ ਪ੍ਰਾਪਤ ਕਰ ਕੇ ਆਪਣੇ ਅੰਦਰ ਵੱਸ ਰਹੀ ਹਉਮੈ ਤੋਂ ਨਿਜਾਤ ਪਾ ਲੈਂਦੇ ਹਨ ਅਤੇ ਆਪਣੇ ਆਪ ਨੂੰ ਜਣਾਉਂਦੇ ਨਹੀਂ।

ਗੁਰੂ ਨਾਨਕ ਸਾਹਿਬ ਨੇ ਜਪੁਜੀ ਦੇ ਅਰੰਭ ਵਿਚ ਹੀ ਆਗਾਹ ਕਰ ਦਿੱਤਾ ਹੈ ਕਿ ਹਉਮੈ 'ਕੂੜੈ ਪਾਲਿ' ਹੈ ਜੋ ਮਨੁੱਖ ਦੇ ਸਚਿਆਰ ਬਣਨ ਦੇ ਰਸਤੇ ਵਿਚ ਰੁਕਾਵਟ ਪਾਉਂਦੀ ਹੈ। ਭਾਈ ਗੁਰਦਾਸ ਸਪੱਸ਼ਟ ਕਰਦੇ ਹਨ ਕਿ ਗੁਰੂ ਦਾ ਸਿੱਖ ਸਾਧਜਨ ਪਦ ਭਾਵ ਗੁਰਮੁਖਿ ਹੋਣ ਦੇ ਪੱਧਰ 'ਤੇ ਉਦੋਂ ਪਹੁੰਚਦਾ ਹੈ ਜਦੋਂ ਉਹ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਿਆਂ ਪੂਰੇ ਅਨੁਸ਼ਾਸਨ ਵਿਚ ਰਹਿ ਕੇ ਆਪਣੇ ਆਪ ਨੂੰ ਚੰਗੀ ਤਰ੍ਹਾਂ ਪ੍ਰਪੱਕ ਕਰ ਲੈਂਦਾ ਹੈ। ਫਿਰ ਉਹ ਇਸ ਅਵਸਥਾ ਵਿਚ ਹੁੰਦਾ ਹੈ ਕਿ ਬਿਨਾਂ ਕਿਸੇ ਵਖਰੇਵੇਂ ਜਾਂ ਭੇਦਭਾਵ ਦੇ, ਚਾਰੇ ਵਰਨਾਂ ਨੂੰ ਗੁਰੂ ਦੇ ਦੱਸੇ ਰਸਤੇ ਦਾ ਉਪਦੇਸ਼ ਦਿੰਦਾ ਹੈ ਅਤੇ ਆਪ ਦੁਨਿਆਵੀ ਮਾਇਆ ਦੇ ਪ੍ਰਭਾਵਾਂ ਪ੍ਰਤੀ ਉਦਾਸੀਨ ਰਹਿੰਦਾ ਹੈ। ਇੱਥੇ ਭਾਈ ਸਾਹਿਬ ਦਾ ਇਸ਼ਾਰਾ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਦੀ ਪ੍ਰਚੱਲਤ ਉਸ ਬ੍ਰਾਹਮਣਵਾਦੀ ਪ੍ਰੰਪਰਾ ਵੱਲ ਵੀ ਹੈ ਜਿਸ ਅਨੁਸਾਰ ਵੱਖ ਵੱਖ ਵਰਨਾਂ ਵਿਚ ਵਖਰੇਵਾਂ ਕਰਦਿਆਂ ਉੱਚਾ ਕਹੇ ਜਾਣ ਵਾਲੇ ਵਰਨਾਂ ਨੂੰ ਹੀ ਰੂਹਾਨੀ ਸਿੱਖਿਆ ਦੇਣ ਦਾ ਨਿਯਮ ਕਾਇਮ ਸੀ। ਗੁਰੂ ਨਾਨਕ ਸਾਹਿਬ ਦੇ ਸਥਾਪਤ ਕੀਤੇ ਧਰਮ ਦਾ ਉਦੇਸ਼ ਸਾਰੀ ਮਨੁੱਖਤਾ ਨੂੰ, ਬਿਨਾਂ ਕਿਸੇ ਊਚ-ਨੀਚ ਦਾ ਭੇਦਭਾਵ ਕੀਤਿਆਂ, ਇਕ ਬਰਾਬਰ ਮੰਨਣਾ ਹੈ। ਗੁਰੂ ਦੇ ਸਿੱਖ ਸਤਿਨਾਮ ਦਾ ਮੰਤ੍ਰ ਦ੍ਰਿੜਾਉਂਦੇ ਹੋਏ ਗੁਰਮਤਿ ਦੇ ਇਸ ਸਿਧਾਂਤ 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' ਦੀ ਪਾਲਣਾ ਦੇ ਇਸ ਸਿਧਾਂਤ ਨੂੰ ਸਪੱਸ਼ਟ ਕਰ ਕੇ ਸਮਝਾਉਂਦੇ ਹਨ ਕਿ ਸੱਚ ਸਭ ਤੋਂ ਉਪਰ ਹੈ ਪ੍ਰੰਤੂ ਸੱਚ ਤੋਂ ਵੀ ਉਪਰ ਸੱਚ ਆਚਾਰ ਹੈ ਅਰਥਾਤ ਸੱਚ ਨੂੰ ਆਪਣੇ ਕਿਰਦਾਰ ਦਾ ਹਿੱਸਾ ਬਣਾ ਕੇ ਉਸ ਨੂੰ ਨਿਭਾਉਣਾ ਹੈ ਅਤੇ ਹਰ ਇੱਕ ਨੂੰ ਇਸ ਉਪਦੇਸ਼ ਨੂੰ ਉਚਾਰਨ ਦੇ ਨਾਲ ਨਾਲ ਆਪਣੇ ਅੰਦਰ ਵੀ ਵਸਾਉਣਾ ਚਾਹੀਦਾ ਹੈ। ਜਿਹੜੇ ਮਨੁੱਖ ਗੁਰੂ ਨਾਨਕ ਦੇ ਦਿੱਤੇ ਸਿਧਾਂਤ ਕਿ 'ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ' ਨੂੰ ਸਮਝ ਲੈਂਦੇ ਹਨ ਅਤੇ 'ਹੁਕਮਿ ਰਜਾਈ ਚਲਣਾ' ਨੂੰ ਆਪਣੀ ਸਮਝ ਵਿਚ ਵਸਾ ਲੈਂਦੇ ਹਨ ਉਹ ਸਤਿ ਵਿਚ ਲਿਵਲੀਨ ਹੋ ਜਾਂਦੇ ਹਨ। 'ਹੁਕਮ' ਅਕਾਲ ਪੁਰਖ ਦਾ ਸਿਰਜਿਆ ਉਚਤਮ ਕੁਦਰਤੀ ਨੇਮ ਹੈ ਜਿਸ ਅਨੁਸਾਰ ਇਹ ਸਾਰੀ ਸ੍ਰਿਸ਼ਟੀ ਨਿਯਮਤ ਰੂਪ ਵਿਚ ਕਾਰਜਸ਼ੀਲ ਹੈ; ਕੁੱਝ ਵੀ ਇਸ ਨੇਮ ਤੋਂ ਬਾਹਰ ਨਹੀਂ ਹੈ। ਭਾਈ ਗੁਰਦਾਸ ਮੰਗਲਾਚਰਨ ਦੀ ਆਖ਼ਰੀ ਪੰਕਤੀ ਵਿਚ ਨਿਰਣਾ ਕੱਢਦੇ ਹਨ ਕਿ ਆਪਣੀ ਸੁਰਤਿ ਨੂੰ ਸ਼ਬਦ ਨਾਲ ਵਿਲੀਨ ਕਰ ਕੇ, ਆਪਣੀ ਸੁਰਤਿ ਨੂੰ ਸ਼ਬਦ ਨਾਲ ਅਭੇਦ ਕਰ ਕੇ ਹੀ ਉਸ ਅਕਾਲ ਪੁਰਖ ਦਾ ਅਨੁਭਵ ਕੀਤਾ ਜਾ ਸਕਦਾ ਹੈ, ਉਸ ਦੀ ਸਰਬਵਿਆਪਕਤਾ ਦਾ ਅਹਿਸਾਸ ਕੀਤਾ ਜਾ ਸਕਦਾ ਹੈ:

ਸਤਿਗੁਰੁ ਸਚਾ ਪਾਤਿਸਾਹੁ ਸਾਧਸੰਗਤਿ ਸਚੁ ਖੰਡੁ ਵਸਾਇਆ।
ਗੁਰ ਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ।
ਗੁਰਸਿਖ ਸਭੋ ਸਾਧਨਾ ਸਾਧਿ ਸਧਾਇ ਸਾਧੁ ਸਦਵਾਇਆ।
ਚਹੁ ਵਰਣਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ।
ਸਚਹੁ ਓਰੈ ਸਭੁ ਕਿਹੁ ਸਚੁ ਨਾਉ ਗੁਰਮੰਤੁ ਦਿੜਾਇਆ।
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ।
ਸਬਦ ਸੁਰਤਿ ਲਿਵ ਅਲਖੁ ਲਖਾਇਆ॥ 1॥

ਇਸ ਤੋਂ ਅਗਲੀਆਂ ਪਉੜੀਆਂ ਵਿਚ ਭਾਈ ਗੁਰਦਾਸ ਨੇ ਗਿਣਤੀ ਦੇ ਰੂਪ ਵਿਚ ਗੁਰਮੁਖਿ ਦੀ ਵਿਆਖਿਆ ਕੀਤੀ ਹੈ। ਦੂਸਰੀ ਪਉੜੀ ਵਿਚ 'ਦੋ' ਦੀ ਗਿਣਤੀ ਨੂੰ ਲੈ ਕੇ ਸਪੱਸ਼ਟ ਕੀਤਾ ਹੈ ਕਿ ਸ਼ਿਵ ਅਤੇ ਸ਼ਕਤੀ ਭਾਵ ਰਜਸ ਅਤੇ ਤਮਸ ਗੁਣਾਂ ਨੂੰ ਸਾਧ ਕੇ (ਭਾਰਤੀ ਸ਼ਾਸਤ੍ਰਾਂ ਵਿਚ ਪ੍ਰਕਿਰਤੀ ਦੇ ਤਿੰਨ ਗੁਣ ਸਤਸ, ਰਜਸ, ਤਮਸ ਮੰਨੇ ਗਏ ਹਨ ਜਿਨ੍ਹਾਂ ਦੇ ਵੱਖੋ ਵੱਖਰੇ ਅਨੁਪਾਤ ਵਿਚ ਸੁਮੇਲ ਤੋਂ ਅੱਗੇ ਸਾਰੀ ਰਚਨਾ ਹੁੰਦੀ ਹੈ-ਸਾਂਖ ਸ਼ਾਸਤ੍ਰ ਵਿਚ ਇਸ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ ਗਈ ਹੈ) ਚੰਦ-ਸੂਰਜ, ਦਿਨ ਅਤੇ ਰਾਤ ਸਾਧ ਲਏ ਹਨ। ਸੁੱਖ ਅਤੇ ਦੁੱਖ, ਖੁਸ਼ੀ ਅਤੇ ਗਮੀ 'ਤੇ ਕਾਬੂ ਪਾ ਲਿਆ ਹੈ ਅਤੇ ਪਾਪ-ਪੁੰਨ, ਨਰਕ ਅਤੇ ਸਵਰਗ ਦੀ ਭਾਵਨਾ ਤੋਂ ਪਾਰ ਹੋ ਗਏ ਹਨ। ਕਹਿਣ ਤੋਂ ਭਾਵ ਹੈ ਕਿ ਦੁੱਖ ਅਤੇ ਸੁੱਖ ਆਦਿ ਹਰ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਗੁਰਮੁਖਿ ਨੇ ਆਪਣੇ ਵੱਸ ਵਿਚ ਕਰ ਲਿਆ ਹੈ। ਗੁਰਮੁਖਿ ਜਨਮ-ਮਰਨ ਤੋਂ ਉਤੇ ਉਠ ਕੇ ਜੀਵਨ ਮੁਕਤੀ ਪ੍ਰਾਪਤ ਕਰ ਲੈਂਦੇ ਹਨ ਅਤੇ ਅਜਿਹੀ ਜੀਵਨ-ਮੁਕਤਿ ਦੀ ਅਵਸਥਾ ਵਿਚ ਦੁਸ਼ਮਣ ਅਤੇ ਦੋਸਤ, ਭਲਾ ਅਤੇ ਬੁਰਾ ਹਰ ਕੋਈ ਉਨ੍ਹਾਂ ਅੱਗੇ ਨਿਵ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਨੇ ਜੀਵਨ-ਮੁਕਤਿ ਦੀ ਅਵਸਥਾ ਦਾ ਵਰਣਨ ਕੀਤਾ ਹੈ, "ਹਰਖੁ ਸੋਗੁ ਜਾ ਕੈ ਨਹੀਂ ਬੈਰੀ ਮੀਤ ਸਮਾਨਿ॥ ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥" ਭਾਈ ਗੁਰਦਾਸ ਅਗਲੀ ਪੰਕਤੀ ਵਿਚ ਕਹਿੰਦੇ ਹਨ ਕਿ ਗੁਰਮੁਖਾਂ ਨੇ ਰਾਜ ਅਤੇ ਜੋਗ, ਭਾਵ ਸੰਸਾਰਕਤਾ ਅਤੇ ਰੂਹਾਨੀਅਤ ਦੋਵਾਂ 'ਤੇ ਜਿੱਤ ਪ੍ਰਾਪਤ ਕਰ ਕੇ ਮਿਲਾਪ ਅਤੇ ਵਿਛੋੜੇ 'ਤੇ ਵੀ ਕਾਬੂ ਪਾ ਲਿਆ ਹੈ। ਉਨ੍ਹਾਂ ਨੇ ਨੀਂਦ, ਭੁੱਖ, ਆਸਾ ਅਤੇ ਮਨਸਾ ਸਭ ਨੂੰ ਸੰਜਮ ਵਿਚ ਰੱਖ ਕੇ ਆਪਣੇ ਨਿੱਜ-ਘਰ ਵਿਚ ਨਿਵਾਸ ਕਰ ਲਿਆ ਹੈ ਅਰਥਾਤ ਆਪਣੇ ਸਵੈ ਦਾ ਅਨੁਭਵ ਕਰ ਲਿਆ ਹੈ। ਕਿਉਂਕਿ ਉਹ ਉਸਤਤਿ ਅਤੇ ਨਿੰਦਿਆ ਤੋਂ ਉਤੇ ਉਠ ਗਏ ਹਨ ਇਸ ਲਈ ਉਨ੍ਹਾਂ ਵਾਸਤੇ ਹਿੰਦੂ ਅਤੇ ਮੁਸਲਮਾਨ ਸਭ ਇੱਕ ਬਰਾਬਰ ਹਨ, ਉਨ੍ਹਾਂ ਅੰਦਰੋਂ ਦਵੈਖ ਦੀ ਭਾਵਨਾ ਮੁੱਕ ਗਈ ਹੈ। ਭਾਈ ਗੁਰਦਾਸ ਇਸ ਸਾਰੀ ਸਾਧਨਾ ਦਾ ਨਤੀਜਾ ਦੱਸਦੇ ਹਨ ਕਿ ਗੁਰਮੁਖਿ ਦੂਸਰਿਆਂ ਨਾਲ ਨਿਮਰਤਾ ਵਾਲਾ ਵਰਤਾਉ ਕਰ ਕੇ ਆਪਣੇ ਆਪ ਨੂੰ ਦੂਸਰਿਆਂ ਦੇ ਪੈਰਾਂ ਦੀ ਖ਼ਾਕ ਸਦਵਾਉਂਦੇ ਹਨ ਭਾਵ ਹਲੀਮ ਹੋ ਕੇ ਵਿਚਰਦੇ ਹਨ:

ਸਿਵ ਸਕਤੀ ਨੋ ਸਾਧਿ ਕੈ ਚੰਦੁ ਸੂਰਜੁ ਦਿਹੁੰ ਰਾਤਿ ਸਿਧਾਏ।
ਸੁਖ ਦੁਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ।
ਜਨਮ ਮਰਣ ਜੀਵਨੁ ਮੁਕਤਿ ਭਲਾ ਬੁਰਾ ਮਿਤ੍ਰ ਸਤ੍ਰ ਨਿਵਾਏ।
ਰਾਜ ਜੋਗ ਜਿਣਿ ਵਸਿ ਕਰਿ ਸਾਧਿ ਸੰਜੋਗੁ ਵਿਜੋਗੁ ਰਹਾਏ।
ਵਸਗਤਿ ਕੀਤੀ ਨੀਂਦ ਭੂਖ ਆਸਾ ਮਨਸਾ ਜਿਣੀ ਘਰਿ ਆਏ।
ਉਸਤਤਿ ਨਿੰਦਾ ਸਾਧਿ ਕੈ ਹਿੰਦੂ ਮੁਸਲਮਾਣ ਸਬਾਏ।
ਪੈਰੀ ਪੈ ਪਾ ਖਾਕ ਸਦਾਏ॥ 2॥

ਤੀਸਰੀ ਪਉੜੀ ਵਿਚ ਤਿੰਨ ਦੀ ਗਿਣਤੀ ਰਾਹੀਂ ਭਾਈ ਗੁਰਦਾਸ ਨੇ ਗੁਰਮੁਖਿ ਦੀ ਵਿਆਖਿਆ ਕਰਦਿਆਂ ਦੱਸਿਆ ਹੈ ਕਿ ਗੁਰਮੁਖਿ ਤਿੰਨਾਂ ਦੇਵਤਿਆਂ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ (ਹਿੰਦੂ ਤ੍ਰੈਮੂਰਤੀ ਅਨੁਸਾਰ ਇਨ੍ਹਾਂ ਨੂੰ ਕ੍ਰਮਵਾਰ ਰਚਨਹਾਰਾ, ਪਾਲਣਹਾਰਾ ਅਤੇ ਸੰਘਾਰ ਕਰਨ ਵਾਲਾ ਮੰਨਿਆ ਗਿਆ ਹੈ), ਤਿੰਨਾਂ ਲੋਕਾਂ (ਇਹ ਲੋਕ ਭਾਵ ਸੰਸਾਰ, ਪਾਤਾਲ ਲੋਕ ਅਤੇ ਪਰਲੋਕ), ਤਿੰਨਾਂ ਗੁਣਾਂ (ਸਤੋ, ਰਜੋ ਅਤੇ ਤਮੋ), ਧਰਮ ਪੁਸਤਕਾਂ ਆਦਿ ਦੇ ਗਿਆਨ ਤੋਂ ਪਾਰ ਲੰਘ ਗਏ ਹਨ। ਉਨ੍ਹਾਂ ਨੂੰ ਬੀਤ ਗਏ ਸਮੇਂ, ਆਉਣ ਵਾਲੇ ਸਮੇਂ ਅਤੇ ਵਰਤਮਾਨ ਸਮੇਂ ਦੀ ਸੋਝੀ ਹੋ ਗਈ ਹੈ ਅਤੇ ਉਨ੍ਹਾਂ ਨੇ ਆਦਿ ਅਤੇ ਮੱਧ ਨੂੰ ਜਿੱਤ ਕੇ ਅੰਤ ਦੀ ਸੋਝੀ ਪਾ ਲਈ ਹੈ। ਇਸ ਦਾ ਭਾਵਅਰਥ ਹੈ ਕਿ ਹਰ ਤਰ੍ਹਾਂ ਦੀ ਅਵਸਥਾ ਦੀ ਸੋਝੀ ਪਾ ਕੇ ਯਥਾਰਥ ਦਾ ਗਿਆਨ ਹੋ ਗਿਆ ਹੈ ਕਿ ਅਸਲੀਅਤ ਕੀ ਹੈ। ਉਨ੍ਹਾਂ ਨੇ ਆਪਣੇ ਮਨ, ਬਚਨ ਅਤੇ ਕਰਮ ਨੂੰ ਇੱਕਸੁਰ ਕਰ ਕੇ ਜਨਮ, ਮਰਨ ਅਤੇ ਜੀਵਨ 'ਤੇ ਜਿੱਤ ਪ੍ਰਾਪਤ ਕਰ ਲਈ ਹੈ। ਉਨ੍ਹਾਂ ਨੇ ਆਧਿ, ਬਿਆਧਿ, ਉਪਾਧਿ ਤਿੰਨਾਂ ਤਰ੍ਹਾਂ ਦੇ ਰੋਗਾਂ 'ਤੇ ਜਿੱਤ ਪ੍ਰਾਪਤ ਕਰ ਲਈ ਹੈ ਅਤੇ ਇਸ ਤਰ੍ਹਾਂ ਸਵਰਗ, ਮੌਤ ਅਤੇ ਪਾਤਾਲ ਨੂੰ ਨਿਵਾ ਲਿਆ ਹੈ। ਉੱਤਮ, ਮੱਧਮ ਅਤੇ ਨੀਚ ਤਿੰਨਾਂ ਦਰਜਿਆਂ ਨੂੰ ਸਾਧ ਕੇ ਅਰਥਾਤ ਦਰਜਿਆਂ-ਬਦਰਜਿਆਂ ਦੀ ਪਕੜ ਵਿਚੋਂ ਨਿਕਲ ਕੇ ਬਚਪਨ, ਜੁਆਨੀ ਅਤੇ ਬਿਰਧ-ਉਮਰ ਦੀਆਂ ਤਿੰਨਾਂ ਅਵਸਥਾਂ ਨੂੰ ਜਿੱਤ ਲਿਆ ਹੈ। ਕਹਿਣ ਤੋਂ ਭਾਵ ਹੈ ਕਿ ਤਿੰਨਾਂ ਅਵਸਥਾਂ ਨੂੰ ਨਿਹਫਲ ਨਹੀਂ ਗਵਾਇਆ ਬਲਕਿ ਨਾਮ ਦਾ ਸਿਮਰਨ ਕਰ ਕੇ ਸਫਲ ਕੀਤਾ ਹੈ। ਗੁਰਮੁਖਿ ਇੜਾ, ਪਿੰਗਲਾ ਅਤੇ ਸੁਖਮਨਾ (ਜੋਗ ਅਨੁਸਾਰ ਪ੍ਰਾਣਾਯਾਮ ਦੀਆਂ ਨਾੜੀਆਂ) ਦੀ ਤ੍ਰਿਕੁਟੀ ਨੂੰ ਲੰਘ ਕੇ ਤ੍ਰਿਬੇਣੀ (ਤਿੰਨਾਂ ਨਦੀਆਂ ਦੇ ਸੰਗਮ) ਅਰਥਾਤ ਸਹਿਜ ਅਵਸਥਾ ਵਿਚ ਇਸ਼ਨਾਨ ਕਰਦੇ ਹਨ; ਭਾਵ ਨਾਮ ਸਿਮਰਨ ਰਾਹੀਂ ਸਹਿਜ-ਅਵਸਥਾ ਵਿਚ ਟਿਕ ਜਾਂਦੇ ਹਨ। ਭਾਈ ਸਾਹਿਬ ਨਚੋੜ ਕੱਢਦੇ ਹਨ ਕਿ ਗੁਰਮੁਖਿ ਇਕਾਗਰ ਮਨ ਨਾਲ ਇੱਕ ਅਕਾਲ ਪੁਰਖ ਦਾ ਧਿਆਨ ਕਰਦੇ ਹਨ:

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ।
ਭੂਤ ਭਵਿਖਹੁ ਵਰਤਮਾਨੁ ਆਦਿ ਮਧਿ ਜਿਣਿ ਅੰਤਿ ਸਿਧਾਏ।
ਮਨ ਬਚ ਕਰਮ ਇਕਤ੍ਰ ਕਰਿ ਜੰਮਣ ਮਰਣ ਜੀਵਣ ਜਿਣਿ ਆਏ।
ਆਧਿ ਬਿਆਧਿ ਉਪਾਧਿ ਸਾਧਿ ਸੁਰਗ ਮਿਰਤ ਪਾਤਾਲ ਨਿਵਾਏ।
ਉਤਮੁ ਮਧਮ ਨੀਚ ਸਾਧਿ ਬਾਲਕ ਜੋਬਨ ਬਿਰਧਿ ਜਿਣਾਏ।
ਇੜਾ ਪਿੰਗੁਲਾ ਸੁਖਮਨਾ ਤ੍ਰਿਕੁਟੀ ਲੰਘਿ ਤ੍ਰਿਬੇਣੀ ਨ੍ਹਾਏ।
ਗੁਰਮੁਖਿ ਇਕੁ ਮਨਿ ਇਕੁ ਧਿਆਏ॥ 3॥

ਇਸ ਤੋਂ ਅਗਲੀ ਪਉੜੀ ਵਿਚ ਭਾਈ ਗੁਰਦਾਸ ਗੁਰਮੁਖਿ ਦਾ ਵਰਣਨ ਚੌਕੜੀ ਅਰਥਾਤ ਚਾਰ ਦੀ ਗਿਣਤੀ ਰਾਹੀਂ ਕਰਦੇ ਹਨ। ਗੁਰਮੁਖਿ ਚਾਰੇ ਖਾਣੀਆਂ ਅੰਡਜ, ਜੇਰਜ, ਸੇਤਜ ਅਤੇ ਉਤਭੁਜ (ਜੀਵਾਂ ਦੀਆ ਚਾਰ ਪ੍ਰਚੱਲਤ ਕਿਸਮਾਂ ਅੰਡਜ ਅੰਡਿਆਂ ਤੋਂ ਪੈਦਾ ਹੋਣ ਵਾਲੇ, ਜੇਰ ਤੋਂ, ਪਸੀਨੇ ਤੋਂ ਅਤੇ ਬਨਸਪਤੀ ਰਾਹੀਂ ਪੈਦਾ ਹੋਣ ਵਾਲੇ) ਅਤੇ ਚਾਰੇ ਬਾਣੀਆਂ (ਜੀਵਾਂ ਦੀਆਂ ਚਾਰ ਬੋਲੀਆਂ ਪਰਾ, ਪਸੰਤੀ, ਮੱਧਮਾ ਅਤੇ ਬੈਖਰੀ) ਨੂੰ ਸਾਧ ਕੇ ਸਹਿਜ ਅਵਸਥਾ ਨੂੰ ਪਹੁੰਚ ਗਏ ਹਨ। ਚਾਰ ਦਿਸ਼ਾਵਾਂ (ਪੂਰਬ, ਪੱਛਮ, ਉੱਤਰ, ਦੱਖਣ), ਚਾਰ ਜੁਗ (ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ), ਚਾਰ ਵਰਨ (ਬ੍ਰਾਹਮਣ, ਖੱਤਰੀ, ਵੈਸ਼, ਸ਼ੂਦਰ), ਚਾਰ ਵੇਦ (ਰਿਗ, ਯਜੁਰ, ਸਾਮ ਅਤੇ ਅਥਰਵ) ਤੋਂ ਵੀ ਪਾਰ ਲੰਘ ਆਏ ਹਨ। ਗੁਰਮੁਖਾਂ ਨੇ ਇਨ੍ਹਾਂ ਸਾਰਿਆਂ ਸਮੇਤ ਧਰਮ, ਅਰਥ, ਕਾਮ ਅਤੇ ਮੋਕਸ਼ ਨੂੰ ਜਿੱਤ ਲਿਆ ਹੈ; ਰਜ, ਤਮ, ਸਤਿ ਅਤੇ ਤੁਰੀਆ ਅਵਸਥਾ ਨੂੰ ਵੀ ਪਾਰ ਕਰ ਲਿਆ ਹੈ। ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ ਅਤੇ ਚਾਰ ਆਸ਼ਰਮ ਬ੍ਰਹਮਚਾਰੀ, ਗ੍ਰਹਿਸਤ, ਵਾਣਪ੍ਰਸਤ ਅਤੇ ਸੰਨਿਆਸ, ਸਾਰਿਆਂ ਨੂੰ ਪਾਰ ਕਰ ਕੇ ਚਾਰੇ ਵੀਰਾਂ ਹਨੂਵੰਤ, ਨਰ ਸਿੰਘ, ਭੈਰੋਂ ਅਤੇ ਲੰਕੁੜਾ ਨੂੰ ਵੀ ਵੱਸ ਕਰ ਲਿਆ ਹੈ। ਜਿਸ ਤਰ੍ਹਾਂ ਚੌਪੜ ਦੀ ਬਾਜ਼ੀ ਵਿਚ ਚਾਰੇ ਪਾਸਿਆਂ ਨੂੰ ਜਿੱਤ ਕੇ ਜੇਤੂ ਬਣ ਜਾਂਦਾ ਹੈ ਅਤੇ ਜੋੜਾ ਬਣ ਕੇ ਮਾਰ ਨਹੀਂ ਖਾਦਾ; ਇਸੇ ਤਰ੍ਹਾਂ ਗੁਰਮੁਖਿ ਅਡੋਲ ਅਵਸਥਾ ਨੂੰ ਪ੍ਰਾਪਤ ਹੋ ਕੇ ਕਿਸੇ ਤੋਂ ਜਿੱਤਿਆ ਨਹੀਂ ਜਾਂਦਾ। ਤੰਬੋਲ ਦੇ ਬਹੁਤ ਰੰਗ ਹੁੰਦੇ ਹਨ, ਜਦੋਂ ਉਹ ਰਸ-ਰੂਪ ਹੋ ਜਾਂਦੇ ਹਨ ਤਾਂ ਇੱਕੋ ਰੰਗ ਵਿਚ ਰੰਗੇ ਜਾਂਦੇ ਹਨ ਅਰਥਾਤ ਕੱਥਾ, ਚੂਨਾ, ਸੁਪਾਰੀ ਅਤੇ ਪਾਨ ਦਾ ਇੱਕ ਦੂਸਰੇ ਵਿਚ ਮਿਸ਼ਰਣ ਹੋ ਜਾਣ ਨਾਲ ਇੱਕੋ ਲਾਲ ਰੰਗ ਹੋ ਜਾਂਦਾ ਹੈ; ਚਾਰ ਜਾਤ ਮਿਲ ਕੇ ਇੱਕ ਬ੍ਰਹਮ-ਸਰੂਪ ਹੋ ਜਾਂਦੇ ਹਨ। ਭਾਈ ਗੁਰਦਾਸ ਸਿੱਟਾ ਇਹ ਕੱਢਦੇ ਹਨ ਕਿ ਗੁਰਮੁਖਿ ਸਾਧਸੰਗਤਿ ਕਰਕੇ ਸਦੀਵੀ ਨਿਰਵਾਣ ਪਦ ਪ੍ਰਾਪਤ ਕਰ ਲੈਂਦਾ ਹੈ:

ਅੰਡਜ ਜੇਰਜ ਸਾਧਿ ਕੈ ਸੇਤਜ ਉਤਭੁਜ ਖਾਣੀ ਬਾਣੀ।
ਚਾਰੇ ਕੁੰਡਾਂ ਚਾਰਿ ਜੁਗ ਚਾਰਿ ਵਰਨਿ ਚਾਰਿ ਵੇਦੁ ਵਖਾਣੀ।
ਧਰਮੁ ਅਰਥੁ ਕਾਮੁ ਮੋਖੁ ਜਿਣਿ ਰਜ ਤਮ ਸਤ ਗੁਣ ਤੁਰੀਆ ਰਾਣੀ।
ਸਨਕਾਦਿਕ ਆਸ੍ਰਮ ਉਲੰਘਿ ਚਾਰਿ ਵੀਰ ਵਸਗਤਿ ਕਰਿ ਆਣੀ।
ਚਉਪੜਿ ਜਿਉ ਚਉਸਾਰ ਮਾਰਿ ਜੋੜਾ ਹੋਇ ਨ ਕੋਇ ਰਵਾਣੀ।
ਰੰਗ ਬਿਰੰਗ ਤੰਬੋਲ ਰਸ ਬਹੁ ਰੰਗੀ ਇਕੁ ਰੰਗੁ ਨੀਸਾਣੀ।
ਗੁਰਮੁਖਿ ਸਾਧਸੰਗਤਿ ਨਿਰਬਾਣੀ॥ 4॥

ਸਤਵੀਂ ਵਾਰ ਦੀ ਪੰਜਵੀਂ ਪਉੜੀ ਵਿਚ ਗੁਰਮੁਖਿ ਦੇ ਵਿਅਕਤੀਤਵ ਦਾ ਵਰਣਨ ਪੰਜ ਦੀ ਗਿਣਤੀ ਰਾਹੀਂ ਕਰਦੇ ਹਨ। ਗੁਰਮੁਖਿ ਪੰਜ ਤੱਤਾਂ ਪੌਣ, ਪਾਣੀ, ਅਗਨੀ, ਧਰਤੀ, ਅਕਾਸ਼ ਅਤੇ ਉਨ੍ਹਾਂ ਦੇ ਕਾਰਜ ਪੰਜਾਂ ਵਿਸ਼ਿਆਂ ਨੂੰ ਪਾਰ ਕਰ ਜਾਂਦੇ ਹਨ। ਇਸੇ ਤਰ੍ਹਾਂ ਕਾਮ, ਕ੍ਰੋਧ, ਵਿਰੋਧ ਤੋਂ ਗੁਰਮੁਖਿ ਲੰਘ ਗਏ ਹਨ ਅਤੇ ਲੋਭ, ਮੋਹ, ਅਹੰਕਾਰ ਆਦਿ ਵਿਕਾਰਾਂ ਦਾ ਗੁਰਮੁਖਾਂ ਨੇ ਨਾਸ਼ ਕਰ ਦਿੱਤਾ ਹੈ। ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ ਜਿਨ੍ਹਾਂ ਨੂੰ ਸਿੱਖ ਸਦਾਚਾਰਕਤਾ ਦੇ ਲਾਜ਼ਮ ਗੁਣ ਮੰਨਿਆ ਗਿਆ ਹੈ, ਇਨ੍ਹਾਂ ਪੰਜਾਂ ਦੇ ਸੁੰਦਰ ਅਰਥਾਂ ਨੂੰ ਸਮਝ ਕੇ ਗੁਰਮੁਖਿ "ਪੰਚ ਪਰਵਾਨ" ਅਰਥਾਤ ਪ੍ਰਮਾਣਿਕ ਹੋਏ ਹਨ। ਜਿਵੇਂ ਗੁਰੂ ਨਾਨਕ ਸਾਹਿਬ ਨੇ ਫਰਮਾਇਆ ਹੈ "ਮੁਈ ਪਰੀਤਿ ਪਿਆਰੁ ਗਇਆ ਮੁਆ ਵੈਰੁ ਵਿਰੋਧੁ॥ ਧੰਧਾ ਥਕਾ ਹਉ ਮੁਈ ਮਮਤਾ ਮਾਇਆ ਕ੍ਰੋਧੁ॥ ਕਰਮਿ ਮਿਲੈ ਸਚੁ ਪਾਈਐ ਗੁਰਮੁਖਿ ਸਦਾ ਨਿਰੋਧੁ॥" ਜੋਗ ਦੀਆਂ ਪੰਜ ਮੁਦਰਾਂ ਖੇਚਰ-ਸਵਾਸਾਂ ਨੂੰ ਉਤੇ ਚੜ੍ਹਾਉਣਾ, ਭੁਚਰ-ਸਵਾਸਾਂ ਦਾ ਠਹਿਰਾਉ, ਚਾਚਰੀ-ਸਵਾਸਾਂ ਦਾ ਉਤਾਰ, ਚੌਥੀ ਉਨਮਨ ਅਰਥਾਤ ਤੁਰੀਆ ਪਦ ਅਤੇ ਪੰਜਵੀਂ ਅਗੋਚਰ-ਮਨ ਬਾਣੀ ਤੋਂ ਪਰੇ ਬ੍ਰਹਮ ਵਿਖੇ ਇਸਥਿਤੀ ਕਰਨੀ; ਗੁਰਮੁਖਿ ਨੇ ਇਨ੍ਹਾਂ ਅਵਸਥਾਵਾਂ ਨੂੰ ਪਾਰ ਕਰ ਕੇ ਆਪਣਾ ਧਿਆਨ ਪਾਰਬ੍ਰਹਮ ਵਿਚ ਲਾ ਲਿਆ ਹੈ। ਗੁਰਮੁਖਿ ਪੰਚਾਂ ਵਿਚ ਪ੍ਰਮੇਸ਼ਰ ਨੂੰ ਅਨੁਭਵ ਕਰਦਾ ਹੈ ਅਤੇ ਪੰਜ ਸ਼ਬਦਾਂ ਦੇ ਪੰਜ ਨਾਦਾਂ ਤੋਂ ਪਾਰ ਸ਼ਬਦ-ਬ੍ਰਹਮ ਵਿਚ ਸਮਾ ਜਾਂਦਾ ਹੈ। ਗੁਰਮੁਖਿ ਸਾਧਸੰਗਤਿ ਵਿਚ ਜਾ ਕੇ ਆਪਣੇ ਅੰਤਹਕਰਨ, ਜੋ ਪੰਜ ਭੂਤਾਂ ਦਾ ਆਧਾਰ ਹੈ, ਨੂੰ ਸਾਧ ਕੇ ਸ਼ੋਭਨੀਕ ਹੋ ਗਿਆ ਹੈ। ਭਾਈ ਗੁਰਦਾਸ ਇਸ ਸਾਰੇ ਅਮਲ ਦਾ ਨਤੀਜਾ ਦਸਦੇ ਹਨ ਕਿ ਇਸ ਤਰ੍ਹਾਂ ਗੁਰਮੁਖਿ ਸਹਿਜਸਮਾਧ ਵਿਚ ਟਿਕ ਜਾਂਦਾ ਹੈ ਅਤੇ ਜੀਵਨ-ਮੁਕਤੀ ਪ੍ਰਾਪਤ ਕਰ ਲੈਂਦਾ ਹੈ ਅਰਥਾਤ ਜੀਵਨ ਮੁਕਤਿ ਦਾ ਸਹਿਜ ਪਦ ਪ੍ਰਾਪਤ ਕਰ ਕੇ ਗੁਰਮੁਖਿ ਦਾ ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ:

ਪਉਣੁ ਪਾਣੀ ਬੈਸੰਤਰੋ ਧਰਤਿ ਅਕਾਸੁ ਉਲੰਘਿ ਪਇਆਣਾ।
ਕਾਮੁ ਕ੍ਰੋਧੁ ਵਿਰੋਧੁ ਲੰਘਿ ਲੋਭੁ ਮੋਹੁ ਅਹੰਕਾਰੁ ਵਿਹਾਣਾ।
ਸਤਿ ਸੰਤੋਖ ਦਇਆ ਧਰਮੁ ਅਰਥੁ ਸੁ ਗਰੰਥੁ ਪੰਚ ਪਰਵਾਣਾ।
ਖੇਚਰ ਭੂਚਰ ਚਾਚਰੀ ਉਨਮਨ ਲੰਘਿ ਅਗੋਚਰ ਬਾਣਾ।
ਪੰਚਾਇਣ ਪਰਮੇਸਰੋ ਪੰਚ ਸਬਦ ਘਨਘੋਰ ਨੀਸਾਣਾ।
ਗੁਰਮੁਖਿ ਪੰਚ ਭੂਆਤਮਾ ਸਾਧਸੰਗਤਿ ਮਿਲਿ ਸਾਧ ਸੁਹਾਣਾ।
ਸਹਜ ਸਮਾਧ ਨ ਆਵਣ ਜਾਣਾ॥ 5॥

# ਦਰਦ ਸਮਝਣਾ



ਜਸਦੀਪ ਕੌਰ
ਫੋਨ: 75278-06071

ਇਨਸਾਨ ਦੀ ਜ਼ਿੰਦਗੀ ਦਾ ਸਭ ਤੋਂ ਵੱਡਾ ਸੱਚ ਦੁਖਾਂਤ ਹੈ ਪਰ ਦੁੱਖ ਤੇ ਸੁੱਖ ਦੋਵੇਂ ਇਕ ਦੂਜੇ ਦੇ ਹਾਣੀ ਹਨ। ਦੋਵਾਂ ਦਾ ਹੀ ਹੋਣਾ ਲਾਜ਼ਮੀ ਹੈ। ਇਨਸਾਨ ਆਪਣੀ ਜ਼ਿੰਦਗੀ ਵਿਚ ਦੁੱਖਾਂ ਅਤੇ ਸੁੱਖਾਂ ਦੋਵਾਂ ਵਿਚੋਂ ਵਿਚਰਦਾ ਹੈ। ਸੁੱਖ ਮਾਨਸਿਕ ਤੌਰ 'ਤੇ ਹੁੰਦਾ ਹੈ, ਜੋ ਮਾਨਸਿਕ ਤੌਰ 'ਤੇ ਖੁਸ਼ੀ ਤੇ ਸਕੂਨ ਦਿੰਦਾ ਹੈ ਪਰ ਦੁੱਖ ਸਰੀਰਕ ਤੇ ਮਾਨਸਿਕ ਦੋਨੋਂ ਹੁੰਦੇ ਹਨ। ਸਰੀਰਕ ਦੁੱਖ ਸਹਿਣਾ ਇਨਸਾਨ ਦੇ ਮਨ ਉੱਤੇ ਨਿਰਭਰ ਕਰਦਾ ਹੈ ਤੇ ਮਾਨਸਿਕ ਦੁੱਖ ਇਨਸਾਨ ਦੇ ਸਰੀਰ ਨੂੰ ਵੀ ਖੋਖਲਾ ਕਰ ਕੇ ਰੱਖ ਦਿੰਦਾ ਹੈ।

ਦੁੱਖ ਸਹਿਣਾ ਤੇ ਕਿਸੇ ਦਾ ਦੁੱਖ ਸਮਝਣਾ ਦੋਹਾਂ ਗੱਲਾਂ ਵਿਚ ਜ਼ਮੀਨ ਅਸਮਾਨ ਜਿੰਨਾ ਫਰਕ ਹੈ। ਅਸੀਂ ਉਦੋਂ ਤੱਕ ਕਿਸੇ ਦਾ ਹਾਲ, ਦੁੱਖ ਜਾਂ ਤਕਲੀਫ਼ ਨਹੀਂ ਸਮਝ ਸਕਦੇ ਜਦੋਂ ਤੱਕ ਅਸੀਂ ਖ਼ੁਦ ਉਸ ਕੈਫ਼ੀਅਤ ਵਿਚੋਂ ਨਹੀਂ ਗੁਜ਼ਰਦੇ। ਜਦੋਂ ਅਸੀਂ ਖ਼ੁਦ ਉਹ ਹਾਲ ਹੰਢਾਇਆ ਹੋਵੇ ਓਦੋਂ ਅਸੀਂ ਕਿਸੇ ਦਾ ਹਾਲ ਬੜੀ ਬਾਰੀਕੀ ਨਾਲ ਸਮਝ ਸਕਦੇ ਹਾਂ। ਇਹ ਹਮੇਸ਼ਾਂ ਦੁੱਖ ਦੇ ਮੌਕੇ ਹੀ ਹੁੰਦਾ ਹੈ।

ਜਦੋਂ ਅਸੀਂ ਕਿਸੇ ਨੂੰ ਕਹਿੰਦੇ ਹਾਂ ਕਿ ਅਸੀਂ ਉਸਦਾ ਦੁੱਖ ਜਾਂ ਹਾਲ ਸਮਝਦੇ ਹਾਂ, ਤਾਂ ਦੁੱਖ ਵਿਚੋਂ ਲੰਘ ਰਹੇ ਇਨਸਾਨ ਲਈ ਥੋੜ੍ਹਾ ਹੌਸਲਾ ਹੋ ਜਾਂਦਾ ਹੈ ਪਰ ਕਹਿ ਦੇਣ ਤੇ ਸਮਝਣ ਵਿਚ ਬਹੁਤ ਫਰਕ ਹੈ। ਅਜਿਹਾ ਹੀ ਕੁਝ ਅਹਿਸਾਸ ਮੇਰੇ ਨਾਲ



ਹੋਇਆ। ਪਿਛਲੀਆਂ ਸਰਦੀਆਂ ਦੀ ਗੱਲ ਹੈ। ਸ਼ਾਮ ਦਾ ਸਮਾਂ ਸੀ। ਚੁੱਲ੍ਹੇ ਦੇ ਸਾਹਮਣੇ ਥੋੜ੍ਹਾ ਪਾਸੇ ਹੋ ਕੇ ਬੈਠੀ ਅੱਗ ਮਚਾ ਰਹੀ ਸੀ ਤੇ ਪੈਰਾਂ ਵਿਚ ਸਿਰਫ਼ ਚੱਪਲ ਸੀ। ਅਚਾਨਕ ਚੁੱਲ੍ਹੇ ਵਿਚੋਂ ਜਲੀ ਹੋਈ ਪਾਥੀ ਦਾ ਟੁਕੜਾ ਮੇਰੇ ਸੱਜੇ ਪੈਰ ਉੱਤੇ ਉਂਗਲਾਂ ਉੱਤੇ ਆ ਕੇ ਡਿੱਗ ਗਿਆ। ਹੜਬੜੀ ਵਿਚ ਉਸਨੂੰ ਦੂਰ ਕਰ ਦਿੱਤਾ, ਪਰ ਮੇਰੇ ਪੈਰ ਦੀਆਂ ਤਿੰਨ ਉਂਗਲਾਂ ਸੜ ਗਈਆਂ। ਜ਼ਿਆਦਾ ਤਾਂ ਨਹੀਂ ਸੀ, ਬਚਾਅ ਹੋ ਗਿਆ ਸੀ ਪਰ ਦਰਦ ਨਾਲ ਬੁਰਾ ਹਾਲ ਸੀ। ਰਾਤ ਨੂੰ ਸੌਣ ਲੱਗੇ ਜੇਕਰ ਪੈਰ ਰਜਾਈ ਦੇ ਅੰਦਰ ਕਰਦੀ ਸੀ ਤਾਂ ਰਜਾਈ ਦਾ ਨਿੱਘ ਸੜੀਆਂ ਉਂਗਲੀਆਂ ਨੂੰ ਦਰਦ ਦੇ ਰਿਹਾ ਸੀ ਤੇ ਜੇਕਰ ਰਜਾਈ ਤੋਂ ਪੈਰ ਬਾਹਰ ਰੱਖ ਰਹੀ ਸੀ ਤਾਂ ਠੰਢ ਵੀ ਸਹਾਰ ਨਹੀਂ ਸੀ ਹੋ ਰਹੀ। ਇੱਦਾਂ ਲੱਗ ਰਿਹਾ ਸੀ ਜਿਵੇਂ ਜਾਨ ਨਿਕਲ ਰਹੀ ਹੋਏ। ਰੱਬ ਦਾ ਨਾਮ ਲੈਣਾ ਸ਼ੁਰੂ ਕੀਤਾ ਤਾਂ ਪਤਾ ਹੀ ਨਹੀਂ ਲੱਗਿਆ ਕਦੋਂ ਨੀਂਦ ਆ ਗਈ। ਚਾਰ-ਪੰਜ ਦਿਨਾਂ ਵਿਚ ਬਹੁਤ ਆਰਾਮ ਆ ਗਿਆ।

ਹੁਣ ਥੋੜ੍ਹੇ ਕੁ ਦਿਨਾਂ ਦੀ ਗੱਲ ਹੈ। ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਬਾਹਰ ਨਿਕਲੀ ਤਾਂ ਇਕ ਅੱਲੜ੍ਹ ਉਮਰ ਦੀ ਕੁੜੀ ਰਾਹੀਆਂ ਕੋਲੋਂ ਮੰਗ ਰਹੀ ਸੀ। ਮੇਰੀ ਨਜ਼ਰ ਉਸ ਦੀ ਲੱਤ ਉੱਤੇ ਪਈ ਜਿਸਦੇ ਜਲੇ ਹੋਏ ਦੇ ਨਿਸ਼ਾਨ ਸੀ। ਉਸਨੇ ਮੇਰਾ ਦਿਲ ਪਸੀਜ ਕੇ ਰੱਖ ਦਿੱਤਾ। ਅਹਿਸਾਸ ਹੋਇਆ ਕਿ ਮੇਰਾ ਥੋੜ੍ਹੇ ਜਿਹੇ ਜ਼ਖ਼ਮ ਨਾਲ ਬੁਰਾ ਹਾਲ ਸੀ ਤੇ ਉਹ ਕਿਸ ਕੈਫ਼ੀਅਤ ਵਿਚੋਂ ਨਿਕਲ ਰਹੀ ਹੋਵੇਗੀ ਤਕਾਜ਼ਾ ਵੀ ਨਹੀਂ ਲਾਇਆ ਜਾ ਸਕਦਾ ਸੀ। ਹਮੇਸ਼ਾਂ ਇਨਸਾਨ ਸੋਚਦਾ ਹੈ ਕਿ ਉਹਦਾ ਦੁੱਖ ਵੱਡਾ ਹੈ ਪਰ ਦੂਜਾ ਕੀ ਕੀ ਸਹਾਰ ਰਿਹਾ ਹੋਵੇਗਾ ਇਸਦਾ ਸਾਨੂੰ ਅਹਿਸਾਸ ਉਦੋਂ ਤੱਕ ਨਹੀਂ ਹੋ ਸਕਦਾ ਜਦੋਂ ਤੱਕ ਅਸੀਂ ਖ਼ੁਦ ਉਸਨੂੰ ਨਹੀਂ ਸਹਿੰਦੇ। ਦੂਜੇ ਦਾ ਦੁੱਖ ਸਮਝਣਾ ਤੇ ਉਸਨੂੰ ਵੰਡਣਾ ਬਹੁਤ ਔਖਾ ਹੁੰਦਾ ਹੈ ਪਰ ਬਿਨਾਂ ਸਮਝੇ ਜਾਂ ਸਮਝ ਕੇ ਵੀ ਕਿਸੇ ਦੀ ਮਦਦ ਕਰ ਸਕੀਏ ਤਾਂ ਬਹੁਤ ਚੰਗਾ ਹੋਵੇਗਾ।

# ਵਰਤੋਂ ਕੰਪਿਊਟਰ ਦੀ

## 14 ਕਮਾਂਡ ਬਟਨ ਬਣਾਉਣੇ


ਕਿਰਪਾਲ ਸਿੰਘ ਪੰਨੂੰ
ਫੋਨ: 365-994-8850,
ਡਾ. ਰਾਜਵਿੰਦਰ ਸਿੰਘ
ਫੋਨ: 94633-27683

ਪ੍ਰੋਗਰਾਮਰਾਂ ਨੇ ਯਤਨ ਕੀਤਾ ਹੈ ਕਿ ਕੰਪਿਊਟਰ ਵਿਚਲੀਆਂ ਅਨੇਕ ਕਮਾਂਡਾਂ ਵਿਚੋਂ ਆਮ ਵਰਤੋਂ 'ਚ ਆਉਣ ਵਾਲ਼ੀ ਹਰ ਕਮਾਂਡ ਦਾ ਬਟਨ ਢੁਕਵੀਂ ਅਤੇ ਸਮ-ਕਮਾਂਡਾਂ ਦੇ ਗਰੁੱਪ ਵਿਚ ਰੱਖਿਆ ਜਾਵੇ ਪਰ ਹਰ ਵਿਅਕਤੀ ਦੇ ਵਿਲੱਖਣ ਹੋਣ ਵਾਂਗ ਉਸ ਦੀਆਂ ਲੋੜਾਂ ਵੀ ਵਿਲੱਖਣ ਹੀ ਹੁੰਦੀਆਂ ਹਨ। ਸੋ ਸੰਭਵ ਹੈ ਕਿ ਉਸਦੀ ਲੋੜ ਦੀਆਂ ਕਮਾਂਡਾਂ ਤੀਕ ਸੌਖੀ ਪਹੁੰਚ ਨਾ ਹੁੰਦੀ ਹੋਵੇ। ਪਰ ਉਹ ਆਪ ਬਣਾਈ ਜਾ ਸਕਦੀ ਹੈ। ਬਹੁਤੀ ਵਰਤੋਂ ਵਾਲ਼ੀ ਕਮਾਂਡ ਦੀ, ਪਹਿਲੋਂ ਵਰਣਨ ਕੀਤੀ ਗਈ ਵਿਧੀ ਅਨੁਸਾਰ, ਸ਼ੌਰਟਕੱਟ ਕੀਅ ਬਣਾਈ ਜਾ ਸਕਦੀ ਹੈ। ਘੱਟ ਜਾਂ ਕਦੇ-ਕਦੇ ਵਰਤੋਂ ਵਾਲ਼ੀ ਕਮਾਂਡ ਦਾ ਮੀਨੂ ਬਾਰ ਵਿਚ **ਕਮਾਂਡ ਬਟਨ** ਬਣਾਇਆ ਜਾ ਸਕਦਾ ਹੈ। ਵਿਧੀ ਇਸ ਤਰ੍ਹਾਂ ਹੈ:

ਫਾਈਲ ਮੋਰ/ਔਪਸ਼ਨਜ/ਵਰਡ ਔਪਸ਼ਨਜ ਕਸਟੋਮਾਈਜ਼ ਰਿਬਨ। ਹੁਣ ਅੱਗੇ ਦਰਸਾਏ ਪੀਲ਼ੇ ਚਿੱਤਰ ਅਨੁਸਾਰ 'ਕਸਟੋਮਾਈਜ਼ ਦਾ ਰਿਬਨ ਐਂਡ ਕੀਅਬੋਰਡ ਸ਼ੌਰਟਕੱਟ' ਵਿੰਡੋ ਖੁੱਲ੍ਹ ਜਾਇਗੀ। ਜਦੋਂ ਤੀਕਰ ਖੱਬੇ ਸਭ ਤੋਂ ਹੇਠਲੀ ਕਮਾਂਡ 'ਕੀਅਬੋਰਡ ਸ਼ੌਰਟਕੱਟਸ' ਕਲਿੱਕ ਨਹੀਂ ਕੀਤੀ ਜਾਂਦੀ, ਉਦੋਂ ਤੀਕਰ 'ਕਸਟੋਮਾਈਜ਼ ਦਾ ਰਿਬਨ' ਦੀਆਂ ਔਪਸ਼ਨਜ ਹੀ ਸਤਰਕ ਰਹਿਣਗੀਆਂ। ਇਸ ਦੇ ਦੋ ਮੁੱਖ ਭਾਗ ਹਨ।

**ਪਹਿਲਾ ਖੱਬੇ ਪਾਸੇ ਵਾਲ਼ਾ 'ਚੂਜ਼ ਕਮਾਂਡਜ਼ ਫਰੌਮ':** ਇਸ ਦੇ ਕਾਰਜਾਂ ਦਾ ਵਿਸਥਾਰ ਸੱਜੇ ਪਾਸੇ ਉੱਪਰਲੇ ਨੀਲੇ ਬੌਕਸ ਵਿਚ ਦਿੱਤਾ ਗਿਆ ਹੈ। ਕੰਪਿਊਟਰ ਵਿਚਲੀਆਂ ਸਾਰੀਆਂ ਟੈਬਾਂ, ਗਰੁੱਪਾਂ ਅਤੇ ਕਮਾਂਡਾਂ ਵਿਚੋਂ, ਰਿਬਨ ਵਿਚ ਪਾਉਣ ਲਈ, ਕਿਸੇ ਇੱਕ ਨੂੰ ਵੀ ਚੁਣਿਆ ਜਾ ਸਕਦਾ ਹੈ। ਇਸ ਦੇ ਉੱਪਰਲੀ ਛੋਟੀ ਡੱਬੀ ਵਿਚ ਕਮਾਂਡਾਂ ਦੇ 9 (ਪਾਪੂਲਰ ਕਮਾਂਡਜ਼, ਕਮਾਂਡਜ਼ ਨੌਟ ਇਨ ਦੀ ਰਿਬਨ, ਆਲ ਕਮਾਂਡਜ਼, ਮੈਕਰੋਜ, ਫਾਈਲ ਟੈਬ, ਆਲ ਟੈਬਜ਼, ਮੇਨ ਟੈਬਜ਼, ਟੂਲ ਟੈਬਜ਼ ਅਤੇ ਕਸਟਮ ਟੈਬਜ਼ ਐਂਡ ਗਰੁੱਪਜ਼) ਸਿਰਲੇਖ ਹਨ। ਜਿਹੜੇ ਸਿਰਲੇਖ ਨੂੰ ਕਲਿੱਕ ਕੀਤਾ ਜਾਇਗਾ ਉਸ ਦੀਆਂ ਸਾਰੀਆਂ ਟੈਬਾਂ, ਸੈੱਟਾਂ, ਗਰੁੱਪਾਂ ਅਤੇ ਕਮਾਂਡਾਂ, ਉਸਦੇ ਹੇਠਾਂ ਵਾਲ਼ੇ ਵੱਡੇ ਬੌਕਸ ਵਿਚ ਉਜਾਗਰ ਹੋ ਜਾਣਗੀਆਂ। ਅੱਗੇ ਜਿਸ ਸਿਰਲੇਖ ਨੂੰ ਕਲਿੱਕ ਕੀਤਾ ਜਾਇਗਾ ਤਾਂ ਦੋਹਾਂ ਮੁੱਖ ਭਾਗਾਂ ਦੇ ਵਿਚਕਾਰ 'ਐਡ >> 'ਕਮਾਂਡ ਹੁਕਮ ਮੰਨਣ ਲਈ ਸਤਰਕ ਹੋ ਜਾਇਗੀ। **ਯਾਦ ਰਹੇ;** ਇਹ ਕਮਾਂਡ ਦੇਣ ਤੋਂ ਪਹਿਲੋਂ ਸੱਜੇ ਭਾਗ ਵਿਚ ਲੋੜੀਂਦੀ ਤਿਆਰੀ ਕਰ ਲੈਣੀ ਚਾਹੀਦੀ ਹੈ। ਜੋ ਅੱਗੇ ਵਰਣਨ ਕੀਤੀ ਜਾਇਗੀ।

**ਦੂਸਰਾ ਸੱਜੇ ਪਾਸੇ ਵਾਲ਼ਾ 'ਕਸਟੋਮਾਈਜ਼ ਦਾ ਰਿਬਨ':** ਇਸ ਦੇ ਕਾਰਜਾਂ ਦਾ ਵਿਸਥਾਰ ਸੱਜੇ ਪਾਸੇ ਦੇ ਹੇਠਲੇ ਨੀਲੇ ਬੌਕਸ ਵਿਚ ਦਿੱਤਾ ਗਿਆ ਹੈ। ਇਸ ਭਾਗ ਦੇ ਉੱਪਰਲੀ ਛੋਟੀ ਡੱਬੀ ਦੇ ਸਕਰੌਲ-ਤੀਰ ਨੂੰ ਕਲਿੱਕ ਕਰਨ ਨਾ਼ਲ 3 (ਆਲ ਟੈਬਜ਼, ਮੇਨ ਟੈਬਜ਼ ਅਤੇ ਟੂਲ ਟੈਬਜ਼) ਸਿਰਲੇਖ ਦਿਖਾਈ ਦੇਣਗੇ। ਜਿਹੜੇ ਵੀ ਸਿਰਲੇਖ ਨੂੰ ਕਲਿੱਕ ਕੀਤਾ ਜਾਇਗਾ ਉਸੇ ਦਾ ਵਿਸਥਾਰ ਹੇਠਲੇ ਵੱਡੇ ਡੱਬੇ ਵਿਚ ਉਜਾਗਰ ਹੋ ਜਾਇਗਾ। ਇੱਛਾ ਅਨੁਸਾਰ ਕਮਾਂਡ ਟੈਬ, ਕਮਾਂਡ ਸੈੱਟ ਕਲਿੱਕ ਕਰ ਕੇ ਉਸ ਵਿਚ ਨਵੀਂ ਕਮਾਂਡ ਪਾਈ ਜਾ ਸਕਦੀ ਹੈ।





**ਉੱਪਰ ਥੱਲੇ ਕਰਨਾ:** ਇਸ ਮੰਤਵ ਲਈ ਇਸ ਪੀਲ਼ੀ ਵਿੰਡੋ ਦੇ ਸੱਜੇ ਪਾਸੇ ਦੀ ਹੱਦ ਦੇ ਨਾ਼ਲ ਲਗਭਗ ਕੇਂਦਰ ਵਿਚ ਦੋ ਤੀਰ ਦਿੱਤੇ ਗਏ ਹਨ। ਉਨ੍ਹਾਂ ਦੀ ਸਹਾਇਤਾ ਨਾ਼ਲ ਕਿਸੇ ਵੀ ਕਮਾਂਡ ਟੈਬ, ਗਰੁੱਪ ਜਾਂ ਕਮਾਂਡ ਨੂੰ ਆਪਣੀ ਇੱਛਾ ਦੇ ਟਿਕਾਣੇ ਉੱਤੇ ਰੱਖਿਆ ਜਾ ਸਕਦਾ ਹੈ।

**ਕਮਾਂਡ ਬਟਨ ਪਾਉਣ ਦੀ ਕਾਰਵਾਈ:** ਕਮਾਂਡ ਬਟਨ ਪਾਉਣ ਤੋਂ ਪਹਿਲੋਂ ਇਹ ਫੈਸਲਾ ਕਰ ਲਿਆ ਜਾਂਦਾ ਹੈ ਕਿ ਉਹ ਪਾਉਣੀ ਕਿੱਥੇ ਹੈ। ਇਸ ਦੀਆਂ ਦੋ ਹਾਲਤਾਂ ਹੋ ਸਕਦੀਆਂ ਹਨ। ਪਹਿਲੀ; ਬਣੀ ਹੋਈ ਕਮਾਂਡ ਟੈਬ ਜਾਂ ਗਰੁੱਪ ਵਿਚ। ਦੂਸਰੀ; ਨਿਊ ਟੈਬ ਜਾਂ ਗਰੁੱਪ ਵਿਚ। ਪਹਿਲੀ ਹਾਲਤ ਵਿਚ ਫੈਸਲੇ ਅਨੁਸਾਰ ਟੈਬ ਅਤੇ ਉਸਦਾ ਗਰੁੱਪ ਸਿਲੈੱਕਟ ਕਰ ਲਿਆ ਜਾਂਦਾ ਹੈ। ਫਿਰ ਨਵੀਂ ਕਮਾਂਡ ਨੂੰ 'ਐਡ>> 'ਦੀ ਕਮਾਂਡ ਦੇ ਦਿੱਤੀ ਜਾਂਦੀ ਹੈ। ਦੂਜੀ ਹਾਲਤ ਵਿਚ 'ਨਿਊ ਟੈਬ ਅਤੇ ਨਿਊ ਗਰੁੱਪ' ਦੇ ਬਟਨ ਦੀ ਸਹਾਇਤਾ ਨਾ਼ਲ ਪਹਿਲੋਂ ਨਵੀ ਟੈਬ ਅਤੇ ਉਸਦਾ ਨਵਾਂ ਗਰੁੱਪ ਬਣਾ ਲਿਆ ਜਾਂਦਾ ਹੈ। ਫਿਰ ਨਵੀਂ ਕਮਾਂਡ ਉਸ ਵਿਚ 'ਐਡ >> 'ਕਰ ਦਿੱਤੀ ਜਾਂਦੀ ਹੈ। ਜੇ ਕਿਸੇ ਕਮਾਂਡ, ਗਰੁੱਪ ਜਾਂ ਟੈਬ ਨੂੰ ਹਟਾਉਣਾ ਹੋਵੇ ਤਾਂ ਉਸਨੂੰ ਸਿਲੈੱਕਟ ਕਰ ਲਿਆ ਜਾਂਦਾ ਹੈ। ਕਮਾਂਡ 'ਐਡ >> 'ਦੇ ਥੱਲ ਕਮਾਂਡ '<<ਰਿਮੂਵ' ਹੈ, ਉਸਨੂੰ ਕਲਿੱਕ ਕੀਤਾ ਜਾਂਦਾ ਹੈ।

**ਹੋਰ ਕਾਰਵਾਈਆਂ:** ਕਮਾਂਡ ਟੈਬ, ਗਰੁੱਪ ਜਾਂ ਕਮਾਂਡ ਦਾ ਨਾਂ ਬਦਲੀ ਕਰਨ ਲਈ 'ਰੀਨੇਮ' ਕਲਿੱਕ। ਰੀਨੇਮ ਦੀ ਵਿੰਡੋ ਖੁੱਲ੍ਹ ਜਾਇਗੀ। ਡਿਸਪਲੇਅ ਨੇਮ ਦੀ ਡੱਬੀ ਵਿਚ ਉਸਦਾ ਨਾਂ ਉਜਾਗਰ ਹੋ ਜਾਇਗਾ। ਉਸਨੂੰ ਲੋੜ ਅਨੁਸਾਰ ਬਦਲੀ ਕਰੋ। ਜੇ ਉਸਦੇ ਨਾ਼ਲ ਸਿੰਬਲ ਵੀ ਲਾਉਣਾ ਹੋਵੇ ਤਾਂ ਵਿੰਡੋ ਵਿਚ ਕਿਸੇ ਦਿੱਤੇ ਸਿੰਬਲ ਨੂੰ ਕਲਿੱਕ ਕਰ ਕੇ ਓਕੇ ਕਲਿੱਕ ਕਰੋ। ਉਸ ਦਾ ਨਾਂ ਬਦਲ ਅਤੇ ਨਾ਼ਲ ਸਿੰਬਲ ਪੈ ਜਾਇਗਾ।

**ਕੁਇੱਕ ਅਕਸੈੱਸ ਟੂਲਬਾਰ:** ਟੈਬ ਕਮਾਂਡ ਕੋਈ ਵੀ ਸਤਰਕ ਕੀਤੀ ਜਾਵੇ, ਪਰ 'ਕੁਇੱਕ ਅਕਸੈੱਸ ਟੂਲਬਾਰ' ਵਰਤੋਂਕਾਰ ਦੇ ਹਮੇਸ਼ਾ ਅੰਗ-ਸੰਗ ਰਹਿੰਦੀ ਹੈ। ਹਰ ਵੇ਼ਲੇ ਲੋੜੀਂਦੀ ਕਮਾਂਡ ਦਾ ਬਟਨ ਇਸ ਵਿਚ ਪਾਇਆ ਜਾ ਸਕਦਾ ਹੈ। ਇਸ ਦੀ ਵਧੀਆ ਉਦਾਹਰਨ 'ਫੌਂਟ ਅਤੇ ਫੌਂਟ ਸਾਈਜ਼' ਕਮਾਂਡ ਬਟਨਾਂ ਦੀ ਹੈ। ਬਾਈ ਡੀਫਾਲਟ ਇਹ ਦੋਵੇਂ ਕਮਾਂਡ ਬਟਨ ਹੋਮ ਟੈਬ ਵਿਚ ਰੱਖੇ ਗਏ ਹਨ। ਜਦੋਂ ਹੋਮ ਟੈਬ ਦੀ ਥਾਂ ਕੋਈ ਹੋਰ ਟੈਬ ਸਤਰਕ ਕੀਤੀ ਜਾਂਦੀ ਹੈ ਤਾਂ 'ਫੌਂਟ ਕਮਾਂਡ ਸੈੱਟ' ਅਦਿੱਖ ਹੋ ਜਾਂਦਾ ਹੈ। ਜੇ ਫੌਂਟ ਕਮਾਂਡ ਦਾ ਨਾਮ ਦੇਖਣ ਦੀ ਲੋੜ ਪੈ ਜਾਵੇ ਤਾਂ ਬੇਲੋੜੀ 'ਹੋਮ ਟੈਬ' ਕਲਿੱਕ ਕਰਨੀ ਪਵੇਗੀ। ਪਰ 'ਕੁਇੱਕ ਅਕਸੈੱਸ ਟੂਲਬਾਰ' ਵਿਚ ਇਹ ਬਟਨ ਸਦਾ 'ਦਿੱਖ' ਰਹਿੰਦੇ ਹਨ। ਕੁਇੱਕ ਅਕਸੈੱਸ ਟੂਲਬਾਰ ਵਿਚ ਇਨ੍ਹਾਂ ਦੇ ਬਟਨ ਪਾਉਣ ਦੀ ਵਿਧੀ ਇਹ ਹੈ। ਫਾਈਲ ਮੋਰ ਔਪਸ਼ਨਜ਼/ਵਰਡ ਔਪਸ਼ਨਜ਼ ਵਰਡ ਔਪਸ਼ਨਜ਼ ਵਿਚ ਹੇਠੋਂ ਤੀਸਰੀ ਕਮਾਂਡ 'ਕੁਇੱਕ ਅਕਸੈਸ ਟੂਲਬਾਰ' ਕਲਿੱਕ, ਵਰਡ ਔਪਸ਼ਨਜ਼ ਵਿਚ ਇਸਦੇ ਸੱਜੇ ਹੱਥ ਵਾ਼ਲਾ ਭਾਗ 'ਕਸਟੋਮਾਈਜ਼ ਦਾ ਕੁਇੱਕ ਅਕਸੈੱਸ ਟੂਲਬਾਰ' ਵਿਚ ਬਦਲ ਜਾਇਗਾ। ਉਸਦਾ ਖੱਬਾ ਵੱਡਾ ਭਾਗ 'ਚੂਜ਼ ਕਮਾਂਡ ਫਰੌਮ' ਹੀ ਰਹੇਗਾ ਪਰ ਸੱਜੇ ਹੱਥ ਵਾ਼ਲਾ ਭਾਗ 'ਕਸਟੋਮਾਈਜ਼ ਦਾ ਕੁਇੱਕ ਅਕਸੈੱਸ ਟੂਲਬਾਰ' ਵਿਚ ਬਦਲ ਜਾਇਗਾ। ਉਸ ਵਿਚ ਪਈਆਂ ਕਮਾਂਡਾਂ ਉਜਾਗਰ ਹੋ ਜਾਣਗੀਆਂ। ਇਸ ਵਿਚ ਲੋੜ ਅਨੁਸਾਰ ਕਮਾਂਡ ਬਟਨਾਂ ਦਾ ਪਹਿਲਾਂ ਦੱਸੀ ਵਿਧੀ ਅਨੁਸਾਰ ਘਾਟਾ-ਵਾਧਾ ਕੀਤਾ ਜਾ ਸਕਦਾ ਹੈ। **(ਸੂਚਨਾ)** ਇਨ੍ਹਾਂ ਕਮਾਂਡ ਬਟਨਾਂ ਦੇ ਨਾਂ ਪਹਿਲੋਂ ਸੰਖੇਪ ਕੀਤੇ ਹੁੰਦੇ ਹਨ ਅਤੇ ਨਾ਼ਲ ਸਿੰਬਲ ਵੀ ਪਾਏ ਹੁੰਦੇ ਹਨ। ਜੋ ਬਦਲੀ ਨਹੀਂ ਕੀਤੇ ਜਾ ਸਕਦੇ। ਹਾਂ ਇਨ੍ਹਾਂ ਦੀ ਤਰਤੀਬ ਉੱਪਰ ਥੱਲੇ ਕੀਤੀ ਜਾ ਸਕਦੀ ਹੈ। (ਚਲਦਾ ...)




## ਕਾਵਿ-ਕਿਆਰੀ

### ਮਸਖ਼ਰੇ ਮੰਤਰੀ

ਭੇਸ ਬਦਲ ਬਦਲ ਨੌਟੰਕੀਆਂ ਕਰ ਕੇ,
ਮਸਖ਼ਰੇ ਮੰਤਰੀ ਹੁੰਦੇ ਲਾਜਵਾਬ।
ਮਜ਼ਕਰੀਆਂ ਕਰ ਕੇ, ਚੁਟਕਲੇ ਸੁਣਾ ਕੇ,
ਲੋਕਾਂ ਨੂੰ ਸੰਮੋਹਿਤ ਕਰ ਕੇ ਹੁੰਦੇ ਕਾਮਯਾਬ।

ਹੁਣ ਗੱਲ ਕਰਦੇ ਹਾਂ ਉਸ ਪੰਜਾਬ ਦੀ,
ਪੋਰਸ ਨੇ ਰੋਕਿਆ ਸੀ ਸਿਕੰਦਰ ਮਹਾਨ।
ਭਾਵੇਂ ਪੋਰਸ ਨੇ ਹਾਰ ਸੀ ਮੰਨੀ ਪਰ
ਸਿਕੰਦਰ ਐਨਾ ਹਫ ਗਿਆ
ਅੱਗੇ ਨ੍ਹੀਂ ਦਿੱਤਾ ਜਾਣ।

ਪੰਜਾਬ ਨੇ ਹੁਣ ਰਾਹ ਦਸੇਰਾ ਚੁਣਿਆ,
ਰੌਸ਼ਨ ਦਿਮਾਗ ਮਸਖ਼ਰਾ ਭਗਵੰਤ ਮਾਨ।
ਸਭ ਤੋਂ ਪਹਿਲਾਂ ਰਿਸ਼ਵਤ ਰੋਕੀ,
ਸਿਸਟਮ ਨੂੰ ਲੱਗੀ ਸੀ ਘੁਣ ਵਾਂਗ ਖਾਣ।

ਅਗਲਾ ਕਦਮ ਚੁੱਕਿਆ ਨਸ਼ੇ ਰੋਕਣ ਦਾ,
ਪੁਲੀਸ ਨੂੰ ਕੀਤਾ ਸਖਤ ਫੁਰਮਾਨ।
ਫਿਰ ਕੀਤਾ ਭਰਤੀ ਬੋਰਡ ਭੰਗ,
ਕੱਚੇ ਮੁਲਾਜ਼ਮਾਂ ਦਾ ਨਾ ਹੋਵੇ ਨੁਕਸਾਨ।

ਬਿਜਲੀ ਚੋਰੀ ਰੋਕਣ ਲਈ
ਪ੍ਰੀ ਪੇਡ ਮੀਟਰ,
ਹਨ੍ਹੇਰੇ 'ਚ ਨਾ ਹੱਥ ਪੈਰ ਮਾਰੇ ਇਨਸਾਨ।
ਹਨੇਰੇ ਪਾਸੇ ਨੂੰ ਚੱਲਣ ਤੋਂ ਰੋਕਣ ਲਈ,
ਨਾਂਮਾਤਰ ਵਿਰੋਧੀ ਧਿਰ
ਲੱਗੀ ਤਿਲਮਿਲਾਣ।

ਦੂਸਰਾ ਮਸਖ਼ਰਾ ਪੱਛਮੀ ਪੰਜਾਬ ਦਾ,
ਕਦੇ ਰੋਵੇ ਤੇ ਕਦੇ ਹਸਾਵੇ ਇਮਰਾਨ ਖ਼ਾਨ।
ਕਹਿੰਦਾ ਜ਼ਮੀਰ ਦੀ ਆਵਾਜ਼ 'ਤੇ ਲੜੂੰਗਾ,
ਆਖ਼ਰੀ ਬਾਲ ਤਕ ਭਾਵੇਂ ਜਾਵੇ ਮੇਰੀ ਜਾਨ।

ਗਲੋਬਲ ਮਹਿੰਗਾਈ ਵਧ ਗਈ ਸਾਰੇ,
ਅਤਿ ਦੀ ਗ਼ਰੀਬੀ ਭੁੱਖਮਰੀ
ਛਾਈ ਵਿਚ ਪਾਕਿਸਤਾਨ।
ਲੁਟੇਰੀ ਵਿਰੋਧੀ ਧਿਰ
ਪਿੱਠ 'ਚ ਛੁਰਾ ਮਾਰ ਕੇ,
ਮੇਰੀ ਆਤਮਾ ਨੂੰ ਕੀਤਾ ਲਹੂ ਲੁਹਾਣ।

ਰਹਿੰਦੀ ਖੂੰਹਦੀ ਮੇਰੀ ਪਹਿਲੀ ਪਤਨੀ
ਝੱਲੇ ਨਾ ਸੌਂਕਣ ਨੂੰ,
ਸਿਰ 'ਤੇ ਚੁੱਕ ਰੱਖਿਆ ਅਸਮਾਨ।
ਹਾਲ ਅਫ਼ਗਾਨਿਸਤਾਨ, ਇਰਾਕ,
ਸੀਰੀਆ ਦਾ ਇਹੀ,
ਗ਼ਰੀਬੀ ਨਾਲੋਂ ਹਥਿਆਰਾਂ ਦਾ
ਵੱਧ ਫ਼ਿਕਰ ਕਰੇ ਤਾਲਿਬਾਨ।

ਸਭ ਤੋਂ ਤਕੜਾ ਮਸਖ਼ਰਾ ਨਿੱਤਰਿਆ,
ਯੂਕਰੇਨ ਦਾ ਜ਼ੇਲੈਂਸਕੀ ਪ੍ਰਧਾਨ।
ਨਾਟੋ ਤੇ ਰੂਸ ਦੀ ਭੇੜ ਵਿਚ,
ਪੂਰੇ ਮੁਲਕ ਦਾ ਕਰਵਾ ਲਿਆ ਨੁਕਸਾਨ।
ਅੱਧੀ ਆਬਾਦੀ ਬਣੀ ਰਿਫਿਊਜ਼ੀ,
ਦੇਸ਼ ਭਗਤੀ ਦਾ ਦੇਵੇ ਫ਼ੁਰਮਾਨ।

ਆਖ਼ਰੀ ਮਸਖ਼ਰਾ ਮੋਦੀ ਵਿਸ਼ਵ ਗੁਰੂ,
ਸ਼ਤਰੰਜ ਦੀਆਂ ਚਾਲਾਂ 'ਤੇ ਕਰੇ ਮਾਣ।
ਕਸ਼ਮੀਰ ਫਾਈਲਜ਼ ਤੇ
ਕਦੀ ਗੁਜਰਾਤ ਫਾਈਲਜ਼,
ਮੌਨ ਧਾਰ ਕੇ ਕਰਦਾ ਵਿਖਿਆਨ।

ਕਿਸੇ ਨਾਲ ਨ੍ਹੀਂ ਵਿਗਾੜਨੀ ਆਪਾਂ,
ਅਸੀਂ ਇੰਡਸ ਵਿਚਾਰਧਾਰਾ ਦੇ ਵਿਦਵਾਨ।
ਸ਼ਾਂਤੀ ਵਾਰਤਾਲਾਪ ਵਿਚ ਭਰੋਸਾ ਸਾਡਾ,
ਸਾਡਾ ਸਿੱਕਾ ਮੰਨੇ ਕੁੱਲ ਜਹਾਨ।

*-ਅਮਰਜੀਤ ਸਿੰਘ ਤੂਰ*
*ਫੋਨ: 98784-69639*

---

### ਵਿਸਾਖੀ ਦਾ ਗੀਤ

ਚੰਨਾ ਵੇ ਮੇਰਾ ਜੀਅ ਕਰਦਾ,
ਮੈਂ ਮੇਲੇ ਵਿਸਾਖੀ ਦੇ ਜਾਵਾਂ
ਸੂਫ਼ ਦਾ ਸੁਵਾ ਦੇ ਘੱਗਰਾ,
ਵੇ ਮੈਂ ਧਰਤੀ ਸੁੰਵਰਦੀ ਜਾਵਾਂ
ਢੋਲਾ ਵੇ ਮੇਰਾ ਦਿਲ ਕਰਦਾ...।

ਪੋਲੇ ਪੋਲੇ ਵੇ ਪੈਰ ਪੁੱਟਦੀ,
ਸੱਪ ਵਾਂਗਰਾਂ ਮੇਲ੍ਹਦੀ ਜਾਵਾਂ
ਗੁਰੂ ਘਰ ਜਾ ਕੇ ਮੱਥਾ ਟੇਕੀਏ,
ਸਾਰੇ ਟੱਬਰ ਦੀ ਖੈਰ ਮਨਾਵਾਂ
ਦਿਲਜਾਨੀ ਵੇ ਮੇਰਾ ਦਿਲ ਕਰਦਾ...।

ਪੈ਼ਲੀਆਂ ਨੂੰ ਲਾਲੀ ਚੜ੍ਹ ਜਾਏ,
ਜਦੋਂ ਪੈਰੀਂ ਝਾਂਜਰ ਛਣਕਾਵਾਂ
ਦਾਤੀ ਨੂੰ ਲਵਾ ਦੇ ਘੁੰਗਰੂ,
ਮੈਂ ਕਣਕਾਂ ਦੇ ਸੱਥਰ ਵਿਛਾਵਾਂ
ਮਾਹੀਆ ਵੇ ਮੇਰਾ ਚਿੱਤ ਕਰਦਾ...।

ਚੰਡੋਲ ਦੇ ਹੁਲਾਰਿਆਂ ਦੇ ਨਾ਼ਲ,
ਦੁਪੱਟਾ ਕਾਸ਼ਨੀ ਉੱਚੀ ਲਹਿਰਾਵਾਂ
ਦੋਵੇਂ ਘੁੰਮ ਫਿਰ ਮੇਲਾ ਦੇਖੀਏ,
ਥਾਲ ਭਰ ਵੇ ਜਲੇਬੀਆਂ ਖਾਵਾਂ
ਸੋਹਣਿਆ ਵੇ ਮੇਰਾ ਮਨ ਕਰਦਾ...।

*-ਸੇਵਾ ਸਿੰਘ ਨੂਰਪੁਰੀ*

---

### ਤਲਵੰਡੀ ਸਾਬੋ ਦੀ ਵਿਸਾਖੀ

ਆਈ ਹੈ ਵਿਸਾਖੀ ਤਲਵੰਡੀ ਚੱਲੀਏ
ਦੋਸਤਾਂ, ਯਾਰਾਂ ਨੂੰ ਵੀ ਸੁਨੇਹੇ ਘੱਲੀਏ।
ਏਥੇ ਆਏ ਸਨ ਸਾਡੇ ਦਸਮ ਪਿਤਾ
ਗੁਰੂ ਗ੍ਰੰਥ ਸਾਰਾ ਉਨ੍ਹਾਂ ਦਿੱਤਾ ਸੀ ਲਿਖਾ।
ਬਚੀ ਹੋਈ ਸਿਆਹੀ ਨਾ਼ਲੇ ਸਭ ਕਲਮਾਂ
ਪਾਣੀ ਵਿਚ ਸਾਰਾ ਕੁਝ ਦਿੱਤਾ ਸੀ ਵਹਾਅ।
'ਗੁਰੂ ਕਾਸ਼ੀ' ਬਣੂੰ ਇਹ ਦਿੱਤਾ ਵਰਦਾਨ
ਬਣਨਗੇ ਕਵੀ ਨਾ਼ਲੇ ਲੇਖਕ ਮਹਾਨ।
ਸ਼ਰਧਾ ਦੇ ਨਾਲ ਜਿਹੜਾ ਗੁਰੂ ਨੂੰ ਧਿਆਵੇ
ਮਨਮੰਗੀਆਂ ਮੁਰਾਦਾਂ ਸਾਰੀਆਂ ਉਹ ਪਾਵੇ।
ਹਰ ਸਾਲ ਏਥੇ ਮੇਲਾ ਲੱਗਦਾ ਹੈ ਭਾਰੀ
ਦੂਰੋਂ-ਦੂਰੋਂ ਆਉਂਦੇ ਲੋਕੀਂ
ਖਿੱਚ ਕੇ ਤਿਆਰੀ।
ਮੇਲੇ ਵਿਚ ਛੋਟੇ-ਵੱਡੇ ਝੂਟਦੇ ਚੰਡੋਲਾਂ
ਹੱਸਦੇ ਤੇ ਗਾਉਂਦੇ, ਨਾ਼ਲੇ ਕਰਦੇ ਕਲੋਲਾਂ।
ਕਈ ਥਾਈਂ ਮੇਲੇ ਵਿਚ ਲੱਗਣ ਨੁਮਾਇਸ਼ਾਂ
ਬੱਚੇ ਕਰਦੇ ਨੇ ਅੱਡ-ਅੱਡ ਫਰਮਾਇਸ਼ਾਂ।
ਅੱਡੋ-ਅੱਡ 'ਕੱਠ ਕਰੇ ਹਰ ਪਾਰਟੀ
ਕਹਿਣ ਦੂਜੇ ਤਾਈਂ ਥੋਨੂੰ ਜਾਣਦੇ ਅਸੀਂ।
ਦੂਰ ਪਰ੍ਹੇ ਇਕ ਪਾਸੇ ਢੋਲ ਵੱਜਿਆ
ਜਾਪਦਾ ਹੈ ਸਾਰਾ ਮੇਲਾ ਓਥੇ ਲੱਗਿਆ।
ਵਿਕਦੇ ਪਕੌੜੇ ਵਿਚ ਬਣੇ ਤੇਲ ਦੇ
'ਰੂਹੀ' ਖਾਵੇ ਮਜ਼ੇ ਨਾਲ ਕਈ ਮੇਲ ਦੇ।
ਆਖਦੀ 'ਰਮਨ' ਮੈਂ ਲੰਗਰ ਛਕਣਾ
ਭੁੱਖੇ ਢਿੱਡ ਰਹਿ ਕੇ ਨਹੀਂਓਂ ਮੇਲਾ ਵੇਖਣਾ।
ਹੁਣ ਹਰ ਸਾਲ ਤਲਵੰਡੀ ਜਾਵਾਂਗੇ
'ਨਵ-ਦੀਪ' ਨਾਲ ਹੀ ਮੇਲਾ ਮਨਾਵਾਂਗੇ।
ਹਰ ਵੇਲੇ ਪ੍ਰਭੂ ਆਪਣਾ ਧਿਆਈਏ ਜੀ
ਮੇਲਿਆਂ ਨੂੰ ਨਾ਼ਲ ਸ਼ਰਧਾ ਮਨਾਈਏ ਜੀ।

*-ਪ੍ਰੋ. ਨਵ ਸੰਗੀਤ ਸਿੰਘ*
*ਫੋਨ: 94176-92015*

# 'ਸਿਆਸੀ ਫੈਕਟਰੀਆਂ' ਦਾ ਰੰਗ-ਢੰਗ

***ਭਾਰਤ ਦਾ ਸਿਆਸੀ ਤਾਣਾ-ਬਾਣਾ ਬੁਰੀ ਤਰ੍ਹਾਂ ਉਲਝਿਆ ਹੋਇਆ ਹੈ। ਵੱਖ-ਵੱਖ ਸਿਆਸੀ ਪਾਰਟੀਆਂ ਦੀ ਸਮੁੱਚੀ ਦੌੜ ਸਿਰਫ ਤੇ ਸਿਰਫ ਚੋਣਾਂ ਜਿੱਤਣ ਅਤੇ ਸੱਤਾ ਉਤੇ ਕਾਬਜ਼ ਹੋਣ ਲਈ ਹੀ ਲੱਗੀ ਰਹਿੰਦੀ ਹੈ। ਚੋਣਾਂ ਜਿੱਤਣ ਲਈ ਸਿਆਸੀ ਆਗੂ ਜੋ-ਜੋ ਪਾਪੜ ਵੇਲਦੇ ਹਨ, ਉਹ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਹਨ। ਇਸ ਨਾਲ ਆਖਰਕਾਰ ਨੁਕਸਾਨ ਆਮ ਲੋਕਾਂ ਦਾ ਹੀ ਹੁੰਦਾ ਹੈ। ਉਪਰੋਂ ਮੁਲਕ ਵਿਚ ਅਜਿਹੀਆਂ ਨੀਤੀਆਂ ਧੜਾ-ਧੜ ਲਾਗੂ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਕਾਰਨ ਆਪਸੀ ਆਰਥਕ ਅਤੇ ਸਮਾਜਕ ਪਾੜਾ ਬਹੁਤ ਤੇਜ਼ੀ ਨਾਲ ਵਧ ਰਿਹਾ ਹੈ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਗੁਰਬਚਨ ਜਗਤ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਗੁਰਬਚਨ ਜਗਤ**

ਪੰਜਾਬ ਵਿਚ ਮੁਫਤ ਬੱਸ ਸਫਰ ਕਰਨ ਵਾਲੇ ਲੋਕਾਂ ਦੇ ਵਰਗਾਂ 'ਤੇ ਤੈਰਦੀ ਜਿਹੀ ਨਜ਼ਰ ਮਾਰਿਆਂ ਪਤਾ ਚਲਦਾ ਹੈ ਕਿ ਇਨ੍ਹਾਂ ਵਿਚ ਔਰਤਾਂ, ਦਸਵੀਂ ਜਮਾਤ ਤੱਕ ਪੜ੍ਹਦੇ ਵਿਦਿਆਰਥੀ, ਪੁਲਿਸ ਤੇ ਜੇਲ੍ਹ ਕਰਮਚਾਰੀ, ਵਿਧਾਇਕ/ਸਾਬਕਾ ਵਿਧਾਇਕ, ਪੱਤਰਕਾਰ, ਆਜ਼ਾਦੀ ਘੁਲਾਟੀਏ ਆਦਿ ਆਉਂਦੇ ਹਨ। ਸਵਾਲ ਉੱਠਦਾ ਹੈ ਕਿ ਇਨ੍ਹਾਂ ਦਾ ਖਰਚਾ ਕੌਣ ਚੁੱਕਦਾ ਹੈ? ਇਸੇ ਤਰ੍ਹਾਂ, ਕੁਝ ਹੋਰਨਾਂ ਵਰਗਾਂ ਲਈ ਬਿਜਲੀ (ਖੇਤੀਬਾੜੀ ਵਰਤੋਂ ਤੋਂ ਇਲਾਵਾ ਕੁਝ ਵਰਗਾਂ ਲਈ ਜਾਤੀ ਆਧਾਰ 'ਤੇ ਮੁਫਤ ਹੈ), ਪਾਣੀ, ਸਿਹਤ, ਸਿੱਖਿਆ ਆਦਿ ਸਹੂਲਤਾਂ ਵੀ ਜਾਂ ਤਾਂ ਮੁਫਤ ਹਨ ਜਾਂ ਮੁਫਤ ਵਾਂਗ ਹੀ ਹਨ। ਕਈ ਸਾਲਾਂ ਤੋਂ ਲਗਭਗ ਸਾਰੇ ਸੂਬਿਆਂ ਵਿਚ ਸਰਕਾਰਾਂ ਨੇ ਇਹ ਸੇਵਾਵਾਂ ਮੁਫਤ ਵੰਡੀਆਂ ਹਨ ਤੇ ਆਪਣੇ ਸਿਰ ਬਹੁਤ ਜ਼ਿਆਦਾ ਕਰਜ਼ਾ ਚੜ੍ਹਨ ਕਾਰਨ ਦੀਵਾਲੀਆ ਹੋਣ ਕੰਢੇ ਪਹੁੰਚ ਗਈਆਂ ਹਨ ਜਦੋਂਕਿ ਬੁਨਿਆਦੀ ਢਾਂਚੇ ਦਾ ਵਿਕਾਸ ਤੇ ਹੋਰ ਸੇਵਾਵਾਂ ਕਾਗਜ਼ਾਂ ਤਕ ਸਿਮਟ ਕੇ ਰਹਿ ਗਈਆਂ ਹਨ। ਸਾਰੀਆਂ ਚੋਣਾਂ ਖੈਰਾਤਾਂ ਤੇ ਰਿਆਇਤਾਂ ਦੇ ਨਾਅਰੇ ਲਾ ਕੇ ਲੜੀਆਂ ਜਾਂਦੀਆਂ ਹਨ ਤੇ ਇਸ ਕੰਮ ਵਿਚ ਹਰ ਪਾਰਟੀ ਇਕ ਦੂਜੀ ਨੂੰ ਪਛਾੜਨ ਦੀ ਕੋਸ਼ਿਸ਼ ਕਰਦੀ ਹੈ।

ਕਿਸੇ ਵੇਲੇ ਪੰਜਾਬ ਆਰਥਿਕ ਤੇ ਮਾਨਵੀ ਵਿਕਾਸ ਦੇ ਪੈਮਾਨਿਆਂ 'ਤੇ ਅੱਵਲ ਨੰਬਰ ਸੂਬਾ ਗਿਣਿਆ ਜਾਂਦਾ ਸੀ ਪਰ ਅੱਜ ਇਹ ਆਪਣੇ ਸ਼ਾਨਦਾਰ ਅਤੀਤ ਦਾ ਮਹਿਜ਼ ਪ੍ਰਛਾਵਾਂ ਬਣ ਕੇ ਰਹਿ ਗਿਆ ਹੈ। ਪਿਛਲੇ ਲੰਮੇ ਅਰਸੇ ਦੌਰਾਨ ਬਣੀਆਂ ਸਰਕਾਰਾਂ ਇਸ ਦੁਰਦਸ਼ਾ ਲਈ ਕਸੂਰਵਾਰ ਹਨ। ਉਹ ਭ੍ਰਿਸ਼ਟਾਚਾਰ ਰਾਹੀਂ ਆਪਣੇ ਲੋਕਾਂ ਦੀ ਉੱਦਮਸ਼ੀਲਤਾ ਤਬਾਹ ਕਰਨ ਅਤੇ ਆਪਣੀਆਂ ਸੰਸਥਾਵਾਂ, ਨਿਜ਼ਾਮ ਤੇ ਫੌਜਦਾਰੀ ਨਿਆਂ ਪ੍ਰਬੰਧ ਦੀ ਅਣਦੇਖੀ ਤੇ ਬੇਹੁਰਮਤੀ ਕਰਨ ਲਈ ਕਸੂਰਵਾਰ ਹਨ। ਉਨ੍ਹਾਂ ਨੇ ਮਾਫੀਆ ਤੇ ਸਿਆਸਤਦਾਨਾਂ ਦਾ ਗੱਠਜੋੜ ਪੈਦਾ ਹੋਣ ਦਿੱਤਾ ਅਤੇ ਹੌਲੀ-ਹੌਲੀ ਸੂਬੇ ਤੇ ਇਸ ਦੇ ਵਸਨੀਕਾਂ ਦੀ ਬਿਹਤਰੀ ਦੇ ਕਾਰਜ ਤੋਂ ਅੱਖਾਂ ਮੀਟ ਲਈਆਂ। ਸਿੱਟੇ ਵਜੋਂ ਅੱਜ ਮਿਆਰੀ ਜ਼ਿੰਦਗੀ ਚਾਹੁਣ ਵਾਲੇ ਸਾਡੇ ਵੋਟਰ ਨੂੰ ਮੁਫਤ ਰਾਸ਼ਨ ਆਟਾ ਦਾਲ ਤੇ ਕਦੇ ਕਦਾਈਂ ਮੁਫਤ ਸਫਰ ਦਾ ਆਦੀ ਬਣਨ ਲਈ ਕਿਹਾ ਜਾਂਦਾ ਹੈ। ਇਸ ਮੁਤੱਲਕ ਮਾਰਗ੍ਰੈਟ ਥੈਚਰ ਨੇ ਕਿਹਾ ਸੀ- "ਸਮਾਜਵਾਦ ਦੀ ਦਿੱਕਤ ਇਹ ਹੈ ਕਿ ਦੂਜੇ ਲੋਕਾਂ ਦਾ ਧਨ ਆਖਰਕਾਰ ਇਕ ਦਿਨ ਮੁੱਕ ਜਾਂਦਾ ਹੈ।" ਸਾਡੇ ਇੱਥੇ ਤਾਂ ਨਕਲੀ ਸਮਾਜਵਾਦ ਹੀ ਚੱਲ ਰਿਹਾ ਹੈ ਜਿੱਥੇ ਸਿਆਸਤਦਾਨਾਂ ਦਾ ਮਕਸਦ ਲੋਕਾਂ ਜਾਂ ਸੂਬੇ ਦੀ ਭਲਾਈ ਦੀਆਂ ਦੀਰਘਕਾਲੀ ਨੀਤੀਆਂ ਬਣਾਉਣ ਦੀ ਥਾਂ ਹਰ ਕੀਮਤ 'ਤੇ ਸੱਤਾ ਹਥਿਆਉਣਾ ਰਿਹਾ ਹੈ।

ਫਿਰ ਧਨ ਉਪਜਾਉਣ ਵਾਲੇ 'ਹੋਰ ਲੋਕ' ਕੌਣ ਹਨ? ਇਹ ਮੱਧ ਵਰਗ ਭਾਵ ਮਿਹਨਤਕਸ਼ ਤਬਕੇ ਦੇ ਲੋਕ ਹਨ ਜੋ ਤੜਕਸਾਰ ਉੱਠ ਕੇ ਕੰਮਾਂ ਕਾਰਾਂ 'ਤੇ ਨਿਕਲ ਪੈਂਦੇ ਹਨ। ਇਹ ਭਾਵੇਂ ਮੁਲਾਜ਼ਮ ਹੋਣ ਜਾਂ ਛੋਟੇ ਤੇ ਲਘੂ ਕਾਰੋਬਾਰੀ, ਵਪਾਰੀ ਤੇ ਕਿਸਾਨ। ਇਹੀ ਉਹ ਲੋਕ ਹਨ ਜੋ ਬਿਨਾਂ ਕੋਈ ਖੈਰਾਤ ਮੰਗਿਆਂ ਆਪਣੀ ਆਮਦਨ, ਖਪਤ, ਸੰਪਤੀ -ਗੱਲ ਕੀ ਹਰ ਸੇਵਾ ਤੇ ਉਤਪਾਦ 'ਤੇ ਟੈਕਸ ਅਦਾ ਕਰਦੇ ਹਨ। ਹੁਣ ਨਵੇਂ ਭਾਰਤ ਵਿਚ ਇਨ੍ਹਾਂ ਦੀ ਕੋਈ ਪੁੱਗਤ ਨਹੀਂ ਰਹੀ ਤੇ ਨਾ ਹੀ ਇਨ੍ਹਾਂ ਦੀ ਸੰਖਿਆ ਐਨੀ ਵੱਡੀ ਹੈ ਕਿ ਇਹ ਕਿਸੇ ਚੋਣ ਦਾ ਪਾਸਾ ਪਲਟਾ ਸਕਣ। ਵੱਡੇ ਅਰਥਚਾਰਿਆਂ 'ਚੋਂ ਸਾਡਾ ਹੀ ਮੁਲਕ ਹੈ (ਇਸ ਵੇਲੇ ਪੰਜਵੇਂ ਜਾਂ ਛੇਵੇਂ ਨੰਬਰ 'ਤੇ ਗਿਣਿਆ ਜਾਂਦਾ ਹੈ) ਜਿਸ ਨੇ ਪੂਰੀ ਕੋਵਿਡ ਮਹਾਮਾਰੀ ਦੌਰਾਨ ਮੁਲਾਜ਼ਮਾਂ ਅਤੇ ਲਘੂ ਤੇ ਛੋਟੇ ਕਾਰੋਬਾਰੀਆਂ ਦੀ ਭੋਰਾ ਮਦਦ ਨਹੀਂ ਕੀਤੀ।

ਹਾਲੇ ਵੀ ਸਾਡਾ ਅਰਥਚਾਰਾ ਮੱਧ ਵਰਗ ਸਹਾਰੇ ਹੀ ਧੜਕਦਾ ਹੈ। ਮੱਧਵਰਗ ਹੀ ਹੈ ਜੋ ਸਨਅਤ, ਸਰਕਾਰ, ਮੁੱਢਲੀਆਂ ਸੇਵਾਵਾਂ, ਰੱਖਿਆ ਅਤੇ ਕਾਨੂੰਨ ਦੇ ਇੰਜਣ ਨੂੰ ਚਲਾਉਂਦਾ ਹੈ। ਜਦੋਂ ਬਿਪਤਾ ਪੈਂਦੀ ਹੈ ਤਾਂ ਧਨਾਢ ਵਰਗ ਤਮਾਸ਼ਬੀਨ ਬਣ ਜਾਂਦਾ ਹੈ ਤੇ ਗੁਰਬਤ ਮਾਰੀ ਖਲਕਤ ਰਾਸ਼ਨ, ਦਵਾ, ਪੜ੍ਹਾਈ ਤੇ ਇੱਥੋਂ ਤੱਕ ਕਿ ਮੱਥਾ ਟੇਕਣ ਲਈ ਵੀ ਕਤਾਰਾਂ ਵਿਚ ਖੜ੍ਹੀ ਰਹਿੰਦੀ ਹੈ। ਇਕ ਰਾਸ਼ਟਰ ਦੇ ਤੌਰ 'ਤੇ ਅਸੀਂ ਮੱਧਵਰਗ ਨੂੰ ਨਿਚੋੜ ਸੁੱਟਿਆ ਹੈ। ਮਹਿੰਗਾਈ ਦਾ ਕੋਈ ਹੱਦ ਬੰਨਾ ਨਹੀਂ ਰਿਹਾ, ਆਮਦਨ ਸੁੰਗੜਨ, ਨਿੱਤ ਨਵੇਂ ਟੈਕਸਾਂ ਅਤੇ ਨੋਟਬੰਦੀ,



***ਕੱਟੜਪੰਥੀਆਂ ਵੱਲੋਂ 2020 ਵਿਚ ਦਿੱਲੀ 'ਚ ਮਚਾਈ ਤਬਾਹੀ।***

ਮਹਾਮਾਰੀ ਤੇ ਕਰੋਨੀ ਪੂੰਜੀਵਾਦ ਦੇ ਤੀਹਰੇ ਵਾਰਾਂ ਨਾਲ ਸਮਾਜ ਦਾ ਲੱਕ ਤੋੜਿਆ ਜਾ ਰਿਹਾ ਹੈ। ਜਿਉਂ-ਜਿਉਂ ਮੱਧਵਰਗ ਸੁੰਗੜਦਾ ਜਾਂਦਾ ਹੈ, ਮੁਫਤ ਰਾਸ਼ਨ ਸਹਾਰੇ ਜਿਊਣ ਵਾਲੇ ਗਰੀਬਾਂ ਦੀ ਕਤਾਰ ਹੋਰ ਲੰਮੀ ਹੁੰਦੀ ਜਾਂਦੀ ਹੈ। ਇਸ ਨਾਲ ਨਾ ਕੇਵਲ ਸਮਾਜ ਅੰਦਰ ਧਰੁਵੀਕਰਨ ਸਗੋਂ ਆਰਥਿਕ ਅਸਾਵਾਂਪਣ ਵੀ ਵਧਦਾ ਹੈ। ਇਹੀ ਉਹ ਲੱਛਣ ਹੁੰਦੇ ਹਨ ਜਿਨ੍ਹਾਂ ਤੋਂ ਪਤਾ ਚਲਦਾ ਹੈ ਕਿ ਕਿਸੇ ਦੇਸ਼ ਦੀ ਸੁਰੱਖਿਆ ਤੇ ਅਖੰਡਤਾ ਖਤਰੇ ਵਿਚ ਪੈ ਗਈ ਹੈ।

ਇਹ ਸੋਚਾਂ ਸੋਚਦਿਆਂ ਲੰਘੀ ਸਦੀ ਵਿਚ ਸੱਠਵਿਆਂ ਦੇ ਸ਼ੁਰੂ ਵਿਚ ਕਾਲਜ ਦੇ ਦਿਨਾਂ ਵੇਲੇ ਲੋਕਾਈ ਦੀ ਜ਼ਿੰਦਗੀ ਦੇ ਦਿਨ ਚੇਤੇ ਵਿਚ ਘੁੰਮਣ ਲੱਗਦੇ ਹਨ। ਇਹ ਕੋਈ ਬਹੁਤ ਪੁਰਾਣੀ ਗੱਲ ਵੀ ਨਹੀਂ ਲੱਗਦੀ ਪਰ ਸਿਆਸਤ ਅਤੇ ਕੌਮੀ ਟੀਚਿਆਂ ਦੇ ਪ੍ਰਸੰਗ ਵਿਚ ਇਹ ਬਹੁਤ ਵੱਡਾ ਪੈਂਡਾ ਜਾਪਦਾ ਹੈ। ਇਸ ਵੇਲੇ ਅਸੀਂ ਜਿਧਰ ਤੁਰ ਪਏ ਹਾਂ, ਉਸ ਦੀ ਉਦੋਂ ਕਲਪਨਾ ਵੀ ਨਹੀਂ ਕੀਤੀ ਗਈ ਸੀ। ਉਨ੍ਹੀਂ ਦਿਨੀਂ ਕੈਫੇਟੇਰੀਏ ਵਿਚ ਕੌਫੀ ਦੇ ਕੱਪ ਪੀਂਦਿਆਂ ਸਾਹਿਤ, ਅਰਥ-ਸ਼ਾਸਤਰ, ਸਿਆਸਤ ਆਦਿ ਬਾਰੇ ਗਹਿਨ ਗੰਭੀਰ ਵਾਦ-ਵਿਵਾਦ ਚਲਦਾ ਰਹਿੰਦਾ ਸੀ। ਲੰਮੇ ਵਾਲ ਰੱਖਣ ਦਾ ਰਿਵਾਜ ਸੀ, ਕਿਸੇ ਬ੍ਰਾਂਡ ਦੀ ਪ੍ਰਵਾਹ ਕੀਤੇ ਬਿਨਾਂ ਸਾਦੇ ਕੱਪੜੇ ਪਹਿਨਦੇ ਸਨ, ਕੋਈ ਜੀਨ ਜਾਂ ਧੁੱਪ ਵਾਲੀਆਂ ਐਨਕਾਂ ਨਹੀਂ ਹੁੰਦੀਆਂ ਸਨ। ਨਾ ਕੋਈ ਟੀ.ਵੀ. ਸੀ, ਨਾ ਵ੍ਹੱਟਸਐਪ, ਨਾ ਟਵੀਟ। ਇਹੋ ਜਿਹਾ ਕੋਈ ਯੰਤਰ ਦੇਖਣ ਸੁਣਨ ਲਈ ਨਹੀਂ ਸੀ। ਲੈਕਚਰ ਨੋਟਸ, ਸਾਹਿਤ, ਸਿਆਸਤ ਬਾਰੇ ਵਾਦ-ਵਿਵਾਦ ਨਾਲ ਹੀ ਜ਼ਿੰਦਗੀ ਬਣਦੀ ਸੀ। ਫਿਰ 1966 ਵਿਚ ਮੈਂ ਭਾਰਤੀ ਪੁਲਿਸ ਸੇਵਾ (ਆਈ.ਪੀ.ਐਸ.) ਵਿਚ ਭਰਤੀ ਹੋ ਗਿਆ।

ਸੱਠਵਿਆਂ ਤੇ ਸੱਤਰਵਿਆਂ ਵਿਚ ਅਪਰਾਧ ਤੇ ਅਮਨ ਕਾਨੂੰਨ ਦੇ ਮਾਮਲੇ ਸਾਧਾਰਨ ਕਿਸਮ ਦੇ ਹੁੰਦੇ ਸਨ। ਉਦੋਂ ਅਧਿਆਪਕਾਂ, ਸਨਅਤੀ ਕਾਮਿਆਂ, ਕਿਸਾਨਾਂ, ਵਿਦਿਆਰਥੀਆਂ, ਰੇਲ ਕਰਮੀਆਂ ਆਦਿ ਵਰਗਾਂ ਦੀਆਂ ਮਜ਼ਬੂਤ ਜਥੇਬੰਦੀਆਂ ਹੋਇਆ ਕਰਦੀਆਂ ਸਨ। ਕੰਮ ਦੇ ਲਗਭਗ ਹਰੇਕ ਖੇਤਰ ਦੀ ਆਪਣੀ ਯੂਨੀਅਨ ਸੀ ਅਤੇ ਹਰੇਕ ਪਾਰਟੀ ਦਾ ਆਪੋ ਆਪਣਾ ਯੂਨੀਅਨ ਫਰੰਟ ਹੁੰਦਾ ਸੀ। ਉਦੋਂ ਕਾਂਗਰਸ ਅਤੇ ਖੱਬੇਪੱਖੀ ਯੂਨੀਅਨਾਂ ਦੀ ਧਾਂਕ ਹੁੰਦੀ ਸੀ ਪਰ ਆਰਐਸਐਸ ਅਤੇ ਜਨ ਸੰਘ ਨੇ ਵੀ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਸਨ। ਸਰਕਾਰ ਅਤੇ ਸਨਅਤ 'ਤੇ ਦਬਾਅ ਲਾਮਬੰਦ ਕਰ ਕੇ ਆਪਣੇ ਮੈਂਬਰਾਂ ਤੇ ਕਾਮਿਆਂ ਲਈ ਬਿਹਤਰ ਸਮਝੌਤੇ ਕਰਵਾਉਣਾ ਹੀ ਇਨ੍ਹਾਂ ਯੂਨੀਅਨਾਂ ਦਾ ਮੁੱਖ ਕਾਰਜ ਹੋਇਆ ਕਰਦਾ ਸੀ। ਉਂਝ, ਇਹ ਯੂਨੀਅਨਾਂ ਸਬੰਧਿਤ ਸਿਆਸੀ ਪਾਰਟੀਆਂ ਨਾਲ ਵੀ ਵਫਾਦਾਰੀਆਂ ਪਾਲਦੀਆਂ ਸਨ ਤੇ ਚੋਣਾਂ ਵੇਲੇ ਕਾਫੀ ਸਰਗਰਮੀ ਦਿਖਾਉਂਦੀਆਂ ਸਨ। ਉਹ ਆਪਣੇ ਕੇਡਰਾਂ ਨੂੰ ਲਾਮਬੰਦ ਕਰਦੀਆਂ ਸਨ ਪਰ ਇਸ ਦਾ ਆਧਾਰ ਧਾਰਮਿਕ, ਜਾਤੀ ਜਾਂ ਪੈਸਾ ਨਹੀਂ ਹੁੰਦਾ ਸੀ ਸਗੋਂ ਵਿਚਾਰਧਾਰਕ ਹੁੰਦਾ ਸੀ। ਬਿਨਾਂ ਸ਼ੱਕ, ਜਾਤੀ ਵਿਵਸਥਾ ਕਾਫੀ ਮਜ਼ਬੂਤ ਸੀ ਅਤੇ ਕਾਂਗਰਸ ਨੇ ਇਸ ਦਾ ਖੂਬ ਲਾਹਾ ਲਿਆ। ਧਰਮ 'ਤੇ ਗੁੱਝੀ ਨਿਰਭਰਤਾ ਤਾਂ ਚਲਦੀ ਸੀ ਪਰ ਇਸ ਦਾ ਰੌਲਾ ਰੱਪਾ ਨਹੀਂ ਪਾਇਆ ਜਾਂਦਾ ਸੀ ਤੇ ਨਾ ਹੀ ਕੋਈ ਧਰੁਵੀਕਰਨ ਹੁੰਦਾ ਸੀ।

ਅੱਸੀਵਿਆਂ ਤੋਂ ਘਟਨਾਵਾਂ ਦੀ ਇਕ ਅਜਿਹੀ ਲੜੀ ਸ਼ੁਰੂ ਹੋਈ ਜਿਸ ਨੇ ਭਾਰਤੀ ਸਿਆਸਤ ਅਤੇ ਸਮਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਸਿੱਖ ਖਾੜਕੂਵਾਦ ਦੇ ਉਭਾਰ ਅਤੇ ਸਾਕਾ ਨੀਲਾ ਤਾਰਾ, ਕਸ਼ਮੀਰ ਵਾਦੀ 'ਚੋਂ ਪੰਡਤਾਂ ਦੇ ਪਲਾਇਨ, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਮੁੰਬਈ, ਗੁਜਰਾਤ ਵਿਚ ਕਤਲੇਆਮ, ਸੰਸਦ 'ਤੇ ਹਮਲੇ ਜਿਹੀਆਂ ਇਨ੍ਹਾਂ ਸਾਰੀਆਂ ਘਟਨਾਵਾਂ ਨੇ ਸੁੱਤੀਆਂ ਪਈਆਂ ਸ਼ਕਤੀਆਂ ਨੂੰ ਜਗਾ ਦਿੱਤਾ ਅਤੇ ਜਲਦੀ ਹੀ ਇਨ੍ਹਾਂ ਨੇ ਹਫੜਾ-ਦਫੜੀ ਦੇ ਮਾਹੌਲ ਅਤੇ ਦਿਸ਼ਾਹੀਣ ਲੀਡਰਸ਼ਿਪ ਦਾ ਪੂਰਾ ਲਾਹਾ ਉਠਾਇਆ। ਸੱਜੇ ਪੱਖੀ ਤਾਕਤਾਂ ਵੀ ਸਰਗਰਮ ਹੋ ਗਈਆਂ ਅਤੇ ਲੋਕਾਂ ਅੰਦਰ ਉਨ੍ਹਾਂ ਦੀ ਗੂੰਜ ਵੀ ਸੁਣਾਈ ਦੇਣ ਲੱਗੀ। ਇਸੇ ਦੌਰਾਨ, ਸ੍ਰੀ ਅਡਵਾਨੀ ਦੀ ਰਥ ਯਾਤਰਾ ਸ਼ੁਰੂ ਹੋਈ ਜਿਸ ਨੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਇਹ ਲੋਕਾਂ ਦੇ ਦਿਲ ਦਿਮਾਗ 'ਤੇ ਛਾ ਗਈ ਅਤੇ ਧਾਰਮਿਕ ਆਧਾਰ 'ਤੇ ਧਰੁਵੀਕਰਨ ਹੋਣ ਲੱਗਿਆ। ਕਿਸੇ ਵੀ ਲੋਕਰਾਜ ਵਿਚ ਕਿਸੇ ਸਿਆਸੀ ਪਾਰਟੀ ਦਾ ਮਕਸਦ ਚੋਣਾਂ ਰਾਹੀਂ ਸੱਤਾ ਪ੍ਰਾਪਤ ਕਰਨਾ ਹੁੰਦਾ ਹੈ। ਸਿਆਸਤ ਦੀ ਭਾਸ਼ਾ ਬਦਲ ਗਈ ਅਤੇ ਧਰਮ ਨਾ ਕੇਵਲ ਗੱਲਬਾਤ ਸਗੋਂ ਲਾਮਬੰਦੀ ਦਾ ਨੁਕਤਾ ਵੀ ਬਣ ਗਿਆ।



ਹੌਲੀ-ਹੌਲੀ ਖੱਬੀਆਂ ਪਾਰਟੀਆਂ ਹਾਸ਼ੀਏ 'ਤੇ ਚਲੀਆਂ ਗਈਆਂ ਅਤੇ ਕਾਂਗਰਸ ਨੇ ਨਹਿਰੂਵਾਦੀ ਸਮਾਜਵਾਦ ਨੂੰ ਭੁਲਾ ਦਿੱਤਾ। ਜ਼ਿਆਦਾਤਰ ਪ੍ਰਮੁੱਖ ਪਾਰਟੀਆਂ ਵੀ ਉਸੇ ਰਾਹ 'ਤੇ ਚੱਲ ਪਈਆਂ ਅਤੇ ਅੱਜ ਸਾਡੇ ਕੋਲ ਤਿੱਖਾ ਹਿੰਦੁਤਵ, ਨਰਮ ਹਿੰਦੁਤਵ, ਸਿੱਧੜ ਹਿੰਦੁਤਵ ਹੀ ਨਹੀਂ ਸਗੋਂ ਇਸੇ ਤਰ੍ਹਾਂ ਇਸਲਾਮ ਤੇ ਇਸ ਦੇ ਖੈਰਖਾਹ ਮੌਜੂਦ ਹਨ। ਨਾਲੋ-ਨਾਲ ਜਾਤੀਵਾਦ ਦੀ ਵੀ ਖੂਬ ਵਰਤੋਂ ਕੀਤੀ ਜਾ ਰਹੀ ਸੀ ਅਤੇ ਸਿਆਸੀ ਪਾਰਟੀਆਂ ਨੂੰ ਚੋਣਾਂ ਵਿਚ ਅਤੇ ਆਮ ਤੌਰ 'ਤੇ ਵੀ ਧਰਮ ਤੇ ਜਾਤ ਦੀ ਵਰਤੋਂ ਕਰਨ ਅਤੇ ਇਸ ਪ੍ਰਾਚੀਨ ਸਭਿਅਤਾ ਦੇ ਲੋਕਾਂ ਵਿਚ ਵੰਡੀਆਂ ਪਾਉਣ ਵਿਚ ਕੋਈ ਸੰਕੋਚ ਨਹੀਂ ਰਹੀ। ਧਰਮ ਤੇ ਜਾਤ ਦੇ ਆਧਾਰ 'ਤੇ ਟਿਕਟਾਂ ਵੰਡੀਆਂ ਜਾਂਦੀਆਂ ਹਨ ਅਤੇ ਇਸੇ ਆਧਾਰ 'ਤੇ ਚੋਣ ਪ੍ਰਚਾਰ ਕੀਤਾ ਜਾਂਦਾ ਹੈ। ਸਾਰੀਆਂ ਕੌਮੀ ਤੇ ਖੇਤਰੀ ਪਾਰਟੀਆਂ ਦੀ ਇਹੋ ਹਕੀਕਤ ਹੈ।

ਦੇਸ਼ ਹਿੰਸਾ ਅਤੇ ਫਿਰਕੂ ਹਿੰਸਾ ਦਾ ਲਾਵਾ ਬਣ ਚੁੱਕਿਆ ਹੈ। ਲਵ ਜਹਾਦ, ਗੋ ਰਕਸ਼ਾ, ਰੋਮੀਓ ਸਕੁਐਡ, ਬੁਲਡੋਜ਼ਰ -ਇਕ ਨਵੀਂ ਕਿਸਮ ਦੀ ਸ਼ਬਦਾਵਲੀ ਘੜੀ ਜਾ ਰਹੀ ਹੈ। ਕੋਈ ਪਾਰਟੀ ਆਰਥਿਕ ਟੀਚਿਆਂ ਤੇ ਸਾਧਨਾਂ ਦੀ ਚਰਚਾ ਨਹੀਂ ਕਰਦੀ। ਮਾਰਕਸ ਨੇ ਧਰਮ ਨੂੰ 'ਲੋਕਾਂ ਲਈ ਅਫੀਮ' ਦੱਸਿਆ ਸੀ ਜੋ ਸਹੀ ਜਾਂ ਗਲਤ ਹੋ ਸਕਦਾ ਹੈ। ਬਹਰਹਾਲ, ਧਰਮ ਤੁਹਾਨੂੰ ਆਪਣੇ ਦੁੱਖਾਂ ਕਸ਼ਟਾਂ ਨੂੰ ਭੁਲਾਉਣ ਅਤੇ ਭਵਿੱਖ ਦੀਆਂ ਬਿਹਤਰੀਆਂ ਵੱਲ ਤੱਕਣ ਦਾ ਸਾਧਨ ਬਣਦਾ ਹੈ। ਅਸੀਂ ਉਨ੍ਹਾਂ ਕਰੋੜਾਂ ਲੋਕਾਂ ਦੀ ਗੱਲ ਕਰ ਰਹੇ ਹਾਂ ਜਿਨ੍ਹਾਂ ਨੂੰ ਦੋ ਵਕਤ ਦਾ ਖਾਣਾ ਨਹੀਂ ਮਿਲਦਾ, ਰੁਜ਼ਗਾਰ ਨਹੀਂ, ਸਿਹਤ ਸੇਵਾਵਾਂ ਨਹੀਂ ਜਾਂ ਬੱਚਿਆਂ ਲਈ ਸਿੱਖਿਆ ਸਹੂਲਤਾਂ ਨਹੀਂ ਹਨ। ਅਸੀਂ ਗ਼ਰੀਬਾਂ ਦੀਆਂ ਮੁਸੀਬਤਾਂ ਦੀ ਇਸ ਫੌਰੀ ਸਮੱਸਿਆ ਨੂੰ ਕਿਵੇਂ ਮੁਖਾਤਬ ਹੁੰਦੇ ਹਾਂ? ਇਸ ਵਾਸਤੇ ਸਿਹਤ ਤੇ ਸਿੱਖਿਆ ਸਣੇ ਆਰਥਿਕ ਅਤੇ ਸਨਅਤੀ ਬੁਨਿਆਦੀ ਢਾਂਚਾ ਉਸਾਰਨ ਦੀ ਲੋੜ ਹੈ। ਇਹ ਰਾਤੋ ਰਾਤ ਨਹੀਂ ਬਣਾਇਆ ਜਾ ਸਕਦਾ ਜਿਸ ਕਰਕੇ ਅਸੀਂ ਇਕ ਸੌਖਾ ਰਾਹ ਲੱਭ ਲਿਆ ਹੈ। ਤੁਸੀਂ ਬਸ ਗ਼ਰੀਬ ਤੇ ਨਿਤਾਣੇ ਵਰਗਾਂ ਨੂੰ ਨਿਸ਼ਾਨਾ ਮਿੱਥੋ ਅਤੇ ਫਿਰ ਉਨ੍ਹਾਂ ਲਈ ਖੈਰਾਤਾਂ ਤੇ ਰਿਆਇਤਾਂ ਦੇ ਐਲਾਨ ਕਰੋ। ਇਨ੍ਹਾਂ ਵਿਚ ਮੁਫਤ ਰਾਸ਼ਨ, ਤੇਲ, ਦਾਲਾਂ, ਚੌਲ ਸ਼ਾਮਲ ਹਨ। ਸਿਆਸੀ ਪਾਰਟੀਆਂ ਨੇ ਮੁਫਤ ਸਾਈਕਲ, ਫੋਨ, ਗੈਸ, ਸਾੜ੍ਹੀਆਂ ਅਤੇ ਔਰਤਾਂ ਦੇ ਖਾਤਿਆਂ ਵਿਚ ਥੋੜ੍ਹੀ ਰਕਮ ਪਾਉਣ ਦੇ ਨਵੇਂ ਵਾਅਦੇ ਵੀ ਘੜ ਲਏ ਹਨ। ਦੇਖੋ, ਕਿਵੇਂ ਸਮੱਸਿਆ ਹੱਲ ਕਰ ਦਿੱਤੀ ਗਈ ਹੈ, ਸਟੇਟ ਨੇ ਆਪਣੀ ਡਿਊਟੀ ਨਿਭਾ ਦਿੱਤੀ ਹੈ, ਗਰੀਬ ਜਨਤਾ ਨੂੰ ਭੁੱਖਮਰੀ ਤੇ ਲਾਚਾਰੀ ਤੋਂ ਬਚਾ ਲਿਆ ਗਿਆ ਹੈ ਅਤੇ ਇਸ ਨੇ ਇਕ ਅਜਿਹੇ ਸਿਆਸੀ ਸਾਂਚੇ ਨਾਲ ਇਹ ਕਰ ਦਿਖਾਇਆ ਜੋ ਆਖਰੀ ਬੰਦੇ ਤੱਕ ਸਹੂਲਤਾਂ ਦੀ ਪਹੁੰਚ ਯਕੀਨੀ ਬਣਾਉਂਦਾ ਹੈ। ਹੈ ਨਾ ਕਮਾਲ ਕਿ ਇਸ ਨੇ ਵਿਕਾਸ ਦਾ ਬੁਨਿਆਦੀ ਢਾਂਚਾ ਕਾਇਮ ਕੀਤੇ ਬਗ਼ੈਰ ਹੀ ਇਹ ਕਰ ਦਿਖਾਇਆ ਹੈ! ਅਫੀਮ ਕੰਮ ਕਰਦੀ ਹੈ।

ਸਾਰੀਆਂ ਸਿਆਸੀ ਪਾਰਟੀਆਂ ਇਹੀ ਕੁਝ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਪਰ ਕਾਮਯਾਬ ਉਹੀ ਹੁੰਦੀ ਹੈ ਜਿਸ ਕੋਲ ਸਾਧਨ, ਜਥੇਬੰਦੀ ਅਤੇ ਰਾਜਸੀ ਇੱਛਾ ਸ਼ਕਤੀ ਹੁੰਦੀ ਹੈ। ਲੋਕਾਂ ਦਾ ਕੀ ਬਣਿਆ? ਉਹ ਵੀ ਸੰਤੁਸ਼ਟ ਹੋ ਜਾਂਦੇ ਹਨ ਤੇ ਜੋ ਉਨ੍ਹਾਂ ਨੂੰ ਖਾਣ ਲਈ ਕੁਝ ਦਿੰਦਾ ਹੈ, ਉਸੇ ਨੂੰ ਵੋਟ ਦੇ ਦਿੰਦੇ ਹਨ; ਆਖਰਕਾਰ ਸਰਕਾਰੀ ਅੰਕੜਿਆਂ ਮੁਤਾਬਿਕ 80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਵੰਡਿਆ ਗਿਆ ਹੈ। ਫਿਰ ਵੀ ਅਸੀਂ ਮਹਾਸ਼ਕਤੀ ਬਣਨ ਦੇ ਦਮਗਜ਼ੇ ਮਾਰਦੇ ਹਾਂ। ਜਦੋਂ ਦੇਸ਼ ਲਈ ਆਰਥਿਕ ਤੇ ਸਨਅਤੀ ਖਾਕਾ ਤਿਆਰ ਕਰਨ ਵਿਚ ਨਾਕਾਮ ਰਹਿਣ ਵਾਲੀਆਂ ਸਮੇਂ ਸਮੇਂ 'ਤੇ ਆਈਆਂ ਸਰਕਾਰਾਂ ਨੇ ਦੇਸ਼ ਦੀ ਐਨੀ ਵੱਡੀ ਤਾਦਾਦ ਨੂੰ ਸਰਕਾਰੀ ਖੈਰਾਤਾਂ ਜਾਂ ਖਾਣੇ (ਆਟਾ ਦਾਲ) ਦੀ ਬੁਨਿਆਦੀ ਲੋੜ ਪੂਰੀ ਕਰਨ ਦੀ ਮੁਹਤਾਜ ਬਣਾ ਦਿੱਤਾ ਹੈ।

ਇਸ ਲਈ ਲੋਕਾਂ ਨੂੰ ਆਪਣੇ ਆਪ ਜਥੇਬੰਦ ਹੋਣ ਅਤੇ ਆਪਣੀ ਆਵਾਜ਼ ਬੁਲੰਦ ਕਰ ਕੇ ਸਿਆਸੀ ਪਾਰਟੀਆਂ ਨੂੰ ਵਿਕਾਸ ਲਈ ਉਨ੍ਹਾਂ ਦੇ ਏਜੰਡੇ ਦਾ ਖੁਲਾਸਾ ਕਰਨ ਲਈ ਮਜਬੂਰ ਕਰਨਾ ਪਵੇਗਾ। ਵਿਕਾਸ ਦੇ ਬਿਰਤਾਂਤ 'ਤੇ ਵਾਪਸ ਆਉਣ ਦੀ ਲੋੜ ਹੈ ਕਿਉਂਕਿ ਇਹ ਬਹੁਤ ਹੀ ਅਹਿਮ ਗੱਲ ਹੈ ਕਿ ਸਾਡੇ ਦੇਸ਼ ਦੇ ਬੇਸ਼ਕੀਮਤੀ ਸਾਧਨਾਂ ਨੂੰ ਲੋਕਾਂ ਅਤੇ ਰਾਸ਼ਟਰ ਦੇ ਦੀਰਘਕਾਲੀ ਵਿਕਾਸ 'ਤੇ ਕੇਂਦਰਤ ਕੀਤਾ ਜਾਵੇ ਨਾ ਕਿ ਥੋੜ੍ਹਚਿਰੀਆਂ ਮਿੱਠੀ ਗੋਲੀਆਂ 'ਤੇ। ਭਾਰਤ ਨੂੰ ਅਜਿਹਾ ਖਾਕਾ ਤਿਆਰ ਕਰਨਾ ਚਾਹੀਦਾ ਹੈ ਜੋ ਇਸ ਨੂੰ ਤੇਜ਼ੀ ਨਾਲ ਬਦਲ ਰਹੀ ਆਧੁਨਿਕ ਦੁਨੀਆ ਵਿਚ ਮੁਕਾਬਲਾ ਕਰਨ ਦੇ ਯੋਗ ਬਣਾਉਂਦਾ ਹੋਵੇ। ਅੱਜ ਸੀਤ ਯੁੱਧ ਦੀ ਵਾਪਸੀ ਹੋਣ ਕਰਕੇ ਰਾਸ਼ਟਰ ਰਣਨੀਤਕ ਖੇਮਿਆਂ ਵਿਚ ਵੰਡੇ ਜਾ ਰਹੇ ਹਨ।

ਇਹ ਸਭ ਅਜਿਹੇ ਵਕਤ ਹੋ ਰਿਹਾ ਹੈ ਜਦੋਂ ਮਹਾਮਾਰੀ ਨੇ ਅਰਥਚਾਰਿਆਂ ਦੀਆਂ ਚੂਲਾਂ ਹਿਲਾ ਛੱਡੀਆਂ ਹਨ। ਕੌਮੀ ਰਾਜਾਂ ਦੀ ਉੱਚ ਦੁਮਾਲੜੀ ਸਭਾ ਵਿਚ ਆਪਣੀ ਥਾਂ ਪਾਉਣ ਵਾਸਤੇ ਸਾਨੂੰ ਮਜ਼ਬੂਤ ਅਰਥਚਾਰੇ ਨੂੰ ਚਲਾਉਣ ਵਾਲਾ ਸਸ਼ਕਤ ਮੱਧਵਰਗ ਵਿਕਸਤ ਕਰਨ ਦੀ ਲੋੜ ਹੈ। ਜਲਵਾਯੂ ਤਬਦੀਲੀ ਦੇ ਦੌਰ ਵਿਚ ਬਚੇ ਰਹਿਣ ਲਈ ਸਾਨੂੰ ਪੈਟਰੋਲ ਤੇ ਡੀਜ਼ਲ ਵਾਲੇ ਅਰਥਚਾਰੇ ਨੂੰ ਹੰਢਣਸਾਰ ਊਰਜਾ ਵਿਚ ਤਬਦੀਲ ਕਰਨ ਦੀ ਲੋੜ ਹੈ। ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿਚ ਨਵੀਆਂ ਤਕਨਾਲੋਜੀਆਂ ਵਿਕਸਤ ਕਰਨ ਦੀ ਲੋੜ ਹੈ। ਅਸੀਂ ਸਨਅਤੀ ਕ੍ਰਾਂਤੀ ਤੋਂ ਖੁੰਝ ਗਏ ਸਾਂ, ਅਸੀਂ ਵੀਹਵੀਂ ਸਦੀ ਵਿਚ ਬਹੁਤ ਪਿੱਛੇ ਰਹਿ ਗਏ ਸਾਂ ਤੇ ਹੁਣ ਸਾਨੂੰ ਇਹ ਮੌਕਾ ਨਹੀਂ ਖੁੰਝਾਉਣਾ ਚਾਹੀਦਾ।

# ਜੋਸ਼ ਜਵਾਨੀ ਦਾ

**ਅਮਰਬੀਰ ਸਿੰਘ ਚੀਮਾ**
**ਫੋਨ: 98889-40211**



ਗੱਲ ਉਮਰ ਦੇ ਉਸ ਦੌਰ ਦੀ ਕਰਨ ਲੱਗਿਆਂ ਜਦੋਂ ਸੋਚ 'ਤੇ ਜੋਸ਼ ਹਾਵੀ ਹੁੰਦੈ, ਮਤਲਬ ਅੱਲ੍ਹੜ ਜਵਾਨੀ ਦੇ ਉਹ ਦਿਨ, ਜਦੋਂ ਬੰਦਾ ਬੇ-ਧੜਕ, ਬੇਪ੍ਰਵਾਹ, ਬੇਖ਼ੌਫ਼ ਹੋ ਕੇ ਕਈ ਤਰ੍ਹਾਂ ਦੇ ਪੁੱਠੇ-ਸਿੱਧੇ ਕੰਮ ਕਰਦੈ। ਅੱਲ੍ਹੜ ਜਵਾਨੀ ਦੀ ਉਮਰ ਕੱਚੇ ਕੱਚ ਵਰਗੀ ਹੀ ਤਾਂ ਹੁੰਦੀ ਹੈ, ਜੇਕਰ ਇਕ ਵਾਰ ਡੋਰ ਟੁੱਟ ਗਈ ਤਾਂ ਮੁੜ ਕਦੇ ਵੀ ਨਹੀਂ ਜੁੜਦੀ। ਇਸ ਉਮਰੇ ਜਿਹੜੇ ਕੰਮਾਂ ਦੀ ਮਨਾਹੀ ਹੁੰਦੀ ਹੈ, ਉਹੀ ਕੰਮ ਕਰਨ ਨੂੰ ਦਿਲ ਲੋਚਦੈ। ਜਾਣੇ-ਅਣਜਾਣੇ ਜਾਂ ਗਾਹੇ-ਬਗਾਹੇ ਅਜਿਹੇ ਕਈ ਪੁੱਠੇ-ਸਿੱਧੇ ਕੰਮ ਕੀਤੇ ਪਰ ਕੱਚੀ ਉਮਰ ਦੇ ਬਾਵਜੂਦ ਘਰਦਿਆਂ ਨੂੰ ਉਲਾਂਭਾ ਦਿਵਾਉਣ ਵਾਲਾ ਕੋਈ ਕੰਮ ਨਹੀਂ ਕੀਤਾ। ਸ਼ਾਇਦ ਇਸੇ ਲਈ ਰੱਬ ਸਾਡੀਆਂ ਗ਼ਲਤੀਆਂ ਨੂੰ ਦਰਕਿਨਾਰ ਕਰ ਸਾਨੂੰ ਹਰ ਵਾਰ ਨਵੀਂ ਜ਼ਿੰਦਗੀ ਬਖ਼ਸ਼ਦਾ ਰਿਹਾ। ਹੁਣ ਉਹ ਦਿਨ ਯਾਦ ਕਰ ਕੇ ਡਰਦੇ ਵੀ ਹਾਂ, ਪਛਤਾਉਂਦੇ ਵੀ ਹਾਂ ਤੇ ਰੱਬ ਦਾ ਸ਼ੁਕਰ ਵੀ ਮਨਾਉਂਦੇ ਹਾਂ।

ਸ਼ੁਰੂਆਤ 14-15 ਸਾਲ ਦੀ ਉਮਰ ਤੋਂ ਕਰਦੇ ਹਾਂ। ਇਕ ਵਾਰੀ ਘਰੋਂ ਬਿਨਾ ਦੱਸੇ ਆਪਣਾ ਸਕੂਟਰ ਲੈ ਗਿਆ। ਔਖਾ-ਸੌਖਾ ਚਲਾ ਤਾਂ ਲਿਆ ਪਰ ਰੋਕਣਾ ਆਵੇ ਨਾ। ਦੋ-ਤਿੰਨ ਪਿੰਡਾਂ ਦੇ ਉਪਰੋਂ ਦੀ ਫਿਰਨੀ ਤੋਂ ਘੁੰਮਦਿਆਂ ਵਾਪਸ ਘਰ ਵੀ ਨੇੜੇ ਆਉਣ ਵਾਲਾ ਹੋ ਗਿਆ ਤਾਂ ਹੋਰ ਕੁਝ ਵੀ ਸੁੱਝਦਾ ਨਾ ਦੇਖ ਕੇ ਹੌਲੀ ਕਰ ਕੇ ਸੜਕ ਦੇ ਨਾਲ ਵਾਹੇ ਹੋਏ ਖੇਤ 'ਚ ਉਤਾਰ ਦਿੱਤਾ ਤੇ ਥੋੜ੍ਹੀ ਅੱਗੇ ਜਾ ਕੇ ਹੀ ਸਕੂਟਰ ਸਮੇਤ ਡਿੱਗ ਗਿਆ।

ਮੈਨੂੰ ਯਾਦ ਹੈ ਸਾਡੇ ਪਿੰਡ ਦੇ ਬਾਹਰਵਾਰ ਇਕ ਪਹੀ ਹੁੰਦੀ ਸੀ, ਅਸੀਂ ਦੋ ਦੋਸਤਾਂ ਨੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਆਪਣੇ ਚੇਤਕ ਸਕੂਟਰ ਲੈ ਕੇ ਉੱਥੇ ਚਲੇ ਜਾਣਾ। ਉਸ ਪਹੀ 'ਤੇ ਇਕ ਉੱਚਾ ਜਿਹਾ ਸਪੀਡ-ਬਰੇਕਰ ਹੁੰਦਾ ਸੀ, ਜਿਸ ਦੇ ਦੋਹਾਂ ਪਾਸਿਆਂ ਤੋਂ ਵਾਰੀ-ਵਾਰੀ ਆਪਣੇ ਸਕੂਟਰ ਭਜਾ ਕੇ ਲਿਆਉਣੇ। ਸਪੀਡ-ਬਰੇਕਰ ਆਉਣ 'ਤੇ ਤੇਜ਼ ਹੋਣ ਕਾਰਨ ਸਕੂਟਰ 3-4 ਫੁੱਟ ਹਵਾ 'ਚ ਉੱਛਲਨਾ ਤੇ ਉੱਪਰ ਹਵਾ 'ਚ ਹੀ ਸਕੂਟਰ ਦੀ ਬਰੇਕ ਦੱਬ ਕੇ ਰੱਖਣੀ। ਕੁਝ ਕੁ ਸਕਿੰਟਾਂ ਬਾਅਦ ਜਦੋਂ ਸਕੂਟਰ ਧਰਤੀ 'ਤੇ ਲੱਗਣਾ ਤਾਂ ਬਰੇਕ ਦੱਬੀ ਹੋਣ ਕਾਰਨ ਸਕੂਟਰ ਘੁੰਮ ਜਾਂਦਾ ਤੇ ਸਾਰੀ ਪਹੀ 'ਚ ਮਿੱਟੀ ਹੀ ਮਿੱਟੀ ਉੱਡਦੀ ਨਜ਼ਰ ਆਉਂਦੀ। ਦੁਪਹਿਰ ਵੇਲੇ ਘੰਟਾ ਅੱਧਾ ਘੰਟਾ ਇਹੀ ਪ੍ਰਕਿਰਿਆ ਚੱਲਦੀ ਰਹਿੰਦੀ ਤੇ ਨਾਲ ਖੇਤਾਂ 'ਚ ਕੰਮ ਕਰਦੇ ਕਿਸਾਨ ਕੰਮ ਛੱਡ ਸਾਨੂੰ ਦੇਖਦੇ ਰਹਿੰਦੇ ਤੇ ਕਈ ਤਾਂ ਗਾਲਾਂ ਵੀ ਕੱਢਦੇ ਕਿ ਇਨ੍ਹਾਂ ਨੂੰ ਮੌਤ 'ਵਾਜਾਂ ਮਾਰਦੀ ਹੈ ਪਰ ਸਾਨੂੰ ਕੋਈ ਫ਼ਰਕ ਨਾ ਪੈਂਦਾ।

ਛੁੱਟੀਆਂ ਦੌਰਾਨ ਜ਼ਿਆਦਾ ਗਰਮੀ 'ਚ ਪਿੰਡ ਘਰਦਿਆਂ ਨੇ ਸੌਂ ਜਾਣਾ ਤਾਂ ਅੱਖ ਬਚਾ ਕੇ ਪਿੰਡ ਵਗਦੇ ਸੂਏ 'ਚ ਨਹਾਉਣ ਚਲੇ ਜਾਣਾ। ਚੱਲਦੇ ਪਾਣੀ 'ਚ ਹਾਣੀਆਂ ਨਾਲ ਛੂਹਣ-ਛੂਹਣ ਖੇਡਣਾ ਤੇ ਘਰਦਿਆਂ ਦੇ ਉੱਠਣ ਤੋਂ ਪਹਿਲਾਂ ਹੀ ਘਰ ਮੁੜ ਆਉਣਾ।

ਫੇਰ ਜਦੋਂ ਲੋਕਾਂ ਕੋਲ ਟਾਵੀਆਂ-ਟਾਵੀਆਂ ਕਾਰਾਂ ਹੋਣ ਲੱਗੀਆਂ ਤਾਂ ਇਕ ਦਿਨ ਪਿਤਾ ਜੀ ਦਾ ਕੋਈ ਜਾਣਕਾਰ ਆਪਣੀ ਮਾਰੂਤੀ ਕਾਰ 'ਚ ਸਾਡੇ ਘਰ ਆਇਆ। ਉਨ੍ਹਾਂ ਨੂੰ ਚਾਹ-ਪਾਣੀ ਦੇਣ ਲੱਗਿਆਂ ਮੇਜ਼ 'ਤੇ ਪਈ ਕਾਰ ਦੀ ਚਾਬੀ ਚੁੱਕ ਕੇ ਬਾਹਰ ਆ ਗਿਆ, ਜਿੱਥੇ ਪਹਿਲਾਂ ਹੀ ਇਕ ਬੇਲੀ ਤਿਆਰ ਖੜ੍ਹਾ ਸੀ। ਉਹ ਕਾਰ ਚਲਾਉਣੀ ਜਾਣਦਾ ਸੀ। ਬਸ, ਕਾਰ ਸਿੱਖਣ ਦੇ ਚਾਅ 'ਚ ਦੋਵੇਂ ਜਣੇ ਗੇੜੀ ਲਾਉਣ ਚਲੇ ਗਏ। ਅੱਗੇ ਇਕ ਪਿੰਡ ਦੇ ਕੱਚੇ ਰਸਤੇ 'ਚ ਕਾਰ ਗਾਰੇ 'ਚ ਫਸ ਗਈ, ਮਸਾਂ ਧੱਕਾ-ਧੁੱਕਾ ਲਗਾ ਕੇ ਕਢਾਈ ਤੇ ਨੇੜਲੇ ਖੇਤਾਂ 'ਚ ਚੱਲਦੀ ਮੋਟਰ ਤੋਂ ਧੋ ਕੇ ਘਰ ਵਾਪਸ ਆਏ ਤਾਂ ਦੇਖਿਆ ਕਿ ਪਿਤਾ ਜੀ ਤੇ ਉਹ ਸੱਜਣ ਗੇਟ 'ਤੇ ਹੀ ਸਾਨੂੰ ਉਡੀਕ ਰਹੇ ਸਨ। ਉਹ ਸੱਜਣ ਤਾਂ ਆਪਣੀ ਕਾਰ ਦੀ ਚਾਬੀ ਫੜ ਕੇ ਚਲਾ ਗਿਆ ਤੇ ਨਾਲ ਹੀ ਉਹ ਦੋਸਤ ਵੀ ਖਿਸਕ ਗਿਆ ਪਰ ਪਿੱਛੋਂ ਪਿਤਾ ਜੀ ਨੇ ਚੰਗੀ ਭੁਗਤ ਸਵਾਰੀ। ਬਸ, ਏਦਾਂ ਹੀ ਕਾਰ ਚਲਾਉਣੀ ਸਿੱਖ ਗਿਆ।

ਪੰਜਾਬ ਤੋਂ ਆਪਣੇ ਬਿਦਰ (ਕਰਨਾਟਕਾ) ਵਿਚਲੇ ਕਾਲਜ 'ਚ ਰੇਲਗੱਡੀ ਵਿਚ ਆਉਣ-ਜਾਣ ਸਮੇਂ ਰਸਤੇ 'ਚ ਜਿੰਨੇ ਵੀ ਸਟੇਸ਼ਨ ਆਉਣੇ, ਉੱਥੇ ਉੱਤਰਨਾ ਹੀ ਉੱਤਰਨਾ, ਜਿਵੇਂ ਰੇਲਵੇ ਵਿਭਾਗ ਨੇ ਸਾਨੂੰ ਕੋਈ ਵੱਡੀ ਜ਼ਿੰਮੇਵਾਰੀ ਸੌਂਪੀ ਹੋਈ ਹੋਵੇ। ਨਾਗਪੁਰ ਵਿਖੇ ਗੱਡੀ 20-25 ਮਿੰਟ ਰੁਕਦੀ ਸੀ। ਉੱਥੇ ਕਈ ਮੁੰਡੇ ਹਰ ਵਾਰ ਗੱਡੀ 'ਚੋਂ ਉੱਤਰ ਕੇ ਸਟੇਸ਼ਨ ਦੇ ਬਾਹਰੋਂ ਸ਼ਰਾਬ ਜਾਂ ਬੀਅਰ ਦੀ ਬੋਤਲ ਲੈ ਕੇ ਆਉਂਦੇ ਹੁੰਦੇ ਸੀ। ਕਈ ਵਾਰ ਗੱਡੀ ਆਪਣੇ ਸਮੇਂ 'ਤੇ ਚੱਲ ਪੈਂਦੀ ਤੇ ਉਹ ਮੁੰਡੇ ਖ਼ੱਜਲ-ਖ਼ੁਆਰ ਹੁੰਦੇ ਪਿੱਛੋਂ ਕਿਸੇ ਹੋਰ ਗੱਡੀ 'ਚ ਆਉਂਦੇ।

ਕਈ ਵਾਰੀ ਚੰਡੀਗੜ੍ਹ ਤੋਂ ਦਿੱਲੀ ਤਕ ਬੱਸ 'ਚ ਜਾਂਦੇ ਹੁੰਦੇ ਸੀ। ਇਕ ਗੇੜੇ ਇਕ ਦੋਸਤ ਇਕ ਬੱਸ ਰਾਹੀਂ ਦਿੱਲੀ ਜਾ ਰਿਹਾ ਸੀ। ਰਸਤੇ 'ਚ ਬੱਸਾਂ ਹਰਿਆਣੇ ਦੇ ਢਾਬੇ 'ਤੇ ਰੁਕਦੀਆਂ ਸਨ, ਜਿੱਥੇ ਸਾਰੇ ਯਾਤਰੀ ਚਾਹ-ਪਾਣੀ ਪੀਂਦੇ ਸਨ। ਉਹ ਦੋਸਤ ਵੀ ਉਕਤ ਢਾਬੇ 'ਤੇ ਬੈਠਾ ਖਾਂਦਾ-ਪੀਂਦਾ ਰਿਹਾ। ਉਸ ਨੂੰ ਭੁਲੇਖਾ ਰਿਹਾ ਕਿ ਉਸ ਵਾਲੀ ਬੱਸ ਹਾਲੇ ਉੱਥੇ ਹੀ ਖੜ੍ਹੀ ਹੈ ਜਦਕਿ ਉਹ ਬੱਸ ਜਾ ਚੁੱਕੀ ਸੀ ਤੇ ਉਸ ਥਾਂ 'ਤੇ ਉਹਦੇ ਵਰਗੀ ਹੋਰ ਬੱਸ ਖੜ੍ਹੀ ਸੀ। ਜਦੋਂ ਕੁਝ ਦੇਰ ਬਾਅਦ ਉਹ ਆ ਕੇ ਆਪਣੀ ਸੀਟ 'ਤੇ ਬੈਠਣ ਲੱਗਿਆ ਤਾਂ ਉੱਥੇ ਕੋਈ ਹੋਰ ਸਵਾਰੀ ਬੈਠੀ ਸੀ। ਸਾਰੀ ਗੱਲ ਪਤਾ ਲੱਗਣ 'ਤੇ ਉਸ ਦੇ ਹੋਸ਼ ਉੱਡ ਗਏ ਕਿਉਂਕਿ ਉਸ ਦੇ ਬੈਗ 'ਚ ਪੈਸੇ, ਕੱਪੜਿਆਂ ਆਦਿ ਤੋਂ ਇਲਾਵਾ ਉਸ ਦਾ ਰੋਲ ਨੰਬਰ ਵੀ ਸੀ। ਉਹ ਡਰਾਈਵਰ ਦੇ ਕੋਲ ਇੰਜਣ 'ਤੇ ਹੀ ਜਾ ਬੈਠਿਆ ਤੇ ਮਿੰਟ-ਮਿੰਟ 'ਤੇ ਡਰਾਈਵਰ ਨੂੰ ਬੱਸ ਭਜਾਉਣ ਲਈ ਕਹਿੰਦਾ ਰਿਹਾ। ਬੜੀ ਮਸ਼ੱਕਤ ਨਾਲ ਦਿੱਲੀ ਬੱਸ-ਅੱਡੇ 'ਤੇ ਉਸ ਨੂੰ ਉਸ ਦਾ ਬੈਗ ਮਿਲਿਆ ਤਾਂ ਉਸ ਦੇ ਸਾਹ 'ਚ ਸਾਹ ਆਏ।



ਸਾਰੇ ਮੁੰਡੇ ਦਿੱਲੀ ਸਟੇਸ਼ਨ 'ਤੇ ਇਕੱਠੇ ਹੋ ਜਾਂਦੇ। ਉੱਥੋਂ ਗੱਡੀ ਚੱਲਣ 'ਚ 3-4 ਘੰਟਿਆਂ ਦਾ ਸਮਾਂ ਹੁੰਦਾ ਸੀ, ਇਸ ਲਈ ਕਿਸੇ ਸਾਊ ਜਿਹੇ ਮੁੰਡੇ ਨੂੰ ਸਾਮਾਨ ਕੋਲ ਖੜਾਅ ਕੇ ਬਾਕੀ ਸਾਰਿਆਂ ਨੇ ਬਾਹਰ ਘੁੰਮਣ ਚਲੇ ਜਾਣਾ ਤੇ ਗੱਡੀ ਚੱਲਣ ਮੌਕੇ ਹੀ ਵਾਪਸ ਮੁੜਨਾ। ਦਿੱਲੀ ਵਰਗੇ ਸਟੇਸ਼ਨ 'ਤੇ ਵੀ ਸਾਡਾ ਸਾਮਾਨ ਸਹੀ-ਸਲਾਮਤ ਹੀ ਰਿਹਾ। ਇਸ ਤਰ੍ਹਾਂ ਗੱਡੀ 'ਚ ਬੈਠਦਿਆਂ ਸਾਰ ਆਪਣਾ-ਆਪਣਾ ਸਾਮਾਨ ਸੀਟਾਂ ਨਾਲ ਚੈਨ-ਲੌਕ ਕਰ ਕੇ ਪਹਿਲੇ ਤੋਂ ਲੈ ਕੇ ਅਖੀਰਲੇ ਡੱਬੇ ਤਕ ਸਾਰੀ ਰੇਲਗੱਡੀ ਦਾ ਮੁਆਇਨਾ ਕਰਨਾ ਵੀ ਨਾ ਭੁੱਲਣਾ।

ਇਕ ਵਾਰੀ ਬਿਦਰ ਕਾਲਜ 'ਚ ਵਿਦਿਆਰਥੀਆਂ ਨੇ ਕਿਸੇ ਗੱਲੋਂ ਹੜਤਾਲ ਕਰ ਦਿੱਤੀ ਤੇ ਉਹ ਪ੍ਰਿੰਸੀਪਲ ਦੇ ਦਫ਼ਤਰ ਸਾਹਮਣੇ 'ਪ੍ਰਿੰਸੀਪਲ ਮੁਰਦਾਬਾਦ' ਦੇ ਨਾਅਰੇ ਲਗਾਉਣ ਲੱਗੇ। ਕੁਝ ਦੇਰ ਬਾਅਦ ਪ੍ਰਿੰਸੀਪਲ ਸਰ ਵੀ ਬਾਹਰ ਆ ਕੇ ਖੜ੍ਹੇ ਹੋ ਗਏ। ਉਨ੍ਹਾਂ ਨੂੰ ਸਾਹਮਣੇ ਦੇਖ ਕੇ ਸਾਰੇ ਮੁੰਡੇ ਹੌਲੀ-ਹੌਲੀ ਖਿਸਕ ਗਏ। ਮੁਖੀ ਮੁੰਡੇ ਦੀ ਸਰ ਵੱਲ ਪਿੱਠ ਸੀ, ਇਸ ਲਈ ਉਸ ਨੂੰ ਪ੍ਰਿੰਸੀਪਲ ਦੇ ਆਉਣ ਬਾਬਤ ਪਤਾ ਨਹੀਂ ਲੱਗਿਆ ਤੇ ਉਹ ਇਕੱਲਾ ਹੀ ਨਾਅਰੇ ਲਗਾਉਂਦਾ ਰਿਹਾ। ਉਪਰੰਤ ਪ੍ਰਿੰਸੀਪਲ ਉਸ ਦਾ ਹੱਥ ਫੜ ਖਿੱਚਦੇ ਹੋਏ ਆਪਣੇ ਦਫ਼ਤਰ 'ਚ ਲੈ ਗਏ ਤੇ ਅੰਦਰ ਉਸ ਨਾਲ ਕੀ ਬੀਤੀ, ਇਹ ਅੱਜ ਤਕ ਕੋਈ ਨਹੀਂ ਜਾਣਦਾ ਪਰ ਉਸ ਤੋਂ ਬਾਅਦ ਕਾਲਜ 'ਚ ਕਦੇ ਹੜਤਾਲ ਨਹੀਂ ਹੋਈ।

ਹੋਸਟਲ ਵਾਰਡਨ ਰੋਜ਼ ਰਾਤ ਨੂੰ ਮੁੰਡਿਆਂ ਦੀ ਐਂਟਰੀ ਕਰਦਾ ਹੁੰਦਾ ਸੀ। ਅਸੀਂ ਵਾਰਡਨ ਦੇ ਕਮਰੇ ਦੇ ਪਿਛਲੇ ਪਾਸੇ ਜਾ ਕੇ ਬਾਰੀ ਥਾਣੀਂ ਪਾਣੀ ਦੀ ਭਰੀ ਬਾਲਟੀ ਅੰਦਰ ਡੋਲ ਦਿੱਤੀ। ਵਾਰਡਨ ਸਮੇਤ ਐਂਟਰੀ ਵਾਲਾ ਰਜਿਸਟਰ ਵੀ ਗਿੱਲਾ ਹੋ ਗਿਆ। ਨਾਲ ਦੀ ਨਾਲ ਸਾਹਮਣੇ ਪਾਸੇ ਤੋਂ ਦੀ ਜਾ ਕੇ ਵਾਰਡਨ ਨਾਲ ਹਮਦਰਦੀ ਜਤਾਉਣੀ ਤੇ ਨਵਾਂ ਐਂਟਰੀ ਰਜਿਸਟਰ ਬਣਾਉਣ 'ਚ ਉਸ ਦੀ ਮਦਦ ਵੀ ਕਰਨੀ, ਕਿਉਂਕਿ ਇਸ ਤਰ੍ਹਾਂ ਕਰਨ ਨਾਲ ਅਸੀਂ ਆਪਣੀ ਹਾਜ਼ਰੀ ਵੀ ਪਾ ਲੈਂਦੇ। ਕਈ ਵਾਰ ਪੰਜਾਬ ਵਾਪਸੀ ਸਮੇਂ ਗੱਡੀ 'ਚ ਰਿਜ਼ਰਵੇਸ਼ਨ ਨਾ ਮਿਲਣੀ ਤਾਂ ਜਨਰਲ ਡੱਬੇ 'ਚ ਸਾਰੇ ਰਸਤੇ ਬਿਨਾ ਅੰਜਾਮ ਦੀ ਪ੍ਰਵਾਹ ਕੀਤਿਆਂ ਸਥਾਨਕ ਲੋਕਾਂ ਨਾਲ ਸੀਟਾਂ ਪਿੱਛੇ ਲੜਦੇ ਰਹਿਣਾ। ਬਿਦਰ ਓਦੋਂ ਸਕੂਟਰਾਂ-ਮੋਟਰਸਾਈਕਲਾਂ 'ਤੇ 3-3 ਮੁੰਡੇ ਪੁਲਿਸ ਵਾਲਿਆਂ ਦੇ ਸਾਹਮਣਿਓਂ ਏਦਾਂ ਲੰਘਦੇ ਹੁੰਦੇ ਸੀ ਜਿਵੇਂ ਇਹ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਹੋਵੇ। ਉੱਥੋਂ ਦੀ ਪੁਲਿਸ ਕੋਲ ਉਸ ਸਮੇਂ ਸਾਈਕਲ ਹੁੰਦੇ ਸੀ। ਨਾ ਕਿਸੇ ਨੂੰ ਚਲਾਨ ਦਾ ਡਰ ਤੇ ਨਾ ਕਾਗਜ਼ ਪੱਤਰ ਦਿਖਾਉਣ ਦੀ ਚਿੰਤਾ।

ਬਿਦਰ ਦੇ ਗੁਰਦੁਆਰੇ 'ਚ ਹਰ ਰੋਜ਼ ਸੰਗਤ ਨੂੰ ਇਤਿਹਾਸ ਸੁਣਾਇਆ ਜਾਂਦੈ। ਇਸ ਮੌਕੇ ਕੁਝ ਸੀਨੀਅਰ ਮੁੰਡਿਆਂ ਨੇ ਗੁਰਦੁਆਰੇ ਚਲੇ ਜਾਣਾ, ਉਨ੍ਹਾਂ 'ਚੋਂ ਇਕ ਨੂੰ ਗਾਉਣ ਦਾ ਸ਼ੌਕ ਸੀ। ਮੈਨੂੰ ਯਾਦ ਹੈ ਕਿ ਉਸ ਨੇ ਸਮਾਂ ਲੈ ਕੇ 'ਪੱਤਾ-ਪੱਤਾ ਸਿੰਘਾਂ ਦਾ ਵੈਰੀ' ਗੀਤ ਗਾਉਣ ਲੱਗ ਜਾਣਾ ਤੇ ਵਿਚੋਂ ਕਿਸੇ ਨਾਲ ਦੇ ਮੁੰਡੇ ਨੇ ਉਸ ਨੂੰ ਕੁਝ ਰੁਪਏ ਇਨਾਮ ਦੇਣਾ, ਜਿਸ ਦੀ ਦੇਖਾ-ਦੇਖੀ ਹੋਰ ਲੋਕਾਂ ਨੇ ਵੀ ਆਪਣੀ ਸਮਰੱਥਾ ਅਨੁਸਾਰ ਪੈਸੇ ਦੇ ਦੇਣੇ। ਉਨ੍ਹਾਂ ਪੈਸਿਆਂ ਨਾਲ ਸਾਰਿਆਂ ਨੇ ਰਲ ਪਾਰਟੀ ਕਰ ਲੈਣੀ। ਉਧਰੋਂ ਬਾਬਾ ਉਨ੍ਹਾਂ ਤੋਂ ਵੀ ਵੱਧ ਸਕੀਮੀ, 5-7 ਦਿਨਾਂ ਬਾਅਦ ਹੀ ਗੁਰਦੁਆਰੇ ਵਾਲੇ ਬਾਬੇ ਨੇ ਸਮਾਂ ਦੇਣ ਦੇ ਨਾਲ ਹੀ ਕਹਿ ਦਿੱਤਾ ਕਿ ਇਹ ਮੁੰਡਾ ਬਹੁਤ ਸੋਹਣਾ ਗਾਉਂਦੈ, ਇਸ ਨੂੰ ਜੋ ਵੀ ਮਾਇਆ ਇਨਾਮ ਦੇ ਰੂਪ 'ਚ ਮਿਲਦੀ ਹੈ, ਇਹ ਗੋਲਕ 'ਚ ਹੀ ਪਾ ਦਿੰਦੈ। ਬਸ, ਉਸ ਤੋਂ ਬਾਅਦ ਨਹੀਂ ਉੱਥੇ ਗਾਇਆ ਉਸ ਨੇ 'ਪੱਤਾ-ਪੱਤਾ ਸਿੰਘਾਂ ਦਾ ਵੈਰੀ'।

ਦਸਹਿਰੇ-ਦੀਵਾਲੀ ਮੌਕੇ ਬਿਦਰ ਮਹੀਨੇ ਕੁ ਦੀਆਂ ਛੁੱਟੀਆਂ ਹੁੰਦੀਆਂ ਸਨ। ਪੰਜਾਬ ਆ ਕੇ ਇਥੋਂ ਵਾਲੇ ਚਾਰ-ਪੰਜ ਦੋਸਤਾਂ ਨਾਲ ਚਨਾਰਥਲ ਦਸਹਿਰਾ ਦੇਖਣ ਚਲੇ ਗਏ। ਮੇਲੇ ਤੋਂ ਬਾਅਦ ਉਸੇ ਪਿੰਡ ਰਹਿੰਦੇ ਇਕ ਹੋਰ ਦੋਸਤ ਦੇ ਘਰ ਚਲੇ ਗਏ। ਅਸਲ 'ਚ ਉਹ ਮੁੰਡਾ ਸਾਡੇ ਇਕ ਬੇਲੀ ਦਾ ਮਾਮਾ ਸੀ ਪਰ ਹਮ-ਉਮਰ ਹੋਣ ਕਾਰਨ ਉਹ ਵੀ ਸਾਡੇ ਨਾਲ ਹੀ ਘੁੰਮਦਾ ਹੁੰਦਾ ਸੀ, ਮਤਲਬ ਦੋਸਤ ਹੀ ਸੀ ਇਕ ਤਰ੍ਹਾਂ ਨਾਲ। ਉੱਥੇ ਬੈਠਿਆਂ-ਬੈਠਿਆਂ ਗੱਲਾਂ ਕਰਦਿਆਂ ਕਿਸੇ ਨੇ ਕਿਹਾ ਯਾਰ ਸ਼ਿਮਲਾ ਨਹੀਂ ਦੇਖਿਆ ਕਦੇ, ਬਸ ਸ਼ਿਮਲੇ ਜਾਣ ਦੀ ਸਲਾਹ ਬਣ ਗਈ। ਫੇਰ ਕਹਿੰਦੇ ਯਾਰ ਉੱਥੇ ਠੰਢ ਹੋਵੇਗੀ, ਕੱਪੜੇ ਤਾਂ ਹੈ ਨਹੀਂ ਤੇ ਨਾ ਹੀ ਪੈਸੇ ਨੇ ਇੰਨੇ। ਨਾਲ ਹੀ ਮਾਮੇ ਨੇ ਆਪਣੀ ਅਲਮਾਰੀ ਖੋਲ੍ਹ ਕੇ ਕੋਟੀਆਂ-ਸਵਾਟਰਾਂ ਨਾਲ ਮੇਰੀ ਮਾਰੂਤੀ ਕਾਰ ਦੀ ਡਿੱਗੀ ਭਰ ਦਿੱਤੀ। ਉਹ ਕਹਿੰਦਾ ਪੈਸੇ ਵੀ ਹੈਗੇ ਮੇਰੇ ਕੋਲ, ਬਾਅਦ 'ਚ ਮੈਨੂੰ ਹਿੱਸੇ ਦੇ ਹਿਸਾਬ ਨਾਲ ਦੇ ਦਿਓ। ਸਹਿਮਤੀ ਬਣ ਗਈ ਤੇ ਸਰਹਿੰਦ ਘਰ ਆ ਗਏ ਪਰ ਘਰ ਦੇ ਮੰਨਣ ਨਾ। ਫੇਰ ਉਹੀ ਮਾਮਾ ਹੀ ਕੰਮ ਆਇਆ। ਘਰੇ ਕਿਹਾ ਕਿ ਇਕ ਦੋਸਤ ਦੇ ਮਾਮਾ ਜੀ ਵੀ ਸਾਡੇ ਨਾਲ ਜਾ ਰਹੇ ਹਨ ਤਾਂ ਘਰਦਿਆਂ ਨੂੰ ਤਸੱਲੀ ਹੋਈ ਕਿ ਕੋਈ ਸਿਆਣਾ ਬੰਦਾ ਨਾਲ ਜਾ ਰਿਹੈ। ਇਸ ਤਰ੍ਹਾਂ ਕਾਲਕਾ-ਪਿੰਜੌਰ ਪਹੁੰਚਦਿਆਂ ਨੂੰ ਰਾਤ ਦੇ 11 ਵੱਜ ਗਏ। ਉੱਥੇ ਸੜਕ ਤੋਂ ਰਾਤ ਨੂੰ ਲਾਲਿਆਂ ਦੀ ਕੋਈ ਬਰਾਤ ਲੰਘ ਰਹੀ ਸੀ। ਮਾਹੌਲ ਇੰਨਾ ਵਧੀਆ ਬਣਿਆ ਕਿ ਕਾਰ ਸਾਈਡ 'ਤੇ ਲਾ ਕੇ ਉਨ੍ਹਾਂ ਦੀ ਬਰਾਤ 'ਚ ਹੀ ਘੰਟਾ ਭੰਗੜਾ ਪਾਉਂਦੇ ਰਹੇ। ਉਨ੍ਹਾਂ ਨੇ ਵੀ ਸਰਦਾਰ ਹੋਣ ਦੇ ਨਾਤੇ ਸਾਡੀ ਪੂਰੀ ਇੱਜ਼ਤ ਕੀਤੀ ਤੇ ਅਸੀਂ ਵੀ ਉਨ੍ਹਾਂ ਦੇ ਵਿਆਹ ਦੀਆਂ ਖ਼ੁਸ਼ੀਆਂ 'ਚ ਚਾਰ ਚੰਨ ਲਾ ਦਿੱਤੇ। ਇਸ ਤਰ੍ਹਾਂ ਤੜਕੇ 3 ਵਜੇ ਦੇ ਕਰੀਬ ਉੱਥੇ ਪਹੁੰਚ ਕੇ ਅਸੀਂ ਪਹਿਲੀ ਵਾਰੀ ਸ਼ਿਮਲਾ ਦੇਖਿਆ। ਵੀਹ ਸਾਲ ਹੋ ਗਏ ਹੋਣੇ ਇਸ ਗੱਲ ਨੂੰ, ਪਰ ਕਿਸੇ ਨੇ ਵੀ ਮਾਮੇ ਨੂੰ ਖਰਚੇ ਦੇ ਪੈਸੇ ਨਹੀਂ ਦਿੱਤੇ ਤੇ ਨਾ ਹੀ ਕਦੇ ਮਾਮੇ ਨੇ ਮੰਗੇ ਹੀ ਨੇ।

ਇਕ ਵਾਰੀ ਬਿਦਰ ਦੀਵਾਲੀ ਮਨਾਉਣ ਦਾ ਸਬੱਬ ਬਣਿਆ। ਉੱਥੇ ਹੋਸਟਲ ਦੇ ਬਾਹਰ 4 ਢਾਬੇ ਹੁੰਦੇ ਸਨ। ਦੀਵਾਲੀ ਵਾਲੀ ਰਾਤ ਨੂੰ ਉਨ੍ਹਾਂ ਢਾਬੇ ਵਾਲਿਆਂ ਨੇ ਲਕਸ਼ਮੀ ਪੂਜਾ ਕੀਤੀ ਤੇ ਰਾਤ ਨੂੰ ਆਪਣੀਆਂ ਦੁਕਾਨਾਂ ਖੁੱਲ੍ਹੀਆਂ ਛੱਡ ਕੇ ਆਪਣੇ ਘਰ ਚਲੇ ਗਏ। ਲਕਸ਼ਮੀ ਦਾ ਪਤਾ ਨਹੀਂ ਆਈ ਕਿ ਨਹੀਂ ਪਰ ਅਸੀਂ ਉਸ ਰਾਤ ਰਸਗੁੱਲੇ, ਗੁਲਾਬ-ਜਾਮਨਾਂ ਖਾ-ਖਾ ਕੇ ਆਪਣੇ ਢਿੱਡ ਅਫ਼ਰਾ ਲਏ। ਉਹ ਦੀਵਾਲੀ ਵਾਲੀ ਰਾਤ ਅੱਜ ਵੀ ਚੇਤਿਆਂ 'ਚ ਵੱਸੀ ਹੋਈ ਹੈ। ਏਦਾਂ ਹੀ ਪੰਜਾਬ ਵਾਪਸੀ ਸਮੇਂ ਤੜਕੇ 5 ਕੁ ਵਜੇ ਆਗਰਾ ਸਟੇਸ਼ਨ ਆਉਂਦਾ ਹੁੰਦਾ ਸੀ ਜਿੱਥੋਂ ਯਾਤਰੀ ਅੱਧ-ਸੁੱਤੇ ਜਿਹੇ ਹੀ ਪੇਠਾ ਖ਼ਰੀਦ ਕੇ ਆਪਣੇ ਬੈਗਾਂ ਕੋਲ ਹੀ ਰੱਖ ਕੇ ਫੇਰ ਸੌਂ ਜਾਂਦੇ। ਅਸੀਂ ਨਾਲ ਦੀ ਨਾਲ ਉਹ ਪੇਠਾ ਚਟਰ ਕਰ ਕੇ ਬਾਅਦ 'ਚ ਆਪ ਵੀ ਸੌਂ ਜਾਂਦੇ।

ਇੱਧਰ ਪੰਜਾਬ 'ਚ ਹੋਲੀ ਵਾਲੇ ਦਿਨ 25-30 ਯਾਰ-ਬੇਲੀ ਇਕੱਠੇ ਹੋਣੇ, ਸਭ ਤੋਂ ਪਹਿਲਾਂ ਮਿਸਤਰੀ ਕੋਲ ਜਾ ਕੇ ਆਪਣੇ-ਆਪਣੇ ਸਕੂਟਰਾਂ ਦੇ ਸਾਈਲੰਸਰ ਖੁਲਵਾਉਣੇ ਤੇ ਫਿਰ ਰੰਗਾਂ ਦੇ ਭਰੇ ਥੈਲੇ ਸਕੂਟਰਾਂ 'ਤੇ ਲੱਦ ਕੇ ਆਲੇ-ਦੁਆਲੇ ਦੇ ਸ਼ਹਿਰਾਂ 'ਚ ਹੋਲੀ ਖੇਡਦੇ ਰਹਿਣਾ। ਹਨੇਰਾ ਹੋਣ 'ਤੇ ਹੀ ਘਰ ਮੁੜਨਾ।

ਇਕ ਵਾਰੀ ਗਰਮੀ ਦੀਆਂ ਛੁੱਟੀਆਂ 'ਚ ਦੋਸਤਾਂ ਨਾਲ ਨੇੜਲੇ ਕਸਬੇ ਬੱਸੀ ਪਠਾਣਾ ਵਿਖੇ ਬੈਠੇ ਸੀ। ਅਚਾਨਕ ਵਿਚੋਂ ਕਿਸੇ ਨੇ ਕਿਹਾ ਕਿ ਯਾਰ ਇਸ ਵਾਰੀ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਚੱਲਦੇ ਹਾਂ। ਬਸ ਫਿਰ ਕੀ ਸੀ, ਸਵੇਰੇ ਹੀ ਜਾਣ ਦੀ ਸਲਾਹ ਬਣਾ ਲਈ। ਘਰ ਇਹ ਦੱਸਿਆ ਕਿ ਇਕ ਦੋਸਤ ਦੀ ਭੈਣ ਦੇ ਦਿਓਰ ਦਾ ਵਿਆਹ ਹੈ ਅੰਬਾਲੇ। ਉੱਥੇ ਤਿੰਨ-ਚਾਰ ਦਿਨ ਪਹਿਲਾਂ ਜਾਣੈ ਵਿਆਹ ਦਾ ਕੰਮਕਾਰ ਕਰਵਾਉਣ ਲਈ। ਤਿੰਨ ਸਕੂਟਰਾਂ 'ਤੇ ਅਸੀਂ ਪੰਜ ਜਣਿਆਂ ਨੇ ਦੂਜੇ ਦਿਨ ਤੜਕੇ ਹੀ ਕੈਮਰਾ, ਵਾਕਮੈਨ ਆਦਿ ਨਾਲ ਲੈ ਕੇ ਹੇਮਕੁੰਟ ਸਾਹਿਬ ਨੂੰ ਚਾਲੇ ਪਾ ਦਿੱਤੇ। ਓਦੋਂ ਨਾ ਸਕੂਟਰ ਚੱਜ ਨਾਲ ਚਲਾਉਣੇ ਆਉਂਦੇ ਸੀ, ਨਾ ਪਤਾ ਸੀ ਕਿ ਕਿੰਨੇ ਕਿਲੋਮੀਟਰ ਹੈ, ਕਿੰਨੇ ਪੈਸੇ ਚਾਹੀਦੇ ਹਨ ਤੇ ਕਿੰਨਾ ਤੇਲ ਲੱਗੇਗਾ। ਇਕ ਦੂਜੇ ਸਕੂਟਰ ਨੂੰ ਟੋਚਨ ਲਗਾ ਕੇ ਜਾਂਦੇ ਰਹੇ ਤਾਂ ਕਿ ਪੈਟਰੋਲ ਦੀ ਕੁਝ ਬੱਚਤ ਕੀਤੀ ਜਾ ਸਕੇ। ਰਸਤੇ 'ਚ ਘੁੰਮਦੇ-ਘੁਮਾਉਂਦੇ ਹਰਿਦੁਆਰ ਪਹੁੰਚ ਗਏ। ਉੱਥੇ ਗੰਗਾ ਨਦੀ ਕਿਨਾਰੇ ਫ਼ੋਟੋਆਂ ਖਿੱਚਦਿਆਂ ਨੂੰ ਸ਼ਾਮ ਪੈ ਗਈ। ਦਰਅਸਲ ਸਾਡੇ ਮਨ 'ਚ ਭੁਲੇਖਾ ਸੀ ਕਿ ਰਿਸ਼ੀਕੇਸ਼ ਹੀ ਹੇਮਕੁੰਟ ਸਾਹਿਬ ਹੈ। ਅਸੀਂ ਸੋਚਿਆ ਕਿ ਇੱਥੋਂ 30 ਕੁ ਕਿਲੋਮੀਟਰ ਹੀ ਰਹਿ ਗਿਆ ਹੈ, ਸੋ ਆਰਾਮ ਨਾਲ ਚੱਲਾਂਗੇ। ਉੱਥੇ ਕਿਸੇ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਰਿਸ਼ੀਕੇਸ਼ ਤੋਂ 300 ਕਿਲੋਮੀਟਰ ਦਾ ਪਹਾੜੀ ਸਫ਼ਰ ਤੈਅ ਕਰਨ ਤੋਂ ਬਾਅਦ ਆਉਂਦੈ ਹੇਮਕੁੰਟ ਸਾਹਿਬ। ਇਹ ਸੁਣ ਕੇ ਤਾਂ ਸਾਡੇ ਸਾਹ ਹੀ ਸੁੱਕ ਗਏ। ਸਾਰੇ ਜਣਿਆਂ ਨੇ ਫ਼ੈਸਲਾ ਕੀਤਾ ਕਿ ਇਮਾਨਦਾਰੀ ਨਾਲ ਆਪਣੀਆਂ-ਆਪਣੀਆਂ ਜੇਬਾਂ 'ਚ ਦੇਖੋ ਕਿ ਕਿੰਨੇ ਕੁ ਪੈਸੇ ਹਨ, ਕਿਉਂਕਿ ਹੁਣ ਦੁਬਾਰਾ ਸਕੂਟਰਾਂ ਦੀਆਂ ਟੈਂਕੀਆਂ ਪੈਟਰੋਲ ਨਾਲ ਫੁੱਲ ਕਰਵਾਉਣੀਆਂ ਪੈਣੀਆਂ ਸਨ। ਓਦੋਂ ਨਾ ਤਾਂ ਏ.ਟੀ.ਐਮ. ਤੇ ਨਾ ਹੀ ਮੋਬਾਈਲ ਫ਼ੋਨ ਹੁੰਦੇ ਸਨ। ਸੋ, ਰਾਤ ਨੂੰ ਰਿਸ਼ੀਕੇਸ਼ ਪਹੁੰਚੇ ਤੇ ਬਜਟ ਘੱਟ ਹੋਣ ਕਾਰਨ ਦੂਜੇ ਦਿਨ ਇਕ ਸਕੂਟਰ ਰਿਸ਼ੀਕੇਸ਼ ਹੀ ਖੜਾਅ ਦਿੱਤਾ ਅਤੇ ਪੰਜਾਂ ਨੇ ਦੋ ਸਕੂਟਰਾਂ 'ਤੇ ਹੇਮਕੁੰਟ ਸਾਹਿਬ ਦੀ ਯਾਤਰਾ ਕੀਤੀ। ਇਸ ਯਾਤਰਾ ਦਾ ਬਿਰਤਾਂਤ ਵੱਖਰੇ ਲੇਖ 'ਚ ਵਰਣਨ ਕਰਾਂਗਾ। ਰਾਹ 'ਚ ਕਈ ਦੁਰਘਟਨਾਗ੍ਰਸਤ ਗੱਡੀਆਂ ਖੜ੍ਹੀਆਂ ਦੇਖੀਆਂ ਪਰ ਉਸ ਚੀਜ਼ ਤੋਂ ਸਬਕ ਲੈਣ ਦੀ ਬਜਾਏ ਅਸੀਂ ਉਨ੍ਹਾਂ ਟੁੱਟੀਆਂ ਗੱਡੀਆਂ ਦੇ ਉੱਪਰ ਚੜ੍ਹ-ਚੜ੍ਹ ਕੇ ਫ਼ੋਟੋਆਂ ਖਿਚਵਾਈਆਂ, ਜਿਹੜੀਆਂ ਮੇਰੇ ਕੋਲ ਅੱਜ ਵੀ ਮੌਜੂਦ ਹਨ। ਜਦੋਂ 7-8 ਦਿਨਾਂ ਬਾਅਦ ਵਾਪਸ ਆ ਕੇ ਘਰਦਿਆਂ ਨੂੰ ਹੇਮਕੁੰਟ ਸਾਹਿਬ ਬਾਰੇ ਦੱਸਿਆ ਤਾਂ ਸਾਡੇ ਨਾਲ ਜੋ ਹੋਇਆ ਉਹ ਇੱਥੇ ਦੱਸਣਾ ਵਾਜਬ ਨਹੀਂ ਹੈ।

ਏਦਾਂ ਹੀ ਇਕ ਦੋਸਤ ਦੇ ਮੰਗਣੇ ਦੀ ਪਾਰਟੀ 'ਚ ਅਸੀਂ 10-15 ਦੋਸਤ ਫੋਟੋਗ੍ਰਾਫਰ ਨੂੰ ਨਾਲ ਲੈ ਕੇ ਫਲੋਟਿੰਗ ਰੇਸਤਰਾਂ ਚਲੇ ਗਏ। ਖਾ-ਪੀ ਕੇ ਫ਼ੋਟੋਆਂ ਖਿਚਵਾਉਂਦੇ ਤੇ ਮੂਵੀ ਬਣਾਉਂਦੇ-ਬਣਾਉਂਦੇ ਅਸੀਂ ਫਲੋਟਿੰਗ ਵਾਲੀ ਰੇਲਿੰਗ ਟੱਪ ਕੇ ਉਨ੍ਹਾਂ ਸਿਲੰਡਰਾਂ 'ਤੇ ਆ ਖੜ੍ਹੇ ਹੋਏ ਜਿਨ੍ਹਾਂ 'ਤੇ ਸਾਰਾ ਰੇਸਤਰਾਂ ਤੈਰਦਾ ਹੈ। ਸ਼ਾਇਦ ਇਹ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਸੀ, ਜਦੋਂ ਮੌਤ ਸਾਥੋਂ ਸਿਰਫ ਦੋ-ਤਿੰਨ ਫੁੱਟ ਦੀ ਦੂਰੀ 'ਤੇ ਸੀ। ਉੱਪਰੋਂ, ਓਦੋਂ ਕਿਸੇ ਨੂੰ ਤੈਰਨਾ ਵੀ ਨਹੀਂ ਸੀ ਆਉਂਦਾ ਤੇ ਹੇਠਾਂ ਠਾਠਾਂ ਮਾਰਦਾ ਭਾਖੜਾ ਨਹਿਰ ਦਾ ਪਾਣੀ। ਹੁਣ ਜਦੋਂ ਵੀ ਉੱਥੋਂ ਲੰਘੀਦਾ ਹੈ ਜਾਂ ਜਾਈਦਾ ਹੈ ਤਾਂ ਉਹ ਦ੍ਰਿਸ਼ ਸੋਚ ਕੇ ਸੱਚੀਂ ਰੂਹ ਕੰਬ ਜਾਂਦੀ ਹੈ। ਕੋਈ ਲੱਖਾਂ ਰੁਪਏ ਵੀ ਦੇਵੇ, ਤਾਂ ਵੀ ਕਦੇ ਭੁੱਲ ਕੇ ਵੀ ਉੱਥੇ ਨਾ ਚੜ੍ਹੀਏ।

ਕੁਝ ਨਿੱਜੀ ਤੇ ਕੁਝ ਨੇੜਲੇ ਯਾਰਾਂ-ਦੋਸਤਾਂ ਦੇ ਰਿਸਕੀ ਤਜਰਬੇ ਸਾਂਝੇ ਕਰਨ ਦਾ ਮਕਸਦ ਇਹੀ ਹੈ ਕਿ ਹਮੇਸ਼ਾ ਜੋਸ਼ ਦੇ ਨਾਲ-ਨਾਲ ਹੋਸ਼ ਵੀ ਕਾਇਮ ਰੱਖਣਾ ਚਾਹੀਦਾ ਹੈ। ਸਿੱਧੇ ਸ਼ਬਦਾਂ 'ਚ ਅਸੀਂ ਇਸ ਨੂੰ ਰੱਬ ਦੀ ਸੁਵੱਲੀ ਨਜ਼ਰ ਜਾਂ ਮਿਹਰ ਹੀ ਮੰਨ ਸਕਦੇ ਹਾਂ ਪਰ ਇਹ ਰੱਬੀ ਮਿਹਰ ਕਈ ਵਾਰੀ ਸਾਰਿਆਂ ਨੂੰ ਨਹੀਂ ਮਿਲਦੀ। ਅੱਜ ਉਮਰ ਦੇ 40ਵਿਆਂ 'ਚ ਜਾ ਕੇ ਇਨ੍ਹਾਂ ਗੱਲਾਂ ਬਾਰੇ ਸੋਚਣ 'ਤੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਅਸੀਂ ਤਾਂ ਹੁਣ ਅਜਿਹੇ ਕੰਮਾਂ ਤੋਂ ਤੌਬਾ ਕਰ ਚੁੱਕੇ ਹਾਂ ਤੇ ਅੱਲ੍ਹੜ ਉਮਰ ਦੇ ਨੌਜਵਾਨਾਂ ਨੂੰ ਅਜਿਹੇ ਕੰਮ ਨਾ ਕਰਨ ਦੀ ਬੇਨਤੀ ਕਰਦੇ ਹਾਂ। ਹੁਣ ਜਦੋਂ ਅਸੀਂ ਬੱਚਿਆਂ ਨੂੰ ਏਦਾਂ ਦੀਆਂ ਸ਼ਰਾਰਤਾਂ ਕਰਦੇ ਦੇਖਦੇ ਹਾਂ ਤਾਂ ਹਾਸੇ ਦੇ ਨਾਲ-ਨਾਲ ਗ਼ੁੱਸਾ ਵੀ ਆਉਂਦਾ ਹੈ। ਕਈ ਤਾਂ 900 ਚੂਹਿਆਂ ਵਾਲੀ ਉਦਾਹਰਨ ਵੀ ਦੇਣਗੇ ਪਰ ਇਹ ਵੀ ਤਾਂ ਸਚਾਈ ਹੈ ਕਿ ਅਨਮੋਲ ਜ਼ਿੰਦਗੀ ਦੀ ਡੋਰ ਜੇਕਰ ਇਕ ਵਾਰ ਟੁੱਟ ਜਾਵੇ ਤਾਂ ਉਹ ਮੁੜ ਕਦੇ ਨਹੀਂ ਜੁੜਦੀ। ਸੋ ਇਕ ਵਾਰ ਮਿਲੀ ਜ਼ਿੰਦਗੀ ਨੂੰ ਹਜ਼ਾਰਾਂ, ਲੱਖਾਂ, ਕਰੋੜਾਂ ਵਾਰ ਜੀਓ। ਸ਼ਰਾਰਤਾਂ ਵੀ ਕਰੋ, ਕਿਉਂਕਿ ਸ਼ਰਾਰਤਾਂ ਜਾਂ ਅਠਖੇਲੀਆਂ ਕਰਨ ਦੀ ਉਮਰ ਵੀ ਤਾਂ ਇਹੀ ਹੈ ਪਰ ਧਿਆਨ ਨਾਲ। ਕਿਉਂਕਿ ਤੁਹਾਡੇ ਨਾਲ ਤੁਹਾਡੇ ਤੋਂ ਇਲਾਵਾ ਤੁਹਾਡੇ ਮਾਪੇ, ਯਾਰ-ਦੋਸਤ ਤੇ ਰਿਸ਼ਤੇਦਾਰ ਵੀ ਜੁੜੇ ਹੋਏ ਹਨ। ਅੱਲ੍ਹੜ ਉਮਰੇ ਤੁਰ ਗਈ ਔਲਾਦ ਦਾ ਵਿਛੋੜਾ ਅਸਹਿ ਹੁੰਦਾ ਹੈ।

# ਪਰਵਾਸੀ ਜ਼ਿੰਦਗੀ ਦਾ ਸ਼ੀਸ਼ਾ 'ਹਨੇਰੇ ਰਾਹ'

***'ਹਨੇਰੇ ਰਾਹ' ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ ਹੈ। ਇਸ ਤੋਂ ਪਹਿਲਾਂ ਉਹਨੇ ਪੰਜਾਬ ਅਤੇ ਪਰਵਾਸੀ ਜ਼ਿੰਦਗੀ ਬਾਰੇ ਉਮਦਾ ਕਹਾਣੀਆਂ ਦੀ ਰਚਨਾ ਕੀਤੀ ਹੈ। ਨਾਵਲ ਵਿਚ ਕੈਨੇਡਾ ਵਿਚ ਵਸਣਾ ਚਾਹੁਣ ਵਾਲਿਆਂ ਦੀ ਔਖੇ ਹਾਲਾਤ ਦਾ ਮਾਰਮਿਕ ਚਿਤਰਨ ਹੈ। ਇਸ ਲੇਖ ਵਿਚ ਸਤਵੰਤ ਸ. ਦੀਪਕ ਨੇ ਇਸ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਹੈ।***

'ਹਨੇਰੇ ਰਾਹ' ਨਾਵਲ ਕੈਨੇਡਾ ਦੇ ਪੰਜਾਬੀ ਗਲਪਕਾਰ ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ ਹੈ। ਉਂਝ ਉਹ ਕਹਾਣੀਆਂ ਦੀਆਂ ਕਿਤਾਬਾਂ 'ਬੀ ਜੀ ਮੁਸਕਰਾ ਪਏ' (2006), 'ਬਾਰਾਂ ਬੂਹੇ' (2013) ਤੇ 'ਪ੍ਰਿਜ਼ਮ' (2017); 'ਟੈਕਸੀਨਾਮਾ' (2012, ਵਾਰਤਕ), 'ਕਿਲ੍ਹੇ ਦੇ ਮੋਤੀ' (2017, ਅਨੁਵਾਦ), 'ਬਰਫਖੋਰ ਹਵਾਏਂ' (2017, ਹਿੰਦੀ ਵਿਚ ਅਨੁਵਾਦ ਕਹਾਣੀਆਂ) ਨਾਲ ਸਮਰੱਥ ਲੇਖਕ ਅਤੇ ਅਨੁਵਾਦਕ ਦੇ ਤੌਰ 'ਤੇ ਪੰਜਾਬੀ ਸਾਹਿਤ ਜਗਤ ਵਿਚ ਸਥਾਪਤ ਹੋ ਚੁੱਕਾ ਹੈ। 2020 ਵਿਚ ਉਸ ਦੀਆਂ ਹੁਣ ਤੱਕ ਦੀਆਂ ਸਾਰੀਆਂ ਕਹਾਣੀਆਂ ਦੀ ਕਿਤਾਬ 'ਡੱਗੀ' ਛਪ ਚੁੱਕੀ ਹੈ। 2018 ਵਿਚ ਉਹ 'ਢਾਹਾਂ ਟਰਸਟ ਸਾਹਿਤ ਸਨਮਾਨ' ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। ਹਰਪ੍ਰੀਤ ਸੇਖਾ ਨੇ 2012 ਵਿਚ ਡਰਾਈਵਰੀ ਪੇਸ਼ੇ ਨਾਲ ਸਬੰਧਿਤ ਵਾਰਤਕ 'ਟੈਕਸੀਨਾਮਾ' ਲਿਖਿਆ ਸੀ ਜਿਸ ਵਿਚ ਟੈਕਸੀ ਕਿੱਤੇ ਨਾਲ ਸਬੰਧਿਤ ਸਮੱਸਿਆਵਾਂ ਅਤੇ



ਟੈਕਸੀ ਕਾਰੋਬਾਰ ਨਾਲ ਜੁੜੇ ਅੰਕੜਿਆਂ ਦਾ ਵਰਣਨ ਸੀ। ਹੁਣ ਨਾਵਲ 'ਹਨੇਰੇ ਰਾਹ' ਵਿਚ ਉਸ ਨੇ ਕੈਨੇਡਾ ਵਿਚਲੇ ਦੋ ਵਿਆਪਕ ਤੇ ਵਿਸ਼ਾਲ ਮੁੱਦਿਆਂ ਨੂੰ ਕੇਂਦਰੀ ਧੁਰਾ ਬਣਾ ਕੇ ਨਾਵਲ ਦੀ ਕਹਾਣੀ

**ਸਤਵੰਤ ਸ. ਦੀਪਕ (ਕੈਨੇਡਾ)**
**ਫੋਨ: (604)-910-9953**

ਬੁਣੀ ਹੈ: ਐੱਲ.ਐੱਮ.ਆਈ.ਏ., ਭਾਵ (ਲੇਬਰ ਮਾਰਕੀਟ ਲੇਬਰ ਅਸੈੱਸਮੈਂਟ) ਜ਼ਰੀਏ ਵਰਕ ਪਰਮਿਟ ਲੈਣ ਖਾਤਰ ਟਰੱਕ ਚਾਲਕਾਂ ਅਤੇ ਸਟੂਡੈਂਟ ਵੀਜ਼ੇ 'ਤੇ ਆਏ ਵਿਦਿਆਰਥੀਆਂ ਦਾ ਟਰੱਕ ਮਾਲਕਾਂ, ਬੈਂਕੁਇਟ ਹਾਲ ਮਾਲਕਾਂ, ਇਮੀਗ੍ਰੇਸ਼ਨ ਕੰਸਲਟੈਂਟਾਂ ਅਤੇ ਮਿਡਲਮੈਨਾਂ (ਦਲਾਲਾਂ) ਵੱਲੋਂ ਆਰਥਿਕ ਅਤੇ ਮਾਨਸਿਕ ਸ਼ੋਸ਼ਣ। ਇਹ ਦੋਨੋਂ ਕਹਾਣੀਆਂ ਨਾਲੋ-ਨਾਲ ਚੱਲਦੀਆਂ ਹਨ।

ਬਹੁਤ ਸਾਰੇ ਵਿਦੇਸ਼ੀ ਟਰੱਕ ਡਰਾਈਵਰਾਂ ਦਾ ਸੁਪਨਾ ਹੈ ਕਿ ਉਹ ਕੈਨੇਡਾ ਆ ਕੇ ਟਰੱਕ ਚਲਾਉਣ। ਇਸ ਦਾ ਸਬੰਧ ਸ਼ਾਇਦ ਇੱਕ ਪਾਸੇ ਦੇਸ਼ ਦੀ ਵਿਸ਼ਾਲਤਾ ਅਤੇ ਦੂਜੇ ਪਾਸੇ ਕੈਨੇਡਾ ਦੀ ਕੌਮਾਂਤਰੀ ਪੱਧਰ 'ਤੇ ਬਹੁਤ ਚੰਗੀ ਸਾਖ ਨਾਲ ਹੈ। ਲੌਂਗ ਹਾਲ ਟਰੱਕ ਚਾਲਕਾਂ ਦੀ ਵੱਡੀ ਡਿਮਾਂਡ ਅਤੇ ਨੌਕਰੀ ਦੀਆਂ ਅਸਾਮੀਆਂ ਕੈਨੇਡੀਅਨ ਟਰਾਂਸਪੋਰਟੇਸ਼ਨ ਸੈਕਟਰ ਲਈ ਨਿਰੰਤਰ ਚੁਣੌਤੀ ਬਣੀਆਂ ਹੋਈਆਂ ਹਨ। ਸਰਕਾਰੀ ਨੀਤੀਆਂ ਇਸ ਕਿੱਤੇ ਵਿਚ ਕੈਨੇਡਾ ਵਿਚ ਨੌਕਰੀਆਂ ਦੀ ਤਲਾਸ਼ ਕਰ ਰਹੇ ਯੋਗਤਾ ਪ੍ਰਾਪਤ ਵਿਦੇਸ਼ੀ ਕਾਮਿਆਂ ਨੂੰ ਕੈਨੇਡਾ ਦੇ ਵਰਕ ਵੀਜ਼ੇ ਦੀ ਪੇਸ਼ਕਸ਼ ਕਰਦੀਆਂ ਹਨ। ਕੈਨੇਡੀਅਨ ਟਰਾਂਸਪੋਰਟੇਸ਼ਨ ਸੈਕਟਰ ਨੂੰ 2024 ਤੱਕ 48,000 ਤੱਕ ਲੌਂਗ ਹਾਲ ਟਰੱਕ ਡਰਾਈਵਰਾਂ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਸ ਦਾ ਮਤਲਬ ਹੈ ਕਿ ਕੈਨੇਡਾ ਇਮੀਗ੍ਰੇਸ਼ਨ ਅਭਿਲਾਸ਼ੀਆਂ ਵਾਸਤੇ ਸ਼ਾਨਦਾਰ ਮੌਕਾ ਹੈ।


ਸਭ ਤੋਂ ਪਹਿਲਾਂ ਐੱਲ.ਐੱਮ.ਆਈ.ਏ. ਬਾਰੇ ਵਿਸਥਾਰ ਵਿਚ ਜਾਣਨਾ ਪ੍ਰਸੰਗਕ ਹੋਵੇਗਾ। ਐੱਲ.ਐੱਮ.ਆਈ.ਏ. ਕੈਨੇਡਾ ਸਰਕਾਰ (ਸਰਵਿਸਜ਼ ਕੈਨਡਾ) ਦਾ ਜਾਰੀ ਕੀਤਾ ਦਸਤਾਵੇਜ਼ ਹੈ ਜੋ ਕੈਨੇਡੀਅਨ ਰੁਜ਼ਗਾਰਦਾਤਾਵਾਂ ਨੂੰ ਕਿਸੇ ਵਿਦੇਸ਼ੀ ਕਾਮੇ ਨੂੰ ਆਪਣੀ ਕੰਪਨੀ ਵਾਸਤੇ ਕੰਮ ਕਰਨ ਲਈ ਲਿਆਉਣ ਵਾਸਤੇ ਹਰੀ ਝੰਡੀ ਦਿੰਦਾ ਹੈ। ਐੱਲ.ਐੱਮ.ਆਈ.ਏ. ਜਾਰੀ ਕਰਨ ਦਾ ਮਤਲਬ ਇਹ ਹੈ ਕਿ ਕੈਨੇਡੀਅਨ ਰੁਜ਼ਗਾਰਦਾਤਾ ਨੇ ਸਰਵਿਸਜ਼ ਕੈਨਡਾ ਨੂੰ ਸਫਲਤਾਪੂਰਵਕ ਜਚਾ ਦਿੱਤਾ ਹੈ ਕਿ ਉਹਨਾਂ ਨੂੰ ਸੱਚਮੁੱਚ ਕਾਮੇ ਦੀ ਲੋੜ ਹੈ ਜਿਸ ਨੂੰ ਉਹ ਕੈਨੇਡਾ ਵਿਚੋਂ ਭਰਤੀ ਕਰਨ ਦੇ ਯੋਗ ਨਹੀਂ ਸਨ ਅਤੇ ਇਹ ਕਿ ਕਿਸੇ ਵਿਦੇਸ਼ੀ ਕਾਮੇ ਨੂੰ ਕੈਨੇਡਾ ਲਿਆਉਣ ਦਾ ਸਥਾਨਕ ਲੇਬਰ ਮਾਰਕਿਟ 'ਤੇ ਉਸਾਰੂ ਜਾਂ ਨਿਰਪੱਖ ਅਸਰ ਪੈਣ ਦੀ ਸੰਭਾਵਨਾ ਹੈ। ਇੱਕ ਵਾਰ ਜਦੋਂ ਉਹਨਾਂ ਦੇ ਕੈਨੇਡੀਅਨ ਰੁਜ਼ਗਾਰਦਾਤਾ ਉਹਨਾਂ ਵਾਸਤੇ ਐੱਲ.ਐੱਮ.ਆਈ.ਏ. ਹਾਸਲ ਕਰ ਲੈਂਦੇ ਹਨ ਤਾਂ ਵਿਦੇਸ਼ੀ ਕਾਮਿਆਂ ਨੂੰ ਕੈਨੇਡਾ ਵਿਚ ਕਾਨੂੰਨੀ ਤੌਰ 'ਤੇ ਕੰਮ ਕਰਨ ਲਈ ਅਧਿਕਾਰਿਤ ਹੋਣ ਤੋਂ ਪਹਿਲਾਂ ਵਰਕ ਪਰਮਿਟਾਂ ਵਾਸਤੇ ਅਰਜ਼ੀ ਦੇਣੀ ਹੁੰਦੀ ਹੈ। ਬੱਸ ਇਹੀ ਪੁਆੜੇ ਦੀ ਜੜ੍ਹ ਹੈ, ਇਹੀ ਚੋਰ-ਮੋਰੀ ਹੈ, ਇਸ ਦੇ ਜ਼ਰੀਏ ਵਿਦੇਸ਼ੀ ਕਾਮਿਆਂ ਨੂੰ ਪੱਕੇ ਕਰਵਾਉਣ ਲਈ ਐੱਲ.ਐੱਮ.ਆਈ.ਏ. ਜਾਰੀ ਕਰਨ ਵਾਲੀਆਂ ਕੰਪਨੀਆਂ ਜਾਂ ਮਾਲਕ, ਇਮੀਗ੍ਰੇਸ਼ਨ ਕੰਸਲਟੈਂਟਾਂ ਅਤੇ ਮਿਡਲਮੈਨਾਂ (ਦਲਾਲਾਂ) ਦੀ ਮਿਲੀਭੁਗਤ ਨਾਲ ਉਹ ਕੈਨੇਡਾ ਵਿਚ ਪੱਕੇ ਤੌਰ 'ਤੇ ਸੈੱਟ ਕਰਾਉਣ ਲਈ ਅਭਿਲਾਸ਼ੀ ਕਾਮਿਆਂ ਦਾ ਸ਼ੋਸ਼ਣ ਕਰਦੇ ਹਨ। ਬਦਕਿਸਮਤੀ ਨਾਲ ਇਸ ਸ਼ੋਸ਼ਣ ਵਿਚ ਪੰਜਾਬੀ ਸਭ ਤੋਂ ਅੱਗੇ ਹਨ। ਕੈਨੇਡਾ ਵਿਚ ਛਪਦਾ ਕੋਈ ਪੰਜਾਬੀ ਅਖਬਾਰ ਪੜ੍ਹ ਲਵੋ, ਕੋਈ ਪੰਜਾਬੀ ਰੇਡੀਓ ਸੁਣ ਲਵੋ, ਹਰ ਥਾਂ ਵਪਾਰਕ ਸੰਦੇਸ਼ਾਂ ਵਿਚ ਅਕਸਰ ਸੁਣਦੇ ਹਾਂ ਫਲਾਣੀ ਟਰੱਕਿੰਗ ਕੰਪਨੀ ਨੂੰ ਕੰਮ ਕਰਨ ਲਈ ਐਨੇ ਡਰਾਈਵਰਾਂ ਦੀ ਫੌਰਨ ਲੋੜ ਹੈ, ਐੱਲ.ਐੱਮ.ਆਈ.ਏ. ਵੀ ਉਪਲਬਧ ਹੈ ਜਿਸ ਦਾ ਮਤਲਬ ਹੈ ਕਿ ਮਾਲਕ ਲੁਕਵੇਂ ਢੰਗ ਨਾਲ ਨੌਕਰੀ ਪ੍ਰਾਪਤ ਕਰਨ ਵਾਲਿਆਂ ਅੱਗੇ ਚੋਗਾ ਖਿਲਾਰਦੇ ਹਨ। ਐੱਲ.ਐੱਮ.ਆਈ.ਏ. ਵਾਲੇ ਧੰਦੇ ਵਿਚ ਟਰੱਕਿੰਗ ਕੰਪਨੀਆਂ, ਬੈਂਕੁਇਟ ਹਾਲ, ਰੈਸਟੋਰੈਂਟ, ਫਾਰਮ ਮਾਲਕ, ਮੈਨੂਫੈਕਚਰਿੰਗ, ਹਾਊਸਿੰਗ ਇੰਡਸਟਰੀ, ਲੰਬਰ ਮਿੱਲਾਂ, ਇਥੋਂ ਤੱਕ ਕਿ ਕਈ ਫਰਜ਼ੀ ਗੁਰਦੁਆਰਾ ਸੁਸਾਇਟੀਆਂ ਵੀ ਸ਼ਾਮਲ ਹਨ। ਐੱਲ.ਐੱਮ.ਆਈ.ਏ. ਵਾਲੀ ਇਸ ਪੌੜੀ ਜ਼ਰੀਏ ਕੈਨੇਡਾ ਆਉਣ ਲਈ ਹਰ ਕੋਈ ਬੋਰੀਆ-ਬਿਸਤਰਾ ਬੰਨ੍ਹੀ ਫਿਰਦਾ ਹੈ। ਬਹੁਤ ਸਾਰੇ ਕੇਸਾਂ ਵਿਚ ਜਾਅਲੀ ਪੈਦਾ ਕੀਤੀਆਂ ਜਾਂਦੀਆਂ ਹਨ ਜਿਸ ਨੂੰ ਕਾਨੂੰਨੀ ਤੌਰ 'ਤੇ ਚੁਣੌਤੀ ਦੇਣਾ ਮੁਸ਼ਕਿਲ ਹੁੰਦਾ ਹੈ। ਟਰੱਕਨਿਊਜ਼ ਡਾਟ ਕਾਮ 15 ਅਕਤੂਬਰ 2020 ਅਨੁਸਾਰ, "ਇਹ ਸ਼ੋਸ਼ਣ ਟਰੱਕਿੰਗ ਉਦਯੋਗ ਵਿਚ ਵਿਆਪਕ ਪੱਧਰ 'ਤੇ ਫੈਲਿਆ ਹੋਇਆ ਹੈ ਜਿਸ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਡਰਾਈਵਰਾਂ ਦੀ ਤੀਬਰ ਕਮੀ ਆਈ ਹੈ, ਜਿੱਥੇ ਛੋਟੀਆਂ ਵੱਡੀਆਂ ਟਰੱਕਿੰਗ-ਫਲੀਟ ਕੰਪਨੀਆਂ ਸੰਭਾਵੀ ਕਾਮਿਆਂ ਤੋਂ ਇੱਕ-ਇੱਕ ਐੱਲ.ਐੱਮ.ਆਈ.ਏ. ਵਾਸਤੇ 15,000 ਤੋਂ 60,000 ਡਾਲਰ ਚਾਰਜ ਕਰਦੀਆਂ ਹਨ। ਕਿਸੇ ਕਾਗਜ਼ੀ ਕਾਰਵਾਈ ਤੋਂ ਬਗ਼ੈਰ ਇਹ ਸਭ (ਅੰਦਰਖਾਤੇ) ਨਕਦ ਭੁਗਤਾਨ ਕੀਤਾ ਜਾਂਦਾ ਹੈ।"

ਇਸ ਹਕੀਕਤ ਨੂੰ ਨਾਵਲਕਾਰ ਨੇ ਪੰਨਾ 74 'ਤੇ ਸੱਚੇ-ਸੁੱਚੇ, ਇਮਾਨਦਾਰ ਇਮੀਗ੍ਰੇਸ਼ਨ ਸਲਾਹਕਾਰ ਹਰਵੀਰ ਰਾਹੀਂ ਬਿਆਨਿਆ ਹੈ- "... ਸਾਡੇ ਲੋਕਾਂ ਨੇ ਇਹ ਨਵਾਂ ਰਾਹ ਲੱਭ ਲਿਐ। ਸਰਕਾਰ ਕੋਲ ਝੂਠ ਬੋਲਦੇ ਐ ਕਿ ਸਾਨੂੰ ਕੈਨੇਡਾ 'ਚ ਇਸ ਕੰਮ ਲਈ ਢੁਕਵਾਂ ਉਮੀਦਵਾਰ ਨਹੀਂ ਮਿਲਦਾ, ਸਾਨੂੰ ਕਿਸੇ ਵਿਦੇਸ਼ੀ ਨੂੰ ਜੌਬ ਦੇਣ ਦੀ ਮਨਜ਼ੂਰੀ ਦਿੱਤੀ ਜਾਵੇ। ਇਹ ਮਨਜ਼ੂਰੀ ਲੈਣ ਲਈ ਪ੍ਰੌਸਿਸ 'ਤੇ ਵੱਧ ਤੋਂ ਵੱਧ ਦੋ ਹਜ਼ਾਰ ਖਰਚ ਆਉਂਦੈ। ਥੋੜੇ ਸਾਹਮਣੇ ਐ ਕਿ ਕਿੰਨੇ-ਕਿੰਨੇ ਦੀ ਵੇਚਦੇ ਆ। ਵੇਖੋ, ਜੇ ਕਿਸੇ ਇੰਪਲਾਇਰ ਨੂੰ ਸੱਚੀਂ ਵਿਦੇਸ਼ੀ ਕਾਮਾ ਚਾਹੀਦਾ ਹੈ ਤਾਂ ਉਹ ਆਪ ਸਰਕਾਰ ਦੀ ਫੀਸ ਭਰੇ ਤੇ ਮਨਜ਼ੂਰੀ ਲੈ ਕੇ ਕਾਮਾ ਰੱਖ ਲਵੇ ਪਰ ਨਹੀਂ, ਇਹ ਧੰਦਾ ਬਣ ਗਿਐ। ਇੰਪਲਾਇਰ ਪਹਿਲਾਂ ਕਿਸੇ ਜੌਬ ਲਈ ਝੂਠੀ ਐਡਵਰਟਾਈਜ਼ਮੈਂਟ ਕਰਦੇ ਆ। ਕਈ ਵਿਚਾਰੇ ਲੋੜਵੰਦ ਉਸ ਜੌਬ ਲਈ ਅਪਲਾਈ ਕਰ ਦਿੰਦੇ ਆ। ਕਿਸੇ ਨਾ ਕਿਸੇ ਤਰੀਕੇ ਇੰਟਰਵਿਊਆਂ 'ਤੇ ਵੀ ਜਾਂਦੇ ਆ ਪਰ ਉਨ੍ਹਾਂ ਨੂੰ ਕੀ ਪਤਾ ਹੁੰਦੈ ਕਿ ਇਹ ਜੌਬ ਤਾਂ ਸਰਕਾਰ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਐਡਵਰਟਾਈਜ਼ ਕੀਤੀ ਹੈ... ਇਸ ਸਾਰੇ ਵਰਤਾਰੇ ਨੂੰ ਵੇਖ ਕੇ ਕੋਫਤ ਹੁੰਦੀ ਐ। ਆਪਣੇ ਆਪ ਨੂੰ ਪੰਜਾਬੀ ਅਖਵਾਉਂਦਿਆਂ ਸ਼ਰਮ ਆਉਂਦੀ ਐ...।"

ਨਾਵਲ ਦਾ ਆਰੰਭ ਕੈਨੇਡਾ ਵਿਚ ਵੱਸਦੇ ਆਪਣੇ ਟਰੱਕ ਚਾਲਕ ਜੀਜੇ ਦੀ ਟਰੱਕ ਹਾਦਸੇ ਵਿਚ ਹੋਈ ਅਚਾਨਕ ਮੌਤ ਕਰਕੇ ਸਸਕਾਰ 'ਤੇ ਪਹੁੰਚਣ ਦੇ ਬਹਾਨੇ ਕੈਨੇਡਾ ਵਿਚ ਪੱਕੇ ਹੋਣ ਖਾਤਰ ਗੁਰਸੀਰ ਅਤੇ ਉਸ ਦੇ ਵੱਡੇ ਭਰਾ ਬਲਵੀਰ ਵਿਚ ਕਸ਼ਮਕਸ਼ ਨਾਲ ਹੁੰਦਾ ਹੈ। ਸਮਾਜਕ ਰਿਸ਼ਤਿਆਂ ਦੀ ਕਿੰਨੀ ਤ੍ਰਾਸਦਿਕ ਵਿਡੰਬਨਾ ਹੈ ਕਿ ਜੀਜੇ ਦੀ ਸ਼ਮਸ਼ਾਨ ਵਾਲੀ ਪੌੜੀ ਰਾਹੀਂ ਉਹ ਕੈਨੇਡਾ ਨੂੰ ਪੌੜੀ ਲਾਉਣ ਦੀ ਤਾਕ ਵਿਚ ਹਨ। ਗੁਰਸੀਰ ਸਮਝਦਾ ਹੈ ਕਿ ਉਸ ਨੂੰ ਕੈਨੇਡਾ ਜਾਣ ਦੀ ਬਲਵੀਰ ਨਾਲੋਂ ਵੱਧ ਲੋੜ ਹੈ ਕਿਉਂਕਿ ਉਸ ਕੋਲ ਡੁਬਾਈ ਵਗੈਰਾ ਮੁਲਕਾਂ ਵਿਚ ਕੰਮ ਕਰਨ ਕਰਕੇ ਟਰੈਵਲ ਹਿਸਟਰੀ ਹੋਣ ਕਰ ਕੇ ਉਸ ਦਾ ਕੰਮ ਆਸਾਨੀ ਨਾਲ ਬਣ ਸਕਦਾ ਹੈ, ਜਦ ਕਿ ਬਲਵੀਰ ਦੀ ਕੋਈ ਟਰੈਵਲ ਹਿਸਟਰੀ ਨਹੀਂ, ਤੇ ਉਸ ਕੋਲ ਤਾਂ ਸਕੂਲ ਅਧਿਆਪਕ ਦੀ ਪੱਕੀ ਨੌਕਰੀ ਹੈ। ਆਖਰ ਫੈਸਲਾ ਗੁਰਸੀਰ ਦੇ ਪੱਖ ਵਿਚ ਹੋ ਜਾਂਦਾ ਹੈ। ਇਸ ਤੋਂ ਅੱਗੇ ਗੁਰਸੀਰ ਦੇ ਕੈਨੇਡਾ ਵਿਚ ਟਰੱਕ ਚਾਲਕ ਬਣਨ ਦੀ ਕਹਾਣੀ ਨਾਵਲਕਾਰ ਦੇ ਆਪਣੇ ਸ਼ਬਦਾਂ ਵਿਚ (ਪੰਨਾ 31) "... ਸਸਕਾਰ 'ਤੇ ਵਿਨੀਪੈਗ ਆਏ ਗੁਰਸੀਰ ਨੇ ਟਰੱਕ ਦਾ ਲਾਈਸੈਂਸ ਲੈ ਲਿਆ ਸੀ। ਗੁਰਸੀਰ ਕੋਲ ਦੁਬਈ 'ਚ ਦੋ ਸਾਲ ਟਰੱਕ ਚਲਾਉਣ ਦਾ ਤਜਰਬਾ ਸੀ। ਇਸ ਲਈ ਉਸ ਨੂੰ ਆਸਾਨੀ ਨਾਲ ਹੀ ਲਾਈਸੈਂਸ ਮਿਲ ਗਿਆ ਸੀ। ਦੁਬਈ ਤੋਂ ਇੰਡੀਆ ਉਹ ਵਿਆਹ ਕਰਵਾਉਣ ਹੀ ਗਿਆ ਸੀ, ਜਦੋਂ ਉਸ ਦੇ ਜੀਜੇ ਦੀ ਮੌਤ ਦੀ ਖਬਰ ਪਹੁੰਚ ਗਈ ਸੀ। ਸਸਕਾਰ 'ਤੇ ਆਏ ਨੂੰ ਐੱਲ.ਐੱਮ.ਆਈ.ਏ. ਨਹੀਂ ਮਿਲੀ ਤਾਂ ਇੰਡੀਆ ਮੁੜ ਗਿਆ ਸੀ। ਕੈਨੇਡਾ 'ਚ ਪੱਕੇ ਹੋਣ ਦਾ ਰਾਹ ਦਿਸਦਾ ਹੋਣ ਕਰ ਕੇ ਉਸ ਨੇ ਦੁਬਈ ਨਾ ਮੁੜਨ ਦਾ ਫੈਸਲਾ ਕਰ ਲਿਆ। ਉਸ ਦੇ ਇਮੀਗ੍ਰੇਸ਼ਨ ਸਲਾਹਕਾਰ ਨੇ ਕਿਹਾ ਸੀ, "ਐਸ ਵਕਤ ਮੇਰੇ ਹੱਥ ਕੋਈ ਐੱਲ.ਐੱਮ.ਆਈ.ਏ. ਨਹੀਂ ਹੈ। ਤੁਹਾਨੂੰ ਵੀ ਛੇ ਮਹੀਨੇ ਹੋਣ ਵਾਲੇ ਐ ਕੈਨੇਡਾ ਆਇਆਂ। ਇਉਂ ਕਰੋ, ਇੰਡੀਆ ਵਾਪਸ ਚਲੇ ਜਾਓ। ਜਿਉਂ ਹੀ ਮੈਨੂੰ ਕੋਈ ਐੱਲ.ਐੱਮ.ਆਈ.ਏ. ਲੱਭੀ, ਮੈਂ ਤੁਹਾਨੂੰ ਫੋਨ ਕਰ ਦੇਵਾਂਗਾ। ਤੁਸੀਂ ਮੁੜ ਆਇਓ, ਨਾਲੇ ਇੰਡੀਆ ਜਾ ਕੇ ਪੈਸੇ ਦਾ ਪ੍ਰਬੰਧ ਕਰ ਲਿਓ।"




*ਹਰਪ੍ਰੀਤ ਸੇਖਾ ਦੇ ਨਾਵਲ 'ਹਨੇਰੇ ਰਾਹ' ਦਾ ਮੁਖੜਾ।*



*ਨਾਵਲ 'ਹਨੇਰੇ ਰਾਹ' ਦਾ ਲਿਖਾਰੀ ਹਰਪ੍ਰੀਤ ਸੇਖਾ।*

ਗੁਰਸੀਰ ਕੈਨੇਡਾ ਪੁਜ ਕੇ ਟਰੱਕ ਮਾਲਕ ਸ਼ਮਿੰਦਰ ਦੀਆਂ ਹਦਾਇਤਾਂ ਅਨੁਸਾਰ 'ਉਸਤਾਦ' ਡਰਾਈਵਰ ਨਾਲ ਟਰੱਕ ਚਲਾਉਣਾ ਸ਼ੁਰੂ ਕਰਦਾ ਹੈ। ਉਸਤਾਦ ਵੀ ਗੁਰਸੀਰ ਵਾਂਗ ਟਰੱਕ ਮਾਲਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਇਆ ਵਿਅਕਤੀ ਹੈ ਪਰ ਉਹ ਆਪਣਾ ਗੁੱਸਾ ਗੁਰਸੀਰ 'ਤੇ ਕੱਢਦਾ ਹੈ। ਆਪਣੀ ਖਿਝ ਕਾਰਨ ਉਹ ਗੁਰਸੀਰ ਨਾਲ ਲਾਪਰਵਾਹੀ ਨਾਲ ਪੇਸ਼ ਆਉਂਦਾ ਹੈ। ਉਸਤਾਦ ਕਦੇ ਸਮੇਂ ਸਿਰ ਨਹੀਂ ਪੁਜਦਾ, ਗੁਰਸੀਰ ਨੂੰ ਪ੍ਰਤੀ ਦਿਨ ਕਈ ਘੰਟੇ ਖੱਜਲ-ਖੁਆਰ ਕਰਦਾ ਹੈ। ਆਪਣੀ ਲਾਪਰਵਾਹੀ ਅਤੇ ਖੁੰਦਕ ਨਾਲ ਓਵਰਸਪੀਡ ਕਰ ਦੂਸਰੇ ਟਰੱਕਾਂ ਨੂੰ ਓਵਰਟੇਕ ਕਰਨ ਦੇ ਦੋਸ਼ ਵਜੋਂ ਪੁਲਿਸ ਵੱਲੋਂ ਕੀਤੇ 300 ਡਾਲਰ ਜੁਰਮਾਨੇ ਅਤੇ ਛੇ ਪੈਨਲਟੀ ਪੁਆਇੰਟਾਂ ਦਾ ਦੋਸ਼ ਵੀ ਉਹ ਗੁਰਸੀਰ ਸਿਰ ਮੜ੍ਹਦਾ ਹੈ। ਉਸਤਾਦ ਦੀ ਲਾਪਰਵਾਹੀ ਕਾਰਨ ਟਰੇਲਰ ਦੀਆਂ ਲਾਈਟਾਂ ਠੀਕ ਨਾ ਹੋਣ ਕਰ ਕੇ ਗੁਰਸੀਰ ਨੂੰ ਵੀ 180 ਡਾਲਰ ਦਾ ਚੂਨਾ ਲੱਗ ਜਾਂਦਾ ਹੈ। ਟਰੱਕ ਮਾਲਕ ਸ਼ਮਿੰਦਰ ਹਿਸਾਬ ਕਰਦਿਆਂ ਗੁਰਸੀਰ ਦੀਆਂ ਬਣਦੀਆਂ ਮੀਲਾਂ ਵਿਚ ਹੇਰਾ-ਫੇਰੀ, ਟਰਾਲੇ ਦੇ ਨੁਕਸਾਨ ਦਾ ਹਰਜਾਨਾ, ਇਮੀਗ੍ਰੇਸ਼ਨ ਕੰਸਲਟੈਂਟ ਦੀ ਫੀਸ ਪਾ ਕੇ ਉਲਟਾ ਗੁਰਸੀਰ ਸਿਰ ਹਜ਼ਾਰ ਡਾਲਰ ਨਿੱਕਲਦੇ ਦਿਖਾਉਂਦਾ ਹੈ।

ਨਾਵਲ ਵਿਚ ਕੈਨੇਡਾ ਦੇ ਨੈਸ਼ਨਲ ਹਾਈਵੇ ਉੱਪਰ ਦਿਨ-ਰਾਤ ਚੱਲਦੇ ਟਰੱਕਾਂ, ਘਰੋਂ ਚੰਗੇ ਭਵਿੱਖ ਦੀ ਤਲਾਸ਼ ਵਿਚ ਤੁਰੇ, ਘਰ ਪਰਿਵਾਰ ਦੀਆਂ ਲੋੜਾਂ ਦੀ ਪੂਰਤੀ ਲਈ ਦਿਨ-ਰਾਤ ਇੱਕ ਕਰਦੇ, ਟੱਬਰ ਦੇ ਜੀਆਂ ਅਤੇ ਘਰ ਦੀਆਂ ਸੁਖ-ਸਹੂਲਤਾਂ ਤੋਂ ਦੂਰ, ਅੱਖਾਂ 'ਚ ਰਾਤਾਂ ਦਾ ਉਨੀਂਦਰਾ ਝੱਲਦੇ, ਟਰੱਕ ਮਾਲਕਾਂ ਦੀਆਂ ਵਧੀਕੀਆਂ ਸਹਿੰਦੇ, ਬਰਫੀਲੇ ਮੌਸਮ ਵਿਚ ਮੌਤ ਦੀ ਘਾਟੀ ਵਰਗੇ ਖਤਰਨਾਕ ਰਾਹਾਂ 'ਤੇ ਰੋਟੀ-ਰੋਜ਼ੀ ਲਈ ਮਜਬੂਰ ਟਰੱਕ ਚਾਲਕਾਂ ਦੀ ਜ਼ਿੰਦਗੀ ਦਾ ਭਰਪੂਰ ਵਰਣਨ ਮਿਲਦਾ ਹੈ। ਅਣਗਿਣਤ ਕੇਸ ਅਜਿਹੇ ਹੁੰਦੇ ਹਨ ਜਿੱਥੇ ਟਰੱਕ ਮਾਲਕਾਂ ਵੱਲੋਂ ਨਵੇਂ ਟਰੱਕ ਚਾਲਕਾਂ ਨੂੰ ਲੋੜੀਂਦੀ ਟਰੇਨਿੰਗ, ਮੌਸਮ ਦੀ ਖਰਾਬੀ ਦੌਰਾਨ ਕੈਨੇਡਾ ਦੇ ਹਾਈਵੇ ਉੱਪਰ ਟਰੱਕ ਚਲਾਉਣ ਲਈ ਲੋੜੀਂਦੀ ਜਾਣਕਾਰੀ, ਤਿਆਰੀ ਅਤੇ ਟਰੇਨਿੰਗ ਨਹੀਂ ਦਿਤੀ ਜਾਂਦੀ। ਸਿੱਟੇ ਵਜੋਂ ਭਿਆਨਕ ਸੜਕ ਹਾਦਸੇ ਵਾਪਰਦੇ ਹਨ। ਅਪਰੈਲ 2018 ਵਿਚ ਜਸਕੀਰਤ ਸਿੰਘ ਸਿੱਧੂ ਨਾਂ ਦੇ ਅਨਟਰੇਂਡ ਟਰੱਕ ਡਰਾਈਵਰ ਨੇ ਸਸਕੈੱਚਵਨ ਦੇ ਇੱਕ ਹਾਈਵੇ 'ਤੇ ਲਗਾਤਾਰ ਸਟਾਪ ਸਾਈਨਾਂ ਦੀ ਉਲੰਘਣਾ ਕਰਦਿਆਂ ਟਰੱਕ ਇੱਕ ਬੱਸ ਉੱਤੇ ਚੜ੍ਹਾ ਦਿੱਤਾ ਸੀ ਜਿਸ ਵਿਚ 16 ਹਾਕੀ ਖਿਡਾਰੀ ਮਾਰੇ ਗਏ ਅਤੇ 13 ਹੋਰ ਜ਼ਖਮੀ ਹੋਏ। ਇੱਕ ਸੋਸ਼ਲ ਵਰਕਰ ਨੇ ਤਾਂ ਇਥੋਂ ਤੱਕ ਕਿਹਾ, ਤੁਸੀਂ ਅਣਸਿੱਖਿਅਤ ਡਰਾਈਵਰਾਂ ਨੂੰ ਆਟੋਮੈਟਿਕ ਟਰੱਕਾਂ 'ਤੇ ਬਿਠਾ ਰਹੇ ਹੋ... ਮੈਂ ਇਸ ਨੂੰ ਸੜਕ 'ਤੇ ਕਤਲ ਕਹਿੰਦਾ ਹਾਂ। ਹਾਂ ਇਹ ਕਤਲ ਹੈ ਜਿਸ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ।" ਅਜਿਹੇ ਹੀ ਇੱਕ ਹਾਦਸੇ ਨਾਲ ਨਾਵਲ ਦਾ ਆਰੰਭ ਹੁੰਦਾ ਹੈ ਜਦ ਗੁਰਸੀਰ ਦਾ ਜੀਜਾ ਕੈਨੇਡਾ ਦੇ ਹਾਈਵੇ ਉੱਪਰ ਟਰੱਕ ਉਲਟ ਜਾਣ ਕਰ ਕੇ ਲੱਗੀ ਅੱਗ ਕਾਰਨ ਥਾਏਂ ਮਾਰਿਆ ਜਾਂਦਾ ਹੈ।

ਕੈਨੇਡਾ ਵਿਚ ਪੱਕਾ ਹੋਣ ਦਾ ਦੂਸਰਾ ਜ਼ਰੀਆ ਹੈ ਇੰਡੀਆ ਵਿਚ ਪੜ੍ਹਾਈ ਵਿਚ ਚੰਗੇ ਬੈਂਡ ਲੈ ਕੇ ਜਾਂ ਕੈਨੇਡਾ ਦੀ ਸਰਕਾਰ ਤੋਂ ਮਨਜ਼ੂਰ-ਸ਼ੁਦਾ ਵਿਦਿਅਕ ਸੰਸਥਾਵਾਂ ਵਿਚ ਦਾਖਲਾ ਲੈ ਕੇ ਕੈਨੇਡਾ ਵਿਚ ਪੜ੍ਹਾਈ ਕਰ ਕੇ ਵਰਕ ਪਰਮਿਟ ਤੇ ਫਿਰ ਪੀ.ਆਰ. ਲੈ ਕੇ ਪੱਕਾ ਹੋਣਾ। ਇਸ ਕੈਟੇਗਰੀ ਵਿਚ ਯੂ.ਐੱਸ.ਏ. ਅਤੇ ਆਸਟਰੇਲੀਆ ਤੋਂ ਬਾਅਦ ਕੈਨੇਡਾ ਵਿਸ਼ਵ ਪੱਧਰ 'ਤੇ ਤੀਜੇ ਸਥਾਨ 'ਤੇ ਹੈ। ਕੈਨੇਡਾ ਵਿਚ ਕੌਮਾਂਤਰੀ ਵਿਦਿਆਰਥੀ ਦੀ ਗਿਣਤੀ ਪਿਛਲੇ ਇੱਕ ਦਹਾਕੇ ਦੌਰਾਨ ਤਿੰਨ ਗੁਣਾ ਵਧ ਕੇ 2019 ਵਿਚ 642,000 ਹੋ ਗਈ ਹੈ। ਕੈਨੇਡੀਅਨ ਵਿਦਿਅਕ ਸੰਸਥਾਵਾਂ ਆਪਣੇ ਵਧਦੇ ਓਪਰੇਟਿੰਗ ਖਰਚਿਆਂ ਵਾਸਤੇ ਫੰਡਾਂ ਦੀ ਪੂਰਤੀ ਲਈ ਅਤੇ ਆਪਣੇ ਆਪ ਨੂੰ ਵਿੱਤੀ ਤੌਰ 'ਤੇ ਸਥਿਰ ਰੱਖਣ ਲਈ ਵਧੇਰੇ ਕੌਮਾਂਤਰੀ ਵਿਦਿਆਰਥੀਆਂ ਦੀ ਭਰਤੀ ਕਰਕੇ ਅਤੇ ਕੈਨੇਡਾ ਦੇ ਨਾਗਰਿਕ ਵਿਦਿਆਰਥੀਆਂ ਨਾਲੋਂ ਤਿੰਨ ਗੁਣਾ ਵੱਧ ਫੀਸ ਬਟੋਰ ਕੇ ਕੌਮਾਂਤਰੀ ਵਿਦਿਆਰਥੀਆਂ ਦਾ ਆਰਥਿਕ ਸ਼ੋਸ਼ਣ ਕਰ ਰਹੀਆਂ ਹਨ।

ਆਪਣੇ ਅਤੇ ਪਰਿਵਾਰ ਦੇ ਭਵਿੱਖ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਅਤੇ ਸਫਲਤਾ ਦੀਆਂ ਪੌੜੀਆਂ ਚੜ੍ਹਨ ਲਈ ਸਭ ਕੁਝ ਦਾਅ 'ਤੇ ਲਾ ਕੇ ਕੈਨੇਡਾ ਵਰਗੇ ਦੇਸ਼ ਜਾਣ ਦੀ ਦੌੜ ਵਿਚ ਭਾਰਤ, ਖਾਸ ਤੌਰ 'ਤੇ ਪੰਜਾਬ ਸਭ ਦੇਸ਼ਾਂ ਨਾਲੋਂ ਮੋਹਰੀ ਹੈ। ਦੇਸ਼ ਅੰਦਰਲੀ ਘੋਰ ਗਰੀਬੀ, ਬੇਰੁਜ਼ਗਾਰੀ, ਭ੍ਰਿਸ਼ਟ ਰਾਜਨੀਤੀ, ਡਰੱਗਜ਼, ਨਾਕਸ ਸਿੱਖਿਆ ਪ੍ਰਣਾਲੀ, ਜਗੀਰੂ ਸਭਿਆਚਾਰਕ ਕਦਰਾਂ-ਕੀਮਤਾਂ ਆਦਿ ਉਨ੍ਹਾਂ ਨੂੰ ਭਾਰਤ ਛੱਡ ਕੈਨੇਡਾ ਵਿਚ ਸੈੱਟ ਹੋਣ ਲਈ ਆਕਰਸ਼ਿਤ ਕਰਦੀ ਹੈ। ਕੈਨੇਡਾ ਸਰਕਾਰ ਦੇ ਅੰਕੜਿਆਂ ਅਨੁਸਾਰ 34% ਕੌਮਾਂਤਰੀ ਵਿਦਿਆਰਥੀ ਭਾਰਤ ਤੋਂ ਆਉਂਦੇ ਹਨ। ਇਸ ਦਾ ਵੱਡਾ ਕਾਰਨ ਅੰਗਰੇਜ਼ੀ ਭਾਸ਼ਾ ਦੀ ਉੱਚ-ਪੱਧਰੀ ਸਿਖਲਾਈ ਅਤੇ ਵੱਡੀ ਮੱਧ-ਸ਼੍ਰੇਣੀ ਹੈ ਜੋ ਭਾਰਤ ਤੋਂ ਆਉਣ ਵਾਲੇ ਕੌਮਾਂਤਰੀ ਵਿਦਿਆਰਥੀ ਨੂੰ ਕੈਨੇਡੀਅਨ ਵਿਦਿਅਕ ਸੰਸਥਾਵਾਂ ਦੁਆਰਾ ਪੇਸ਼ ਕੀਤੇ ਜਾਂਦੇ ਪ੍ਰੋਗਰਾਮਾਂ ਵਾਸਤੇ ਯੋਗ ਬਣਾਉਂਦੀ ਹੈ। ਵਿਦੇਸ਼ੀ ਵਿਦਿਆਰਥੀਆਂ ਲਈ ਕੈਨੇਡਾ ਏਨਾ ਆਕਰਸ਼ਕ ਕਿਉਂ ਹੈ? ਕੈਨੇਡੀਅਨ ਬਿਊਰੋ ਫਾਰ ਇੰਟਰਨੈਸ਼ਨਲ ਐਜੂਕੇਸ਼ਨ (ਸੀ.ਬੀ.ਆਈ.ਈ.) ਅਨੁਸਾਰ, "ਕੌਮਾਂਤਰੀ ਵਿਦਿਆਰਥੀ ਦੇਸ਼ ਦੀ ਸਿੱਖਿਆ ਦੀ ਉੱਚੀ ਕਵਾਲਿਟੀ ਦੇ ਨਾਲ-ਨਾਲ ਬਹੁ-ਸਭਿਆਚਾਰਕ ਅਤੇ ਸਹਿਣਸ਼ੀਲ ਸਮਾਜ ਵਜੋਂ ਜਾਣੀ ਜਾਂਦੀ ਸਾਖ ਕਰਕੇ ਕੈਨੇਡਾ ਦੀ ਚੋਣ ਕਰਦੇ ਹਨ।

ਲਗਭਗ 60% ਕੌਮਾਂਤਰੀ ਵਿਦਿਆਰਥੀਆਂ ਆਪਣੀ ਪੜ੍ਹਾਈ ਤੋਂ ਬਾਅਦ ਕੈਨੇਡਾ ਦੇ ਸਥਾਈ ਵਸਨੀਕ ਬਣਨ ਵਿਚ ਦਿਲਚਸਪੀ ਰੱਖਦੇ ਹਨ। ਭਾਵੇਂ ਕੌਮਾਂਤਰੀ ਵਿਦਿਆਰਥੀ ਕੈਨੇਡੀਅਨ ਵਿਦਿਆਰਥੀਆਂ ਨਾਲੋਂ ਵਧੇਰੇ ਟਿਊਸ਼ਨ ਅਦਾ ਕਰਦੇ ਹਨ ਪਰ ਕੈਨੇਡਾ ਵਿਚ ਉਹਨਾਂ ਦੇ ਸਮੁੱਚੇ ਖਰਚੇ ਯੂ.ਐੱਸ.ਏ., ਆਸਟਰੇਲੀਆ ਅਤੇ ਯੂ. ਕੇ. ਨਾਲੋਂ ਘੱਟ ਹਨ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਕੈਨੇਡੀਅਨ ਡਾਲਰ ਅਮਰੀਕੀ ਡਾਲਰ, ਬ੍ਰਿਟਿਸ਼ ਪੌਂਡ ਅਤੇ ਯੂਰੋ ਨਾਲੋਂ ਕਮਜ਼ੋਰ ਹੈ। ਕੈਨੇਡੀਅਨ ਸਰਕਾਰ ਅਨੁਸਾਰ ਕੌਮਾਂਤਰੀ ਵਿਦਿਆਰਥੀ ਦੇਸ਼ ਦੀ ਆਰਥਿਕਤਾ ਵਿਚ ਸਾਲਾਨਾ ਲਗਭਗ 22 ਬਿਲੀਅਨ ਡਾਲਰ ਦਾ ਯੋਗਦਾਨ ਪਾਉਂਦੇ ਹਨ ਅਤੇ 170,000 ਤੋਂ ਵੱਧ ਜੌਬ ਵੇਕੈਂਸੀਆਂ ਨੂੰ ਪੂਰਾ ਕਰਨ ਵਿਚ ਮਦਦ ਕਰਦੇ ਹਨ।

ਦੂਸਰੀ ਕਹਾਣੀ ਕਰਨਵੀਰ ਨਾਂ ਦੇ ਪਾਤਰ ਦੀ ਹੈ ਜੋ ਚਾਰ ਸਾਲ ਪਹਿਲਾਂ ਸਪੇਨ ਵਿਚ ਪੜ੍ਹਾਈ ਲਈ ਆਇਆ ਸੀ ਪਰ ਉਥੇ ਪਿੱਛੇ ਰਹਿ ਗਏ ਪਰਿਵਾਰ ਨੂੰ ਸਪਾਂਸਰ ਕਰਨ ਦੇ ਚਾਂਸ ਨਾ ਹੋਣ ਕਰ ਕੇ ਉਸ ਨੇ ਕੈਨੇਡਾ ਬਾਰੇ ਸੋਚਿਆ, ਇਸ ਕੰਮ ਲਈ ਉਸ ਦੇ ਆਪਣੇ ਚਚੇਰੇ ਭਰਾ ਨੇ ਵਿਜ਼ਿਟਰ ਦੇ ਤੌਰ 'ਤੇ ਕੈਨੇਡਾ ਬੁਲਾਇਆ ਹੋਇਆ ਸੀ। ਕੈਨੇਡਾ ਆਉਣ ਦਾ ਮਕਸਦ ਕਰਨਵੀਰ ਦੇ ਆਪਣੇ ਸ਼ਬਦਾਂ ਵਿਚ "ਪੜ੍ਹਨ ਦਾ ਸ਼ੌਂਨੂੰ ਪਤਾ ਈ ਏ ਜੀ। ਪੜ੍ਹਨ ਥੋੜ੍ਹੋ, ਕੰਮ ਕਰਨ ਆਈਦਾ ਏ। ਕਰਜ਼ਾ ਲੈ ਕੇ ਆਇਆ ਸੀ। ਉਹ ਵੀ ਲਾਹੁਣਾ ਹੁੰਦਾ ਨਾ।" ਪੀ.ਆਰ. ਲਈ ਕਰਨਵੀਰ 'ਚਿੱਟੀ' ਨਾਂ ਦੇ ਇਮੀਗ੍ਰੇਸ਼ਨ ਸਲਾਹਕਾਰ ਕੋਲ ਜਾਂਦਾ ਹੈ ਜੋ ਉਸ ਦੀ ਸਪੇਨ ਵਿਚ ਕੀਤੀ ਪੜ੍ਹਾਈ ਤਸੱਲੀਬਖਸ਼ ਨਾ ਹੋਣ ਦੀ ਢੂੰਚਰ ਢਾਹੁੰਦਾ ਹੈ ਅਤੇ ਕੈਨੇਡਾ ਵਿਚ ਐੱਲ.ਐੱਮ.ਆਈ.ਏ. ਜ਼ਰੀਏ ਟਰੱਕ ਡਰਾਈਵਰ ਦਾ ਵਰਕ ਪਰਮਿਟ ਦਿਵਾਉਣ ਲਈ ਮੂੰਹ ਪਾੜ ਕੇ 20,000 ਡਾਲਰ ਦੀ ਮੰਗ ਰੱਖਦਾ ਹੈ। ਟਰੱਕ ਦਾ ਲਾਈਸੈਂਸ ਲੈਣ ਤੋਂ ਪਹਿਲਾਂ ਕਾਰ ਦੇ ਲਾਈਸੈਂਸ ਲਈ ਉਸ ਨੂੰ ਇੱਕ 'ਅੰਕਲ' ਦੇ ਹਵਾਲੇ ਕਰ ਦਿੰਦਾ ਹੈ ਜੋ ਰੋਡ ਟੈੱਸਟ ਦੇ 1,500 ਡਾਲਰ, 'ਅੰਕਲ' ਦੀ ਵੱਖਰੀ ਫੀਸ ਅਤੇ ਕਾਰ ਦੇ ਗੈਸ ਦੇ ਖਰਚੇ ਦੀ ਸ਼ਰਤ ਰੱਖ ਦਿੰਦਾ ਹੈ। ਭਾਰਤੀ

**(ਬਾਕੀ ਅਗਲੇ ਸਫੇ 'ਤੇ)**

# ਜੰਗ ਦੀ ਤਬਾਹੀ ਅਤੇ ਵਿਲਕਦੇ ਲੋਕ

**ਯੂਕਰੇਨ ਜੰਗ ਨੇ ਕਈ ਤਰ੍ਹਾਂ ਦੇ ਸਵਾਲ ਪੈਦਾ ਕੀਤੇ ਹਨ। ਉਂਝ, ਇਹ ਤੈਅ ਹੀ ਹੁੰਦਾ ਹੈ ਕਿ ਜੰਗਾਂ ਵਿਚ ਸਭ ਤੋਂ ਵਧੇਰੇ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈਂਦਾ ਹੈ। ਜੰਗ ਲੱਗਣ ਜਾਂ ਲਗਾਉਣ ਦੇ ਕਾਰਨ ਕੁਝ ਵੀ ਹੋ ਸਕਦੇ ਹਨ ਪਰ ਜਦੋਂ ਇਕ ਵਾਰ ਜੰਗ ਲੱਗ ਜਾਂਦੀ ਹੈ ਤਾਂ ਇਸ ਵਿਚ ਆਮ ਆਦਮੀ ਨਪੀੜਿਆ ਜਾਂਦਾ ਹੈ। ਇਸ ਲੇਖ ਵਿਚ ਜਸਦੀਪ ਸਿੰਘ ਨੇ ਜੰਗ ਦੇ ਇਸ ਦਰਦ ਨੂੰ ਸਾਹਿਤ ਦੇ ਜ਼ਰੀਏ ਸਮਝਣ ਅਤੇ ਸਮਝਾਉਣ ਦਾ ਯਤਨ ਕੀਤਾ ਹੈ।**

ਯੂਕਰੇਨ ਯੂਰਪ ਦਾ ਦੂਜਾ ਵੱਡਾ ਮੁਲਕ ਹੈ ਜਿੱਥੇ ਛੇ ਲੱਖ ਕਿਲੋਮੀਟਰ ਖਿੱਤੇ ਵਿਚ 4 ਕਰੋੜ ਲੋਕ ਵਸਦੇ ਹਨ। 77 ਫੀਸਦੀ ਯੂਕਰੇਨੀ ਹਨ ਅਤੇ 17 ਫੀਸਦੀ ਰੂਸੀ ਮੂਲ ਦੇ। ਪਹਿਲਾ ਵੱਡਾ ਮੁਲਕ ਰੂਸ ਹੈ, 1.7 ਕਰੋੜ ਕਿਲੋਮੀਟਰ ਖਿੱਤਾ ਅਤੇ ਵਸੋਂ 15 ਕਰੋੜ। ਬਹੁਤੇ ਲੋਕ ਦੋਵੇਂ ਰੂਸੀ ਅਤੇ ਯੂਕਰੇਨੀ ਬੋਲੀਆਂ ਬੋਲਦੇ ਹਨ। ਨੀਪਰ ਦਰਿਆ ਕੰਢੇ ਵਸਿਆ ਕੀਵ ਸ਼ਹਿਰ ਇਸ ਦੀ ਰਾਜਧਾਨੀ ਹੈ ਅਤੇ ਨੀਪਰ ਘਾਟੀ ਵਿਚ ਹੀ ਨੌਵੀਂ ਸਦੀ ਦਾ 'ਕੀਵਨ ਰੂਸ' ਨਾਮ ਦਾ ਰਾਜ ਹੋਂਦ ਵਿਚ ਆਇਆ। ਬੇਲਾਰੂਸ, ਯੂਕਰੇਨ ਅਤੇ ਰੂਸ, ਤਿੰਨੇ ਕੀਵਨ ਰੂਸ ਰਾਜ ਨੂੰ ਆਪਣੇ ਪੂਰਵਜ ਮੰਨਦੇ ਹਨ। ਰੂਸ ਦੀ ਮੌਜੂਦਾ ਰਾਜਧਾਨੀ ਮਾਸਕੋ ਸ਼ਹਿਰ ਵੀ ਕੀਵ ਵਾਸੀਆਂ ਨੇ ਵਸਾਇਆ ਸੀ। ਮੱਧਕਾਲ ਵਿਚ ਰੂਸ ਵਿਚ ਜ਼ਾਰਸ਼ਾਹੀ ਸੀ ਪਰ ਯੂਕਰੇਨ ਬਹੁਤਾ ਸਮਾਂ ਕਜ਼ਾਕ ਫੌਜੀ ਕਮਾਂਡਰ ਜਿਨ੍ਹਾਂ ਨੂੰ ਹੈਤਮੈਨ ਕਹਿੰਦੇ ਸਨ, ਦੇ ਅਧੀਨ ਰਿਹਾ। ਸੋਵੀਅਤ ਸੰਘ ਬਣਨ ਵੇਲੇ ਰੂਸ ਵਾਂਗ ਇਥੇ ਵੀ ਖਾਨਾਜੰਗੀ ਚੱਲਦੀ ਰਹੀ ਜਿਸ ਵਿਚ ਸ਼ਹਿਰੀ



**ਜਸਦੀਪ ਸਿੰਘ**
**ਫੋਨ: +91-99886-38850**

ਅਮੀਰਾਂ ਨੇ ਰਾਜਸ਼ਾਹੀ ਦੀ ਹਮਾਇਤ ਕੀਤੀ ਅਤੇ ਪੇਂਡੂ ਕਿਸਾਨਾਂ ਨੇ ਬਾਲਸ਼ਵਿਕਾਂ ਦੀ। ਸੋਵੀਅਤ ਯੂਨੀਅਨ ਬਣਨ ਤੋਂ ਬਾਅਦ ਤਾਤਰ ਕਬਾਇਲੀਆਂ ਦੀ ਰਿਆਸਤ ਕਰੀਮੀਆ ਵੀ ਯੂਕਰੇਨ ਦਾ ਹਿੱਸਾ ਬਣ ਗਈ। ਪੂਰਬੀ ਯੂਕਰੇਨ ਵਿਚ ਖਾਣਾਂ ਸਨ ਅਤੇ ਸੋਵੀਅਤ ਦੌਰ ਵਿਚ ਇੱਥੇ ਸਨਅਤ ਵੀ ਵਿਕਸਿਤ ਕੀਤੀ ਗਈ। ਰੂਸੀ ਕਾਮਿਆਂ ਦੀ ਵਸੋਂ ਪੂਰਬੀ ਯੂਕਰੇਨ ਦੇ ਡੋਨਬਾਸ ਅਤੇ ਡੋਨਿਆਸਕ ਇਲਾਕਿਆਂ ਵਿਚ ਵਧੀ।

ਰੂਸ ਨੇ ਇਸੇ ਪੂਰਬੀ ਇਲਾਕੇ ਨੂੰ ਆਜ਼ਾਦ ਕਰਵਾਉਣ ਦੇ ਨਾਂ 'ਤੇ ਯੂਕਰੇਨ ਉਪਰ ਧਾਵਾ ਬੋਲਿਆ ਹੈ। ਸੋਵੀਅਤ ਦੌਰ ਵਿਚ ਰੂਸੀ ਭਾਸ਼ਾ ਦਾ ਬੋਲਬਾਲਾ ਸੀ ਅਤੇ ਯੂਕਰੇਨੀ ਬੋਲੀ ਦੀ ਸਰਕਾਰੇ ਦਰਬਾਰੇ ਕੋਈ ਪੁੱਛ-ਗਿੱਛ ਨਹੀਂ ਸੀ। 1991 ਵਿਚ ਯੂਕਰੇਨ ਆਜ਼ਾਦ ਦੇਸ਼ ਬਣ ਗਿਆ। ਹੌਲੀ-ਹੌਲੀ ਯੂਕਰੇਨੀ ਭਾਸ਼ਾ ਅਤੇ ਯੂਕਰੇਨੀ ਇਤਿਹਾਸ ਸਰਕਾਰੇ ਦਰਬਾਰੇ ਅਸਰ-ਰਸੂਖ ਰੱਖਣ ਲੱਗੇ। ਰੂਸੀ ਬੋਲੀ ਦੋਇਮ ਦਰਜੇ 'ਤੇ ਚਲੀ ਗਈ। 2014 ਵਿਚ ਯੂਕਰੇਨੀ ਲੋਕਾਂ ਦੇ ਵਿਰੋਧ ਨੇ ਰੂਸ ਪੱਖੀ ਪ੍ਰਧਾਨ ਮੰਤਰੀ ਨੂੰ ਅਸਤੀਫਾ ਦੇਣ ਅਤੇ ਰੂਸ ਵਿਚ ਪਨਾਹ ਲੈਣ ਲਈ ਮਜਬੂਰ ਕਰ ਦਿੱਤਾ। ਪੱਛਮੀ ਯੂਰਪ-ਅਮਰੀਕਾ ਪੱਖੀ ਰਾਜਪਲਟੇ ਦੇ ਜਵਾਬ ਵਿਚ ਰੂਸ ਨੇ ਯੂਕਰੇਨ 'ਤੇ ਚੜ੍ਹਾਈ ਕਰ ਦਿੱਤੀ ਅਤੇ ਕਰੀਮੀਆ ਇਲਾਕੇ ਨੂੰ ਆਪਣੇ ਵਿਚ ਰਲਾ ਲਿਆ। ਪੱਛਮੀ ਯੂਕਰੇਨ ਦੀ ਬਹੁਤੀ ਵਸੋਂ ਯੂਰਪ-ਅਮਰੀਕਾ-ਨਾਟੋ ਪੱਖੀ ਹੈ ਅਤੇ ਪੂਰਬੀ ਯੂਕਰੇਨ ਰੂਸ ਪੱਖੀ। ਰਾਸ਼ਟਰਪਤੀ ਜ਼ੈਲੰਸਕੀ ਚਾਹੁੰਦਾ ਸੀ ਕਿ ਯੂਕਰੇਨ ਨੂੰ ਯੂਰਪੀ ਯੂਨੀਅਨ ਅਤੇ ਨਾਟੋ ਵਿਚ ਸ਼ਾਮਿਲ ਕੀਤਾ ਜਾਵੇ। ਰੂਸੀ ਰਾਸ਼ਟਰਪਤੀ ਪੂਤਿਨ ਨੂੰ ਇਹ ਮਨਜ਼ੂਰ ਨਹੀਂ ਸੀ ਅਤੇ 24 ਫਰਵਰੀ 2022 ਨੂੰ ਰੂਸ ਨੇ ਯੂਕਰੇਨ 'ਤੇ ਚੜ੍ਹਾਈ ਕਰ ਦਿੱਤੀ।

ਉੱਘੇ ਯੂਕਰੇਨੀ ਲੇਖਕ ਆਂਦਰੇ ਕੁਰਕੋਵ ਨੇ ਨਿਊ ਯੌਰਕਰ ਮੈਗਜ਼ੀਨ ਵਿਚ ਲਿਖੇ ਲੇਖ 'ਜੰਗ ਦੀ ਵਿਰਾਸਤ ਅਤੇ ਭਾਸ਼ਾ' ਵਿਚ ਲਿਖਿਆ ਹੈ- "ਮੈਂ 1961 ਵਿਚ ਜਨਮਿਆ ਸੀ, ਦੂਜੀ ਸੰਸਾਰ ਜੰਗ ਤੋਂ ਸੋਲਾਂ ਸਾਲਾਂ ਬਾਅਦ, ਇਸ ਜੰਗ ਵਿਚ ਮੇਰਾ ਦਾਦਾ ਚੱਲ ਵਸਿਆ ਸੀ... ਆਪਣੇ ਬਚਪਨ ਵਿਚ ਮੈਂ ਆਪਣੇ ਹਾਣੀਆਂ ਨਾਲ ਲੜਾਈ ਲੜਾਈ



ਪਾਬਲੋ ਪਿਕਾਸੋ ਦਾ ਸੰਸਾਰ ਪ੍ਰਸਿੱਧ ਜੰਗ-ਵਿਰੋਧੀ ਚਿੱਤਰ 'ਗਰਨਿਕਾ'।

ਜਾਂ ਜੰਗ ਲੜਨ ਦੀ ਖੇਡ ਖੇਡਦਾ ਰਿਹਾਂ। ਅਸੀਂ ਦੋ ਫੌਜਾਂ ਵਿਚ ਵੰਡੇ ਜਾਂਦੇ, ਸਾਡੀਆਂ ਅਤੇ 'ਜਰਮਨ' ਫੌਜਾਂ ਵਿਚਕਾਰ। ਕੋਈ ਵੀ 'ਜਰਮਨ' ਬਣ ਕੇ ਖੁਸ਼ ਨਾ ਹੁੰਦਾ, ਇਸ ਲਈ ਅਸੀਂ ਪੁਗਾਟਾ ਕਰਦੇ, ਤੇ ਕਿਸੇ ਨਾ ਕਿਸੇ ਨੂੰ ਖੇਡ ਦੌਰਾਨ ਮੱਲੋ-ਜ਼ੋਰੀ 'ਜਰਮਨ' ਬਣਨਾ ਪੈਂਦਾ। ਇਹ ਪੱਕਾ ਸੀ ਕਿ 'ਜਰਮਨ' ਫੌਜ ਨੇ ਅਖੀਰ ਹਾਰਨਾ ਹੈ। ਅਸੀਂ ਲੱਕੜ ਦੀਆਂ ਕਲਾਸ਼ਨੀਕੋਵ ਬੰਦੂਕਾਂ ਫੜੀ ਭੱਜਦੇ, ਆਪਣੇ ਦੁਸ਼ਮਣਾਂ 'ਤੇ ਅਚਨਚੇਤ ਹਮਲਾ ਕਰਦੇ ਅਤੇ 'ਟਟ-ਟਟ-ਟਟ-ਟਟ' ਕਰਕੇ ਮਸ਼ੀਨਗੰਨ ਦੀ ਆਵਾਜ਼ ਕੱਢਦੇ ਹੋਏ ਉਨ੍ਹਾਂ 'ਤੇ 'ਗੋਲੀਆਂ' ਵਰ੍ਹਾਉਂਦੇ।"

ਕੁਰਕੋਵ ਦੱਸਦਾ ਹੈ ਕਿ ਚੌਥੀ ਜਮਾਤ ਵਿਚ ਜਦੋਂ ਉਸ ਨੂੰ ਸਕੂਲ ਵਿਚ ਕੋਈ ਚੋਣਵੀਂ ਵਿਦੇਸ਼ੀ ਭਾਸ਼ਾ ਚੁਣਨ ਲਈ ਕਿਹਾ ਗਿਆ ਤਾਂ ਉਸ ਨੇ ਜਰਮਨ ਭਾਸ਼ਾ ਨੂੰ ਸਾਫ ਮਨ੍ਹਾ ਕਰ ਦਿੱਤਾ। ਉਸ ਨੇ ਸਾਫ ਕਿਹਾ, "ਉਨ੍ਹਾਂ ਨੇ ਮੇਰੇ ਦਾਦੇ ਅਲੈਕਸੇਈ ਨੂੰ ਮਾਰ ਦਿੱਤਾ ਸੀ!" ਤੇ ਕੋਈ ਵੀ ਉਸ ਦਾ ਮਨ ਬਦਲ ਨਾ ਸਕਿਆ। ਕੁਰਕੋਵ ਅਨੁਸਾਰ, "ਮੈਂ ਅੰਗਰੇਜ਼ੀ ਪੜ੍ਹੀ। ਦੂਸਰੀ ਆਲਮੀ ਜੰਗ ਵਿਚ ਬਰਤਾਨਵੀ ਸਾਡੇ ਭਾਈਵਾਲ ਸਨ। ਬਰਤਾਨਵੀ ਸਾਡੇ ਹਾਲੇ ਵੀ ਭਾਈਵਾਲ ਹਨ ਪਰ 'ਸਾਡੇ' ਦੇ ਅਰਥ ਬਦਲ ਗਏ ਹਨ: ਉਦੋਂ ਇਸ ਦਾ ਮਤਲਬ ਸੋਵੀਅਤ ਸੀ, ਹੁਣ ਇਹ ਯੂਕਰੇਨੀ ਹੈ। ਮੈਂ ਇਹ ਸੋਚ ਕੇ ਉਦਾਸ ਹੁੰਦਾ ਹਾਂ ਕਿ ਇਸ ਜੰਗ ਤੋਂ ਬਾਅਦ, ਜਦੋਂ ਬੱਚਿਆਂ ਨੂੰ ਸਕੂਲ ਵਿਚ ਰੂਸੀ ਭਾਸ਼ਾ ਚੁਣਨ ਲਈ ਕਿਹਾ ਜਾਵੇਗਾ ਤਾਂ ਉਹ ਸਾਫ ਮਨ੍ਹਾ ਕਰ ਦੇਣਗੇ ਅਤੇ ਕਹਿਣਗੇ, 'ਰੂਸੀਆਂ ਨੇ ਮੇਰੇ ਦਾਦੇ ਨੂੰ ਮਾਰ ਦਿੱਤਾ ਸੀ!' ਜਾਂ 'ਰੂਸੀਆਂ ਨੇ ਮੇਰੀ ਛੋਟੀ ਭੈਣ ਨੂੰ ਮਾਰ ਦਿੱਤਾ ਸੀ!' ਇਹ ਪੱਕਾ ਹੋਵੇਗਾ, ਤੇ ਇਹ ਅਜਿਹੇ ਮੁਲਕ ਵਿਚ ਹੋਵੇਗਾ ਜਿੱਥੇ ਵਸੋਂ ਦਾ ਤੀਜਾ ਹਿੱਸਾ ਘਰ ਵਿਚ ਰੂਸੀ ਬੋਲਦਾ ਹੈ, ਜਿੱਥੇ ਮੇਰੇ ਵਰਗੇ ਲੱਖਾਂ ਰੂਸੀ ਵਸਦੇ ਹਨ।"

ਕੁਰਕੋਵ ਇਸ ਜੰਗ ਕਾਰਨ ਬਹੁਤ ਪ੍ਰੇਸ਼ਾਨ ਹੈ; ਉਸ ਅਨੁਸਾਰ ਪੂਤਿਨ ਸਿਰਫ ਯੂਕਰੇਨ ਨੂੰ ਹੀ ਨਹੀਂ, ਰੂਸ ਨੂੰ ਵੀ ਤਬਾਹ ਕਰ ਰਿਹਾ ਹੈ। ਉਹ ਰੂਸੀ ਭਾਸ਼ਾ ਨੂੰ ਵੀ ਤਬਾਹ ਕਰ ਰਿਹਾ ਹੈ। ਉਹ ਕਹਿੰਦਾ ਹੈ, "ਇਸ ਭਿਆਨਕ ਜੰਗ ਦੌਰਾਨ ਰੂਸੀ ਫੌਜ ਦੇ ਸਕੂਲਾਂ, ਯੂਨੀਵਰਸਿਟੀਆਂ ਅਤੇ ਹਸਪਤਾਲਾਂ 'ਤੇ ਬੰਬਾਰੀ ਕਰਨ ਕਰਕੇ ਮੈਨੂੰ ਬਹੁਤ ਵਾਰ ਆਪਣੇ ਰੂਸੀ ਹੋਣ 'ਤੇ ਸ਼ਰਮ ਆਈ ਹੈ ਜਾਂ ਇਸ ਗੱਲ 'ਤੇ ਕਿ ਮੇਰੀ ਮੁੱਢਲੀ ਬੋਲੀ ਰੂਸੀ ਹੈ।





ਜੰਗ ਖਿਲਾਫ ਰੋਹ ਦੀ ਝਲਕ।

ਇਹ ਦੱਸਣ ਲਈ ਕਿ ਇਸ ਵਿਚ ਭਾਸ਼ਾ ਦਾ ਕੋਈ ਦੋਸ਼ ਨਹੀਂ ਹੈ, ਮੈਂ ਕਈ ਰਾਹ ਲੱਭੇ ਹਨ ਜਿਵੇਂ ਇਹ ਸਮਝਣਾ ਕਿ ਰੂਸੀ ਭਾਸ਼ਾ ਪੂਤਿਨ ਦੀ ਜਾਗੀਰ ਨਹੀਂ ਹੈ; ਯੂਕਰੇਨ ਦੇ ਬਹੁਤ ਸਾਰੇ ਸੈਨਿਕ ਰੂਸੀ ਬੋਲਣ ਵਾਲੇ ਹਨ; ਪੂਰਬੀ ਅਤੇ ਦੱਖਣੀ ਯੂਕਰੇਨ ਵਿਚ ਜੰਗ ਦੇ ਬਹੁਤ ਸਾਰੇ ਪੀੜਤ ਵੀ ਰੂਸੀ ਬੋਲਦੇ ਰੂਸੀ ਕੌਮ ਦੇ ਬਾਸ਼ਿੰਦੇ ਹਨ ਪਰ ਹੁਣ ਮੈਂ ਚੁੱਪ ਹੀ ਰਹਿੰਦਾ ਹਾਂ। ਮੈਂ ਯੂਕਰੇਨੀ ਭਾਸ਼ਾ ਚੰਗੀ ਤਰ੍ਹਾਂ ਬੋਲ ਲੈਂਦਾ ਹਾਂ। ਮੇਰੇ ਵਾਸਤੇ ਬਹੁਤ ਸੌਖਾ ਹੈ ਕਿ ਮੈਂ ਗੱਲ ਇਕ ਭਾਸ਼ਾ 'ਚ ਸ਼ੁਰੂ ਕਰਾਂ ਅਤੇ ਖਤਮ ਦੂਜੀ ਭਾਸ਼ਾ ਵਿਚ।"

ਕੁਰਕੋਵ ਅਨੁਸਾਰ, "ਯੂਕਰੇਨ ਅਤੇ ਰੂਸ ਨੇ ਦੂਸਰੀ ਆਲਮੀ ਜੰਗ ਆਪਣੇ ਪਿੰਡੇ 'ਤੇ ਇਕੱਠਿਆਂ ਹੰਢਾਈ ਹੈ... ਇੱਥੋਂ ਦੇ ਕੁਝ ਇਲਾਕਿਆਂ ਦੇ ਲੋਕ ਅਜੇ ਵੀ ਸੰਸਾਰ ਜੰਗ ਵੇਲੇ ਦਾ ਕਬਾੜ ਲੱਭ ਕੇ ਵੇਚਦੇ ਰਹੇ ਹਨ।... ਛੋਟੇ ਹੁੰਦਿਆਂ, ਮੈਨੂੰ ਕੀਵ ਨੇੜਲੇ ਪਿੰਡ ਤਾਰਾਸਵਿਕਾ ਜਾਣਾ ਪਸੰਦ ਸੀ। ਉਥੇ ਦੂਜੀ ਆਲਮੀ ਜੰਗ ਦੌਰਾਨ ਵੱਡੀ ਲੜਾਈ ਹੋਈ ਸੀ। ਮੈਂ ਅਤੇ ਮੇਰਾ ਮਿੱਤਰ ਸ਼ਾਸ਼ਾ ਸੋਲਵਿਓਵ ਰੇਲਗੱਡੀ ਰਾਹੀਂ ਜਾਂਦੇ। ਨਾਲ ਫੌਜੀ-ਕਹੀਆਂ ਲੈ ਕੇ ਜਾਂਦੇ ਤਾਂ ਕਿ ਪਿੰਡ ਨੇੜਲੀਆਂ ਪਹਾੜੀਆਂ ਵਿਚ ਖੁਦਾਈ ਕਰ ਸਕੀਏ। ਉਥੇ ਸਾਨੂੰ ਬੰਦੂਕਾਂ ਜਾਂ ਮਸ਼ੀਨਗੰਨਾਂ ਦੀਆਂ ਗੋਲੀਆਂ ਜਾਂ ਖੋਲ ਲੱਭ ਜਾਂਦੇ। ਕਦੇ ਗ੍ਰਨੇਡਾਂ ਦੇ ਹਿੱਸੇ ਜਾਂ ਵਰਦੀਆਂ ਦੇ ਬਟਨ ਵੀ ਮਿਲ ਜਾਂਦੇ।... ਜ਼ਿਯਤੋਮਿਰ ਇਲਾਕੇ ਦੇ ਲੋਕ ਬੜੇ ਲੰਮੇ ਸਮੇਂ ਤੋਂ ਜੰਗ ਵੇਲੇ ਦੇ ਦੱਬੇ ਖਜ਼ਾਨੇ ਲੱਭਣ ਵਿਚ ਲੱਗੇ ਹੋਏ ਹਨ। ਉਨ੍ਹਾਂ ਕੋਲ ਮਹਿੰਗੇ ਧਾਤ ਖੋਜੂ ਯੰਤਰ ਹਨ ਜਿਹੜੇ ਜ਼ਮੀਨ ਦੇ ਮੀਟਰ ਮੀਟਰ ਹੇਠਾਂ ਤੱਕ ਧਾਤ ਖੋਜ ਸਕਦੇ ਹਨ। ਉਹ ਆਪਣੇ ਵਾਧੂ ਸਮੇਂ ਵਿਚ ਇਨ੍ਹਾਂ ਯੰਤਰਾਂ ਨਾਲ ਖੇਤ ਅਤੇ ਜੰਗਲ ਖੋਜਦੇ ਰਹਿੰਦੇ ਹਨ।"

ਹੁਣ ਰੂਸੀ ਫੌਜ ਦੀ ਕਈ ਹਜ਼ਾਰ ਟਨ ਧਾਤ (ਭਾਵ ਚਲਾਇਆ ਜਾ ਰਿਹਾ ਸਿੱਕਾ ਬਾਰੂਦ) ਯੂਕਰੇਨੀ ਮਿੱਟੀ 'ਤੇ ਅਤੇ ਜ਼ਮੀਨ ਵਿਚ ਦੱਬੀ ਜਾਵੇਗੀ। ਜੰਗ ਤੋਂ ਬਾਅਦ ਯੂਕਰੇਨ ਇਸ ਧਾਤ ਨੂੰ ਚੀਨ ਜਾਂ ਕਿਸੇ ਹੋਰ ਮੁਲਕ ਨੂੰ ਵੇਚ ਦੇਵੇਗਾ ਪਰ ਇਸ ਵੇਲੇ ਟੁੱਟੇ ਭੱਜੇ ਟੈਂਕ ਅਤੇ ਸੜੀਆਂ ਬਲੀਆਂ ਬਖਤਰਬੰਦ ਗੱਡੀਆਂ ਸਾਡੀਆਂ ਸੜਕਾਂ ਅਤੇ ਖੇਤਾਂ ਵਿਚ ਜਮ੍ਹਾਂ ਹੋ ਰਹੀਆਂ ਹਨ। ਉਹ ਸ਼ਹਿਰ ਜਿਹੜੇ ਰੂਸੀ ਫੌਜ ਦੀ ਮਾਰ ਤੋਂ ਬਚੇ ਹਨ, ਮੋਰਚੇ ਪੁੱਟ ਰਹੇ ਹਨ ਅਤੇ ਕੱਚੀਆਂ ਗੜ੍ਹੀਆਂ ਬਣਾ ਰਹੇ ਹਨ। ਉਨ੍ਹਾਂ ਨੂੰ ਪਤਾ ਲੱਗ ਗਿਆ ਹੈ ਕਿ "ਰੱਖਿਆ ਦੀ ਪਹਿਲੀ ਹੱਦ", "ਦੂਜੀ ਹੱਦ" ਅਤੇ "ਤੀਜੀ ਹੱਦ" ਕਿਹੜੀ ਹੈ। ... ਜਦੋਂ ਉਹ ਇਹ ਮੋਰਚੇ ਪੁੱਟ ਰਹੇ ਹੁੰਦੇ ਹਨ, ਅਚਰਜ ਲੱਭਤਾਂ ਮਿਲਦੀਆਂ ਹਨ - ਫੌਜੀ ਚੀਜ਼ਾਂ ਨਹੀਂ, ਥੇਹਾਂ ਵਿਚਲੀਆਂ ਲੱਭਤਾਂ। ਤਾਂਬਾ ਯੁੱਗ ਵੇਲੇ ਦੀਆਂ ਕਦੀਮੀ ਸ਼ੈਆਂ ਮਿਲ ਚੁੱਕੀਆਂ ਹਨ। ਯੂਕਰੇਨ ਦੇ ਥੇਹ ਖੋਜੀਆਂ ਦੀ ਯੂਨੀਅਨ ਨੇ ਕਾਇਦੇ ਜਾਰੀ ਕੀਤੇ ਹਨ ਜਿਸ ਵਿਚ ਹਰ ਕਿਸੇ ਨੂੰ ਸਲਾਹ ਹੈ ਕਿ ਜੇ ਕੁਝ ਪੁਰਾਣੇ ਸਮਿਆਂ ਦਾ ਲੱਭੇ ਤਾਂ ਉਸ ਦੀ ਥਾਂ ਯਾਦ ਕਰ ਕੇ ਨਕਸ਼ੇ 'ਤੇ ਨਿਸ਼ਾਨੀ ਲਾ ਲਈ ਜਾਵੇ ਅਤੇ ਇਸ ਥਾਂ ਨੂੰ ਜੰਗ ਤੋਂ ਬਾਅਦ ਥੇਹ ਖੋਜ ਲਈ ਛੱਡ ਦਿੱਤਾ ਜਾਵੇ।"

ਰੂਸੀ ਰਾਸ਼ਟਰਪਤੀ ਪੂਤਿਨ ਨੇ ਇਸ ਜੰਗ ਨੂੰ ਜਾਇਜ਼ ਕਰਾਰ ਦੇਣ ਲਈ ਕਿਹਾ ਸੀ ਕਿ ਯੂਕਰੇਨ ਤਾਂ ਕੋਈ ਮੁਲਕ ਹੀ ਨਹੀਂ ਸੀ, ਐਵੇਂ ਹੀ ਲੈਨਿਨ ਨੇ ਪੂਰਬੀ ਯੂਕਰੇਨ ਦੇ ਖਿੱਤੇ ਯੂਕਰੇਨ ਨੂੰ ਦੇ ਦਿੱਤੇ। ਪੂਤਿਨ ਦਾ ਸੁਪਨਾ ਰੂਸੀ ਜ਼ਾਰਸ਼ਾਹੀ ਦੇ ਵੇਲਿਆਂ ਦਾ ਤਾਕਤਵਰ ਰੂਸ ਬਣਾਉਣ ਦਾ ਹੈ। ਰੂਸ ਦੀ ਇਸ ਮਾਨਸਿਕਤਾ ਬਾਰੇ ਕੁਰਕੋਵ ਲਿਖਦਾ ਹੈ, "ਜੰਗ ਮਗਰੋਂ ਦਰਜਨਾਂ ਸ਼ਹਿਰ ਅਤੇ ਹਜ਼ਾਰਾਂ ਪਿੰਡ ਖੰਡਰ ਬਣ ਜਾਣਗੇ। ਲੱਖਾਂ ਯੂਕਰੇਨੀ ਬੇਘਰ ਹੋ ਜਾਣਗੇ। ਕੁੜੱਤਣ ਹੋਵੇਗੀ ਅਤੇ ਨਫਰਤ ਹੋਵੇਗੀ। ਜਦੋਂ ਬੱਚੇ ਲੜਾਈ ਲੜਾਈ ਖੇਡਣਗੇ ਤਾਂ ਇਸ ਜੰਗ ਬਾਰੇ ਖੇਡਣਗੇ।" ਕੁਰਕੋਵ ਦਾ ਕਥਨ ਹੈ ਕਿ ਇਤਿਹਾਸ ਦੀ ਆਜ਼ਾਦੀ ਹੀ ਮੁਲਕ ਦੀ ਆਜ਼ਾਦੀ ਦੀ ਗਾਰੰਟੀ ਹੁੰਦੀ ਹੈ। ਉਹ ਦੱਸਦਾ ਹੈ ਕਿ ਇਸ ਜੰਗ ਨੇ ਯੂਕਰੇਨ ਦੇ ਹਾਲੇ ਨਾ ਲਿਖੇ ਗਏ ਇਤਿਹਾਸ ਵਿਚ ਕਈ ਮਿਥ ਜੋੜ ਦਿੱਤੇ ਹਨ। ਉਹਦੇ ਅਨੁਸਾਰ, "ਅੱਜ ਕੱਲ੍ਹ ਪ੍ਰਮੁੱਖ ਮਿਥ ਇਕ ਪਾਇਲਟ ਬਾਰੇ ਹੈ ਜਿਹੜਾ ਕੀਵ ਦੇ ਅਸਮਾਨਾਂ ਦੀ ਰਾਖੀ ਕਰਦਾ ਹੈ। ਉਸ ਨੂੰ ਕੀਵ ਦਾ ਪ੍ਰੇਤ ਕਹਿੰਦੇ ਹਨ ਜਿਸ ਬਾਰੇ ਅਫਵਾਹਾਂ ਹਨ ਕਿ ਉਹ ਕਿੰਨੇ ਹੀ ਰੂਸੀ ਜਹਾਜ਼ ਹੇਠਾਂ ਸੁੱਟ ਚੁੱਕਿਆ ਹੈ। ਉਹ ਭਾਵੇਂ ਅਸਲੀਅਤ ਹੈ ਜਾਂ ਸਿਰਫ ਮਿਥ, ਉਸ ਨੇ ਇਤਿਹਾਸ ਰਚ ਲਿਆ ਹੈ।"

ਇਤਿਹਾਸ ਮਨੁੱਖਾਂ ਦੀਆਂ ਕਬਰਾਂ ਅਤੇ ਤਾਕਤ ਦੀਆਂ ਮਿੱਥਾਂ 'ਤੇ ਹੀ ਬਣਦਾ ਹੈ।

## ਪਰਵਾਸੀ ਜ਼ਿੰਦਗੀ ਦਾ ਸ਼ੀਸ਼ਾ 'ਹਨੇਰੇ ਰਾਹ'

*(ਪਿਛਲੇ ਸਫੇ ਦੀ ਬਾਕੀ)*

ਲੋਕਾਂ ਨੇ ਕਾਰ ਅਤੇ ਟਰੱਕ ਡਰਾਈਵਿੰਗ ਸਕੂਲ ਕੈਨੇਡਾ ਦੇ ਸਭ ਵੱਡੇ ਛੋਟੇ ਸ਼ਹਿਰਾਂ 'ਚ ਖੋਲ੍ਹ ਰੱਖੇ ਹਨ। 'ਸਿਰੇ ਸੱਟ ਡਰਾਈਵਿੰਗ ਸਕੂਲ' ਵਾਲਾ ਦਰਸ਼ਨ ਟਰੱਕ ਦਾ ਲਾਈਸੈਂਸ ਦਿਵਾਉਣ ਲਈ ਰੋਡ ਟੈਸਟ ਦੇ 2,000 ਡਾਲਰ, ਪੂਰੀ ਕਮੀਨਗੀ ਨਾਲ 'ਆਪਣੀ ਦਿਹਾੜੀ' ਦੀ ਵੱਖਰੀ ਫੀਸ ਅਤੇ ਕਾਰ ਦੇ ਗੈਸ ਦੇ ਖਰਚੇ ਦੀ ਸ਼ਰਤ ਰੱਖ ਦਿੰਦਾ ਹੈ। ਉਸ ਦੀ ਕਮੀਨਗੀ ਦੀ ਹੱਦ ਵੇਖੋ, ਕਰਨਵੀਰ ਨਾਲ ਖਾਧੇ ਲੰਚ ਦੇ ਪੈਸੇ ਵੀ ਕਰਨਵੀਰ ਤੋਂ ਹੀ ਦਿਵਾਉਂਦਾ ਹੈ।

ਕਰਨਵੀਰ ਅਜੇ ਦੁਚਿੱਤੀ ਵਿਚ ਹੈ ਜਦ ਉਸ ਦੀ ਮੁਲਾਕਾਤ ਜੀਤੀ ਨਾਲ ਹੁੰਦੀ ਹੈ ਜੋ ਸਟੂਡੈਂਟ ਵੀਜ਼ੇ ਉਪਰ ਪੜ੍ਹਾਈ ਕਰਨ ਦੇ ਨਾਲ 'ਭਾਂਜਰ ਵਿਆਹ ਭਵਨ' ਬੈਂਕੁਇਟ ਹਾਲ ਵਿਚ ਕੈਸ਼ 'ਤੇ ਪਾਰਟ-ਟਾਈਮ ਸਰਵਰ ਦਾ ਕੰਮ ਕਰਦੀ ਹੈ। ਇਹ ਇੰਟਰਨੈਸ਼ਨਲ ਵਿਦਿਆਰਥੀ ਜਿਨ੍ਹਾਂ ਨੇ ਇੰਡੀਆ ਵਿਚ ਮਾਪਿਆਂ ਦੇ ਸਿਰ 'ਤੇ ਸਭ ਸੁਖ-ਸਹੂਲਤਾਂ ਮਾਣੀਆਂ ਹੁੰਦੀਆਂ ਹਨ, ਇਥੇ ਆਪਣਾ ਖਰਚਾ ਚਲਾਉਣ ਲਈ ਸਰਕਾਰ ਵੱਲੋਂ ਨਿਸ਼ਚਿਤ ਵੀਹ ਤੋਂ ਕਿਤੇ ਵੱਧ ਘੰਟੇ ਗੈਰ-ਕਾਨੂੰਨੀ ਢੰਗ ਨਾਲ ਬੈਂਕੁਇਟ ਹਾਲਾਂ, ਗੈਸ ਸਟੇਸ਼ਨਾਂ, ਗਰੋਸਰੀ ਸਟੋਰਾਂ, ਪੀਜ਼ਾ ਸ਼ਾਪਾਂ, ਬਰਗਰ ਪਾਰਲਰਾਂ, ਸਕਿਉਰਿਟੀ, ਕੈਫੇ, ਉਬਰ ਟੈਕਸੀ ਚਾਲਕ ਆਦਿ ਕੰਮ ਕਰਨ ਲਈ ਮਜਬੂਰ ਹੁੰਦੇ ਹਨ। ਸੁਪਨਿਆਂ ਦੇ ਦੇਸ਼ਾਂ ਵਿਚ ਜਾ ਕੇ ਜ਼ਮੀਨੀ ਹਕੀਕਤਾਂ ਨਾਲ ਵਾਹ ਪੈਂਦਾ ਹੈ ਜਿੱਥੇ ਉਨ੍ਹਾਂ ਨੂੰ ਇਮੀਗ੍ਰੇਸ਼ਨ ਏਜੰਟਾਂ ਦੀ ਧੋਖਾਧੜੀ, ਨਾਕਸ ਆਨਲਾਈਨ ਪੜ੍ਹਾਈ, ਫਰਜ਼ੀ ਕਾਲਜ, ਮਹਿੰਗੀਆਂ ਫੀਸਾਂ, ਮਾਲਕ ਮਕਾਨਾਂ ਵੱਲੋਂ ਮਹਿੰਗੇ ਰਿਹਾਇਸ਼ੀ ਸੂਈਟ, ਅਣਮਨੁੱਖੀ ਵਰਤਾਉ ਤੇ ਕੁਝ ਕੇਸਾਂ ਵਿਚ ਸਰੀਰਕ ਤੇ ਮਾਨਸਿਕ ਸ਼ੋਸ਼ਣ, ਭਾਰਤੀ ਭਾਈਚਾਰੇ ਦੇ ਕੁਝ ਹਿੱਸਿਆਂ ਵੱਲੋਂ ਤ੍ਰਿਸਕਾਰ, ਕੱਚੇ ਹੋਣ ਕਾਰਨ ਡਿਪੋਰਟ ਹੋਣ ਦਾ ਡਰ, ਪੱਕੇ ਹੋਣ ਕਈ ਨਾਗਰਿਕਤਾ ਲੈਣ ਦਾ ਫਿਕਰ, ਘੱਟ ਉਜਰਤ ਤੇ ਵਾਫਰ ਕੰਮ, ਸਿਹਤ ਲਈ ਮਾਰੂ ਖਤਰੇ ਵਾਲੇ ਕੰਮ, ਇਕੱਲੇਪਣ, ਮਾਨਸਿਕ ਤਣਾਅ, ਉਦਾਸੀ ਅਤੇ ਸਿੱਟੇ ਵਜੋਂ ਖੁਦਕਸ਼ੀਆਂ ਆਦਿ ਬਹੁਤ ਸਾਰੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜੀਤੀ ਦੀ ਸਲਾਹ ਨਾਲ ਉਸ ਦੀ ਸੁਪਰਵਾਈਜ਼ਰ ਰਾਹੀਂ ਕਰਨਵੀਰ ਦੀ ਮੁਲਾਕਾਤ ਬੈਂਕੁਇਟ ਹਾਲ ਦੇ ਮਾਲਕ ਰਜਿੰਦਰ ਨਾਲ ਹੁੰਦੀ ਹੈ। ਗੱਲਬਾਤ ਦੌਰਾਨ ਰਜਿੰਦਰ ਇਸ ਗੈਰ-ਕਾਨੂੰਨੀ ਧੰਦੇ ਦੀ ਪੇਚੀਦਗੀ ਬਾਰੇ ਦੱਸਦਾ ਹੈ, "... ਅਸੀਂ ਰਿਸਕ ਵੀ ਤਾਂ ਲੈਂਦੇ ਆਂ। ਜੇ ਫੜੇ ਗਏ, ਜੁਰਮਾਨਾ ਹੋਵੇਗਾ। ਬਿਜ਼ਨੈੱਸ ਲਾਈਸੈਂਸ ਰੱਦ ਹੋ ਸਕਦਾ। ਖਰਚੇ ਬਹੁਤ ਆ ਜਾਂਦੇ ਆ ਐੱਲ.ਐੱਮ.ਆਈ.ਏ. ਅਪਰੂਵ ਕਰਵਾਉਣ ਲਈ। ਜੌਬਾਂ ਦੀ ਫੇਕ ਐਡਵਰਟਾਈਜ਼ਮੈਂਟ। ਦੋਹਰੀ ਅਕਾਊਂਟਿੰਗ। ਬਹੁਤ ਜੱਭ ਕਰਨੇ ਪੈਂਦੇ ਆ।... ਏਥੇ ਵਿਜ਼ਿਟਰ ਆਇਆਂ ਨੂੰ ਪੱਕਾ ਕਰਾਉਣ ਦਾ ਨਵਾਂ ਤਰੀਕਾ ਹੈ। ਦੋਹਾਂ ਧਿਰਾਂ ਨੂੰ ਈ ਫਾਇਦੈ। ਗਲਤ ਤਾਂ ਹੈ ਜੇ ਡਾਲਰ ਵੀ ਲੈ ਲਈਏ ਤੇ ਪੱਕੇ ਵੀ ਨਾ ਕਰਾਈਏ। ਸੌਦਾ ਹੈ ਇਹ। ਅੱਜ ਕੱਲ੍ਹ ਦਾ ਟਰੈਂਡ।" ਮਾਲਕ ਰਜਿੰਦਰ ਕਰਨਵੀਰ ਤੋਂ ਐੱਲ.ਐੱਮ.ਆਈ.ਏ. ਰਾਹੀਂ ਸ਼ੈੱਫ ਵਜੋਂ ਵਰਕ ਪਰਮਿਟ ਲਈ 40,000 ਡਾਲਰ ਮੰਗਦਾ ਹੈ। ਕਰਨਵੀਰ ਮੁੜ ਚਿੱਟੀ ਕੋਲ ਜਾਣ ਲਈ ਮਜਬੂਰ ਹੈ ਜਿਸ ਨੇ 20,000 ਡਾਲਰ ਦੀ ਸ਼ਰਤ ਰੱਖੀ ਸੀ। ਫਿਰ ਚਿੱਟੀ ਕਰਨਵੀਰ ਨੂੰ ਬੀ.ਸੀ. ਵਿਚ ਤੁਰਤ ਕੰਮ ਦਿਵਾਉਣ ਦੇ 5,000 ਡਾਲਰ ਵੱਖਰੇ ਮੰਗਦਾ ਹੈ। ਨਾਵਲ ਵਿਚਲੇ ਬਾਕੀ ਪਾਤਰ ਗੁਰਸੀਰ ਦੇ ਭਰਾ ਬਲਵੀਰ, ਗੁਰਸੀਰ ਦੀ ਪਤਨੀ ਅੰਮ੍ਰਿਤ ਆਦਿ ਦੇ ਸ਼ੋਸ਼ਣ ਦੀ ਕਹਾਣੀ ਵੀ ਨਾਵਲ ਵਿਚ ਗੁੰਦੀ ਗਈ ਹੈ। ਗੁਰਸੀਰ ਤੇ ਕਰਨਵੀਰ ਆਪਣਾ ਸੰਘਰਸ਼ ਕ੍ਰਮਵਾਰ ਵੈਨਕੂਵਰ ਅਤੇ ਟੋਰਾਂਟੋ ਤੋਂ ਆਰੰਭ ਕਰਦੇ ਹਨ ਪਰ ਨਾਵਲ ਦੇ ਆਖਰੀ ਕਾਂਡ ਵਿਚ ਇਹ ਦੋਨੋਂ ਇਕੋ ਮਾਲਕ ਦੇ ਟਰੱਕ ਚਾਲਕ ਬਣ ਜਾਂਦੇ ਹਨ। ਨਾਵਲਕਾਰ ਨੇ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਭਾਵੇਂ ਵੈਨਕੂਵਰ ਹੋਵੇ ਜਾਂ ਟੋਰਾਂਟੋ, ਐੱਲ.ਐੱਮ.ਆਈ.ਏ. ਵਾਲਾ ਲੁੱਟ-ਧੰਦਾ ਹਰ ਛੋਟੇ ਵੱਡੇ ਕਸਬਿਆਂ ਤੇ ਸ਼ਹਿਰਾਂ ਵਿਚ ਪਸਰਿਆ ਹੋਇਆ ਹੈ।

ਕੈਨੇਡਾ ਵਿਚ ਐੱਲ.ਐੱਮ.ਆਈ.ਏ. ਦੇ ਵਿਆਪਕ ਵਿਸ਼ੇ 'ਤੇ ਲਿਖੀ ਗਈ ਸ਼ਾਇਦ ਇਹ ਪਹਿਲੀ ਗਲਪ ਰਚਨਾ ਹੈ ਇਸ ਕਰ ਕੇ ਨਾਵਲਕਾਰ ਨੂੰ ਵਧਾਈ ਅਤੇ ਸ਼ਾਬਾਸ਼ ਦੇਣੀ ਤਾਂ ਬਣਦੀ ਹੀ ਹੈ। ਇਸ ਵਿਸ਼ੇ 'ਤੇ ਹੋਰ ਗਲਪ ਰਚਨਾਵਾਂ ਅਤੇ ਲੇਖ ਲਿਖੇ ਜਾਣ ਦੀ ਗੁੰਜਾਇਸ਼ ਹੈ।

# ਨਿਹਾਲ ਸਿੰਘ ਦਾ ਪੜਪੋਤਾ ਅਮਾਨਤ ਅਲੀ ਬਨਾਮ ਭਾਰਤ-ਪਾਕਿ ਸਬੰਧ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰਾ ਇਸ ਵਰ੍ਹੇ ਦਾ ਹਾਸਲ ਲਾਹੌਰੀਏ ਅਮਾਨਤ ਅਲੀ ਵਲੋਂ ਮੈਨੂੰ ਲੱਭਣਾ ਹੈ; ਸ਼ਾਇਦ ਗੁਰਭਜਨ ਗਿੱਲ ਰਾਹੀਂ। ਉਹ 55 ਸਾਲ ਦਾ ਹੈ ਪਰ ਜਦੋਂ ਵੀ ਮੈਨੂੰ ਟੈਲੀਫੋਨ ਕਰਦਾ ਹੈ ਬੜੇ ਆਦਰ-ਮਾਣ ਨਾਲ ਬਾਪੂ ਜੀ ਕਹਿੰਦਾ ਹੈ। ਉਂਝ ਉਸਦੇ ਪਿਤਾ ਦਾ ਨਾਂ ਮੁਹੰਮਦ ਹੁਸੈਨ ਹੈ ਜੋ ਕਿੱਕਰ ਵਾਲਾ, ਲਾਹੌਰ ਦਾ ਵਸਨੀਕ ਹੈ। ਅਮਾਨਤ ਲਾਹੌਰ ਦੇ ਸਕੂਲਾਂ ਤੇ ਕਾਲਜਾਂ ਦਾ ਵਿਦਿਆਰਥੀ ਰਿਹਾ ਤੇ ਅੱਜ ਕੱਲ੍ਹ ਲਾਹੌਰ-ਫਿਰੋਜ਼ਪੁਰ ਮਾਰਗ ਉੱਤੇ ਪੈਂਦੀ ਕਿਸੇ ਸੰਸਥਾ ਵਿਚ ਪੰਜਾਬੀ ਦਾ ਪ੍ਰੋਫੈਸਰ ਹੈ। ਉਹ ਮੁਸਾਫਰ ਤਖੱਲਸ ਹੇਠ ਕਵਿਤਾ ਵੀ ਲਿਖਦਾ ਹੈ।

ਅਮਾਨਤ ਅਲੀ ਦੇ ਦੱਸਣ ਅਨੁਸਾਰ ਉਸਦੇ ਵਾਲਦ ਮੁਹੰਮਦ ਹੁਸੈਨ ਦਾ ਜਨਮ 1929 ਵਿਚ ਮੀਆਂ ਅੱਲਾ ਬਖਸ਼ ਵਲਦ ਭਾਈ ਰੂੜਾ ਦੇ ਘਰ ਹੋਇਆ ਜਿਸ ਦੇ ਪਿਤਾ ਦਾ ਨਾਂ ਨਿਹਾਲ ਸਿੰਘ ਸੀ ਤੇ ਗੋਤ ਗਿੱਲ। ਉਨ੍ਹਾਂ ਦਾ ਜੱਦੀ ਪਿੰਡ ਨੌਸ਼ਹਿਰਾ ਢਾਲਾ (ਅੰਬਰਸਰ) ਸੀ। ਉਸ ਦੀ ਮਾਤਾ ਬੀਬੀ ਅਜ਼ੀਜ਼ਾਂ ਦੇ ਪੇਕੇ ਵੀ ਏਸ ਹੀ ਜ਼ਿਲ੍ਹੇ ਦੇ ਪਿੰਡ ਛੋਟਾ ਚੀਮਾ ਵਿਚ ਸਨ। ਅੱਜ ਕੱਲ੍ਹ ਇਹ ਦੋਵੇਂ ਪਿੰਡ ਜ਼ਿਲ੍ਹਾ ਤਰਨ ਤਾਰਨ ਵਿਚ ਪੈਂਦੇ ਹਨ। ਸੋ ਪ੍ਰੋਫੈਸਰ ਅਮਾਨਤ ਅਲੀ ਦਾ ਪੜਦਾਦਾ ਸਰਦਾਰ ਨਿਹਾਲ ਸਿੰਘ ਗਿੱਲ ਸੀ। ਦਾਦਾ ਭਾਈ ਰੂੜਾ ਤੇ ਪਿਤਾ ਮੁਹੰਮਦ ਹੁਸੈਨ। ਮੈਂ ਨਿੱਕ ਸੁੱਕ ਦੇ ਪਾਠਕਾਂ ਨਾਲ ਉਸਦੀ ਜਾਣ ਪਛਾਣ ਉਹਦੇ ਵਲੋਂ ਵਸੂਲ ਹੋਏ ਉਸਦੇ ਕਲਾਮ ਰਾਹੀਂ ਕਰਵਾਉਂਦਾ ਹਾਂ। ਉਸ ਦੀਆਂ ਕਵਿਤਾਵਾਂ ਦੱਸਦੀਆਂ ਹਨ ਕਿ ਉਸਨੂੰ ਤੇ ਉਸਦੇ ਮਾਪਿਆਂ ਨੂੰ ਅੰਬਰਸਰ (ਹੁਣ ਤਰਨ ਤਾਰਨ) ਛੱਡਣ ਦਾ ਕਿੰਨਾ ਝੋਰਾ ਸੀ।

ਹੋਈ ਵੰਡ ਪੰਜਾਬ ਦੀ ਵੱਖ ਹੋ ਗਏ
ਇਕ ਦੂਜੇ ਤੋਂ ਭੈਣ ਭਰਾ ਮੀਆਂ
ਮਿਲ ਸਕੇ ਨਾ ਮੁੜ ਕੇ ਉਮਰ ਸਾਰੀ
ਵਿਚੋਂ ਵਿਚ ਵਿਛੋੜੇ ਗਏ ਖਾ ਮੀਆਂ।
ਸੋਚਾਂ ਸੋਚੀਆਂ ਰਹਿ ਗਈਆਂ ਵਿਚ ਸੀਨੇ
ਪੂਰੇ ਹੋਏ ਨਾ ਦਿਲਾਂ ਦੇ ਚਾਅ ਮੀਆਂ।
ਨਹੀਂ ਭੁੱਲੇ ਮਜ਼ਾਰ ਨਾ ਧਰਮਸ਼ਾਲੇ
ਜਿੱਥੇ ਖਾਂਦੇ ਸਾਂ ਬੈਠ ਕੜਾਹ ਮੀਆਂ।
ਜਿਨ੍ਹਾਂ ਘਰਾਂ ਤੋਂ ਮੰਗਦੇ ਰਹੇ ਲੋਹੜੀ
ਭੁੱਲ ਸਕੇ ਨਾ ਉਹ ਵਫਾ ਮੀਆਂ।
ਆਨ ਸ਼ਾਨ ਜ਼ਮਾਨੇ ਦੇ ਵਿਚ ਸਾਡੀ
ਉੱਡ ਗਈ ਏ ਵਾਂਗ ਹਵਾ ਮੀਆਂ।
ਹੋਲੀ ਖ਼ੂਨ ਦੀ ਵੇਖ ਜ਼ਮੀਨ ਕੰਬੀ
ਅਰਸ਼ ਰੱਬ ਦਾ ਗਈ ਹਿਲਾ ਮੀਆਂ।
ਸ਼ਾਲਾ ਜੱਗ 'ਤੇ ਕਿਸੇ ਵੀ ਦੇਸ਼ ਅੰਦਰ
ਇਹੋ ਜਿਹੀ ਨਾ ਵੜੇ ਬਲਾ ਮੀਆਂ।
ਸੱਚੇ ਸਾਹਿਬ ਦੇ ਦਰ 'ਤੇ ਟੇਕ ਮੱਥਾ
ਜਿਹੜਾ ਸਭ ਦਾ ਕਰੇ ਭਲਾ ਮੀਆਂ।
ਜਦੋਂ ਮਿਹਰ ਮੁਸਾਫਰਾ ਕਰੇ ਸੋਹਣਾ
ਦੇਣੇ ਡੁਬਦਿਆਂ ਨੂੰ ਬੰਨ੍ਹੇ ਲਾ ਮੀਆਂ।

ਉਸਦੇ ਜਾਣਕਾਰਾਂ ਦੀ ਨਜ਼ਰ ਵਿਚ ਅਮਾਨਤ ਅਲੀ ਨੂੰ ਹਰ ਵੇਲੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਦਾ ਚਾਅ ਚੜ੍ਹਿਆ ਰਹਿੰਦਾ ਹੈ। ਜਿਸ ਦੇਸ ਵਿਚ ਪੰਜਾਬੀ ਲਿੱਪੀ ਦੀ ਵਰਤੋਂ ਨਹੀਂ ਹੁੰਦੀ ਉੱਥੇ ਇਸ ਲਿੱਪੀ ਨੂੰ ਲਿਖਣ ਦਾ ਬੀੜਾ ਚੁੱਕੀ ਫਿਰਦਾ ਹੈ। ਉਹ ਗੁਰਮੁਖੀ ਲਿੱਪੀ ਦਾ ਹੀ ਰਖਵਾਲਾ ਨਹੀਂ। ਪੰਜਾਬੀ ਸਾਹਿਤ ਤੇ ਸਭਿਆਚਾਰ ਦਾ ਰਾਖਾ ਵੀ ਹੈ। ਨਿਸ਼ਚੇ ਹੀ ਪੰਜਾਬੀ ਤੇ ਪੰਜਾਬੀਅਤ ਨਾਲ ਉਸਦਾ ਮੋਹ ਉਸਦੇ ਪੁਰਖਿਆਂ ਦੀ ਦੇਣ ਹੈ। ਉਹ ਅਜਿਹੀਆਂ ਕਦਰਾਂ ਕੀਮਤਾਂ ਉੱਤੇ ਪਹਿਰਾ ਦੇ ਰਿਹਾ ਹੈ ਜੋ ਉਸਨੇ ਖ਼ੁਦ ਨਹੀਂ ਮਾਣੀਆਂ ਪਰ ਉਸਨੇ ਆਪਣੇ ਵਡੇਰਿਆਂ ਤੋਂ ਸੁਣ ਕੇ ਆਪਣੇ ਪੱਲੇ ਬੰਨ੍ਹੀਆਂ ਹਨ। ਜਿਵੇਂ:

ਸਾਡਾ ਦੇਸ ਪੰਜਾਬ ਜੇ ਮਾਣ ਸਾਡਾ
ਸਾਨੂੰ ਪੁਰਖਿਆਂ ਨਾਲ ਮਿਲਾਈ ਰੱਖਦਾ।
ਜਿਤੇ ਜਨਮ ਹੋਇਆ ਸਾਡੇ ਵੱਡਿਆਂ ਦਾ
ਉਹ ਧਰਤੀ ਪਾਕਿ ਵਿਖਾਈ ਰੱਖਦਾ।
ਜਿਨ੍ਹਾਂ ਰਾਹਾਂ 'ਤੇ ਬਾਪੂ ਜੀ ਰਹੇ ਫਿਰਦੇ
ਉਨ੍ਹਾਂ ਗਲੀਆਂ ਦੀ ਸੈਰ ਕਰਾਈ ਰੱਖਦਾ।
ਸਾਡਾ ਦੇਸ ਪੰਜਾਬ ਮੁਸਾਫਰਾ ਓਏ,
ਪਈਆਂ ਦੂਰੀਆਂ ਸਦਾ ਮੁਕਾਈ ਰੱਖਦਾ।

ਅਮਾਨਤ ਅਲੀ ਨੇ ਜੋ ਕੁਝ ਵੀ ਆਪਣੇ ਕਲਾਮ ਰਾਹੀਂ ਪ੍ਰਗਟ ਕੀਤਾ ਹੈ ਮੈਂ ਖ਼ੁਦ ਆਪਣੀ ਪਾਕਿਸਤਾਨ ਯਾਤਰਾ ਵਿਚ ਵੇਖ ਚੁੱਕਾ ਹਾਂ। ਮੈਨੂੰ ਜਿੰਨੀਆਂ ਸਲਾਮਾਂ ਉਸ ਜੁਦਾ ਹੋਈ ਧਰਤੀ ਵਿਚ ਮਿਲੀਆਂ ਹਨ ਮੇਰਾ ਦਿਲ ਤਾਂ ਮਹਿਸੂਸ ਕਰਦਾ ਹੈ ਪਰ ਮੇਰੀ ਕਲਮ ਦੇ ਬਿਆਨ ਤੋਂ ਬਾਹਰ ਹਨ:

ਅੰਬਰਸਰ, ਨਨਕਾਣਾ, ਲਾਹੌਰ, ਦਿੱਲੀ
ਸਾਡੇ ਵਿਹੰਦਿਆਂ ਵੱਖ ਸੰਸਾਰ ਹੋ ਗਏ,
ਕੱਠੇ ਰਹੇ ਮਨਾਂਵਦੇ ਈਦ ਲੋਹੜੀ
ਅੱਜ ਵੱਖਰੇ ਸਭ ਤਿਉਹਾਰ ਹੋ ਗਏ।

ਉਸ ਦੀਆਂ ਗ਼ਜ਼ਲਾਂ ਤੇ ਗੀਤ ਵੀ ਇਸ ਵਿਛੋੜੇ ਦੀ ਬਾਤ ਪਾਉਂਦੇ ਹਨ।

ਵੱਖੋ ਵੱਖ ਲੱਗਦਾ ਨਹੀਂ,
ਚਿੱਤ ਮੇਰੇ ਮਾਲਕਾ,
ਕਰਦੇ ਪੰਜ ਨੂੰ



ਤੂੰ ਇਕ ਮੇਰੇ ਮਾਲਕਾ।
ਡੋਗਦੇ ਤੂੰ ਦਿਲਾਂ ਵਿਚ
ਵੱਜੀ ਹੋਈ ਕੰਧ ਨੂੰ,
ਜੋੜਦੇ ਤੂੰ ਮੁੱਦਤਾਂ ਦੇ
ਟੁੱਟਿਓ ਸਬੰਧ ਨੂੰ।
ਠਾਰ ਕੇ ਤੂੰ ਫੇਰ ਸਾਡੀ
ਹਿੱਕ ਮੇਰੇ ਮਾਲਕਾ ਕਰਦੇ...
ਦਿੱਲੀ ਅਜਮੇਰ ਕਦੇ
ਆਸਰੇ ਨੂੰ ਚੁੰਮੀਏ
ਲਾਹੌਰ, ਮੁਲਤਾਨ,
ਨਨਕਾਣਾ ਸਾਹਿਬ ਘੁੰਮੀਏ
ਆਏ ਨਾ ਜੁਦਾਈ ਦੀ ਵੀ
ਛਿੱਕ ਮੇਰੇ ਮਾਲਕਾ
ਕਰਦੇ...।
---
ਰੂਪ ਤੇਰੇ ਦੇ ਪੱਟੇ ਗਏ ਆਂ
ਮਾਰੇ ਪਹਿਲੀ ਸੱਟੇ ਗਏ ਆਂ
ਐਵੇਂ ਤੇ ਨਹੀਂ ਹੱਡੀਆਂ ਟੁੱਟੀਆਂ
ਅੱਧ ਵਿਚਾਲਿਓਂ ਕੱਟੇ ਗਏ ਆਂ।
ਵਕਤ ਨੇ ਇੰਝ ਮਰੋੜਾ ਦਿੱਤਾ
ਵਾਂਗ ਰੱਸੇ ਦੇ ਵੱਟੇ ਗਏ ਆਂ।
ਤੈਨੂੰ ਈ ਰੱਖ ਲਿਆ ਮੁਸਾਫਰ
ਦੁਨੀਆ ਨਾਲੋਂ ਕੱਟੇ ਗਏ ਆਂ।

ਅਮਾਨਤ ਅਲੀ ਦੇ ਬੋਲਾਂ ਵਿਚ ਪੰਜਾਬ ਦੀ ਵੰਡ ਦਾ ਸ਼ਿਕਾਰ ਹੋਏ ਕਿਸਾਨ ਦੀ ਹੀ ਨਹੀਂ। ਉਸ ਭੈਣ ਦੀ ਗੱਲ ਵੀ ਹੈ ਜਿਸਨੇ ਆਪਣੀ ਪੱਤ ਲੁਟਾ ਕੇ ਆਜ਼ਾਦੀ ਲਈ ਤੇ ਉਸ ਔਰਤ ਦੀ ਵੀ ਜੋ ਸੱਤਾਂ ਪੁੱਤਰਾਂ ਦੀ ਮਾਂ ਹੋ ਕੇ ਵੀ ਵਾਹਗੇ ਦੇ ਏਸ ਜਾਂ ਉਸ ਪਾਰ ਨਿਪੁੱਤਰੀ ਹੋ ਕੇ ਖੱਜਲ ਖ਼ੁਆਰ ਹੋਈ। ਉਨ੍ਹਾਂ ਮਾਵਾਂ ਭੈਣਾਂ ਦੀ ਵੀ ਜੋ ਆਪਣਾ ਧਰਮ ਗੁਆ ਕੇ ਵੱਖਰਾ ਜੀਵਨ ਬਤੀਤ ਕਰਨ ਦੇ ਰਾਹ ਪਈਆਂ।

ਉਹਦੇ ਵਲੋਂ ਵਾਹਗੇ ਦੇ ਇਸ ਪਾਸੇ ਦੇ ਵਸਨੀਕਾਂ ਵਿਚੋਂ ਆਪਣੇ ਮਾਪਿਆਂ ਦੇ ਮੁਹਾਂਦਰੇ ਲੱਭਣਾ ਤੇ ਗੁਰਮੁਖੀ ਲਿੱਪੀ ਦੇ ਵਾਰੇ ਵਾਰੇ ਜਾਣਾ ਕੇਵਲ ਉਸਦੇ ਆਪਣੇ ਮਨ ਦੀ ਭਾਵਨਾ ਨਹੀਂ ਦਰਸਾਉਂਦਾ ਉਸਦੇ ਨਾਨਕੇ ਦਾਦਕਿਆਂ ਦੀ ਆਤਮਾ ਨੂੰ ਵੀ ਸ਼ਾਂਤ ਕਰਦਾ ਹੈ ਜਿਨ੍ਹਾਂ ਤੋਂ ਉਸਨੇ ਇਸ ਵਿਛੋੜੇ ਦੀ ਦਾਸਤਾਨ ਸੁਣੀ ਤੇ ਸਾਂਭ ਰੱਖੀ ਹੈ। ਉਹ ਸ਼ਾਇਦ ਨਹੀਂ ਜਾਣਦਾ ਕਿ ਮੈਂ ਬੇਔਲਾਦ ਹਾਂ ਤੇ ਮੈਨੂੰ ਅਠਾਸੀ ਵਰ੍ਹੇ ਦੀ ਉਮਰ ਵਿਚ ਪੜ੍ਹਿਆ ਸੁਣਿਆ ਤੇ ਕਮਾਊ ਪੁੱਤ ਮਿਲ ਗਿਆ ਹੈ।

ਕਾਲਕਾ-ਸ਼ਿਮਲਾ ਰੇਲਵੇ ਟ੍ਰੈਕ ਦੀਆਂ ਬੋਗੀਆਂ ਦਾ ਨਵਾਂ ਰੂਪ

ਮੈਂ ਕਾਲਕਾ-ਸ਼ਿਮਲਾ ਟੋਆਏ ਟ੍ਰੇਨ ਦੀਆਂ ਬੋਗੀਆਂ ਤੇ ਪਟੜੀ ਦਾ 1951 ਤੋਂ ਜਾਣੂ ਹਾਂ। ਸ਼ਿਮਲਾ ਵਿਖੇ ਆਪਣੇ ਲਘੂ ਵਪਾਰ ਦੇ ਦਿਨਾਂ ਤੋਂ ਜਿਸ ਵਿਚ ਮੈਨੂੰ ਸਾਢੇ ਚਾਰ ਸੌ ਰੁਪਏ ਦਾ ਘਾਟਾ ਪੈ ਗਿਆ। ਇਹ ਖਿਡੌਣਾ ਗੱਡੀ ਗੋਰੀ ਸਰਕਾਰ ਦੀ ਕਾਢ ਸੀ ਜਿਸ ਦੀ ਉਮਰ 117 ਵਰ੍ਹੇ ਹੋ ਗਈ ਹੈ। ਅੱਜ ਦੇ ਦਿਨ ਇਹ ਵਰਲਡ ਹੈਰੀਟੇਜ ਭਾਵ ਸੰਸਾਰ ਵਿਰਸੇ ਵਿਚ ਗਿਣੀ ਜਾਂਦੀ ਹੈ। 96 ਕਿਲੋਮੀਟਰ ਲੰਮੀ ਇਸ ਪਟੜੀ ਉੱਤੇ 18 ਰੇਲਵੇ ਸਟੇਸ਼ਨ ਪੈਂਦੇ ਹਨ। ਇਸ ਦੀਆਂ ਜਿਨ੍ਹਾਂ ਬੋਗੀਆਂ ਵਿਚ ਮਹਾਤਮਾ ਗਾਂਧੀ ਨੇ ਵੀ ਯਾਤਰਾ ਕੀਤੀ ਸੀ ਹੁਣ ਬਹੁਤ ਪੁਰਾਣੀਆਂ ਹੋ ਚੁੱਕੀਆਂ ਹਨ। ਹੁਣ ਮੁਸਾਫਰਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਰੇਲ ਕੋਚ ਫੈਕਟਰੀ ਕਪੂਰਥਲਾ ਨੂੰ ਨਵੀਆਂ ਤੇ ਆਰਾਮਦਾਇਕ ਬੋਗੀਆਂ ਤਿਆਰ ਕਰਨ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਨੇ ਇਸ ਮਾਰਗ 'ਤੇ ਚੱਲਣ ਲਈ 70 ਬੋਗੀਆਂ ਤਿਆਰ ਕਰਨੀਆਂ ਹਨ ਜਿਨ੍ਹਾਂ ਵਿਚੋਂ 30 ਬੋਗੀਆਂ ਇਸ ਮਹੀਨੇ ਦੇ ਦੂਜੇ ਹਫਤੇ ਚੱਲਣ ਦੀ ਸੰਭਾਵਨਾ ਹੈ। ਇਸ ਟ੍ਰੈਕ 'ਤੇ ਸਫਰ ਕਰਨ ਵਾਲੇ ਮੁਸਾਫਰ ਉਸ ਦਿਨ ਨੂੰ ਬੜੀ ਉਤਸੁਕਤਾ ਨਾਲ ਉਡੀਕ ਰਹੇ ਹਨ ਜਦੋਂ ਉਹ ਇਨ੍ਹਾਂ ਵਿਚ ਸਵਾਰ ਹੋ ਕੇ 18 ਵਿਚੋਂ ਕੁਝ ਜਾਂ ਸਾਰੇ ਦੇ ਸਾਰੇ ਸਟੇਸ਼ਨਾਂ ਉੱਤੇ ਸਫ਼ਰ ਦਾ ਆਨੰਦ ਮਾਣ ਸਕਣਗੇ।

ਅੰਤਿਕਾ
ਅਮਾਨਤ ਅਲੀ ਮੁਸਾਫਰ ਲਾਹੌਰ
ਤੇਰੇ ਇਸ਼ਕ ਵਿਚ ਇੰਝ ਬਦਨਾਮ ਹੋ ਗਈ
ਤੈਨੂੰ ਰਹੀ ਉਡੀਕਦੀ ਸ਼ਾਮ ਹੋ ਗਈ
ਤੁਸੀਂ ਸਿਖਰ ਦੁਪਹਿਰੇ ਵੀ ਸੌਂ ਲੈਂਦੇ
ਸਾਡੀ ਰਾਤ ਦੀ ਨੀਂਦੇ ਹਰਾਮ ਹੋ ਗਈ
ਮਿਲ ਜਾ ਆ ਕੇ ਯਾਰ ਮੁਸਾਫਰਾ ਓਏ
**ਗੱਡੀ ਉਮਰ ਦੀ ਸਾਡੜੀ ਜਾਮ ਹੋ ਗਈ।**

# ਪੰਜਾਬੀ ਸੱਭਿਆਚਾਰ ਵਿਚ ਬਦਲਾਅ

ਰਮਨਜੋਤ ਸਿੰਘ

ਪੰਜਾਬ ਭਾਰਤ ਦੇ ਸਭ ਤੋਂ ਖ਼ੁਸ਼ਹਾਲ ਰਾਜਾਂ ਵਿਚੋਂ ਇਕ ਹੈ। ਪੰਜਾਬ ਨਾਮ ਦੋ ਸ਼ਬਦਾਂ ਪੰਜ (ਪੰਜ) + ਆਬ (ਪਾਣੀ) ਤੋਂ ਮਿਲ ਕੇ ਬਣਿਆ ਹੈ, ਜਿਸ ਦਾ ਭਾਵ ਹੈ ਪੰਜ ਦਰਿਆਵਾਂ ਦੀ ਧਰਤੀ। ਪੰਜਾਬ ਦੇ ਇਹ ਪੰਜ ਦਰਿਆ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜੇਹਲਮ ਸਨ। ਮੌਜੂਦਾ ਸਮੇਂ ਪੰਜਾਬ ਵਿਚ ਸਿਰਫ਼ ਸਤਲੁਜ, ਰਾਵੀ ਅਤੇ ਬਿਆਸ ਦਰਿਆ ਹੀ ਵਗਦੇ ਹਨ। ਬਾਕੀ ਦੋ ਦਰਿਆ ਹੁਣ ਪਾਕਿਸਤਾਨ ਵਿਚ ਸਥਿਤ ਹਨ। ਪੰਜਾਬ ਰਾਜ ਤਿੰਨ ਖੇਤਰਾਂ ਵਿਚ ਵੰਡਿਆ ਹੋਇਆ ਹੈ: ਮਾਝਾ, ਦੁਆਬਾ ਅਤੇ ਮਾਲਵਾ ਤਿੰਨੋਂ ਖੇਤਰਾਂ ਵਿਚ ਬੋਲ-ਚਾਲ, ਰਹਿਣ-ਸਹਿਣ, ਪਹਿਰਾਵਾ ਵੱਖੋ ਵੱਖਰਾ ਹੈ। ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਮੁੱਖ ਆਧਾਰ ਹੈ। ਪੰਜਾਬ ਦਾ ਸੱਭਿਆਚਾਰ ਕਿਸੇ ਵਿਅਕਤੀ ਦੀ ਜਾਤ, ਭਾਈਚਾਰੇ ਅਤੇ ਧਰਮ 'ਤੇ ਨਿਰਭਰ ਕਰਦਾ ਸੀ। ਪੰਜਾਬ ਦਾ ਵਿਲੱਖਣ ਸੱਭਿਆਚਾਰ ਹੈ। ਹਰੇਕ ਰਾਜ ਦੇ ਲੋਕਾਂ ਦੇ ਰਸਮ-ਰਿਵਾਜ, ਖਾਣਾ-ਪੀਣਾ, ਰਹਿਣ-ਸਹਿਣ, ਪਹਿਰਾਵਾ, ਬੋਲ-ਚਾਲ ਅਤੇ ਤਿਉਹਾਰ ਮਨਾਉਣ ਦਾ ਤਰੀਕਾ ਦੂਜੇ ਰਾਜਾਂ ਜਾਂ ਧਰਮਾ ਨਾਲੋਂ ਵੱਖਰਾ ਹੁੰਦਾ ਹੈ। ਪੰਜਾਬੀ ਸੱਭਿਆਚਾਰਕ, ਮੌਸਮੀ ਅਤੇ ਧਾਰਮਿਕ ਤਿਉਹਾਰ ਮਨਾਉਂਦੇ ਹਨ, ਜਿਨ੍ਹਾਂ ਵਿਚ ਮਾਘੀ ਦਾ ਮੇਲਾ, ਲੋਹੜੀ, ਹੋਲੀ, ਵਿਸਾਖੀ, ਤੀਆਂ, ਦੀਵਾਲੀ, ਦਸਹਿਰਾ ਆਦਿ ਸ਼ਾਮਲ ਹਨ। ਪੰਜਾਬ ਵਿਚ ਤਿਉਹਾਰਾਂ ਨੂੰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਪੰਜਾਬੀਆਂ ਦੁਆਰਾ ਜਨਮ ਤੋਂ ਲੈ ਕੇ ਮਰਨ ਤਕ ਕਈ ਤਰ੍ਹਾਂ ਦੇ ਰਸਮ-ਰਿਵਾਜ ਮਨਾਏ ਜਾਂਦੇ ਹਨ। ਜਿਵੇਂ ਜਨਮ ਸਮੇਂ ਗੁੜ੍ਹਤੀ ਦੀ ਰਸਮ ਅਤੇ ਨਾਮਕਰਨ ਦੀ ਰਸਮ ਨਿਭਾਈ ਜਾਂਦੀ ਹੈ। ਵਿਆਹ ਸਮੇਂ ਨਵਾਈ-ਧੋਈ ਦੀ ਰਸਮ, ਵਟਣੇ ਦੀ ਰਸਮ, ਚੌਕੀ ਪੂਰਨ ਦੀ ਰਸਮ, ਮੜ੍ਹਾ ਬੰਨ੍ਹਣ ਦੀ ਰਸਮ ਅਤੇ ਕੰਗਣਾ ਖੇਡਣ ਦੀ ਰਸਮ ਆਦਿ ਅਤੇ ਮਰਨ ਸਮੇਂ ਸੰਸਕਾਰ ਦੀ ਰਸਮ ਨਿਭਾਈ ਜਾਂਦੀ ਹੈ।

ਮੌਜੂਦਾ ਸਮੇਂ ਪੰਜਾਬੀ ਸੱਭਿਆਚਾਰ ਕਾਫੀ ਬਦਲ ਚੁੱਕਿਆ ਹੈ। ਪੰਜਾਬ ਵਿਚ ਮੌਜੂਦਾ ਦਰਿਆਵਾਂ ਦਾ ਪਾਣੀ ਵੀ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਪੰਜਾਬੀ ਸੱਭਿਆਚਾਰ ਵਿਚ ਕਈ ਰਾਜਾਂ ਤੇ ਵਿਦੇਸ਼ਾਂ ਦਾ ਸੱਭਿਆਚਾਰ ਘੁਲ਼ ਮਿਲ ਗਿਆ ਹੈ, ਜਿਸ ਦਾ ਕਾਰਨ ਸੋਸ਼ਲ ਮੀਡੀਆ ਹੈ। ਅੱਜ ਦੇ ਸਮੇਂ ਹਰੇਕ ਵਿਅਕਤੀ ਸੋਸ਼ਲ ਮੀਡੀਆ ਐਪਸ ਜਿਵੇਂ ਇੰਸਟਾਗ੍ਰਾਮ, ਵ੍ਹਟਸਐਪ ਅਤੇ ਯੂਟਿਊਬ ਦਾ ਇਸਤੇਮਾਲ ਕਰਦਾ ਹੈ, ਜਿਸ ਕਾਰਨ ਵਿਅਕਤੀ ਦੂਜੇ ਰਾਜਾਂ ਜਾਂ ਦੇਸ਼ਾਂ ਵਿਦੇਸ਼ਾਂ ਦੇ ਸਭਿਆਚਾਰ, ਭਾਸ਼ਾ, ਰਹਿਣ-ਸਹਿਣ, ਪਹਿਰਾਵੇ ਅਤੇ ਖਾਣ ਪੀਣ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਦੂਜੇ ਦੇਸ਼ਾਂ ਦੇ ਸੱਭਿਆਚਾਰ ਨੂੰ ਅਪਣਾ ਸਕਦੇ ਹਨ। ਅੱਜ ਦੇ ਸਮੇਂ ਹਰ ਵਿਅਕਤੀ ਪੈਸੇ ਕਮਾਉਣ ਲਈ ਭੱਜ ਦੌੜ ਵਿਚ ਸ਼ਾਮਲ ਹੈ। ਲੋਕ ਸਾਰਾ ਦਿਨ ਆਪਣੇ ਕੰਮਾ ਕਾਰਾਂ ਵਿਚ ਰੁੱਝੇ ਰਹਿੰਦੇ ਹਨ ਤੇ ਉਹ ਆਪਣੇ ਪਰਿਵਾਰ ਨੂੰ ਵੀ ਸਮਾਂ ਨਹੀਂ ਦੇ ਪਾਉਂਦੇ ਅਤੇ ਉਹ ਆਪਣੇ ਬੱਚਿਆਂ ਨੂੰ ਆਪਣੇ ਸਭਿਆਚਾਰ ਬਾਰੇ ਜਾਗਰੂਕ ਨਹੀਂ ਕਰ ਸਕਦੇ। ਅੱਜ ਕੱਲ੍ਹ ਦੇ ਬੱਚੇ ਆਪਣਾ ਸਮਾਂ ਸ਼ੋਸ਼ਲ ਮੀਡੀਆ 'ਤੇ ਬਿਤਾਉਣਾ ਪਸੰਦ ਕਰਦੇ ਹਨ। ਸੋਸ਼ਲ ਮੀਡੀਆ ਐਪਸ ਦੀ ਮਦਦ ਨਾਲ ਉਹ ਦੂਜੇ ਰਾਜਾਂ ਦੇ (ਪਹਿਰਾਵੇ), ਸੱਭਿਆਚਾਰ ਬਾਰੇ ਜਾਗਰੂਕ ਹੋ ਸਕਦੇ ਹਨ ਅਤੇ ਆਪਣੀ ਮਰਜ਼ੀ ਅਨੁਸਾਰ ਹੋਰ ਰਾਜਾਂ ਦੇ ਸੱਭਿਆਚਾਰ ਨੂੰ ਅਪਣਾ ਸਕਦੇ ਹਨ, ਪਰ ਇਸ ਤਰ੍ਹਾਂ ਉਹ ਹੌਲੀ-ਹੌਲੀ ਆਪਣੇ ਪੁਰਾਣੇ ਸੱਭਿਆਚਾਰ ਤੋਂ ਵਿਛੜ ਸਕਦੇ ਹਨ। ਬੱਚਿਆਂ ਨੂੰ



ਚਾਹੀਦਾ ਹੈ ਕਿ ਉਹ ਸੋਸ਼ਲ ਮੀਡੀਆ ਐਪਸ ਦੀ ਮਦਦ ਨਾਲ ਆਪਣੇ ਪੁਰਾਣੇ ਸੱਭਿਆਚਾਰ ਬਾਰੇ ਜਾਗਰੂਕ ਹੋਣ ਅਤੇ ਆਪਣੇ ਸੱਭਿਆਚਾਰ ਨੂੰ ਸਮਾਜ ਵਿਚ ਕਾਇਮ ਰੱਖ ਸਕਣ ਕਿਉਂਕਿ ਪੰਜਾਬ ਦੁਨੀਆ ਦੇ ਸਭ ਤੋਂ ਪੁਰਾਣੇ ਅਤੇ ਅਮੀਰ ਸੱਭਿਆਚਾਰਾਂ ਵਿਚੋਂ ਇਕ ਹੈ। ਇਸ ਦੀ ਵਿਭਿੰਨਤਾ ਅਤੇ ਵਿਲੱਖਣਤਾ ਬਾਰੇ ਪੰਜਾਬੀ ਕਵਿਤਾ, ਦਰਸ਼ਨ, ਅਧਿਆਤਮਿਕਤਾ, ਸਿੱਖਿਆ, ਕਲਾ, ਸੰਗੀਤ, ਰਸੋਈ, ਵਿਗਿਆਨ, ਤਕਨਾਲੋਜੀ, ਫੌਜੀ ਯੁੱਧ, ਪਰੰਪਰਾਵਾਂ, ਕਦਰਾਂ-ਕੀਮਤਾਂ ਅਤੇ ਇਤਿਹਾਸ ਵਿਚੋਂ ਸਪੱਸ਼ਟ ਝਲਕਦੀ ਹੈ।

# .ਗ਼ਜ਼ਲ

ਉਦਾਸੀ ਵਿਚ ਕਿਹਾ ਯਾਰਾਂ ਕਿ
ਕੋਈ ਗੱਲ ਸੁਣਾ ਬਾਲਮ।
ਸਮੇਂ ਦੇ ਜਿਸਮ ਉਤੋਂ
ਮਖ਼ਮਲੀ ਪਰਦਾ ਉਠਾ ਬਾਲਮ।

ਕਿਹਾ ਮੈਂ ਦੋਸਤੋ ਇਹ ਜ਼ਿੰਦਗੀ
ਚੁਟਕੀ ਦੇ ਵਾਂਗੂੰ ਬੀਤ ਜਾਣੀ ਹੈ,
ਨਦੀ ਅੰਦਰ ਜਿਵੇਂ ਬੇੜੀ
ਮੁਕਾਵੇ ਫਾਸਲਾ ਬਾਲਮ।

ਜਦੋਂ ਟਹਿਣੀ ਤੋਂ ਫੁੱਲ ਟੁੱਟੇ
ਤਾਂ ਖ਼ੁਸ਼ਬੂ ਯਾਦ ਰਹਿੰਦੀ ਹੈ,
ਇਸੇ ਕਰਕੇ ਹੀ ਹਰਦਮ ਸੋਚਦਾ
ਸਭ ਦਾ ਭਲਾ ਬਾਲਮ।

ਕਿਵੇਂ ਪਾਣੀ 'ਤੇ ਤਰਦੀ ਹੈ,
ਇਹ ਦੁਨੀਆ ਕਾਗਜ਼ੀ ਬੇੜੀ?
ਕਿਵੇਂ ਉਸ ਨੇ ਸ੍ਰਿਸ਼ਟੀ ਦੀ
ਬਣਾਈ ਹੈ ਕਲਾ ਬਾਲਮ?

ਜਿਵੇਂ ਤੱਤੇ ਤਵੇ ਉਪਰ ਕੋਈ
ਸ਼ਬਨਮ ਝੁਲਸ ਜਾਵੇ,
ਇਵੇਂ ਉਸ ਦੀ ਪੁਰਾਣੀ ਯਾਦ
ਅੰਦਰ ਤੜਪਦਾ ਬਾਲਮ।

ਜਿਵੇਂ ਸੂਰਜ ਤੇ ਧਰਤੀ ਦਾਨ
ਕਰਦੇ ਨੇ ਜ਼ਮਾਨੇ ਨੂੰ,
ਇਵੇਂ ਸਾਹਿਤ 'ਚ ਤੁਰਿਆ ਹੈ
ਭਲਾ ਹੈ ਜਾਂ ਬੁਰਾ ਬਾਲਮ।

ਜਿਹੜਾ ਉਡਦੇ ਪਰਿੰਦੇ ਵਾਂਗ
ਕਾਬੂ ਵਿਚ ਨਹੀਂ ਰਹਿੰਦਾ,
ਚੁਰਾਉਣੀ ਹੈ ਜੇ ਕੋਈ ਸ਼ੈਅ ਤਾਂ
ਆਪਣਾ ਮਨ ਚੁਰਾ ਬਾਲਮ।

ਜ਼ਰੂਰਤ ਹੈ ਸਮੇਂ ਦੀ ਲੋੜ ਹੈ
ਐਸੀ ਹੀ ਖ਼ੁਸ਼ਬੂ ਦੀ,
ਕ੍ਰਾਂਤੀ ਦੇ ਬਗ਼ੀਚੇ ਵਿਚ
ਕੋਈ ਫੁਲ ਉਗਾ ਬਾਲਮ।

ਜਦੋਂ ਹੁਣ ਬੀਤ ਚੁੱਕੇ ਵਕਤ ਅੰਦਰ
ਜਾ ਨਹੀਂ ਸਕਦਾ,
ਉਮਰ ਦੇ ਆਖ਼ਰੀ ਪਲ
ਜ਼ਿੰਦਗੀ ਨੂੰ ਸਮਝਿਆ ਬਾਲਮ।

ਕਿਸੇ ਦੀ ਯਾਦ ਦੀ ਬਾਰਿਸ਼,
ਮੇਰੀ ਝੁੱਗੀ ਨੂੰ ਡੋਬੇਗੀ,
ਉਮੜ ਕੇ ਫੇਰ ਛਾਈ ਹੈ ਕਿਵੇਂ
ਕਾਲੀ ਘਟਾ ਬਾਲਮ?

ਕਿ ਅੱਧੀ ਰਾਤ ਅੱਡੀ ਚੁਕ ਕੇ
ਉਸ ਨੇ ਚੁੰਮਿਆ ਚੰਨ ਨੂੰ,
ਗਗਨ ਦੇ ਤਾਰਿਆਂ ਵਿਚੋਂ
ਵਗੀ ਠੰਢੀ ਹਵਾ ਬਾਲਮ।

ਮੁਹੱਬਤ ਕਰਕੇ ਹੀ ਸੰਸਾਰ ਅੰਦਰ
ਜ਼ਿੰਦਗੀ ਦਿਸਦੀ,
ਕਿ ਜੀਵਨ ਵਾਸਤੇ ਜਿੱਦਾਂ ਜ਼ਰੂਰੀ ਹੈ
ਵਫ਼ਾ ਬਾਲਮ।

ਗ਼ਜ਼ਲ, ਕਵਿਤਾ, ਕਹਾਣੀ ਦੇ
ਹਜ਼ਾਰਾਂ ਬੈਲ ਗੱਡੇ ਨੇ,
ਕਿ ਬਲਵਿੰਦਰ ਹੀ ਨਈਂ ਏਂ ਨਾਲ,
ਹੈ ਲੰਬਾ ਕਾਫ਼ਲਾ ਬਾਲਮ।

**-ਬਲਵਿੰਦਰ ਬਾਲਮ ਗੁਰਦਾਸਪੁਰ**
**ਫੋਨ: 98156-25409**

*To Advertise with Punjab Times Call: 847-359-0746*
*Fax:847-705-9388, e-mail: punjabtimes1@gmail.com*
*Visit us on the web:wwwpunjabtimesusa.com*

# 'ਯੇ ਜੋ ਪਬਲਿਕ ਹੈ, ਸਬ ਜਾਨਤੀ ਹੈ'

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇੱਕ ਪੁਰਾਣੀ ਯਾਦ ਦੱਸਣ ਲੱਗਾ ਹਾਂ, ਜਿਸ ਦਾ ਸੰਬੰਧ ਇਸ ਚਰਚਾ ਦੇ ਨਾਲ ਹੈ ਕਿ ਪੰਜਾਬ ਦੀ ਨਵੀਂ ਸਰਕਾਰ ਬਣਨ ਨਾਲ ਸਰਕਾਰੀ ਮਹਿਕਮਿਆਂ ਦੇ ਹਾਲਾਤ ਬਦਲ ਗਏ ਹਨ। ਹਾਲਾਤ ਕਿੰਨੇ ਕੁ ਬਦਲੇ ਤੇ ਬਦਲੇ ਵੀ ਹਨ ਕਿ ਬਦਲੇ ਤੋਂ ਬਿਨਾਂ ਹੀ ਕੁਝ ਲੋਕ ਬਦਲ ਗਏ ਕਹੀ ਜਾਂਦੇ ਹਨ ਅਤੇ ਜੇ ਬਦਲ ਗਏ ਤਾਂ ਕਿਉਂ ਬਦਲੇ, ਉਸ ਪੁਰਾਣੀ ਯਾਦ ਤੋਂ ਗੱਲ ਸਮਝਣੀ ਕੁਝ ਸੌਖੀ ਹੋ ਸਕਦੀ ਹੈ ਅਤੇ ਇਹ ਵੀ ਪਤਾ ਲੱਗ ਸਕਦਾ ਹੈ ਕਿ ਕਸੂਰ ਕਿਸ ਦਾ ਹੈ।

ਮੰਤਰੀ ਮਾਝੇ ਦਾ ਸੀ ਅਤੇ ਬੋਲੀ ਬਹੁਤ ਭੈੜੀ ਬੋਲਦਾ ਹੁੰਦਾ ਸੀ। ਏਦਾਂ ਦੀ ਇੱਕ ਹਰਕਤ ਕਾਰਨ ਸਾਨੂੰ ਇੱਕ ਲੇਖ ਵਿਚ ਉਸ ਦੀ ਨਿੰਦਾ ਕਰਨੀ ਪਈ। ਜਦੋਂ ਅਗਲੇ ਦਿਨੀਂ ਕਿਸੇ ਸਮਾਜੀ ਸਮਾਗਮ ਵਿਚ ਅਚਾਨਕ ਮਿਲੇ ਤਾਂ ਉਸ ਨੇ ਝੱਟ ਕਿਹਾ: 'ਤੂੰ ਮੇਰੇ ਬਾਰੇ ਉਹ ਕਿਉਂ ਲਿਖਿਆ ਸੀ? ਤੈਨੂੰ ਇਹ ਨਹੀਂ ਪਤਾ ਕਿ ਮੈਂ ਕੀ ਹਾਂ?' ਮੈਂ ਹੱਸਦੇ ਹੋਏ ਆਖਿਆ ਕਿ 'ਤੁਸੀਂ ਕੌਣ ਹੋ, ਮੈਂ ਜਾਣਦਾ ਹਾਂ ਤੇ ਮੈਂ ਕੌਣ ਹਾਂ, ਇਹ ਤੁਸੀਂ ਜਾਣਦੇ ਨਹੀਂ।' ਉਹ ਕਹਿਣ ਲੱਗਾ: 'ਕੀ ਹੈਂ ਤੂੰ, ਅਖਬਾਰ ਦਾ ਪੱਤਰਕਾਰ ਬਣ ਗਿਆ ਤਾਂ ਖੁਦਾ ਨਹੀਂ ਬਣ ਗਿਆ, ਮੈਂ ਮੰਤਰੀ ਹਾਂ।' ਮੈਂ ਫਿਰ ਹਾਸੇ ਵਿਚ ਕਿਹਾ: 'ਨਹੀਂ, ਤੁਸੀਂ ਕੱਚੇ ਥੜ੍ਹੇ ਉੱਤੇ ਖੜ੍ਹੇ ਹੋ, ਮੈਂ ਪੱਕੀ ਬੁਰਜੀ ਉੱਤੇ ਖੜ੍ਹਾ ਹਾਂ। ਅਗਲੀ ਚੋਣ ਵਿਚ ਹਾਰ ਗਏ ਤਾਂ ਤੁਹਾਡਾ ਥੜ੍ਹਾ ਢਹਿ ਜਾਵੇਗਾ ਤੇ ਤੁਹਾਨੂੰ ਕਿਸੇ ਨੇ ਪੁੱਛਣਾ ਨਹੀਂ, ਮੈਂ ਓਦੋਂ ਵੀ ਪੱਤਰਕਾਰ ਹੋਵਾਂਗਾ, ਇਸ ਤੋਂ ਅੱਗੇ ਜਾਣ ਦੀ ਮੇਰੀ ਕੋਈ ਇੱਛਾ ਨਹੀਂ ਅਤੇ ਏਨੀ ਕੁ ਥਾਂ ਮੇਰੇ ਜੋਗੀ ਮੀਡੀਏ ਦੀ ਕਿਸੇ ਨਾ ਕਿਸੇ ਨੁੱਕਰ ਵਿਚ ਬਣੀ ਰਹੇਗੀ।' ਅਗਲੀ ਚੋਣ ਵਿਚ ਉਹ ਹਾਰ ਗਿਆ ਤੇ ਫਿਰ ਇਕ ਦਿਨ ਸਾਡੇ ਦਫਤਰ ਆ ਗਿਆ। ਮੈਂ ਉੱਠ ਕੇ ਹੱਥ ਮਿਲਾਇਆ ਤੇ ਨਾਲ ਉਚੇਚਾ ਕਿਹਾ: 'ਸਾਬਕਾ ਮੰਤਰੀ ਜੀ, ਤੁਹਾਨੂੰ ਜੀ ਆਇਆਂ'। ਉਹ 'ਸਾਬਕਾ' ਦੀ ਛੇੜ ਸੁਣ ਕੇ ਚੁੱਪ ਰਿਹਾ ਅਤੇ ਇਹ ਦੱਸਣ ਲੱਗ ਪਿਆ ਕਿ ਨਵੀਂ ਸਰਕਾਰ ਨੇ ਉਸ ਉੱਤੇ ਕੇਸ ਬਣਾ ਦਿੱਤਾ ਹੈ, ਉਹ ਆਪਣਾ ਪੱਖ ਰੱਖਣਾ ਚਾਹੁੰਦਾ ਹੈ। ਮੈਂ ਕਿਹਾ ਕਿ ਇਹ ਕੰਮ ਤਾਂ ਕਿਸੇ ਪੱਤਰਕਾਰ ਨੂੰ ਪ੍ਰੈੱਸ ਨੋਟ ਦੇ ਕੇ ਕਰਵਾ ਲੈਣਾ ਸੀ। ਉਸ ਨੇ ਹੌਲੀ ਜਿਹੀ ਆਖਿਆ, 'ਮੈਂ ਤਾਂ ਇੱਕ ਪ੍ਰੈੱਸ ਕਾਨਫਰੰਸ ਕਰ ਲਈ, ਮੇਰੀ ਕਿਸੇ ਨੇ ਖਬਰ ਨਹੀਂ ਲਾਈ।' ਮੈਂ ਹੱਸ ਕੇ ਕਿਹਾ, 'ਉਨ੍ਹਾਂ ਨੂੰ ਪਤਾ ਲੱਗ ਗਿਆ ਹੋਣਾ ਕਿ ਤੁਸੀਂ ਅੱਜਕੱਲ੍ਹ ਸਾਬਕਾ ਹੋ ਗਏ ਹੋ, ਪਰ ਤੁਹਾਡੀ ਥਾਂ ਨਵੇਂ ਮੰਤਰੀਆਂ ਨੂੰ ਇਹ ਕੌਣ ਦੱਸੇਗਾ ਕਿ ਭਲਕ ਨੂੰ ਉਨ੍ਹਾਂ ਨਾਲ ਵੀ ਇਹੋ ਹੋਣਾ ਹੈ?'

ਜਿਹੜੀ ਗੱਲ ਅਸੀਂ ਏਥੇ ਲਿਖੀ ਹੈ, ਇਸ ਦਾ ਆਧਾਰ ਇਹ ਖਬਰ ਹੈ ਕਿ ਭਾਰਤ ਦੇ ਚੀਫ ਜਸਟਿਸ ਨੇ ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਦੇ ਅਫਸਰਾਂ ਨੂੰ ਚੋਭ ਲਾਈ ਹੈ। ਜਸਟਿਸ ਰਾਮੰਨਾ ਨੇ ਕਿਹਾ ਹੈ ਕਿ ਸਰਕਾਰਾਂ ਤਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹੋਣ ਕਾਰਨ ਵਕਤੀ ਹੁੰਦੀਆਂ ਹਨ, ਤੁਸੀਂ ਸਥਾਈ ਨੌਕਰੀ ਵਾਲੇ ਹੋ, ਸਰਕਾਰ ਬਦਲਣ ਨਾਲ ਬਦਲ ਨਾ ਜਾਇਆ ਕਰੋ, ਨਿਯਮ-ਕਾਨੂੰਨ ਮੁਤਾਬਕ ਚੱਲਿਆ ਕਰੋ। ਇਹ ਗੱਲ ਵੱਡਾ ਸੱਚ ਹੈ ਕਿ ਸਰਕਾਰ ਬਦਲਣ ਨਾਲ ਭਾਰਤ ਦੀਆਂ ਕੇਂਦਰੀ ਏਜੰਸੀਆਂ ਵਾਲੇ ਵੀ ਅਤੇ ਰਾਜ ਦੀਆਂ ਏਜੰਸੀਆਂ ਦੇ ਅਫਸਰ ਵੀ ਨਵੇਂ ਹਾਕਮ ਦੇ ਮੂੰਹ ਵੱਲ ਝਾਕਣ ਲੱਗਦੇ ਹਨ ਤੇ ਨਿਯਮਾਂ ਨੂੰ ਨਵੇਂ ਹਾਕਮਾਂ ਖਾਤਰ ਉਲੰਘਣ ਲਈ ਤਿਆਰ ਹੋ ਜਾਂਦੇ ਹਨ। ਉਨ੍ਹਾਂ ਨੂੰ ਸਮਝ ਹੁੰਦੀ ਹੈ ਕਿ ਨੌਕਰੀ ਜਾਂ ਅਫਸਰੀ ਦੇਸ਼ ਦੇ ਸੰਵਿਧਾਨ ਮੁਤਾਬਕ ਕਰਨੀ ਚਾਹੀਦੀ ਹੈ, ਪਰ ਸਿਆਸੀ ਆਗੂਆਂ ਨੇ ਏਦਾਂ ਦੀ ਦਹਿਸ਼ਤ ਪਾ ਰੱਖੀ ਹੈ ਕਿ ਜਿਸ ਕਿਸੇ ਨੇ ਮੌਕੇ ਦੇ ਮਾਲਕ ਸਿਆਸੀ ਆਗੂ ਦੀ ਅੱਖ ਦੇ ਇਸ਼ਾਰੇ ਮੁਤਾਬਕ ਕੰਮ ਨਾ ਕੀਤਾ, ਅਗਲੇ ਦਿਨ ਉਸ ਨੂੰ ਬਿਸਤਰਾ ਚੁਕਾ ਕੇ ਦੂਸਰੀ ਥਾਂ ਤੋਰਿਆ ਜਾ ਸਕਦਾ ਹੈ। ਉਨ੍ਹਾਂ ਦੇ ਵੀ ਪਰਿਵਾਰ ਹਨ। ਅੱਜ ਪਠਾਨਕੋਟ ਲੱਗੇ ਜਿਸ ਅਫਸਰ ਨੂੰ ਬੱਚਿਆਂ ਦੇ ਇਮਤਿਹਾਨ ਨੇੜੇ ਅੱਧੀ ਰਾਤ ਉਠਾ ਕੇ ਸਵੇਰੇ ਰਾਜ ਦੇ ਦੂਸਰੇ ਪਾਸੇ ਮਾਨਸਾ ਨੂੰ ਜਾਣ ਦਾ ਹੁਕਮ ਦੇ ਦਿੱਤਾ ਜਾਵੇ, ਪਰਿਵਾਰ ਛੱਡ ਕੇ ਖੜ੍ਹੇ ਪੈਰ ਜਾਣਾ ਔਖਾ ਹੋਵੇ, ਅਗਲੇ ਦਿਨ ਉਹ ਕਿਸੇ ਮੰਤਰੀ ਨੂੰ ਮਿਲਣ ਅਤੇ ਪਹੁੰਚ ਬਣਾਉਣ ਰੁੱਝ ਜਾਂਦਾ ਹੈ। ਹਰਿਆਣੇ ਵਿਚ ਅਸ਼ੋਕ ਖੇਮਕਾ ਨਾਂਅ ਦੇ ਅਫਸਰ ਦੀ ਜਿੰਨੇ ਸਾਲ ਸਰਵਿਸ ਹੈ, ਉਸ ਦੇ ਨੌਕਰੀ ਦੇ ਸਾਲਾਂ ਨਾਲੋਂ ਵੱਧ ਥਾਂਈਂ ਉਸ ਦੀ ਬਦਲੀ ਕੀਤੀ ਜਾ ਚੁੱਕੀ ਹੈ ਤੇ ਬਿਸਤਰਾ ਉਹ ਰੋਜ਼ ਰਾਤ ਬੰਨ੍ਹ ਕੇ ਸੌਂਦਾ ਹੈ ਕਿ ਭਲਕੇ ਨਵੀਂ ਥਾਂ ਜਾਣਾ ਪੈ ਸਕਦਾ ਹੈ, ਪਰ ਸਾਰੇ ਅਫਸਰ ਏਦਾਂ ਦੇ ਨਹੀਂ ਹੋ ਸਕਦੇ।

ਕਿਉਂਕਿ ਸਾਰੇ ਅਫਸਰ ਏਦਾਂ ਦੇ ਨਹੀਂ ਹੁੰਦੇ, ਇਸ ਲਈ ਜਦੋਂ ਕਦੇ ਸਰਕਾਰ ਬਦਲਦੀ ਹੈ, ਅਫਸਰਾਂ ਦੀ ਪਹਿਲੀ ਕੋਸ਼ਿਸ਼ ਇਹ ਸ਼ੁਰੂ ਹੋ ਜਾਂਦੀ ਹੈ ਕਿ ਕਿਸੇ ਮੰਤਰੀ ਤੱਕ ਪਹੁੰਚ ਕਰ ਕੇ ਪੱਕੀ ਧਿਰ ਲੱਭੀ ਜਾਵੇ ਤਾਂ ਕਿ ਇਸ ਸਰਕਾਰ ਦੇ ਰਾਜ ਦੌਰਾਨ ਉਸ ਦੀ ਓਟ ਨਾਲ ਦਿਨ ਕੱਟੇ ਜਾ ਸਕਣ। ਇਹੋ ਦੌੜ ਹਰ ਵਾਰ ਸਰਕਾਰਾਂ ਲਈ ਮਨ-ਆਈਆਂ ਕਰਨ ਦਾ ਸਬੱਬ ਪੈਦਾ ਕਰਦੀ ਹੈ ਅਤੇ ਇਹੀ ਦੌੜ ਇਸ ਵਕਤ ਪੰਜਾਬ ਦੀ ਨਵੀਂ ਸਰਕਾਰ ਦੇ ਮੰਤਰੀਆਂ ਦੇ ਦੁਆਲੇ ਲੱਗੀ ਦਿੱਸਣ ਲੱਗ ਪਈ ਹੈ। ਕੱਲ੍ਹ ਦੇ ਸਿਰੇ ਦੇ ਭ੍ਰਿਸ਼ਟ ਅਫਸਰ ਜਾ ਕੇ ਉਨ੍ਹਾਂ ਦੇ ਗੋਡੇ ਘੁੱਟ ਕੇ ਕਹੀ ਜਾਂਦੇ ਹਨ ਕਿ ਪਿਛਲੀ ਸਰਕਾਰ ਦੇ ਭ੍ਰਿਸ਼ਟਾਚਾਰ ਤੋਂ ਅਸੀਂ ਬੜੇ ਅੱਕੇ ਪਏ ਸਾਂ ਅਤੇ ਨਵੀਂ ਸਰਕਾਰ ਉਡੀਕਦੇ ਸਾਂ, ਸ਼ੁਕਰ ਹੈ ਤੁਹਾਡੀ ਸਰਕਾਰ ਬਣੀ ਹੈ, ਜਿੱਥੇ ਮਰਜ਼ੀ ਲੁਆ ਦਿਓ, ਮੈਂ ਅਗਲੇ ਪੰਜੇ ਸਾਲ ਤੁਹਾਡੇ ਤੋਂ ਬਿਨਾਂ ਕਿਸੇ ਕੋਲ ਨਹੀਂ ਜਾਣਾ। ਏਹੀ ਗੱਲ ਉਹ ਕਈ ਹੋਰ ਅੱਡਿਆਂ ਉੱਤੇ ਜਾ ਕੇ ਵੀ ਨਵੇਂ ਮੰਤਰੀਆਂ ਨੂੰ ਕਹਿ ਕੇ ਆਏ ਹੋ ਸਕਦੇ ਹਨ, ਪਰ ਹਰ ਨਵੇਂ ਆਗੂ ਕੋਲ ਜਾ ਕੇ ਏਦਾਂ ਦਾ ਰਟਨ-ਮੰਤਰੀ ਪੜ੍ਹੀ ਜਾਂਦੇ ਤੇ ਨਾਲ 'ਖਿਆਲ ਰੱਖਣ ਬਦਲੇ ਖਿਆਲ ਰੱਖਣ' ਦਾ ਸੰਕੇਤ ਕਰੀ ਜਾ ਰਹੇ ਹਨ। ਨਵੀਂ ਆਈ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਲੋਕਾਂ ਲਈ ਇੱਕ ਨੰਬਰ ਜਾਰੀ ਕਰ ਕੇ ਕਿਹਾ ਹੈ ਕਿ ਉਹ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਇਸ ਨੰਬਰ ਉੱਤੇ ਕਰਿਆ ਕਰਨ, ਲੋਕ ਕਰਨ ਵੀ ਲੱਗ ਪਏ ਤੇ ਉਨ੍ਹਾਂ ਬਾਰੇ ਕਾਰਵਾਈ ਦੇ ਚਰਚੇ ਵੀ ਹੋਣ ਲੱਗ ਪਏ ਹਨ, ਪਰ ਜਿਹੜੇ ਸੰਕੇਤ ਭ੍ਰਿਸ਼ਟਾਚਾਰੀ ਅਫਸਰਾਂ ਵੱਲੋਂ ਨਵੇਂ ਮੰਤਰੀਆਂ ਦੇ ਘਰ ਜਾ ਕੇ ਕੀਤੇ ਜਾਣ ਲੱਗ ਪਏ ਹਨ, ਬੁੱਕਲ ਵਿਚ ਰੋੜੀ ਭੰਨਣ ਵਰਗੇ ਉਨ੍ਹਾਂ ਸੰਕੇਤਾਂ ਬਾਰੇ ਮੁੱਖ ਮੰਤਰੀ ਨੂੰ ਕੌਣ ਦੱਸੇਗਾ! ਇਹ ਗੱਲ ਕਿਸੇ ਇੱਕ ਜਾਂ ਦੋ ਆਗੂਆਂ ਬਾਰੇ ਨਹੀਂ, ਕਈ ਨਵੇਂ ਮੰਤਰੀਆਂ ਬਾਰੇ ਸੁਣੀ ਜਾ ਰਹੀ ਹੈ, ਸੱਚ-ਝੂਠ ਦਾ ਪਤਾ ਨਹੀਂ।

ਅਜੇ ਇਸ ਸਰਕਾਰ ਬਣੀ ਨੂੰ ਮਹੀਨਾ ਨਹੀਂ ਹੋਇਆ, ਕੁਝ ਕਦਮ ਮੁੱਖ ਮੰਤਰੀ ਪੱਧਰ ਉੱਤੇ ਚੁੱਕਣ ਨਾਲ ਪੰਜਾਬ ਦੇ ਲੋਕਾਂ ਵਿਚ ਭੱਲ ਬਣੀ ਹੋ ਸਕਦੀ ਹੈ, ਪਰ ਜਿੰਨੇ ਦਾਅਵੇ ਕੀਤੇ ਜਾ ਰਹੇ ਸਨ, ਉਨ੍ਹਾਂ ਬਾਰੇ ਤਾਂ ਲੋਕਾਂ ਨੂੰ ਬਹੁਤਾ ਅਮਲ ਹੁੰਦਾ ਦਿਸਦਾ ਨਹੀਂ। ਜਿਹੜਾ ਓਪਰਾ ਜਿਹਾ ਡਰ ਤਹਿਸੀਲਾਂ ਅਤੇ ਹੋਰ ਦਫਤਰਾਂ ਵਿਚ ਵੇਖਿਆ ਗਿਆ ਹੈ, ਇਸ ਤਰ੍ਹਾਂ ਦਾ ਡਰ ਤਾਂ ਵੀਹ ਸਾਲ ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਪਹਿਲੀ ਵਾਰੀ ਮੁੱਖ ਮੰਤਰੀ ਬਣਿਆ ਸੀ, ਉਸ ਦੀ ਆਮਦ ਨਾਲ ਵੀ ਪਿਆ ਸੀ ਤੇ ਛੇ ਕੁ ਮਹੀਨੇ ਬਣਿਆ ਰਹਿਣ ਮਗਰੋਂ ਖਤਮ ਹੋ ਗਿਆ ਸੀ। ਉਲਟਾ ਸਾਰੇ ਦਫਤਰਾਂ ਦੇ ਮੁਲਾਜ਼ਮਾਂ ਨੇ ਰੇਟ ਵਧਾ ਲਏ ਸਨ ਤੇ ਕਾਰਨ ਇਹ ਦੱਸਦੇ ਸਨ ਕਿ ਇਸ ਨਾਲ 'ਰਿਸਕ ਫੈਕਟਰ' ਜੁੜ ਗਿਆ ਹੋਣ ਕਰ ਕੇ ਪਹਿਲੇ ਰੇਟਾਂ ਨਾਲ ਸਰਦਾ ਨਹੀਂ। ਕਾਰਵਾਈ ਅਜੇ ਤੱਕ ਕਿੰਨੀ ਕੀਤੀ ਗਈ ਹੈ, ਕੋਈ ਥਾਣੇਦਾਰ ਫੜ ਲਿਆ ਤੇ ਤਹਿਸੀਲ ਵਿਚ ਕੋਈ ਕਲਰਕ ਬੀਬੀ ਗ੍ਰਿਫਤਾਰ ਕਰ ਲਈ, ਕਿਸੇ ਵੱਡੇ ਅਫਸਰ ਨੂੰ ਜਾਂ ਉਸ ਦੇ ਕਿਸੇ ਦਲਾਲ ਨੂੰ ਹੱਥ ਪਾਉਣ ਦੀ ਕੋਈ ਖਬਰ ਪੜ੍ਹਨ ਨੂੰ ਨਹੀਂ ਮਿਲੀ। ਛੋਟੇ-ਮੋਟੇ ਕਰਮਚਾਰੀ ਜਦੋਂ ਏਦਾਂ ਦਾ ਭ੍ਰਿਸ਼ਟਾਚਾਰ ਕਰਦੇ ਹਨ ਤਾਂ ਆਪਣੇ ਵਾਸਤੇ ਨਹੀਂ, ਬਹੁਤੀ ਵਾਰੀ ਆਪਣੇ ਤੋਂ ਉੱਪਰ ਵਾਲੇ ਵੱਡੇ ਅਫਸਰ ਵੱਲੋਂ ਕਰਨ ਲਈ ਲਾਏ ਹੁੰਦੇ ਹਨ ਤਾਂ ਕਿ ਉਹ ਖੁਦ ਸੱਚਾ ਹੋਣ ਦਾ ਭਰਮ ਪਾ ਕੇ ਅਫਸਰੀ ਵੀ ਕਰਦਾ ਰਹੇ ਅਤੇ ਕਮਾਈ ਵੀ ਚੱਲਦੀ ਰਹੇ। ਨਵੀਂ ਸਰਕਾਰ ਵਿਚ ਆਏ ਬਹੁਤੇ ਵਜ਼ੀਰ ਆਮ ਲੋਕਾਂ ਵਿਚੋਂ ਆਏ ਹਨ, ਇਸ ਲਈ ਉਹ ਖੁਦ ਏਦਾਂ ਦੇ ਵਿਹਾਰ ਬਾਰੇ ਜਾਣਦੇ ਹੋਣਗੇ, ਫਿਰ ਵੀ ਜਦੋਂ ਪਹਿਲਾਂ ਵਾਂਗ ਛੋਟੇ ਪੂੰਗ ਫੜੇ ਜਾ ਰਹੇ ਹਨ ਤੇ ਵੱਡੇ ਕਿਸੇ ਮਗਰਮੱਛ ਨੂੰ ਹੱਥ ਨਹੀਂ ਪਾਇਆ ਜਾ ਰਿਹਾ ਤਾਂ ਭ੍ਰਿਸ਼ਟਾਚਾਰ ਰੋਕਣ ਦਾ ਭਰਮ ਵੀ ਕਿੰਨਾ ਕੁ ਚਿਰ ਰੱਖਿਆ ਜਾ ਸਕੇਗਾ! ਅਮਲਾਂ ਦੀ ਉਡੀਕ ਆਮ ਲੋਕ ਬਹੁਤਾ ਚਿਰ ਨਹੀਂ ਕਰਿਆ ਕਰਦੇ।

ਨਵਾਂ ਮੁੱਖ ਮੰਤਰੀ ਜੇ ਸਚਮੁੱਚ ਲੋਕਾਂ ਵਿਚ ਆਪਣੀ ਸਰਕਾਰ ਦਾ ਭ੍ਰਿਸ਼ਟਾਚਾਰ ਰੋਕਣ ਦਾ ਅਕਸ ਕਾਇਮ ਰੱਖਣਾ ਚਾਹੁੰਦਾ ਹੈ ਤਾਂ ਉਸ ਨੂੰ ਸਭ ਤੋਂ ਪਹਿਲਾਂ ਆਪਣੇ ਮੰਤਰੀਆਂ ਨੂੰ ਕਹਿਣਾ ਪਵੇਗਾ ਕਿ ਆਪਣੇ ਇਸ ਅਹੁਦੇ ਨੂੰ ਸਥਾਈ ਨਾ ਸਮਝੋ। ਉਨ੍ਹਾਂ ਨੂੰ ਦੱਸਣਾ ਪਵੇਗਾ ਕਿ ਅੱਜ ਕੁਰਸੀ ਤੁਹਾਡੇ ਹੇਠ ਹੈ, ਭਲਕ ਨੂੰ ਲੋਕ ਇਸ ਕੁਰਸੀ ਤੋਂ ਉਠਾ ਸਕਦੇ ਹਨ, ਆਪਣੇ ਅਕਸ ਬਾਰੇ ਸੁਚੇਤ ਰਹੋ ਤੇ ਅਫਸਰਾਂ ਨਾਲ ਅੰਦਰ ਵੜ-ਵੜ ਕੇ ਕੰਨਾਂ ਵਿਚ ਇੱਕ ਦੂਸਰੇ ਦਾ 'ਖਿਆਲ ਰੱਖਣ' ਦੀਆਂ ਜਿਹੜੀਆਂ ਗੱਲਾਂ ਉਹ ਸੁਣਦੇ ਤੇ ਅੱਗੋਂ ਹੁੰਗਾਰਾ ਭਰਦੇ ਸੁਣੇ ਜਾਣ ਲੱਗ ਪਏ ਹਨ, ਉਹ ਲੋਕਾਂ ਤੋਂ ਗੁੱਝੀਆਂ ਨਹੀਂ ਰਹਿੰਦੀਆਂ ਹੁੰਦੀਆਂ। ਇਹ ਚਰਚਾ ਅੱਗੇ ਵਧੀ ਤਾਂ ਸੱਥਾਂ ਵਿਚ ਜਾਵੇਗੀ ਅਤੇ ਫਿਰ ਲੋਕ ਇਹ ਕਹਿਣ ਲੱਗ ਪੈਣਗੇ, ਆਮ ਆਦਮੀ ਪਾਰਟੀ ਦੇ ਫਲਾਣੇ ਮੰਤਰੀ ਨਾਲ ਕੰਮ ਹੈ ਤਾਂ ਫਲਾਣੇ ਅਫਸਰ ਦੀ ਜੇਬ ਗਰਮ ਕਰ ਆਇਓ, ਬਾਕੀ ਕੰਮ ਉਹ ਆਪੇ ਕਰਵਾ ਲਿਆਵੇਗਾ। ਅਜੇ ਗੱਲਾਂ ਦਾ ਮੁੱਢ ਬੱਝਾ ਹੈ, ਨਵੀਂ ਸਰਕਾਰ ਦੇ ਮੰਤਰੀਆਂ ਨੂੰ ਇਸ ਕੁਰਸੀ ਦੇ ਵਕਤੀ ਹੋਣ ਦਾ ਚੇਤਾ ਨਾ ਰਿਹਾ ਅਤੇ ਕੰਨਾਂ ਵਿਚ ਪੈਂਦੀ ਸਿੱਕਿਆਂ ਦੀ ਛਣਕਾਰ ਨਾਲ ਏਦਾਂ ਬੀਨ ਉੱਤੇ ਨੱਚਦੇ ਸੱਪ ਵਾਂਗ ਝੂਮਣ ਲੱਗ ਪਏ ਤਾਂ ਕੁਰਸੀ ਪੰਜ ਸਾਲ ਨਿਭੇਗੀ, ਇਸ ਦੀ ਗਾਰੰਟੀ ਨਹੀਂ ਹੁੰਦੀ। ਭ੍ਰਿਸ਼ਟਾਚਾਰ ਦੇ ਵਿਰੋਧ ਦੀਆਂ ਗੱਲਾਂ ਕਰਨ ਪਿੱਛੋਂ ਭ੍ਰਿਸ਼ਟਾਚਾਰ ਕਰਦੇ ਹੋਏ ਆਗੂਆਂ ਨੂੰ ਮੰਤਰੀ ਹੁੰਦਿਆਂ ਵੀ ਫੜੇ ਜਾਂਦੇ ਅਸੀਂ ਕਈ ਵਾਰੀ ਵੇਖਿਆ ਹੈ ਅਤੇ ਮਹਾਰਾਸ਼ਟਰ ਦੀ ਅਜੋਕੀ ਸਰਕਾਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਦੇ ਫੜੇ ਜਾਣ ਦਾ ਕਿੱਸਾ ਵੀ ਤਾਜ਼ਾ ਹੈ। ਉਸ ਦੀ ਹਾਲੇ ਜ਼ਮਾਨਤ ਨਹੀਂ ਹੋ ਰਹੀ ਅਤੇ ਉਸ ਰਾਜ ਦੀ ਸਰਕਾਰ ਵੱਲੋਂ ਉਸ ਦੇ ਪੱਖ ਵਿਚ ਦਿੱਤੀ ਗਈ ਦੁਹਾਈ ਲੋਕ ਮੰਨਣ ਲਈ ਤਿਆਰ ਨਹੀਂ। ਯੇ ਜੋ ਪਬਲਿਕ ਹੈ, ਸਬ ਜਾਨਤੀ ਹੈ ਅਤੇ ਇਹ ਤਖਤੇ ਪਲਟਣ ਦੀ ਤਾਕਤ ਰੱਖਦੀ ਹੈ।

# ਪਸ਼ੂ-ਵਾੜਾ

## ਵਿਅੰਗ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਸਾਡੇ ਪਿਆਰੇ ਪਾਲਤੂ 'ਸੁਲਤਾਨ ਸਰ' ਨੇ ਝੁੰਜਲਾਹਟ ਜਿਹੀ 'ਚ ਗਿਲਾ ਕਰਦਿਆਂ ਪੁੱਛਿਆ, 'ਦਾਦੂ, ਆਹ ਬੰਦਿਆਂ ਨੂੰ ਭਲਾ ਕੀ ਮਾਰ ਵਗ ਗਈ ਐ ਕਿ ਰੱਬ ਨੇ ਇਨ੍ਹਾਂ ਨੂੰ ਚੰਗੇ ਭਲੇ ਮਨੁੱਖ ਦੀ ਸ੍ਰੇਸ਼ਟ ਜੂਨੇ ਪਾਇਐ, ਪਰ ਇਹ ਫਿਰ ਵੀ ਇਕ-ਦੂਜੇ ਨੂੰ ਵੱਖ-ਵੱਖ ਜਾਨਵਰਾਂ ਦੀ ਸੰਗਿਆ ਦੇ ਕੇ ਛੁਟਿਆ/ਵਡਿਆ ਰਹੇ ਨੇ?'

ਅਸੀਂ ਉਸ ਨੂੰ ਲਾਡ-ਦੁਲਾਰ ਨਾਲ ਪਲੋਸਦਿਆਂ ਦਿਲਾਸਾ ਦਿੱਤਾ ਕਿ ਉਹ ਗੁੱਸਾ ਨਾ ਕਰੇ, ਕਿਉਂਕਿ ਅਰਸਤੂ ਨੇ ਬੰਦੇ ਨੂੰ ਵੀ ਸਮਾਜਿਕ ਜਾਨਵਰ/ਜੀਵ ਕਿਹਾ ਹੈ।

ਅਰਸਤੂ ਦਾ ਨਾਮ ਸੁਣ ਕੇ 'ਸੁਲਤਾਨ ਸਰ' ਨੇ ਜ਼ੋਰ ਦੀ 'ਬਊਂ' ਕੀਤਾ, ਜਿਵੇਂ ਪੁੱਛ ਰਿਹਾ ਹੋਵੇ ਕਿ ਭਲਾ ਇਹ ਅਰਸਤੂ ਕਿਸ ਜਾਨਵਰ ਦਾ ਨਾਮ ਹੈ? ਅਸੀਂ ਉਸ ਨੂੰ ਫਿਰ ਪੁਚਕਾਰਦਿਆਂ ਦੱਸਿਆ ਕਿ ਅੱਜ-ਕਲ੍ਹ ਤਾਂ 'ਡੌਗੀਆਂ' ਦੇ ਨਾਮ ਵੀ ਬੌਲੀਵੁੱਡ ਅਭਿਨੇਤਾ/ਅਭਿਨੇਤਰੀਆਂ ਦੇ ਨਾਮ ਉਪਰ ਰੱਖੇ ਜਾ ਰਹੇ ਹਨ ਅਤੇ ਡੌਗ-ਸ਼ੋਆਂ ਵਿਚ ਸਲਮਾਨ, ਸ਼ਾਹਰੁਖ, ਹੇਮਾ ਆਦਿ ਅਨੇਕਾਂ ਨਾਮ ਸੁਣਨ ਨੂੰ ਮਿਲ ਜਾਂਦੇ ਹਨ, ਤਾਂ ਉਹ ਜ਼ਰਾ ਸ਼ਾਂਤ ਹੋਇਆ। (ਇੱਥੇ ਅਸੀਂ ਦਸ ਦਈਏ ਕਿ ਸਾਡਾ ਪੁੱਤਰ 'ਸੁਲਤਾਨ ਸਰ' ਨੂੰ ਆਪਣਾ ਪੁੱਤਰ ਕਹਿੰਦਾ ਹੈ ਅਤੇ ਇਸ ਕਰਕੇ ਸੁਲਤਾਨ ਸਾਨੂੰ 'ਦਾਦੂ' ਸਦਦੈ। ਅਸੀਂ ਸਾਰੇ ਉਸ ਦੇ ਨਾਮ ਨਾਲ 'ਸਰ' ਲਗਾਉਂਦੇ ਹਾਂ, ਕਿਉਂਕਿ ਉਹ ਸਤਿਕਾਰ-ਸੂਚਕ ਸ਼ਬਦ ਦੀ ਵਰਤੋਂ ਬਿਨਾਂ ਅੱਗ-ਬਗੂਲਾ ਹੋ ਜਾਂਦੈ)।

ਗਿਲਾ ਤਾਂ 'ਸੁਲਤਾਨ ਸਰ' ਦਾ ਠੀਕ ਹੈ। ਬੰਦੇ ਦੀ ਜੂਨ ਸਰਬ-ਸ੍ਰੇਸ਼ਟ ਮੰਨੀ ਜਾਂਦੀ ਹੈ। ਕਹਿੰਦੇ ਹਨ ਕਿ ਇਹ 84 ਲੱਖ ਜੂਨਾਂ ਭੋਗਣ ਉਪਰੰਤ ਨਸੀਬ ਹੁੰਦੀ ਹੈ। ਬੰਦਾ ਸਭ ਜੂਨਾਂ ਦਾ ਸਰਦਾਰ ਹੈ। ਇਸਲਾਮ ਵਿਚ ਇਸ ਨੂੰ 'ਅਸ਼ਰਫ-ਉਲ-ਮਖਲੂਕਾਤ'(ਸ੍ਰੇਸ਼ਟ ਸਿਰਜਣਾ) ਕਿਹਾ ਗਿਐ। ਗੁਰਬਾਣੀ ਅਨੁਸਾਰ ਵੀ ਮਨੁੱਖ ਜੂਨ ਨੂੰ ਸਰਬੋਤਮ ਮੰਨਿਆ ਗਿਐ

'ਸਗਲ ਜੋਨਿ ਮਹਿ ਤੂ ਸਿਰਿ ਧਰਿਆ'॥
ਅਤੇ 'ਇਸ ਧਰਤੀ ਮਹਿ ਤੇਰੀ ਸਿਕਦਾਰੀ॥'

ਪਰ ਪਤਾ ਨਹੀਂ ਅੱਜ-ਕੱਲ੍ਹ ਹਾਰ ਝੰਬੇ ਕੁਝ ਸਿਆਸੀ ਨੇਤਾਵਾਂ ਨੂੰ ਕੀ ਹੋ ਗਿਐ ਕਿ ਉਹ ਆਪਣੀ ਹੀ ਪਾਰਟੀ ਦੇ ਆਗੂਆਂ ਨੂੰ ਗਧੇ ਅਤੇ ਗਿੱਦੜ ਕਹਿ ਕੇ ਛੁਟਿਆ ਰਹੇ ਹਨ ਅਤੇ ਆਪਣੇ ਆਪ ਨੂੰ ਅਰਬੀ ਘੋੜੇ, ਸ਼ੇਰ ਅਤੇ ਹਾਥੀ ਦੇ ਸਕੇ ਵਡਿਆ ਰਹੇ ਹਨ (ਜਾਣੀ ਆਪਣੇ ਮੂੰਹੋਂ ਮੀਆਂ ਮਿੱਠੂ)। ਉਂਜ ਗਧੇ ਅਤੇ ਘੋੜੇ ਵਿਚ ਫਰਕ ਤਾਂ ਚਾਹੀਦੈ। ਹੋਰ ਤਾਂ ਹੋਰ, ਇਹ ਵੀ ਕਿਹਾ ਜਾ ਰਿਹੈ ਕਿ ਹਾਥੀ ਮਿੱਟੀ 'ਚ ਲਿੱਬੜ ਕੇ ਵੀ ਹਾਥੀ ਹੀ ਰਹਿੰਦੈ (ਵੈਸੇ ਤਾਂ ਇਹ ਵੀ ਕਿਹਾ ਜਾਂਦੈ ਕਿ 'ਹਾਥੀ ਜੀਊਂਦਾ ਲੱਖ ਦਾ ਤੇ ਮਰਿਆ ਸਵਾ ਲੱਖ ਦਾ')। ਖੈਰ, ਸਭ ਜੀਊਂਦੇ ਵਸਦੇ ਰਹਿਣ, ਹਾਰੇ ਈ ਐ, ਕੋਈ ਮਰੇ ਤਾਂ ਨਹੀਂ। ਭਲਾ ਇਕ ਦੂਜੇ ਉਪਰ ਚਿੱਕੜ ਕਿਉਂ ਉਛਾਲ ਰਹੇ ਹੋ? ਕਿਧਰੇ ਇਹ ਤਾਂ ਨਹੀਂ ਕਿ ਜਾਨਵਰਾਂ ਨਾਲ ਸੰਗਿਆ ਦਿੰਦੇ-ਦਿੰਦੇ ਉਨ੍ਹਾਂ ਵਾਲਾ ਸੁਭਾਅ ਹੀ ਬਣ ਗਿਆ, ਕਿਉਂਕਿ ਹਾਥੀ ਨਹਾ ਧੋ ਕੇ ਫਿਰ ਆਪਣੇ ਉਪਰ ਮਿੱਟੀ ਸੁੱਟਣ ਲੱਗ ਪੈਂਦੈ!

ਸਿਰਫ ਸਾਡੇ ਪ੍ਰਾਂਤ ਵਿਚ ਹੀ ਇਹ 'ਪਸ਼ੂ-ਵਾੜਾ' ਨਹੀਂ ਪ੍ਰਚੱਲਤ ਹੋਇਆ, ਸਗੋਂ 2017 ਦੀਆਂ ਵਿਧਾਨ ਸਭਾਂ ਚੋਣਾਂ ਵਿਚ ਗਧੇ ਦਾ 'ਮੈਟਾਫਰ' ਉਤਰ ਪ੍ਰਦੇਸ਼ ਵਿਚ ਵੀ ਬੜਾ ਪ੍ਰਚੱਲਤ ਹੋਇਆ ਸੀ, ਤੇ ਹੋਇਆ ਵੀ ਸਾਡੇ ਦੇਸ਼ ਦੇ ਪ੍ਰਧਾਨ ਸੇਵਕ ਅਤੇ ਯੂ.ਪੀ. ਦੇ ਉਸ ਵੇਲੇ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਵਿਚ ਚੋਣ-ਪ੍ਰਚਾਰ ਸਮੇਂ ਨੋਕ-ਝੋਕ ਦੌਰਾਨ। ਅਖਿਲੇਸ਼ ਨੇ ਇਕ ਚੋਣ ਰੈਲੀ ਵਿਚ ਅਭਿਨੇਤਾ ਅਮਿਤਾਬ ਬਚਨ ਵਲੋਂ ਗੁਜਰਾਤੀ



ਗਧਿਆਂ ਸਬੰਧੀ ਇਕ ਇਸ਼ਤਿਹਾਰ ਉਪਰ ਤਨਜ਼ ਕੱਸਿਆ ਤਾਂ ਮੋਦੀ ਜੀ ਨੇ ਗਧਿਆਂ ਦੇ ਅਨੇਕਾਂ ਗੁਣ ਗਿਣ ਦਿਤੇ। ਸਾਨੂੰ ਹਾਸ-ਕਵੀ ਓਮ ਪ੍ਰਕਾਸ਼ ਅਦਿੱਤਿਆ ਦੀ ਗਧਿਆਂ ਬਾਰੇ ਇਕ ਕਵਿਤਾ ਦੀਆਂ ਸਤਰਾਂ ਚੇਤੇ ਆ ਗਈਆਂ:

ਇਧਰ ਭੀ ਗਧੇ ਹੈਂ ਉਧਰ ਭੀ ਗਧੇ ਹੈਂ
ਜਿਧਰ ਦੇਖਤਾ ਹੂੰ ਗਧੇ ਹੀ ਗਧੇ ਹੈਂ।
ਘੋੜੋਂ ਕੋ ਮਿਲਤੀ ਨਹੀਂ ਘਾਸ ਦੇਖੋ
ਗਧੇ ਖਾ ਰਹੇ ਹੈਂ ਚਵਨਪ੍ਰਾਸ਼ ਦੇਖੋ।
ਯਹਾਂ ਆਦਮੀ ਕੀ ਕਹਾਂ ਕਬ ਬਨੀ ਹੈ
ਯੇ ਦੁਨੀਆਂ ਗਧੋਂ ਕੇ ਲੀਏ ਬਨੀ ਹੈ।

ਇਹ 'ਪਸ਼ੂ-ਵਾੜਾ' ਸਿਰਫ ਸਾਡੇ ਮੁਲਕ ਵਿਚ ਹੀ ਨਹੀਂ ਪ੍ਰਚੱਲਤ। ਆਪਣੇ ਗੁਆਂਢੀ ਮੁਲਕ ਵਿਚ ਵੀ ਅੱਜ-ਕੱਲ੍ਹ ਇਸ ਦੀ ਗੁੱਡੀ ਚੜ੍ਹੀ ਹੋਈ ਹੈ। ਆਪਣੇ ਵਿਰੁੱਧ ਅਵਿਸ਼ਵਾਸ ਮਤਾ ਲਿਆਉਣ ਵਾਲੇ ਵਿਰੋਧੀ ਧਿਰ ਦੇ 3 ਪ੍ਰਮੁੱਖ ਨੇਤਾਵਾਂ ਨੂੰ ਗੁਆਂਢੀ ਮੁਲਕ ਦਾ ਵਜ਼ੀਰ-ਏ-ਆਜ਼ਮ (ਜਾਣੀ ਪ੍ਰਧਾਨ ਮੰਤਰੀ) 3 ਚੂਹੇ ਕਹਿ-ਕਹਿ ਕੇ ਰੱਜ ਕੇ ਭੰਡ ਰਿਹੈ। ਪਤਾ ਨਹੀਂ ਇਸ ਲੇਖ ਦੇ ਛਪਣ ਤਕ ਇਨ੍ਹਾਂ ਕਥਿਤ ਚੂਹਿਆਂ ਨੇ ਉਸ ਦੀ ਗੱਦੀ ਟੁੱਕ ਦੇਣੀ ਹੈ ਕਿ ਨਹੀਂ, ਇਹ ਤਾਂ ਅੱਲ੍ਹਾ ਹੀ ਜਾਣਦੈ (ਵੈਸੇ ਐਸ ਵੇਲੇ ਹਾਲਾਤ ਤਾਂ ਗੱਦੀ ਕੁਤਰੇ ਜਾਣ ਵਾਲੇ ਹੀ ਹਨ)।

ਭਾਰਤੀ ਉਪ-ਮਹਾਂਦੀਪ ਵਿਚ ਦੋ ਗੁਆਂਢੀ ਮੁਲਕਾਂ ਵਿਚ 'ਪਸ਼ੂਵਾਦ' ਦਾ ਪਿਆਰ ਦੇਖ ਕੇ ਸਾਨੂੰ ਅੰਗਰੇਜ਼ੀ ਲੇਖਕ ਜੌਰਜ ਔਰਵੈਲ ਦਾ 1945 ਵਿਚ ਲਿਖਿਆ ਮਸ਼ਹੂਰ ਨਾਵਲ 'ਐਨੀਮਲ ਫਾਰਮ' (ਪਸ਼ੂ-ਵਾੜਾ) ਯਾਦ ਆ ਗਿਐ। ਇਹ ਨਾਵਲ ਇਕ ਦੁਅਰਥਿਕ, ਅਲੰਕਾਰਿਕ ਸਿਆਸੀ ਵਿਅੰਗ ਹੈ ਜਿਸ ਵਿਚ ਵੱਖ ਵੱਖ ਕਿਸਮ ਦੇ ਜਾਨਵਰਾਂ ਰਾਹੀਂ ਇਕ ਸਿਆਸੀ ਸਿਸਟਮ ਉਪਰ ਚੋਟ ਕੀਤੀ ਗਈ ਹੈ। ਇਸ ਵਿਚ ਜਾਨਵਰ ਇਕ ਮਨੁੱਖ ਵਿਰੁਧ ਇਸ ਆਸ ਨਾਲ ਬਗਾਵਤ ਕਰਦੇ ਹਨ ਕਿ ਇਕ ਐਸਾ ਨਿਜ਼ਾਮ ਸਿਰਜ ਸਕਣ, ਜਿਸ ਵਿਚ ਸਭ ਜਾਨਵਰ ਬਰਾਬਰ, ਸੁਤੰਤਰ ਅਤੇ ਸੁਖੀ ਹੋਣ। ਇਸ ਵਿਚ ਗਧਿਆਂ, ਸੂਰਾਂ, ਭੇਡਾਂ, ਖਰਗੋਸ਼ਾਂ, ਕੁੱਤਿਆਂ ਅਤੇ ਹੋਰ ਅਨੇਕਾਂ ਜਾਨਵਰਾਂ ਦੇ ਨਾਮ ਬੰਦਿਆਂ ਵਾਲੇ ਰੱਖੇ ਗਏ ਹਨ-ਨੈਪੋਲੀਅਨ, ਬੈਂਜਾਮਿਨ, ਸਨੋਬਾਲ ਆਦਿ। ਇਸ ਨਾਵਲ ਵਿਚ ਇਹ ਵੀ ਦਰਸਾਇਆ ਗਿਐ ਕਿ ਕਿਵੇਂ ਸੂਰ ਆਪਣੀ ਭਾਸ਼ਾ ਵਿਚਲੀ ਮੁਹਾਰਤ ਨਾਲ ਬਾਕੀ ਜਾਨਵਰਾਂ ਨੂੰ ਪ੍ਰਭਾਵਿਤ ਅਤੇ ਪੱਤੇਬਾਜ਼ੀ ਕਰਦੇ ਹਨ ਅਤੇ ਬੜੀ ਚਲਾਕੀ ਨਾਲ ਪਸ਼ੂ-ਵਾੜੇ ਦੇ ਸੱਤ ਸਿਧਾਂਤਾਂ ਵਿਚ ਇਕ ਇਹ ਵੀ ਦਰਜ ਕਰ ਲੈਂਦੇ ਹਨ ਕਿ 'ਸਭ ਜਾਨਵਰ ਬਰਾਬਰ ਹਨ ਪਰ ਕੁਝ ਜਾਨਵਰ ਬਾਕੀਆਂ ਨਾਲੋਂ ਵਧੇਰੇ ਬਰਾਬਰ (ਭਾਵ ਬਿਹਤਰ) ਹਨ'!

ਚਲੋ, ਇਹ ਨਾਵਲ ਤਾਂ ਇਕ ਸਿਆਸੀ ਵਿਅੰਗ ਹੈ, ਪਰ ਸਾਡੇ ਨੇਤਾਵਾਂ ਨੂੰ ਕੀ ਹੋ ਗਿਐ ਕਿ ਉਨ੍ਹਾਂ ਕੋਲੋਂ ਚੋਣਾਂ ਵਿਚ ਹੋਈ ਝੰਭ ਝੱਲੀ ਨਹੀਂ ਜਾ ਰਹੀ ਅਤੇ ਉਹ ਇਕ ਦੂਜੇ ਦਾ 'ਪਸ਼ੂਕਰਨ' ਕਰਨ ਲੱਗੇ ਹੋਏ ਹਨ। ਭਲਿਓ ਲੋਕੋ! ਕੰਮ ਕਰੋ, ਲੋਕਾਂ ਵਿਚ ਵਿਚਰੋ, ਵਿਰੋਧੀ ਧਿਰ ਦਾ ਰੋਲ ਅਦਾ ਕਰੋ, ਚੋਣਾਂ ਤਾਂ ਫਿਰ ਵੀ ਆਉਣਗੀਆਂ, ਪਰ ਲੜ ਇਨ੍ਹਾਂ 'ਚ 'ਬੰਦੇ' ਹੀ ਸਕਣਗੇ, 'ਜਾਨਵਰ' ਨਹੀਂ!

ਕਿਧਰੇ ਗੁਰਬਾਣੀ ਦੇ ਕਥਨ ਵਾਲੀ ਗੱਲ ਨਾ ਹੋ ਜਾਏ

'ਕਰਤੂਤਿ ਪਸੂ ਕੀ ਮਾਨਸ ਜਾਤਿ॥'

ਸੋ, ਜਨਾਬ! ਬੰਦੇ ਬਣੋ, ਪਸ਼ੂਆਂ ਨੂੰ ਆਪਣੀ ਦੁਨੀਆਂ ਵਿਚ ਰਹਿਣ ਦਿਉ। ਐਵੇਂ ਨਾ ਉਨ੍ਹਾਂ ਕੋਲੋਂ ਉਲ੍ਹਾਮਾ ਲਿਉ:

"ਸ਼ੋਰ ਯੂੰ ਹੀ ਨਾ ਪਰਿੰਦੋਂ ਨੇ ਮਚਾਇਆ ਹੋਗਾ,
ਕੋਈ ਸ਼ਹਿਰ ਸੇ ਜੰਗਲ ਕੀ ਤਰਫ ਆਇਆ ਹੋਗਾ'!

# ਬਾਪ ਨੂੰ ਚੇਤੇ ਕਰਦਿਆਂ...

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਹ ਲੇਖ ਉਨ੍ਹਾਂ ਨੇ ਆਪਣੇ ਮਰਹੂਮ ਪਿਤਾ ਦੀ ਯਾਦ ਵਿਚ ਲਿਖਿਆ ਹੈ, ਜਿਨ੍ਹਾਂ ਦੇ ਸਦੀਵੀ ਵਿਛੋੜੇ ਨੂੰ ਭਾਵੇਂ ਤਿੰਨ ਸਾਲ ਹੋ ਗਏ ਹਨ, ਪਰ ਉਹ ਅਜੇ ਵੀ ਉਨ੍ਹਾਂ ਦੇ ਚੇਤਿਆਂ 'ਚ ਵਸੇ ਹੋਏ ਹਨ।***

ਬਾਪ ਨੂੰ ਸਦਾ ਲਈ ਵਿਛੜਿਆਂ ਅੱਜ ਤਿੰਨ ਸਾਲ ਹੋ ਗਏ ਨੇ। ਪਰ ਇਉਂ ਲੱਗਦਾ ਜਿਵੇਂ ਕੱਲ੍ਹ ਦੀ ਗੱਲ ਹੈ। ਕਦੇ ਜਾਪਦਾ ਬਾਪ ਨੇ ਅਜੇ ਕੱਲ੍ਹ ਹੀ ਤਾਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਸਨ। ਦਰਅਸਲ ਬਾਪ ਤੁਹਾਡੇ ਅਵਚੇਤਨ ਵਿਚ ਹਰਦਮ ਰਹਿੰਦਾ। ਉਹ ਜਾ ਕੇ ਵੀ ਕਿਧਰੇ ਨਹੀਂ ਜਾਂਦਾ। ਤੁਹਾਡੇ ਮੁਹਾਂਦਰੇ ਵਿਚ, ਤੁਹਾਡੇ ਚਿੱਤ-ਚੇਤੇ ਵਿਚ, ਤੁਹਾਡੀ ਕਰਮ-ਸ਼ੈਲੀ ਵਿਚ, ਜੀਵਨ-ਜਾਚ ਵਿਚ, ਤੁਹਾਡੀ ਫਿਤਰਤ ਵਿਚ, ਪ੍ਰਤੀਬੱਧਤਾ ਵਿਚ ਤੁਹਾਡੇ ਸੱਚ ਵਿਚ, ਤੁਹਾਡੀ ਹਿੰਮਤ, ਹੌਸਲੇ, ਹੱਠ ਅਤੇ ਹਮਦਰਦੀ ਭਰੇ ਵਿਹਾਰ ਵਿਚ ਬਾਪ ਹਾਜ਼ਰ-ਨਾਜ਼ਰ। ਉਹ ਅਦਿੱਖ ਹੁੰਦਿਆਂ ਵੀ ਦ੍ਰਿਸ਼ਮਾਨ ਹੁੰਦਾ। ਸਿਰਫ਼ ਅਸੀਂ ਹੀ ਕਈ ਵਾਰ ਜਾਣਦਿਆਂ ਹੋਇਆਂ ਵੀ ਉਸ ਤੋਂ ਦੂਰੀ ਬਣਾਉਣ ਦੀ ਕੁਤਾਹੀ ਕਰਦੇ।

ਬਾਪ ਤਿੰਨ ਸਾਲ ਪਹਿਲਾਂ ਪੂਰਾ ਹੋਇਆ ਸੀ ਕਿਉਂਕਿ ਉਸਨੇ ਆਪਣੀ ਜੀਵਨ-ਯਾਤਰਾ ਨੂੰ ਪੂਰੀ ਸਮਰਪਿਤਾ, ਸੰਤੋਖ, ਸੰਤੁਸ਼ਟੀ ਅਤੇ ਸਹਿਜ ਨਾਲ ਪੂਰਾ ਕੀਤਾ। ਉਹ ਸੁਖਨ ਦਾ ਵਾਰਸ ਸਕੂਨ ਦਾ ਸਿਰਨਾਵਾਂ ਅਤੇ ਜੀਵਨ ਦੇ ਹਰ ਰੰਗ ਨੂੰ ਮਾਣਦਿਆਂ ਚੜ੍ਹਦੀ ਕਲਾ ਵਿਚ ਰਹਿਣ ਦਾ ਆਦੀ ਸੀ। ਇਸ ਕਰਕੇ ਹੀ ਉਸਨੇ ਜੀਵਨ ਦੇ ਉਤਰਾਵਾਂ ਚੜ੍ਹਾਵਾਂ ਵਿਚ ਕਦੇ ਵੀ ਹਾਰ ਨਹੀਂ ਸੀ ਮੰਨੀ। ਨਾ ਹੀ ਕਦੇ ਹੈਂਕੜ ਵਿਚ ਆ ਕੇ ਕੋਈ ਗਲਤ ਕਦਮ ਉਠਾਇਆ ਸੀ।

ਬਹੁਤ ਚੇਤੇ ਆਉਂਦਾ ਹੈ ਬਾਪ ਪਰ ਵਕਤ ਦੀ ਕੇਹੀ ਤਰਾਸਦੀ ਕਿ ਉਨ੍ਹਾਂ ਦੇ ਪੂਰਾ ਹੋਣ ਤੋਂ ਬਾਅਦ ਕੋਵਿਡ ਹੋਣ ਕਰਕੇ ਅਸੀਂ ਤਿੰਨ ਸਾਲ ਤੀਕ ਆਪਣੇ ਪਿੰਡ ਵੀ ਨਾ ਜਾ ਸਕੇ ਤਾਂ ਕਿ ਬਾਪ ਨਾਲ ਜੁੜੀਆਂ ਥਾਵਾਂ ਨੂੰ ਨਤਮਸਤਕ ਹੋਈਏ। ਉਨ੍ਹਾਂ ਦੀਆਂ ਨਿੱਤ ਵਰਤੋਂ ਦੀਆਂ ਉਨ੍ਹਾਂ ਵਸਤਾਂ ਦੀ ਛੋਹ ਮਾਣ ਸਕੀਏ ਜਿਨ੍ਹਾਂ ਨੇ ਉਸਦਾ ਸਾਰੀ ਉਮਰ ਸਾਥ ਨਿਭਾਇਆ। ਭਾਵੇਂ ਉਹ ਸਾਈਕਲ ਹੋਵੇ, ਹਵੇਲੀ ਵਿਚ ਲਵੇਰੀਆਂ ਹੋਣ ਜਾਂ ਗੁਰਦੁਆਰੇ ਜਾਣ ਦਾ ਨਿੱਤਨੇਮ ਹੋਵੇ। ਉਸ ਗੁਦੁਆਰੇ ਅਰਦਾਸ ਹੀ ਨਾ ਕਰ ਸਕੇ ਜਿਸ ਗੁਰਦੁਆਰੇ ਤੋਂ ਆ ਕੇ ਬਾਪ ਨੇ ਆਖ਼ਰੀ ਸਫ਼ਰ 'ਤੇ ਜਾਣ ਦੀ ਤਿਆਰੀ ਕਰ ਲਈ ਸੀ।

ਸੱਚੀਂ ਅੰਬਰ ਵਰਗਾ ਸੀ ਬਾਪ ਜਿਸ ਸਦਕਾ ਮੈਂ ਤਾਰਿਆਂ ਦੀ ਛਾਵੇਂ ਖੇਡਿਆ, ਸੂਰਜਾਂ ਨਾਲ ਆੜੀ ਪਾਈ, ਚੰਨ-ਮਾਮਾ ਤੋਂ ਕਹਾਣੀਆਂ ਸੁਣੀਆਂ ਅਤੇ ਚਾਨਣੀਆਂ ਰਾਤਾਂ 'ਚ ਖ਼ੂਬ ਨਹਾਇਆ। ਬਾਪ ਅੰਬਰ ਹੀ ਸੀ ਤਾਂ ਹੀ ਉਸਨੇ ਵਿਸ਼ਾਲ ਸੁਪਨਿਆਂ ਦਾ ਜਾਗ ਲਾਇਆ

ਤੇ ਅੰਬਰ ਜੇਡੀ ਪ੍ਰਵਾਜ਼ ਭਰਨ ਦਾ ਗੁਰ ਸਿਖਾਇਆ। ਬਾਪ ਜਾਣਦਾ ਸੀ ਕਿ ਬੱਚਿਆਂ ਦਾ ਆਸਮਾਨ ਜੇਡਾ ਹੋਣ ਲਈ ਉਨ੍ਹਾਂ ਦੇ ਮਸਤਕ ਵਿਚ ਸੋਚਾਂ ਦੇ ਸੂਰਜ, ਪੈਰਾਂ ਵਿਚ ਸਫ਼ਰ ਤੇ ਪੈੜਾਂ ਵਿਚ ਉਦਮ ਉਗਾਉਣਾ ਜ਼ਰੂਰੀ ਹੁੰਦਾ ਹੈ। ਤਾਂ ਹੀ ਉਸਨੇ ਸਾਡੀ ਬਚਪਨੀ ਬੀਹੀ ਵਿਚ ਮਿਹਨਤ ਦਾ ਚਿਰਾਗ ਜਗਾਈ ਰੱਖਿਆ। ਉਹ ਤਾਰਿਆਂ ਕੋਲੋਂ ਸਲਾਹ ਲੈਂਦਾ, ਸੂਰਜ ਕੋਲੋਂ ਰਾਹ ਪੁੱਛਦਾ, ਅਕਾਸ਼-ਗੰਗਾ ਤੋਂ ਉਤਸ਼ਾਹ ਤੇ ਅੰਤਰੀਵ 'ਚੋਂ ਉਮਾਹ ਲੈ ਕਰਮ-ਭੂਮੀ ਵਿਚ ਚਾਨਣ ਬੀਜਦਾ ਰਿਹਾ। ਤਦ ਹੀ ਮੈਂ ਉਸ ਚਾਨਣ ਦੀ ਨਿੱਕੀ ਜਿਹੀ ਕਾਤਰ ਹਾਂ, ਜੋ ਬੁੱਝੇ ਅੱਖਰਾਂ ਦੀ ਕੁੱਖ ਵਿਚ ਅਰਥਾਂ ਦੀ ਜੋਤ ਜਗਾਉਂਦਿਆਂ, ਬਾਪ ਦਾ ਕਰਜ਼ ਉਤਾਰ ਰਿਹਾ ਹਾਂ।

ਬਾਪੂ! ਤੌਫ਼ੀਕ ਦਿੰਦਾ ਰਹੀਂ ਕਿ ਮੈਂ ਹਰਫ਼ਾਂ 'ਚ ਜੁਗਨੂੰਆਂ ਦੀ ਖੇਤੀ ਕਰਦਾ ਰਹਾਂ। ਬਾਪ ਨੂੰ ਤਾਂ ਮੈਂ ਰੋਜ਼ ਮਿਲਦਾ ਹਾਂ, ਅਚੇਤ ਅਤੇ ਸਚੇਤ ਰੂਪ ਵਿਚ। ਤਾਂ ਹੀ ਹਰਫ਼ ਵੀ ਗਵਾਹੀ ਭਰਦੇ ਨੇ; ਬਾਪ ਦੇ ਸਦੀਵੀ ਤੁਰ ਜਾਣ ਤੋਂ ਬਾਅਦ ਵੀ ਮੈਂ ਹਰ ਰੋਜ਼ ਉਸ ਨੂੰ ਇਵੇਂ ਮਿਲਦਾ ਹਾਂ ਜੀਕੂੰ ਹਵਾ 'ਚ ਸੁਗੰਧ ਦਾ ਰਮਾਉਣਾ, ਫੁੱਲ ਦੀ ਜੂਹੇ ਤਿਤਲੀਆਂ ਦਾ ਮੰਡਰਾਉਣਾ, ਰੁਮਕਦੀ ਪੌਣ ਦਾ ਪੱਤਿਆਂ ਨੂੰ ਸਰਸਰਾਉਣਾ, ਦਰਿਆ ਦਾ ਸਮੁੰਦਰ 'ਚ ਸਮਾਉਣਾ ਤੇ ਨੀਂਦ 'ਚ ਸੁਪਨਿਆਂ ਦਾ ਆਉਣਾ।

ਬਾਪ ਵੀ ਧੁੱਪ ਹੱਥੀਂ ਭੇਜਦਾ ਹੈ ਦੁਆਵਾਂ, 'ਵਾਵਾਂ ਰਾਹੀਂ ਘੱਲਦਾ ਹੈ ਆਸ਼ਾਵਾਂ, ਸੋਚਾਂ 'ਚ ਧਰਦਾ ਹੈ ਕਿਰਨ-ਕਿਰਿਆਵਾਂ, ਖ਼ਿਆਲਾਂ ਵਿਚ ਉਗਾਉਂਦਾ ਹੈ ਕਵਿਤਾਵਾਂ, ਲੂਆਂ 'ਚ ਬਣਦਾ ਹੈ ਠੰਡੀਆਂ ਛਾਵਾਂ, ਤੇ ਪੈਰਾਂ ਦੇ ਨਾਮ ਕਰ ਜਾਂਦਾ ਮੰਜ਼ਲ ਦਾ ਸਿਰਨਾਵਾਂ।

ਸੱਚੀਂ! ਕਿੰਨਾ ਚੰਗਾ ਲੱਗਦਾ ਹੈ ਬਾਪ ਦਾ ਅਚੇਤ ਆਵੇਸ਼ੀ, ਇਲਹਾਮੀ, ਅਲਾਹੀ ਤੇ ਅਨੂਠਾ ਮਿਲਣਾ ਅਤੇ ਉਸਦੀ ਅਦਿੱਖ ਰਹਿਨੁਮਾਈ ਦਾ ਵਿਸਮਾਦੀ ਹੁਲਾਰ।

ਬਾਪ ਨਾਲ ਜੁੜੀਆਂ ਬਹੁਤ ਸਾਰੀਆ ਯਾਦਾਂ ਮਨ ਦੀ ਬੀਹੀ ਵਿਚ ਫੇਰਾ ਪਾਉਂਦੀਆਂ ਰਹਿੰਦੀਆਂ ਅਤੇ ਆਪਣੇ ਮੂਕ ਹੋਕਰੇ ਨਾਲ ਸੋਚਾਂ ਤੇ ਸੰਵੇਦਨਾਵਾਂ ਨੂੰ ਹੁਲਾਰਾ ਦਿੰਦੀਆਂ। ਮੇਰੇ ਬੀਤੇ ਹੋਏ ਨੂੰ ਮੇਰੇ ਰੂਬਰੂ ਕਰਦੀਆਂ। ਇਹ ਬੀਤਿਆ ਹੋਇਆ ਕੱਲ੍ਹ ਹੀ ਹੁੰਦਾ ਜਿਸ ਵਿਚੋਂ ਤੁਹਾਡਾ ਮੌਜੂਦਾ ਰੂਪ ਉਜਾਗਰ ਹੁੰਦਾ। ਬਾਪ ਦੀਆਂ ਮੱਤਾਂ ਤੁਹਾਡੀ ਜੀਵਨ-ਸ਼ੈਲੀ ਨੂੰ ਸਮੁੱਚ ਵਿਚ ਪ੍ਰਭਾਵਿਤ ਕਰਦੀਆਂ। ਇਸ ਨਾਲ ਤੁਹਾਡਾ ਜੀਵਨ ਪ੍ਰਤੀ ਨਜ਼ਰੀਆ ਬਦਲਦਾ ਜਿਸ ਨੇ ਤੁਹਾਨੂੰ ਅਤੇ ਤੁਹਾਡੇ ਵਿਅਕਤੀਤਵ ਨੂੰ ਪ੍ਰਦਰਸ਼ਤ ਕਰਨਾ ਹੁੰਦਾ।

ਬਾਪ ਬੜਾ ਹਿਰਖ਼ ਨਾਲ ਦੇਖਦਾ ਸੀ ਜਦ ਉਹ ਪਿੰਡ ਦੇ ਕਿਸੇ ਪੜ੍ਹੇ-ਲਿਖੇ ਨੂੰ ਦੇਖਦਾ ਸੀ। ਉਸਦੇ ਮਨ ਵਿਚ ਤਮੰਨਾ ਹੁੰਦੀ ਕਿ ਉਸਦੇ ਬੱਚੇ ਵੀ ਚੰਗਾ ਪੜ੍ਹ ਜਾਣ। ਬਾਪ ਨੂੰ ਬੜਾ ਫ਼ਖਰ ਹੁੰਦਾ ਸੀ ਜਦ ਕੋਈ ਉਸਦੇ ਪ੍ਰੋਫ਼ੈਸਰ ਪੁੱਤ ਬਾਰੇ ਗੱਲ ਕਰਦਾ ਜਾਂ ਕਦੇ ਕਦਾਈਂ ਕਿਸੇ ਅਖਬਾਰ ਵਿਚ ਛਪੇ ਲੇਖ ਬਾਰੇ ਜ਼ਿਕਰ ਛਿੜਦਾ। ਇਹ ਬਾਪ ਦੇ ਅਚੇਤ ਵਿਚ ਬੈਠੀ ਉਸ ਆਸ਼ਾ ਦੀ ਪੂਰਤੀ ਹੀ ਸੀ ਜਿਹੜੀ ਉਸਨੂੰ ਔਲਾਦ ਕੋਲੋਂ ਮਿਲੀ ਸੀ। ਕਈ ਵਾਰ ਮਾਪੇ ਆਪਣੇ ਅਪੂਰਨ ਸੁਪਨੇ ਔਲਾਦ ਰਾਹੀਂ ਪੂਰਾ ਕਰਨਾ ਲੋਚਦੇ।

ਬਾਪ ਨੂੰ ਬੜਾ ਚਾਅ ਸੀ ਕਿ ਉਸਦੇ ਬੱਚੇ ਵੀ ਵਿਦੇਸ਼ ਜਾਣ ਕਿਉਂਕਿ ਸਾਡਾ ਗੁਆਂਢੀ ਸ. ਹਜ਼ਾਰਾ ਸਿੰਘ ਜਦ ਵੀ ਵਲੈਤੋਂ ਆਉਂਦਾ ਤਾਂ ਉਸਦਾ ਟੌਹਰ ਦੇਖਣ ਵਾਲਾ ਹੁੰਦਾ ਸੀ ਜੋ ਆਮ ਪੇਂਡੂਆਂ ਦੇ ਮਨਾਂ ਵਿਚ ਵਲਾਇਤੀ ਚਕਾਚੌਂਧ ਪੈਦਾ ਕਰਨ ਅਤੇ ਬਾਹਰ ਜਾਣ ਦੀ ਲਾਲਸਾ ਨੂੰ ਹੋਰ ਚਮਕਾਉਂਦਾ ਸੀ। ਵਲਾਇਤ ਵਿਚ ਜਾਣ ਵਾਲੇ ਸਭ ਤੋਂ ਪਹਿਲਾਂ ਦੁਆਬੇ ਵਾਲੇ ਹੀ ਸਨ। ਬਾਅਦ ਵਿਚ ਮੈਂ ਵੀ ਕੈਨੇਡਾ ਆ ਗਿਆ। ਹੁਣ ਤਾਂ ਸਾਰੇ ਭੈਣ-ਭਰਾਵਾਂ ਦੇ ਬੱਚੇ ਕੈਨੇਡਾ ਜਾਂ ਅਮਰੀਕਾ ਵਿਚ ਹਨ। ਬਾਪ ਦੀ ਵਿਦੇਸ਼ ਜਾਣ ਦੀ ਰੀਝ ਨੂੰ ਪੂਰਾ ਕਰਨ ਲਈ ਮੈਂ ਉਨ੍ਹਾਂ ਨੂੰ ਕੈਨੇਡਾ ਵਿਚ ਵਿਜ਼ਟਰ ਵਜੋਂ ਸੱਦਣ ਲਈ ਦੋ ਵਾਰ ਕੋਸ਼ਿਸ਼ ਕੀਤੀ ਪਰ ਨਾਕਾਮ ਰਿਹਾ। ਇਕ ਵਾਰ ਤਾਂ ਬਰੈਂਪਟਨ ਦੇ ਐਮਪੀ ਦਾ ਪੱਤਰ ਵੀ ਲਾਇਆ ਪਰ ਮੈਂ ਕਾਮਯਾਬ ਨਾ ਹੋ ਸਕਿਆ। ਬਾਪ ਨੂੰ ਬੜਾ ਚਾਅ ਸੀ ਕੈਨੇਡਾ ਆਉਣ ਅਤੇ ਆਪਣੇ ਬੱਚਿਆਂ ਨੂੰ ਕੈਨੇਡਾ ਵਿਚ ਸੈੱਟ ਹੋਇਆ ਦੇਖਣ ਦਾ। ਪਰ ਇਹ ਤਮੰਨਾ ਪੂਰੀ ਨਹੀਂ ਸੀ ਹੋ ਰਹੀ। ਮੈਂ ਮੀਡੀਆ ਵਿਚ ਹੋਣ ਕਾਰਨ 'ਕੇਰਾਂ ਕੈਨੇਡਾ ਦੇ ਇੰਮੀਗਰੇਸ਼ਨ ਮਨਿਸਟਰ ਨੂੰ ਪ੍ਰੈਸ ਕਾਨਫਰੰਸ ਵਿਚ ਇਸ ਮਕਸਦ ਲਈ ਮਿਲਿਆ। ਉਸਨੇ ਭਰੋਸਾ ਦਿਵਾਇਆ ਕਿ ਜਦ ਹੁਣ ਅਪਲਾਈ ਕੀਤਾ ਤਾਂ ਮੈਨੂੰ ਜਾਣਕਾਰੀ ਦੇਣਾ, ਉਨ੍ਹਾਂ ਦਾ ਵੀਜ਼ਾ ਲੱਗ ਜਾਵੇਗਾ। ਮਨ ਨੂੰ ਧਰਵਾਸ ਜਿਹਾ ਹੋਇਆ। ਇਹ ਗੱਲ ਜੂਨ 2014 ਦੀ ਹੈ ਅਤੇ ਫਿਰ ਸਤੰਬਰ 2014 ਵਿਚ ਅਸੀਂ ਕੈਨੇਡਾ ਨੂੰ ਛੱਡ ਕੇ ਅਮਰੀਕਾ ਆ ਗਏ ਅਤੇ ਬਾਪ ਨੂੰ ਕੈਨੇਡਾ ਸੱਦਣ ਦਾ ਟੀਚਾ ਅਪੂਰਨ ਹੀ ਰਹਿ ਗਿਆ। ਕਦੇ ਕਦਾਈਂ ਬਾਪ ਦੇ ਮਨ ਵਿਚ ਕੈਨੇਡਾ ਨਾ ਜਾ ਸਕਣ ਕਾਰਨ ਮਾੜੀ ਜਿਹੀ ਮਾਯੂਸੀ ਪੈਦਾ ਹੁੰਦੀ ਸੀ ਪਰ ਉਹ ਸਦਾ ਰੱਬ ਦੀ ਰਜ਼ਾ ਵਿਚ ਖੁਸ਼ ਰਹਿਣ ਵਾਲੇ ਸਨ। ਪਰ ਉਨ੍ਹਾਂ ਨੂੰ ਚਾਅ ਚੜ੍ਹ ਜਾਂਦਾ ਜਦ ਵੀ ਉਨ੍ਹਾਂ ਦੇ ਪਰਿਵਾਰ ਵਿਚੋਂ ਕੋਈ ਇੰਡੀਆ ਜਾਂਦਾ।

'ਕੇਰਾਂ ਮੇਰੀ ਬੇਟੀ ਆਪਣੇ ਬੱਚਿਆਂ ਨਾਲ ਪਿੰਡ ਗਈ ਤਾਂ ਅਸੀਂ ਸਾਰਿਆਂ ਨੇ ਬਾਪ ਨਾਲ ਚਾਰ ਪੀਹੜੀਆਂ ਦੀ ਸਾਂਝੀ ਫੋਟੋ ਖਿਚਵਾਈ। ਉਸ ਵੇਲੇ ਬਾਪ ਆਪਣੇ ਭਰੇ ਭਕੁੰਨੇ ਪਰਿਵਾਰ ਵਿਚ ਬੈਠਾ ਫੁਲਿਆ ਨਹੀਂ ਸੀ ਸਮਾ ਰਿਹਾ। ਦਰਅਸਲ ਜਦ ਕਿਸੇ ਬਜ਼ੁਰਗ ਦੀਆਂ ਚਾਰ ਪੀਹੜੀਆਂ ਉਸਦੀ ਆਗੋਸ਼ ਦਾ ਨਿੱਘ ਮਾਣਦੀਆਂ ਹੋਣ ਤਾਂ ਬਜ਼ੁਰਗ ਲਈ ਸੱਤੇ ਬਹਿਸ਼ਤਾਂ ਉਸਦੀ ਝੋਲੀ 'ਚ ਹੁੰਦੀਆਂ। ਇਸ ਨਾਲ ਜਿਹੜਾ ਸਕੂਨ ਘਰ ਦੇ



ਸਭ ਤੋਂ ਵੱਡੇ ਬਜ਼ੁਰਗ ਨੂੰ ਮਿਲਦਾ, ਉਸਨੂੰ ਅੱਖਰਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਬਾਪ ਸਾਰੀ ਉਮਰ ਖੇਤੀ ਵਿਚ ਹੀ ਰੁੱਝਾ ਰਿਹਾ। ਉਸ ਲਈ ਕਿਰਤ ਕਰਨੀ ਅਤੇ ਹੱਕ-ਸੱਚ 'ਤੇ ਪਹਿਰਾ ਦੇਣਾ ਹੀ ਸਭ ਤੋਂ ਵੱਡਾ ਧਰਮ ਸੀ। ਉਹ ਕਦੇ ਕਦਾਈਂ ਗੱਡਾ ਲੈ ਕੇ ਬਾਬੇ ਬਕਾਲੇ ਮੱਸਿਆ ਜਾਂਦਾ ਸੀ। ਕਈ ਵਾਰ ਉਹ ਸਾਈਕਲ 'ਤੇ ਹੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਮੇਲੇ ਜਾਂਦਾ ਸੀ। ਉਮਰ ਵਧਣ ਨਾਲ ਉਸਦਾ ਫੇਰਾ-ਤੋਰਾ ਘਟ ਗਿਆ। ਹੁਣ ਉਹ ਨਿੱਤਨੇਮ ਵਾਂਗ ਪਿੰਡ ਤੋਂ ਦੋ ਕੁ ਮੀਲ ਦੂਰ ਪੱਡੇ ਬੇਟ ਵਿਖੇ ਗੁਰਦੁਆਰੇ ਜਾਣ ਲੱਗ ਪਿਆ। ਸਵੇਰੇ ਪੰਜ ਤੋਂ ਗਿਆਰਾਂ ਵਜੇ ਤੱਕ ਕੜਾਹ ਪ੍ਰਸ਼ਾਦ ਦੀ ਸੇਵਾ ਕਰਨੀ ਅਤੇ ਫਿਰ ਘਰ ਆ ਜਾਣਾ। 'ਕੇਰਾਂ ਮੈਂ ਪੰਜਾਬ ਗਿਆ ਹੋਇਆ ਸੀ। ਮੈਂ ਉਨ੍ਹਾਂ ਨੂੰ ਕਿਹਾ ਕਿ ਆਪਾਂ ਦੋਵੇਂ ਅੰਮ੍ਰਿਤਸਰ ਹਰਿਮੰਦਰ ਸਾਹਿਬ ਜਾਣਾ। ਪਹਿਲਾਂ ਤਾਂ ਨਾਂਹ-ਨੁੱਕਰ ਕੀਤੀ ਪਰ ਬਾਅਦ ਵਿਚ ਜਾਣ ਲਈ ਮੰਨ ਗਏ। ਤੁਰਨ ਵਿਚ ਔਖਿਆਈ ਦੇ ਬਾਵਜੂਦ ਕਾਰ ਦੀ ਪਾਰਕਿੰਗ ਤੋਂ ਗੁਰਦੁਅਰਾ ਸਾਹਿਬ ਤੱਕ ਤੁੱਰ ਕੇ ਗਏ। ਪਰਿਕਰਮਾ ਕੀਤੀ, ਪੰਜ ਇਸ਼ਨਾਨ ਕੀਤਾ। ਮੈਂ ਜ਼ੋਰ ਲਾਇਆ ਕਿ ਆਪਾਂ ਬਜ਼ੁਰਗਾਂ ਵਾਲੀ ਲਾਈਨ ਵਿਚ ਜਾ ਕੇ ਮੱਥਾ ਟੇਕ ਲੈਂਦੇ ਹਾਂ ਪਰ ਉਹ ਨਾ ਮੰਨੇ ਅਤੇ ਪੂਰੀ ਆਸਥਾ ਨਾਲ ਆਮ ਲਾਈਨ ਵਿਚ ਖੜ੍ਹ ਕੇ ਮੱਥਾ ਟੇਕਿਆ। ਬਾਹਰ ਆ ਕੇ ਜਦ ਉਨ੍ਹਾਂ ਨਾਲ ਸਰੋਵਰ ਦੇ ਕੰਢੇ ਬੈਠ ਕੇ ਫੋਟੋ ਖਿਚਵਾਈ ਤਾਂ ਉਨ੍ਹਾਂ ਦੇ ਨੂਰਾਨੀ ਚਿਹਰੇ ਦੀ ਭਾਅ ਵਿਚੋਂ ਉਨ੍ਹਾਂ ਦੀ ਅੰਦਰਲੀ ਖੁਸ਼ੀ ਨੂੰ ਦੇਖ ਕੇ ਮੈਨੂੰ ਇਉਂ ਲੱਗਾ ਜਿਵੇਂ ਮੈਂ ਦੋ ਤੀਰਥ ਨਹਾ ਲਏ ਹੋਣ। ਅਜਿਹੇ ਪਲ ਬਹੁਤ ਘੱਟ ਮਿਲਦੇ ਨੇ ਜਦ ਤੁਸੀਂ ਆਪਣੇ ਬਾਪ ਦੀ ਛਾਂ ਹੇਠ ਜ਼ਿੰਦਗੀ ਦੇ ਉਨ੍ਹਾਂ ਸੁਖਦ ਪਲਾਂ ਨੂੰ ਜੀਵਨ ਦਾ ਖਜ਼ਾਨਾ ਬਣਾ ਲੈਂਦੇ ਹੋ ਜਿਨ੍ਹਾਂ ਵਿਚੋਂ ਤੁਸੀਂ ਤਾਅ-ਉਮਰ ਸੁਖਨ ਨੂੰ ਮਾਨਣਾ ਹੁੰਦਾ। ਹੁਣ ਸੋਚਦਾ ਹਾਂ ਉਹ ਕਿੰਨਾ ਭਲਾ ਵੇਲਾ ਸੀ ਜਦ ਬਾਪ ਨਾਲ ਹਰਿਮੰਦਰ ਸਾਹਿਬ ਦੀ ਜ਼ਿਆਰਤ ਕੀਤੀ। ਨਹੀਂ ਪਰਤ ਕੇ ਆਉਣਾ ਬੀਤਿਆ ਸਮਾਂ ਅਤੇ ਹੁਣ ਕਦੇ ਨਹੀਂ ਕਰ ਸਕਣੀ ਬਾਪ ਨਾਲ ਤੀਰਥ ਅਸਥਾਨ ਦੀ ਯਾਤਰਾ ਅਤੇ ਨਾ ਹੀ ਮਿਲਣੀ ਹੈ ਬਜ਼ੁਰਗੀ ਅਸੀਸਾਂ ਦੀ ਆਬਸ਼ਾਰ। ਮਾਪਿਆਂ ਨਾਲ ਮਿਲੇ ਵਕਤ ਦੇ ਹਰ ਪਲ ਨੂੰ ਇਉਂ ਵਰਤੋ ਕਿ ਉਹ ਪਲ ਯਾਦਗਾਰੀ ਹੋ ਜਾਣ ਕਿਉਂਕਿ ਪਤਾ ਨਹੀਂ ਕਦੋਂ ਸਾਡੇ ਬਜ਼ੁਰਗ ਮਾਪਿਆਂ ਨੇ ਜ਼ਿੰਦਗੀ ਨੂੰ ਸਦਾ ਲਈ ਅਲਵਿਦਾ ਕਹਿ ਜਾਣਾ। ਫਿਰ ਇਕ ਪਛਤਾਵਾ ਹੀ ਬੰਦੇ ਦੀ ਝੋਲੀ ਵਿਚ ਰਹਿ ਜਾਂਦਾ। ਪਰ ਪਛਤਾਵੇ ਵਿਚੋਂ ਕੁਝ ਵੀ ਹਾਸਲ ਨਹੀਂ ਹੁੰਦਾ।

ਬਾਪ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਸੀ ਕਿ ਉਹ ਆਣੀਆਂ ਪੋਤੀਆਂ ਨੂੰ ਭਾਈ ਸਹਿਜੂ ਭਾਈ ਮੈਰਾ ਸਿਆਂ, ਭਾਈ ਨੂਰੇ ਆਦਿ ਨਾਵਾਂ ਨਾਲ ਬੁਲਾਉਂਦਾ ਸੀ। ਬਹੁਤ ਮੋਹ ਕਰਦਾ ਸੀ ਉਨ੍ਹਾਂ ਨਾਲ। ਜਦ ਵੀ ਉਸਨੇ ਸ਼ਹਿਰ ਆਉਣਾ ਤਾਂ ਸਾਈਕਲ਼ ਨਾਲ ਟੰਗੇ ਝੋਲੇ ਦੀ ਫਰੋਲਾ ਫਰਾਲੀ ਪੋਤੀਆਂ ਸਭ ਤੋਂ ਪਹਿਲਾਂ ਕਰਦੀਆਂ ਸਨ। ਉਹ ਅਕਸਰ ਹੀ ਸਵੇਰੇ ਆ ਕੇ ਸ਼ਾਮ ਨੂੰ ਵਾਪਸ ਪਿੰਡ ਚਲੇ ਜਾਂਦੇ ਸਨ। ਪਰ ਜਦ ਪੋਤੀਆਂ ਦਾ ਮਨ ਕਰਨਾ ਤਾਂ ਉਨ੍ਹਾਂ ਨੇ ਸਾਈਕਲ ਨੂੰ ਜਿੰਦਰਾ ਲਾ ਕੇ ਚਾਬੀ ਲੁਕਾ ਲੈਣੀ। ਫਿਰ ਉਨ੍ਹਾਂ ਨੂੰ ਪੋਤੀਆਂ ਦੀ ਜ਼ਿੱਦ ਸਾਹਵੇਂ ਮਜਬੂਰਨ ਰਾਤ ਰਹਿਣਾ ਪੈਂਦਾ। ਉਨ੍ਹਾਂ ਨੂੰ ਬੜਾ ਚਾਅ ਸੀ ਜਦ ਉਸਦੀਆਂ ਸਾਰੀਆਂ ਪੋਤੀਆਂ ਹੀ ਕੈਨੇਡਾ-ਅਮਰੀਕਾ ਆ ਗਈਆਂ। ਉਹ ਤਾਂ ਫੁੱਲੇ ਨਹੀਂ ਸੀ ਸਮਾਉਂਦੇ ਜਦ ਅਮਰੀਕਾ ਵਿਚ ਵੱਸਦੀਆਂ ਦੋਵੇਂ ਡਾਕਟਰ ਪੋਤੀਆਂ ਉਸਨੂੰ ਮਿਲਣ ਪਿੰਡ ਜਾਂਦੀਆਂ ਸਨ। ਸੱਚੀਂ ਅਨਪੜ੍ਹ ਮਾਪਿਆਂ ਨੂੰ ਕਿੰਨਾ ਹੁਲਾਸ ਮਿਲਦਾ ਹੈ ਜਦ ਉਨ੍ਹਾਂ ਦੀ ਔਲਾਦ ਅਮਰੀਕਾ ਵਿਚ ਵਿਦਿਅਕ ਪ੍ਰਾਪਤੀਆਂ ਕਰਦੀ ਹੈ। ਬਾਪ ਤਾਂ ਉਦੋਂ ਵੀ ਬੜਾ ਪ੍ਰਸੰਨ ਹੋਇਆ ਸੀ ਜਦ ਉਸਨੂੰ ਪਤਾ ਲੱਗਾ ਸੀ ਕਿ ਮੈਂ ਅਮਰੀਕਾ ਦੀ ਯੂਨੀਵਰਸਿਟੀ ਵਿਚ ਪੜ੍ਹਾਉਣ ਲੱਗਾ ਹਾਂ। ਉਸਦਾ ਕਹਿਣਾ ਸੀ ਚੱਲ ਚੰਗਾ ਹੋਇਆ ਕਿਸੇ ਆਹਰੇ ਤਾਂ ਲੱਗਾ। ਇਥੇ ਕੀਤੀ ਹੋਈ ਪੜ੍ਹਾਈ ਤੇਰੀ ਅਮਰੀਕਾ ਵਿਚ ਵੀ ਕੰਮ ਆ ਗਈ।

ਬਾਪ ਨੂੰ ਗਿਆਂ ਤਿੰਨ ਸਾਲ ਹੀ ਹੋਏ ਨੇ ਪਰ ਇਨ੍ਹਾਂ ਤਿੰਨਾਂ ਸਾਲਾਂ ਵਿਚ ਬਹੁਤ ਕੁਝ ਬਿਖਰ ਗਿਆ ਏ। ਰਿਸ਼ਤਿਆਂ ਦਾ ਜ਼ਰਜ਼ਰੀਪਣ ਵੀ ਉਜਾਗਰ ਹੋਇਆ। ਇਨ੍ਹਾਂ ਵਿਚ ਪਨਪਦੇ ਕੂੜ-ਕਪਟ, ਲੋਭ-ਲਾਲਚ ਅਤੇ ਫਰੇਬ ਦਾ ਪਰਦਾ ਵੀ ਫਾਸ਼ ਹੋ ਗਿਆ। ਬਾਪ ਦੇ ਜਾਣ ਦੀ ਹੀ ਦੇਰ ਸੀ ਕਿ ਰਿਸ਼ਤੀ ਤੰਦਾਂ ਦੇ ਟੁੱਟਣ ਦਾ ਖੜਾਕ ਵੀ ਨਾ ਹੋਇਆ। ਇਸ ਤਿੜਕਣ ਨੇ ਘਰ ਦੀਆਂ ਕੰਧਾਂ ਵੀ ਹਿਲਾ ਦਿੱਤੀਆਂ ਅਤੇ ਖੇਤਾਂ ਵਿਚ ਉਗਦੀਆਂ ਵੱਟਾਂ ਨੂੰ ਕਬਰਾਂ ਬਣਾਉਣ ਵਿਚ ਵੀ ਕੋਈ ਕਸਰ ਨਾ ਛੱਡੀ। ਮਾਪੇ ਘਰ ਦਾ ਬੰਨ੍ਹ ਹੁੰਦੇ। ਸਾਰੇ ਸੰਬੰਧਾਂ ਦਾ ਕੇਂਦਰ ਬਿੰਦੂ। ਉਨ੍ਹਾਂ ਦੇ ਹੁੰਦਿਆਂ ਪਿੰਡ ਦੇ ਪੁਰਾਣੇ ਘਰ ਨੂੰ ਸਿਜਦਾ ਕਰਨ ਨੂੰ ਵਾਰ ਵਾਰ ਜੀਅ ਕਰਦਾ ਪਰ ਉਨ੍ਹਾਂ ਦੇ ਜਾਣ ਨਾਲ ਹੀ ਰੁੱਸ ਗਿਆ ਪਿੰਡ। ਮੂੰਹ ਫੇਰ ਲਿਆ ਫਿਰਨੀ ਨੇ ਅਤੇ ਮੱਥੇ 'ਤੇ ਤਿਊੜੀਆਂ ਉਕਰਾਈਆਂ ਫਿਰਦੀਆਂ ਨੇ ਉਹ ਗਲੀਆਂ ਜਿਨ੍ਹਾਂ ਵਿਚ ਖੇਡ ਕੇ ਜਵਾਨ ਹੋਏ ਸਾਂ। ਜਿਨ੍ਹਾਂ ਵਿਚ 'ਕੱਲੇ ਕੱਛੇ 'ਚ ਦੌੜਦਿਆਂ ਭੱਜਦਿਆਂ ਹੀ ਜਹਾਜ਼ 'ਤੇ ਬੈਠਣ ਦੇ ਸੁਪਨੇ ਲਏ ਸਨ। ਬਹੁਤ ਤਿੜਕਦਾ ਹੈ ਮਨ। ਮਨ ਦੀ ਚੀਸ ਨੂੰ ਕਲਮ ਵੀ ਉਲਥਾਉਣ ਤੋਂ ਨਾਬਰ ਹੋ ਗਈ ਤਾਂ ਕਲਮ ਫਿਸ ਪਈ;

ਜ਼ਿੰਦਗੀ ਦੀ ਬੀਹੀ ਵਿਚ
ਗੁੰਮ ਹੋਈਆਂ ਪੈੜਾਂ ਦੀ
ਲੈਂਦਾ ਰਹਾਂ ਹਰਦਮ ਸੂਹਾਂ।
ਜਿਸਦੀ ਆਗੋਸ਼ ਵਿਚ
ਸੁਪਨੇ ਸੀ ਅੱਖ ਪੁੱਟੀ
ਕਿਥੇ ਨੇ ਗਵਾਚ ਗਈਆਂ ਜੂਹਾਂ?
ਕੱਚੇ ਜਿਹੇ ਘਰ ਦਿਆਂ
ਨੀਵੇਂ ਜਿਹੇ ਦਰਾਂ ਵਿਚ
ਸੁੱਚੇ ਚਾਅ ਚੋਂਦੇ ਸੀਗੇ ਤੇਲ।
ਵਿਹੜੇ ਦਿਆਂ ਰੰਗਾਂ ਜਿਹੀ
ਸਰਘੀ ਦੀ ਧੁੱਪ ਵਿਚ
ਭਾਉਂਦੀ ਸੀ ਭਾਵਾਂ 'ਤੇ ਤ੍ਰੇਲ।
ਖੁੱਲ੍ਹੇ ਰਹਿੰਦੇ ਬਾਰ ਥਾਣੀ
ਲੰਘਦੀ ਹੋਈ ਭੂਰ ਸਦਾ
ਭਿਉਂ ਦੇਂਦੀ ਸੁੱਕੀਆਂ ਬਰੂਹਾਂ।

ਨਿੱਕੀ ਜਹੀ ਕੋਠੜੀ 'ਚ
ਵੱਡਾ ਪਰਿਵਾਰ ਰਹਿੰਦਾ
ਜਾਣਦਾ ਸੀ ਜ਼ਿੰਦਗੀ ਦਾ ਰਾਜ਼।
ਨੀਵੀਂ ਜਿਹੀ ਛੱਤ ਉਤੋਂ
ਅੰਬਰਾਂ ਨੂੰ ਛੂਹਣ ਲਈ
ਭਰੀ ਸੀਗੀ ਲੰਮੀ ਪ੍ਰਵਾਜ਼।
ਅਸੀਸਾਂ-ਅਰਦਾਸਾਂ ਸੰਗ
ਤੋਰਿਆ ਸੀ ਜਿਨ੍ਹਾਂ ਉਦੋਂ
ਰੂਹ ਵਿਚ ਵੱਸਦੀਆਂ ਨੇ ਰੂਹਾਂ।

ਕਾਨਿਆਂ ਦੀ ਛੱਤ ਵਿਚੋਂ
ਕਿਰ ਰਹੀ ਮਿੱਟੀ ਉਦੋਂ
ਟੋਂਹਦੀ ਸੀਗੀ ਮੁੱਖੜੇ ਦੀ ਭਾਅ।
ਤਿੱਪ ਤਿੱਪ ਚੋਂਦੀ ਹੋਈ
ਛੱਤ ਦੇ ਸੰਗੀਤ ਵਿਚ
ਕਰਦਾ ਸੀ ਕੌਣ ਪ੍ਰਵਾਹ?
ਖਾਲੀ ਪਏ ਭੜੋਲਿਆਂ 'ਚ
ਚੂੰਗ ਕੁ ਅਨਾਜ ਉਦੋਂ
ਲੱਗਦਾ ਸੀ ਸਾਨੂੰ ਮਣੀ ਮੂੰਹਾਂ।

ਸਮਿਆਂ ਦੀ ਧੁੰਦ 'ਚ
ਗਵਾਚੇ ਹੋਏ ਪਲਾਂ ਦਾ
ਕੋਈ ਵੀ ਸਿਰਾ ਨਾ ਥਿਆਵੇ।
ਚਿਹਰਿਆਂ ਦਾ ਚੰਨ ਨਾ
ਉਤਰੇ ਬਨੇਰਿਆਂ ਤੋਂ
ਚਾਨਣੀ ਨਾ ਮੰਨੀਂ ਛਿੜਕਾਵੇ।
ਦੂਰ ਪ੍ਰਦੇਸੀਂ ਬੈਠਾ
ਘਰ ਦੇ ਫਰੇਬ ਦੇਖ
ਆਉਂਦੇ ਜਾਂਦੇ ਚੇਤਿਆਂ ਨੂੰ ਲੂਹਾਂ।

ਅੱਜ ਤਰੋਤਾਜ਼ਾ ਹੋ ਗਿਆ ਹੈ ਬਾਪ ਦਾ ਆਖ਼ਰੀ ਪਲ ਜਦ ਉਸਨੇ ਆਖਰੀ ਸਫ਼ਰ 'ਤੇ ਜਾਣ ਤੋਂ ਪਹਿਲਾਂ ਬੇਹੋਸ਼ ਹੁੰਦਿਆਂ ਵੀ ਅੱਖਾਂ ਖੋਲ ਕੇ ਜੀਅ ਭਰ ਕੇ ਮੇਰੇ ਵੱਲ ਦੇਖਿਆ ਸੀ। ਉਨ੍ਹਾਂ ਦੀ ਤੱਕਣੀ ਅੱਜ ਵੀ ਮੇਰੇ ਚੇਤਿਆਂ ਵਿਚ ਤਾਰੀ ਹੈ। ਯਾਦ ਹੈ ਉਨ੍ਹਾਂ ਦੇ ਦੀਦਿਆਂ ਵਿਚ ਸਹਿਜ, ਸੰਤੁਸ਼ਟੀ ਅਤੇ ਸਕੂਨ ਦਾ ਦ੍ਰਿਸ਼। ਉਨ੍ਹਾਂ ਨੇ ਸ਼ਾਂਤੀ ਨਾਲ ਮੂਕ ਅਲਵਿਦਾ ਕਹੀ ਅਤੇ ਲੰਮਾ ਸਾਰਾ ਹਟਕੋਰਾ ਭਰ ਕੇ ਸਦਾ ਲਈ ਅੱਖਾਂ ਮੀਟ ਲਈਆਂ। ਕਿੰਨੀ ਸੁਖਨਮਈ ਸੀ ਇਹ ਅਲਵਦਾਇਗੀ ਕਿ ਉਨ੍ਹਾਂ ਆਪਣੇ ਜੇਠੇ ਪੁੱਤ ਨੂੰ ਸਿਰਹਾਣੇ ਬੈਠਿਆਂ ਦੇਖਿਆ। ਉਹ ਰੂਹ ਨਾਲ ਪੁੱਤ ਨੂੰ ਨਿਹਾਰ ਕੇ ਅਤੇ ਬਹੁਤ ਸਾਰੀਆਂ ਦੁਆਵਾਂ ਦੇ ਕੇ ਸਦਾ ਲਈ ਰੁੱਖ਼ਸਤ ਹੋਏ। ਇਹ ਦੁਆਵਾਂ ਹੀ ਨੇ ਜਿਨ੍ਹਾਂ ਨੇ ਸਾਰੀ ਉਮਰ ਮੇਰੇ ਨਾਲ ਰਹਿਣਾ ਅਤੇ ਇਨ੍ਹਾਂ ਵਿਚੋਂ ਹੀ ਮੈਂ ਆਪਣੀ ਕੀਰਤੀ ਨੂੰ ਅਕੀਦਤ ਯੋਗ ਬਣਾਉਣ ਲਈ ਉਦਮ ਕਰਦੇ ਰਹਿਣਾ ਹੈ।

## ਮੇਰੀ ਫਿਲਮੀ ਆਤਮ-ਕਥਾ



ਬਲਰਾਜ ਸਾਹਨੀ

# ਪਹਿਲੀ ਸ਼ੂਟਿੰਗ

***ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ।***

ਅਚਨਚੇਤ ਇਕ ਦਿਨ ਸ਼ੂਟਿੰਗ ਦਾ ਬੁਲਾਵਾ ਆ ਗਿਆ - ਜ਼ਿੰਦਗੀ ਵਿਚ ਮੇਰੀ ਪਹਿਲੀ ਸ਼ੂਟਿੰਗ। ਸ਼ਾਮੀ ਸੱਤ ਵਜੇ ਕਾਰਦਾਰ ਸਟੂਡੀਓ ਪਹੁੰਚਣਾ ਸੀ। ਇਪਟਾ ਦੀ ਮੀਟਿੰਗ ਅਧ-ਵਿਚਾਲੇ ਛਡ ਕੇ ਮੈਂ ਐਨ ਵਕਤ ਸਿਰ ਚਰਨੀ ਰੋਡ ਸਟੇਸ਼ਨ ਤੋਂ ਗੱਡੀ ਫੜ ਲਈ। ਸ਼ੂਟਿੰਗ ਸ਼ਬਦ ਸੁਣ ਕੇ ਸਾਥੀਆਂ ਉਪਰ ਬਿਜਲੀ ਦਾ ਕਰੰਟ ਛੋਹ ਜਾਣ ਵਾਲਾ ਪ੍ਰਤੀਕਰਮ ਹੋਇਆ ਸੀ, ਜਿਵੇਂ ਪਲ ਦੋ ਪਲ ਵਿਚ ਮੈਂ ਉਹਨਾਂ ਦੇ ਪ੍ਰੇਮ ਦਾ ਨਹੀਂ ਸਗੋਂ ਈਰਖਾ ਦਾ ਪਾਤਰ ਬਣ ਗਿਆ ਹੋਵਾਂ। ਤੇ ਉਸ ਦਿਨ ਤੋਂ ਲੈ ਕੇ ਅਜ ਤਕ ਮੈਂ ਇਹੋ ਤ੍ਰਹਿਕਵਾਂ ਪ੍ਰਤੀਕਰਮ ਆਪਣੇ ਆਲੇ-ਦੁਆਲੇ, ਘਰ ਵਿਚ, ਤੇ ਘਰੋਂ ਬਾਹਰ ਵੀ ਹਮੇਸ਼ਾ ਵੇਖਿਆ ਹੈ। ਸ਼ੂਟਿੰਗ ਹਰ ਕਿਸੇ ਦੀ ਨਜ਼ਰ ਵਿਚ ਵਿਸਮਾਦੀ, ਤਲਿਸਮੀ ਚੀਜ਼ ਹੈ। ਉਹ ਇਕ ਮਨੁੱਖ ਨੂੰ ਦੂਜੇ ਮਨੁੱਖਾਂ ਤੋਂ ਵਿਰਲਾ ਤੇ ਉਚੇਰਾ ਬਣਾ ਦੇਂਦੀ ਹੈ। ਸ਼ੂਟਿੰਗ ਕਰਦੇ ਕਲਾਕਾਰ ਦਾ ਸਿੰਘਾਸਨ ਕਾਇਮ, ਤੇ ਨਾ ਕਰਦੇ ਦਾ ਹਿੱਲਿਆ ਹੋਇਆ ਰਹਿੰਦਾ ਹੈ। ਐਵੇਂ ਹੀ ਕੋਈ ਪੁੱਛ ਬੈਠੇ, "ਅਜ ਤੁਹਾਡੀ ਸ਼ੂਟਿੰਗ ਨਹੀਂ!" ਤਾਂ ਵੱਡੇ ਤੋਂ ਵੱਡਾ ਸਟਾਰ ਵੀ ਖਿਝ ਜਾਂਦਾ ਹੈ। ਕਾਰਨ ਇਹ ਕਿ ਇਸ ਸਵਾਲ ਨਾਲ, ਕਿਤੇ ਦੂਰ ਸਾਰੇ, ਖਤਰੇ ਦੀ ਘੰਟੀ ਬੱਝੀ ਹੋਈ ਹੈ ਜਿਸ ਦੀ 'ਵਾਜ ਫਿਲਮ ਸਟਾਰ ਦੇ ਕੰਨਾਂ ਨੂੰ ਚੰਗੀ ਨਹੀਂ ਲਗਦੀ।

ਮੈਨੂੰ ਸੱਤ ਵਜੇ ਦਾ ਟਾਈਮ ਦਿੱਤਾ ਗਿਆ ਸੀ ਪਰ ਸਟੂਡੀਓ ਜਾ ਕੇ ਪਤਾ ਲੱਗਾ ਕਿ ਸ਼ਿਫਟ ਨੌਂ ਵਜੇ ਸ਼ੁਰੂ ਹੋਵੇਗੀ। ਇਤਨਾ ਪਹਿਲੇ ਕਿਉਂ ਬੁਲਾ ਲਿਆ ਮੈਨੂੰ? ਅੱਠ ਵਜੇ ਤਕ ਤਾਂ ਫਨੀ-ਦਾ (ਫਿਲਮ ਡਾਇਰੈਕਟਰ ਫਨੀ ਮਜੂਮਦਾਰ) ਦੇ ਸਹਾਇਕਾਂ ਨੇ ਵੀ ਦਰਸ਼ਨ ਨਾ ਦਿਤੇ ਪਰ ਮੈਂ ਇਸ ਗੱਲ ਉਤੇ ਬਹੁਤਾ ਗੌਰ ਨਾ ਕੀਤਾ - ਪਹਿਲੀ ਸ਼ੂਟਿੰਗ ਦਾ ਚਾਅ ਜੋ ਸੀ। ਅਸਲ ਵਿਚ ਅਜਿਹੇ ਅਪਮਾਨ ਛੋਟੇ ਕਲਾਕਾਰਾਂ ਦਾ ਦਿਮਾਗ ਠੀਕ ਥਾਂ ਰਖਣ ਲਈ ਕੀਤੇ ਜਾਂਦੇ ਹਨ। ਵੱਡੇ ਕਲਾਕਾਰ, ਅਰਥਾਤ ਸਟਾਰ, ਆਪਣੀ ਮਰਜ਼ੀ ਦੇ ਮਾਲਕ, ਸ਼ਿਫਟ ਸ਼ੁਰੂ ਹੋਣ ਤੋਂ ਦੋ-ਦੋ, ਚਾਰ-ਚਾਰ ਘੰਟੇ ਦੇਰ ਨਾਲ ਆਉਂਦੇ ਹਨ ਪਰ ਉਹਨਾਂ ਦੀ ਹਰ ਕੱਜ-ਅਦਾਈ ਦਾ ਮੁਸਕਰਾਹਟਾਂ ਨਾਲ ਸੁਆਗਤ ਕਰਨਾ, ਪ੍ਰੋਡਿਊਸਰ, ਡਾਇਰੈਕਟਰ, ਤੇ ਯੂਨਿਟ ਦੇ ਹਰ ਇਕ ਕਰਮਚਾਰੀ ਦਾ ਫਰਜ਼ ਹੋ ਜਾਂਦਾ ਹੈ। ਤੇ ਇੰਜ ਕੀਤਿਆਂ ਸਵੈ-ਮਾਣ ਵਿਚ ਪਈਆਂ ਤਰੇੜਾਂ ਥੁੱਕ ਲਾ ਕੇ ਜੋੜਨ ਲਈ ਛੋਟੇ ਕਲਾਕਾਰਾਂ ਨੂੰ ਬਿਲਾ-ਵਜ੍ਹਾ ਫਟਕਾਰਿਆ ਤੇ ਜ਼ਲੀਲ ਕੀਤਾ ਜਾਂਦਾ ਹੈ। ਉਹਨਾਂ ਦੀ ਲਾਚਰੀ ਉਹਨਾਂ ਨੂੰ ਅੱਗੋਂ ਕੁਸਕਣ ਜੋਗਾ ਨਹੀਂ ਦੇਂਦੀ, ਕਿਉਂਕਿ ਕਿਸੇ ਵਕਤ ਵੀ ਉਹਨਾਂ ਨੂੰ ਕੰਨੋਂ ਫੜ ਕੇ ਹਟਾਇਆ ਜਾ ਸਕਦਾ ਹੈ। ਹਾਂ, ਪਰ ਜੇ ਕਿਸੇ ਛੋਟੇ ਕਲਾਕਾਰ ਨੂੰ ਰੱਬ-ਸਬਬੀ ਕਿਸਮਤ ਉਤਾਂਹ ਚੁੱਕ ਲਏ, ਤਾਂ ਫੇਰ ਗਿਣ-ਗਿਣ ਕੇ ਬਦਲੇ ਲੈਣ ਦਾ ਉਸ ਦਾ ਸਮਾਂ ਆ ਜਾਂਦਾ ਹੈ, ਹਾਲਾਂਕਿ ਛੋਟੇ ਕਲਾਕਾਰਾਂ ਦੀ ਮਦਦ ਕਰਨ ਦਾ ਜਿਨ੍ਹਾਂ ਵਿਚੋਂ ਉਹ ਉਗਮਿਆਂ ਸੀ, ਉਹਨੂੰ ਵੀ ਕੋਈ ਖਿਆਲ ਨਹੀਂ ਰਹਿੰਦਾ।

ਸੈੱਟ ਸਟੂਡੀਓ ਦੇ ਹਾਤੇ ਵਿਚ ਲਾਇਆ ਗਿਆ ਸੀ - ਕਿਸੇ ਅਮੀਰ ਆਦਮੀ ਦੇ ਵਿਹੜੇ ਤੇ ਬਗੀਚੇ ਦਾ ਸੈੱਟ। ਸਾਢੇ ਨੌਂ ਕੁ ਵਜੇ ਫਨੀ-ਦਾ ਤਸ਼ਰੀਫ ਲਿਆਏ, ਤੇ ਕੈਮਰਾਮੈਨ ਘੋਸ਼ ਨੇ ਹੌਲੀ-ਹੌਲੀ ਲਾਈਟਿੰਗ ਅਰੰਭ ਕੀਤੀ। ਗਿਆਰਾਂ ਕੁ ਵਜੇ ਸਟੂਡੀਓ ਦੇ ਫਾਟਕ ਵਿਚ ਫਿਲਮ ਦੇ ਕੁਝ ਇਕ ਮੁਖ ਪਾਤਰਾਂ ਦੀਆਂ ਮੋਟਰਾਂ ਦਾਖਲ ਹੋਈਆਂ - ਚਾਰਲੀ (ਸਣੇ ਆਪਣੇ ਐਲਸੇਸ਼ੀਅਨ ਕੁੱਤੇ ਦੇ), ਆਗਾ, ਡੇਵਿਡ, ਕੁਸਮ, ਦੇਸ਼ ਪਾਂਡੇ, ਸੁਨਾਲਿਨੀ ਦੇਵੀ। ਇਹ ਲੋਕ ਤਾਜ ਮਹੱਲ ਦੀ ਕਿਸੇ ਡਿਨਰ ਪਾਰਟੀ ਤੋਂ ਆ ਰਹੇ ਸਨ। ਮਰਦਾਂ ਨੇ ਆਕੜੀਆਂ ਹੋਈਆਂ, ਤਿੱਤਲੀ-ਕਾਲਰ ਕਮੀਜ਼ਾਂ ਦੇ ਕਾਲੇ ਡਿਨਰ-ਸੂਟ ਪਾਏ ਹੋਏ ਸਨ ਜਿਨ੍ਹਾਂ ਦੀ ਜੰਗ ਦੇ ਜ਼ਮਾਨੇ ਇੰਗਲਿਸਤਾਨ ਵਿਚ ਮੈਂ ਮਨਾਹੀ ਜਿਹੀ ਵੇਖੀ ਸੀ। ਉਹਨਾਂ ਦੇ ਆਉਂਦਿਆਂ ਸਾਰ ਮੇਜ਼ ਉਤੇ ਚਿੱਟਾ ਕਪੜਾ ਵਛਾ ਦਿੱਤਾ ਗਿਆ, ਝਮ-ਝਮ ਕਰਦੇ ਚੀਨੀ ਦੇ ਸੈੱਟ ਵਿਚ ਸੈਂਡਵਿਚਾਂ ਤੇ ਕਾਫੀ ਆ ਗਈ। ਮੈਂ ਕਦੇ ਬੀ.ਬੀ.ਸੀ. ਵਿਚ ਵੀ ਇਤਨੇ ਨਵਾਬੀ ਠਾਠ ਨਾਲ ਕੰਮ ਹੁੰਦਾ ਨਹੀਂ ਸੀ ਵੇਖਿਆ। ਅਜੀਬ-ਅਜੀਬ ਲੱਗਾ। ਕੀ ਇਹ ਉਹੀ ਮੁਲਕ ਸੀ ਜਿਥੇ ਸਾਲ ਭਰ ਪਹਿਲਾਂ ਲੱਖਾਂ ਆਦਮੀ ਭੁੱਖ ਨਾਲ ਮਰ ਗਏ ਸਨ, ਤੇ ਜਿਥੇ ਸੰਨ 52 ਦੇ ਦਮਨ-ਚੱਕਰ ਵਿਚ ਫੜੇ ਹੋਏ ਲੱਖਾਂ ਦੇਸ਼ਭਗਤ ਅਜੇ ਵੀ ਜੇਲ੍ਹ ਵਿਚ ਸੜ ਰਹੇ ਸਨ? ਹਿੰਦੁਸਤਾਨ ਵਪਾਰੀਆਂ ਦਾ ਦੇਸ਼ ਹੈ ਪਰ ਅਜੇ ਮੈਂ ਉਹਨਾਂ ਵਪਾਰੀਆਂ ਦਾ ਆਦੀ ਨਹੀਂ ਸਾਂ ਹੋਇਆ। ਨਵਾਂ-ਨਵਾਂ ਜੋ ਆਪਣੇ ਮੁਲਕ ਪਰਤਿਆ ਸਾਂ।



*ਅਦਾਕਾਰ ਨਵੀਨ ਯਾਗਨਿਕ ਅਤੇ ਫਿਲਮ ਡਾਇਰੈਕਟਰ ਫਨੀ ਮਜੂਮਦਾਰ*

ਕਾਫੀ ਪੀ ਕੇ ਸਟਾਰ ਰੁਖਸਤ ਹੋ ਗਏ। ਉਹਨਾਂ ਦਾ ਕੰਮ ਕਰਨ ਦਾ 'ਮੂਡ' ਨਹੀਂ ਸੀ ਬਣ ਰਿਹਾ, ਸੈੱਟ ਦਾ ਪਹਿਲਾ ਦਿਨ ਸੀ। ਖੌਰੇ ਸਜਾਵਟ ਤੇ ਲਾਈਟਿੰਗ ਵਿਚ ਹੋਰ ਕਿਤਨਾ ਚਿਰ ਲਗ ਜਾਏ। ਫਨੀ-ਦਾ ਨੇ ਉਹਨਾਂ ਨੂੰ ਕੰਮ ਅਗਲੇ ਦਿਨ 'ਤੇ ਪਾ ਕੇ, ਖਿੜੇ ਮੱਥੇ ਰੁਖਸਤ ਕਰ ਦਿਤਾ। ਬਾਕੀ ਰਹਿ ਗਿਆ ਮੈਂ, ਤੇ ਫਿਲਮ ਦਾ ਹੀਰੋ, ਨਵੀਨ ਯਾਗਨਿਕ ਜੋ ਸਟਾਰਪਣੇ ਦੀ ਮੁਹਾਠ ਤੱਕ ਚਿਰਾਂ ਦਾ ਪੁੱਜਿਆ ਹੋਇਆ ਸੀ ਪਰ ਅਜੇ ਟੱਪਿਆ ਨਹੀਂ ਸੀ। ਜਦੋਂ ਅਸੀਂ ਕਾਫੀ ਪੀ ਰਹੇ ਸਾਂ ਤਾਂ ਉਹ ਅੰਦਰ ਮੇਕ-ਅਪ ਕਰ ਰਿਹਾ ਸੀ, ਤੇ ਹੁਣ ਚੁੱਪ-ਚਾਪ ਇਕ ਕੁਰਸੀ 'ਤੇ ਆ ਕੇ ਬਹਿ ਗਿਆ। ਉਹਨੇ ਨੀਲੇ ਰੰਗ ਦਾ ਕੁਰਤਾ-ਪਜਾਮਾ ਪਾਇਆ ਹੋਇਆ ਸੀ ਜੋ ਉਸ ਦੇ ਮੇਕ-ਅਪ ਨਾਲ ਮਿਲ ਕੇ ਬੜਾ ਹਨੂੰਮਾਨੀ ਜਿਹਾ ਪ੍ਰਭਾਵ ਪੈਦਾ ਕਰ ਰਿਹਾ ਸੀ। ਜਦੋਂ ਗੱਲਬਾਤ ਸ਼ੁਰੂ ਹੋਈ ਤਾਂ ਨਵੀਨ ਨੇ ਦਸਿਆ ਕਿ ਪਰਦੇ ਉਤੇ ਇਹਨਾਂ ਕਪੜਿਆਂ ਦਾ ਰੰਗ ਚਿੱਟਾ ਹੀ ਆਵੇਗਾ। ਇਕ ਦਮ ਚਿੱਟੇ ਕਪੜੇ ਰੰਗੀਨ ਫਿਲਮ ਵਿਚ ਤਾਂ ਪਾਏ ਜਾ ਸਕਦੇ ਹਨ ਪਰ ਕਾਲੀ-ਚਿੱਟੀ ਫਿਲਮ ਵਿਚ ਨਹੀਂ। ਉਹਨਾਂ ਦਾ ਲਿਸ਼ਕਾਰਾ ਕੈਮਰਾਮੈਨ ਦੇ ਕੰਮ ਵਿਚ ਉਲਝਣਾਂ ਪੈਦਾ ਕਰਦਾ ਹੈ।

"ਪਰ ਅਜਿਹੇ ਬੌਂਗੇ ਕਪੜੇ ਪਾ ਕੇ, ਤੇ ਮੂੰਹ ਉਤੇ ਇਤਨਾ ਗਾੜ੍ਹਾ ਮੇਕ-ਅੱਪ ਥੱਪ ਕੇ ਕੀ ਕਲਾਕਾਰ ਦੀ ਮਾਨਸਿਕ ਸੁਹਜ-ਸੁਭਾਵਕਤਾ ਨਸ਼ਟ ਨਹੀਂ ਹੋ ਜਾਂਦੀ?" ਮੈਂ ਪੁਛਿਆ।

"ਆਦਤ ਹੋ ਜਾਂਦੀ ਹੈ।" ਨਵੀਨ ਸੰਖੇਪ ਜਿਹਾ ਜਵਾਬ ਦੇ ਕੇ ਚੁੱਪ ਹੋ ਗਿਆ। ਮੈਨੂੰ ਬੜੀ ਹੈਰਾਨੀ ਹੋਈ। ਅਭਿਨੈ ਕਲਾ ਬਾਰੇ ਜਿਤਨਾ ਕੁਝ ਪੜ੍ਹਿਆ-ਗੁੜ੍ਹਿਆ ਸੀ, ਉਸ ਦੇ ਆਧਾਰ ਉਤੇ ਸੁਭਾਵਿਕਤਾ ਤੇ ਕੁਦਰਤੀਪਣ ਸਭ ਤੋਂ ਜ਼ਰੂਰੀ ਚੀਜ਼ ਸੀ। ਮੇਰੇ ਮਹੱਤਵਪੂਰਨ ਸਵਾਲ ਦਾ ਹੀਰੋ ਨੇ ਸ਼ਾਇਦ ਮਤਲਬ ਨਹੀਂ ਸਮਝਿਆ, ਮੈਂ ਸੋਚਿਆ।

ਨਵੀਨ ਦਾ ਚੌੜਾ ਸਪਾਟ ਜਿਹਾ ਚਿਹਰਾ ਪਹਿਲੀ ਨਜ਼ਰੇ ਮੈਨੂੰ ਹੁਸੀਨ ਨਹੀਂ ਸੀ ਲੱਗਿਆ। ਮੈਨੂੰ ਹੋਛੀ ਜਿਹੀ ਤਸੱਲੀ ਹੋਈ ਸੀ ਕਿ ਸਕਰੀਨ ਉਤੇ ਮੈਂ ਉਸ ਤੋਂ ਵਧ ਹੁਸੀਨ ਦਿਸਾਂਗਾ ਪਰ ਹੱਸਣ ਵੇਲੇ, ਮੈਂ ਵੇਖਿਆ, ਉਸ ਦੀਆਂ ਗੱਲ੍ਹਾਂ ਵਿਚ ਕਲਾਰਕ ਬੇਗਲ ਵਰਗੇ ਡੂੰਘ ਪੈਂਦੇ ਸਨ। ਉਸ ਦੀ ਠਹਿਰੀ ਹੋਈ ਤੇ ਸੰਜੀਦਾ ਤਬੀਅਤ ਨੇ ਵੀ ਮੇਰੇ ਉਪਰ ਬੜਾ ਚੰਗਾ ਪ੍ਰਭਾਵ ਪਾਇਆ।

ਨਵੀਨ ਯਾਗਨਿਕ ਦੇ ਭਾਗਾਂ ਵਿਚ ਲੰਮਾ ਜੀਣਾ ਨਹੀਂ ਸੀ ਲਿਖਿਆ। ਉਸ ਫਿਲਮ ਦੇ ਮੁਕੰਮਲ ਹੋਣ ਤੋਂ ਕੁਝ ਸਾਲ ਪਿਛੋਂ ਉਹ ਮਿਆਦੀ ਬੁਖਾਰ ਦਾ ਸ਼ਿਕਾਰ ਹੋ ਕੇ ਗੁਜ਼ਰ ਗਿਆ ਸੀ। ਬੜੀ ਨਾਗਹਾਨੀ ਮੌਤ ਸੀ ਉਹ। ਫਿਲਮਾਂ ਅੰਦਰ ਗੁਜ਼ਾਰੇ ਸਮੇਂ ਵਿਚ ਨਵੀਨ ਨੇ ਬੜੇ ਚੰਗੇ-ਚੰਗੇ ਕੰਮ ਕੀਤੇ ਸਨ - ਐਕਸਟਰਾਵਾਂ ਤੇ ਸਟੂਡੀਓ-ਮਜ਼ਦੂਰਾਂ ਦੀਆਂ ਯੂਨੀਅਨਾਂ ਬਣਾਈਆਂ, ਨਿਆਂ ਲਈ ਜਦੋਜਹਿਦ ਕੀਤੀ। ਉਸ ਦੇ ਇਕ ਹੋਰ ਸਰਗਰਮ ਸਾਥੀ ਜਿਸ ਦਾ ਨਾਂ ਕ੍ਰਿਸ਼ਨ ਕੁਮਾਰ ਸੀ, ਨੂੰ ਏਸੇ ਸੇਵਾ ਬਦਲੇ ਗੁੰਡਿਆਂ ਨੇ ਕਤਲ ਕਰ ਦਿੱਤਾ ਸੀ। ਮੈਂ ਉਹਨਾਂ ਨੇਕ ਤੇ ਨਿੱਡਰ ਦੋਹਾਂ ਬੰਦਿਆਂ ਨੂੰ ਸਲਾਮ ਕਰਦਾ ਹਾਂ। ਨਵੀਨ ਕੋਲੋਂ ਉੱਠ ਕੇ ਹੁਣ ਮੈਂ ਵੀ ਮੇਕ-ਅੱਪ ਕਰਨ ਚਲਾ ਗਿਆ। ਮੇਕ-ਅੱਪ-ਮੈਨ ਦਾ ਨਾਂ ਸਵਾਮੀ ਸੀ। ਅਜੇ ਵੀ ਕਦੇ-ਕਦੇ ਸਟੂਡੀਓ ਵਿਚ ਉਸ ਦੇ ਦਰਸ਼ਨ ਹੋ ਜਾਂਦੇ ਹਨ। ਪਿਛਲੇ ਵੀਹਾਂ ਸਾਲਾਂ ਵਿਚ ਉਸ ਦੀ ਆਰਥਕ ਦਸ਼ਾ ਜ਼ਰਾ ਵੀ ਨਹੀਂ ਬਦਲੀ। ਉਹ ਇਕ ਥਾਂ ਕਾਇਮ ਹੀ ਰਹੀ ਹੋਵੇ - ਸ਼ਾਇਦ ਇਹ ਵੀ ਨਹੀਂ ਆਖਿਆ ਜਾ ਸਕਦਾ। ਏਸ ਆਦਮਖੋਰ ਫਿਲਮੀ ਧੰਦੇ ਅੰਦਰ ਸੌ ਚੋਂ ਨੜਿੰਨਵੇਂ ਕਿਰਤੀਆਂ ਦੀ ਇਹੋ ਕਹਾਣੀ ਹੈ। ***(ਚੱਲਦਾ)***

# ਬਦਲਣ ਵਾਲੀ ਹੈ ਫਿਲਮਾਂ ਦੀ ਦੁਨੀਆ

ਦੀਪ ਜਗਦੀਪ ਸਿੰਘ

ਇਕ ਪਾਸੇ ਰਰਰ ਮਲਟੀਪਲੈਕਸਾਂ ਵਿਚ ਸਾਨ੍ਹਾਂ ਦੇ ਭੇੜ ਦਿਖਾ ਰਹੀ ਏ, ਦੂਜੇ ਪਾਸੇ ਵਪਾਰਕ ਹਲਕਿਆਂ ਵਿਚ ਮਲਟੀਪਲੈਕਸਾਂ ਵਾਲੇ ਸਾਨ੍ਹਾਂ ਦੀਆਂ ਜੱਫੀਆਂ ਪੈਣ ਦੇ ਚਰਚੇ ਨੇ। ਇਹ ਦੋਵੇਂ ਘਟਨਾਵਾਂ ਬਹੁਤ ਜਲਦੀ ਹੀ ਪੂਰੀ ਫਿਲਮੀ ਦੁਨੀਆ ਬਦਲਣ ਵਾਲੀਆਂ ਹਨ।

ਪਹਿਲਾਂ ਗੱਲ ਰਰਰ ਦੀ। ਜੇ ਖਬਰਾਂ ਦੀ ਮੰਨੀਏ ਤਾਂ ਇਸ ਤੇਲਗੂ ਫਿਲਮ ਦਾ ਬਜਟ 550 ਕਰੋੜ ਦੱਸਿਆ ਜਾ ਰਿਹਾ ਹੈ ਤੇ ਪਹਿਲੇ ਚਾਰ ਦਿਨਾਂ ਵਿਚ ਟਿਕਟ ਖਿੜਕੀ 'ਤੇ 565 ਕਰੋੜ ਰੁਪਏ ਦੀ ਕਮਾਈ ਕਰਕੇ, ਇਸ ਨੇ ਵੱਡੇ-ਵੱਡੇ ਸੁਪਰ ਸਟਾਰਾਂ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਵਾਹ ਦਿੱਤੀਆਂ ਹਨ। ਸਿਰਫ ਸਟਾਰਾਂ ਦੀ ਹੀ ਨਹੀਂ, ਚਿੰਤਾ ਫਿਲਮ ਪ੍ਰੋਡਿਊਸਰਾਂ ਦੀ ਵੀ ਵਧ ਗਈ ਹੈ, ਕਿਉਂਕਿ ਇਸ ਨੇ ਫਿਲਮਾਂ ਦੇ ਤਕਨੀਕੀ ਪੱਖ ਦੇ ਨਾਲ-ਨਾਲ ਬਜਟ ਵੀ ਕਾਫੀ ਉੱਚੇ ਚੱਕ ਦਿੱਤੇ ਹਨ। ਪਹਿਲਾਂ ਬਾਹੂਬਲੀ ਅਤੇ ਹੁਣ ਰਰਰ ਤੇ ਵਿਚ-ਵਿਚਾਲੇ ਆਈਆਂ ਕੇ.ਜੀ.ਐਫ. ਅਤੇ ਪੁਸ਼ਪਾ ਵਰਗੀਆਂ ਫਿਲਮਾਂ ਨੇ ਦਰਸ਼ਕਾਂ ਦੇ ਫਿਲਮ ਦੇਖਣ ਦੇ ਤਜਰਬੇ ਨੂੰ ਨਵਾਂ ਹੀ ਰੰਗ ਚਾੜ੍ਹ ਦਿੱਤਾ ਹੈ। ਹੁਣ ਸਾਧਾਰਨ ਫਿਲਮਾਂ ਦਾ ਸਿਨੇਮਾ ਵਿਚ ਰਿਲੀਜ਼ ਹੋਣਾ ਵੀ ਹੋਰ ਔਖਾ ਹੋ ਜਾਵੇਗਾ ਤੇ ਛੇਤੀ ਕਿਤੇ ਦਰਸ਼ਕਾਂ ਨੂੰ ਵੀ ਰਾਸ ਨਹੀਂ ਆਉਣੀਆਂ। ਫਿਲਮ ਬਣਾਉਣੀ ਪਹਿਲਾਂ ਵੀ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਸੀ, ਹੁਣ ਮਾੜੇ-ਧੀੜੇ ਪ੍ਰੋਡਿਊਸਰਾਂ ਦੀ ਫੱਟੀ ਉੱਝ ਹੀ ਪੋਚੀ ਜਾਣੀ ਹੈ।

ਹੁਣ ਗੱਲ ਮਲਟੀਪਲੈਕਸ ਸਾਨ੍ਹਾਂ ਦੀ। ਦੋ ਵੱਡੀਆਂ ਮਲਟੀਪਲੈਕਸ ਕੰਪਨੀਆਂ ਪੀ.ਵੀ.ਆਰ. ਅਤੇ ਆਈ.ਐਨ.ਓ.ਐਕਸ. ਨੇ ਆਪਸ ਵਿਚ ਭਿੜਨ ਦਾ ਰਾਹ ਛੱਡ ਕੇ ਆਪੋ ਵਿਚ ਜੱਫੀਆਂ ਪਾ ਲਈਆਂ ਹਨ। ਪਿਛਲੇ ਹਫਤੇ ਦੋਵਾਂ ਕੰਪਨੀਆਂ ਦੇ ਮਾਲਕਾਂ ਨੇ ਆਪਸ ਵਿਚ ਰਲੇਵਾਂ ਕਰਨ ਦਾ ਸੌਦਾ ਮਾਰ ਲਿਆ ਹੈ। ਪੀ.ਵੀ.ਆਰ. ਦੀਆਂ ਦੇਸ਼ ਦੇ 73 ਸ਼ਹਿਰਾਂ ਵਿਚ 871 ਸਕਰੀਨਾਂ ਹਨ ਜਦ ਕਿ ਆਈ.ਐਨ.ਓ.ਐਕਸ. ਦੀਆਂ 72 ਸ਼ਹਿਰਾਂ ਵਿਚ 675 ਸਕਰੀਨਾਂ ਹਨ। ਪੰਜਾਬ ਵਿਚ ਪੀ.ਵੀ.ਆਰ. ਦੀਆਂ ਸਕਰੀਨਾਂ ਅੰਮ੍ਰਿਤਸਰ, ਜਲੰਧਰ, ਚੰਡੀਗੜ੍ਹ, ਲੁਧਿਆਣਾ, ਮੁਹਾਲੀ, ਪਠਾਨਕੋਟ, ਜ਼ੀਰਕਪੁਰ ਵਿਚ ਅਤੇ ਆਈ.ਐਨ.ਓ.ਐਕਸ. ਦੀਆਂ ਅੰਮ੍ਰਿਤਸਰ, ਜਲੰਧਰ, ਚੰਡੀਗੜ੍ਹ ਵਿਚ ਹਨ। ਆਈ.ਐਨ.ਓ.ਐਕਸ. ਜਿੱਥੇ ਸਿਰਫ ਸ਼ਹਿਰਾਂ 'ਤੇ ਫੋਕਸ ਕਰਦਾ ਰਿਹਾ ਹੈ, ਉੱਥੇ ਹੀ ਨੇ ਆਪਣੀਆਂ ਜੜ੍ਹਾਂ ਕਸਬਿਆਂ ਵਿਚ ਵੀ ਪਸਾਰੀਆਂ ਹਨ। ਪਹਿਲਾਂ ਇਹ ਆਪਣੇ ਬਜਟ ਦਾ ਮੋਟਾ ਪੈਸਾ ਇਕ ਦੂਜੇ ਤੋਂ ਅੱਗੇ ਨਿਕਲਣ ਦੇ ਮੁਕਾਬਲੇ 'ਤੇ ਖਰਚ ਕਰਦੇ ਸਨ। ਹੁਣ ਰਲੇਵੇਂ ਤੋਂ ਬਾਅਦ ਇਹ ਪੈਸਾ ਉਹ ਸਕਰੀਨਾਂ ਦੇ ਵਿਸਤਾਰ 'ਤੇ, ਮਲਟੀਪਲੈਕਸਾਂ ਵਿਚ ਮਿਲਣ ਵਾਲੀਆਂ ਸਹੂਲਤਾਂ 'ਤੇ ਵਧ ਖਰਚਣਗੇ। ਜ਼ਾਹਿਰ ਹੈ, ਸਹੂਲਤਾਂ ਦੀ ਕੀਮਤ ਗਾਹਕਾਂ ਤੋਂ ਵਸੂਲੀ ਜਾਵੇਗੀ ਤੇ ਇਨ੍ਹਾਂ ਦੀ ਕਮਾਈ ਵੀ ਚੋਖੀ ਵਧੇਗੀ। ਮੁੱਕਦੀ ਗੱਲ ਸਿਨੇਮੇ ਜਾਣਾ ਹੋਰ ਵੀ ਮਹਿੰਗਾ ਹੋਵੇਗਾ।

ਉੱਪਰ ਫਿਲਮਾਂ ਦੇ ਹਵਾਲੇ ਨਾਲ ਫਿਲਮਾਂ ਦੇ ਤਕਨੀਕੀ ਪੱਖ ਦੇ ਵਧਣ ਦੀ ਗੱਲ ਕੀਤੀ ਏ ਅਤੇ ਮਲਟੀਪਲੈਕਸਾਂ ਰਾਹੀਂ ਸਿਨੇਮਿਆਂ ਦੇ ਤਕਨੀਕੀ ਪੱਖ ਦੀ ਗੱਲ ਕਰਨੀ ਵੀ ਬਣਦੀ ਹੈ। 3ਡੀ ਸਿਨੇਮੇ ਪਹਿਲਾਂ ਹੀ ਆ ਚੁੱਕੇ ਹਨ। ਉਸ ਤੋਂ ਅੱਗੇ 5ਡੀ, 7ਡੀ ਤੇ ਇਮਰਸਿਵ ਸਿਨੇਮਾ




ਜਿਸ ਵਿਚ ਸੀਨ ਮੁਤਾਬਕ ਪਾਣੀ ਦੇ ਛਿੱਟੇ ਉੱਡਦੇ, ਬਾਰਸ਼ ਤੇ ਭੂਚਾਲ ਦੇ ਝਟਕੇ ਲੱਗਦੇ ਮਹਿਸੂਸ ਹੁੰਦੇ ਹਨ, ਇਹ ਸਾਰੀਆਂ ਤਕਨੀਕਾਂ ਵਾਲੇ ਸਿਨੇਮਾ ਵੀ ਕਿਤੇ ਨਾ ਕਿਤੇ ਮੌਜੂਦ ਹਨ। ਅੱਗੇ ਮੇਟਾਵਰਸ ਤਕਨੀਕ ਨੇ ਆ ਕੇ, ਦਰਸ਼ਕ ਸਿਨੇਮਾ ਵਿਚ ਬੈਠਾ ਹੋਇਆ, ਫਿਲਮ ਦੇ ਅੰਦਰ ਕਿਰਦਾਰਾਂ ਨਾਲ ਤੁਰਨ-ਫਿਰਨ ਤੇ ਲੜਨ-ਭਿੜਨ ਜੋਗਾ ਵੀ ਕਰ ਦੇਣਾ ਹੈ। ਇਹ ਸਾਰੀ ਤਰੱਕੀ ਆਪਾਂ ਸਭ ਨੂੰ ਹੈਰਾਨ ਵੀ ਕਰ ਸਕਦੀ ਹੈ ਤੇ ਮਜ਼ੇਦਾਰ ਵੀ ਲੱਗ ਸਕਦੀ ਹੈ।

ਦੂਜੇ ਪਾਸੇ ਦੋ ਸਾਲ ਕਰੋਨਾ ਦੀ ਤਾਲਾਬੰਦੀ ਤੇ ਓ.ਟੀ.ਟੀ. (ਨੈਟਫਲਿਕਸ ਆਦਿ) ਨੇ ਪੀ.ਵੀ.ਆਰ. ਅਤੇ ਆਈ.ਐਨ.ਓ.ਐਕਸ. ਵਰਗੇ ਸਾਨ੍ਹਾਂ ਦੀਆਂ ਵੀ ਗੋਡਣੀਆਂ ਲਵਾ ਦਿੱਤੀਆਂ ਹਨ। ਉਨ੍ਹਾਂ ਨੇ ਇਜਾਰੇਦਾਰੀ ਕਾਇਮ ਕਰਨ ਲਈ ਹੱਥ ਮਿਲਾ ਲਿਆ ਹੈ। ਅੱਗੇ ਚੱਲ ਕੇ ਉਹੀ ਫੈਸਲਾ ਕਰਨਗੀਆਂ ਕਿਹੜੀ ਫਿਲਮ ਸਿਨੇਮੇ 'ਚ ਲੱਗੂ ਤੇ ਕਿਹੜੀ ਨਹੀਂ।

ਇਸੇ ਤਰ੍ਹਾਂ ਵੱਡੀਆਂ ਫਿਲਮ ਪ੍ਰੋਡਕਸ਼ਨ ਕੰਪਨੀਆਂ ਹੁਣ ਫਿਲਮਾਂ ਦੇ ਵੀ ਐਕਸਕਲੂਸਿਵ ਕਾਪੀਰਾਈਟ ਰੱਖ ਰਹੀਆਂ ਹਨ। ਜਿਵੇਂ ਮਾਰਵਲ ਦੀਆਂ ਸਾਰੀਆਂ ਸੁਪਰ ਹੀਰੋ ਫਿਲਮਾਂ ਡਿਜ਼ਨੀ ਹੌਟਸਟਾਰ ਦੇ ਡਿਜੀਟਲ ਪਲੇਟਫਾਰਮ 'ਤੇ ਆਉਂਦੀਆਂ ਹਨ। ਪਿਛਲੇ ਸਾਲ ਆਈਆਂ ਫਿਲਮਾਂ ਵੀ ਇਸ 'ਤੇ ਆ ਚੁੱਕੀਆਂ ਹਨ ਪਰ ਸਪਾਈਡਰ ਮੈਨ ਦੀ ਨਵੀਂ ਫਿਲਮ ਦੇ ਐਕਸਕਲੂਸਿਵ ਰਾਈਟਸ ਰਾਖਵੇਂ ਰੱਖੇ ਹੋਣ ਕਰਕੇ ਇਹ ਫਿਲਮ ਫਿਲਹਾਲ ਕਿਸੇ ਡਿਜੀਟਲ ਪਲੇਟਫਾਰਮ ਦੇ ਕਿਸੇ ਰੂਟੀਨ ਪਲਾਨ ਵਿਚ ਨਹੀਂ ਪਾਈ ਜਾ ਰਹੀ ਬਲਕਿ ਇਸ ਨੂੰ ਕਈ ਪਲੇਟਫਾਰਮਾਂ 'ਤੇ ਸ਼ੋਅ ਦੇ ਹਿਸਾਬ ਨਾਲ ਟਿਕਟ ਲਾ ਕੇ ਦਿਖਾਇਆ ਜਾ ਰਿਹਾ ਹੈ; ਭਾਵ, ਆਨਲਾਈਨ ਪੈਸੇ ਭਰ ਕੇ ਤੁਸੀਂ ਇਸ ਫਿਲਮ ਨੂੰ ਇਕ ਵਾਰ ਦੇਖ ਸਕਦੇ ਹੋ।

ਲਗਾਤਾਰ ਵਧਦੀ ਇਜਾਰੇਦਾਰੀ ਅਤੇ ਸਿਨੇਮਾ ਜਾਣ ਵਾਲੇ ਦਰਸ਼ਕਾਂ ਦੀ ਬਦਲਦੀ ਰੂਪ-ਰੇਖਾ ਨੇ ਫਿਲਮਾਂ ਦੀਆਂ ਕਹਾਣੀਆਂ ਤੇ ਕਿਰਦਾਰਾਂ ਨੂੰ ਵੀ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਕਦੇ ਮਲਟੀਪਲੈਕਸ ਵਿਚ ਬੈਠੇ ਇੰਟਰਵਲ ਦੀਆਂ ਬੱਤੀਆਂ ਜਗਣ ਵੇਲੇ ਨਜ਼ਰ ਮਾਰਿਓ ਕਿ ਦਰਸ਼ਕਾਂ ਵਿਚੋਂ ਦਿਹਾੜੀਦਾਰ, ਰਿਕਸ਼ੇਵਾਲਾ, ਮਜ਼ਦੂਰ ਤੇ ਹੋਰ ਤਬਕਾ ਜਿਹੜਾ ਰੋਜ਼ ਖੂਹ ਪੁੱਟਦਾ ਤੇ ਰੋਟੀ ਦਾ ਜੁਗਾੜ ਕਰਦਾ ਹੈ, ਉਹ ਗਾਇਬ ਹੋਵੇਗਾ। ਕਈਆਂ ਦਾ ਕਹਿਣਾ ਹੈ ਚੰਗਾ ਹੋਵੇਗਾ ਕਿ ਇਹ ਲੋਕ ਨਾ ਹੀ ਆਉਣ ਮਲਟੀਪਲੈਕਸ ਵਿਚ, ਗੰਦ ਪਾਉਣਗੇ।

ਗੌਰ ਕਰਿਓ, ਪਿਛਲੇ ਕੁਝ ਦਹਾਕਿਆਂ ਵਿਚ ਵੱਡੇ ਪਰਦੇ ਤੋਂ ਇਨ੍ਹਾਂ ਦੇ ਕਿਰਦਾਰ ਵੀ ਪੂਰੀ ਤਰ੍ਹਾਂ ਗਾਇਬ ਰਹੇ ਹਨ। ਕਦੇ ਕੁਲੀਆਂ ਤੇ ਮਜ਼ਦੂਰਾਂ ਦੇ ਕਿਰਦਾਰ ਵੱਡੇ ਸੁਪਰ ਸਟਾਰ ਨਿਭਾਉਂਦੇ ਰਹੇ ਹਨ ਪਰ ਪਿਛਲੇ ਦਹਾਕਿਆਂ ਨੇ ਪਰਦੇ ਤੋਂ ਵੀ ਅਤੇ ਦਰਸ਼ਕਾਂ ਦੀਆਂ ਕੁਰਸੀਆਂ ਤੋਂ ਵੀ ਇਹ ਕਿਰਦਾਰ ਛਾਂਗ ਦਿੱਤੇ ਹਨ। ਸਿਨੇਮਾ ਇਨ੍ਹਾਂ ਦੀ ਜੇਬ ਦੀ ਪਹੁੰਚ ਤੋਂ ਬਾਹਰ ਹੋ ਗਿਆ ਹੈ। ਦੇਖੀ ਜਾਇਓ, ਆਉਣ ਵਾਲੇ ਸਮੇਂ ਵਿਚ ਲੋਅਰ ਮਿਡਲ-ਕਲਾਸ ਵੀ ਸਿਨੇਮਾ ਜਾਣ ਜੋਗੀ ਨਹੀਂ ਰਹਿਣੀ। ਉਹ ਜੀਓ ਦੇ 2ਜੀ.ਬੀ. ਡਾਟੇ ਨਾਲ ਮੈਕਸ ਪਲੇਅਰ 'ਤੇ ਮੁਫਤ ਵਾਲਾ ਮਸਾਲਾ ਹੀ ਦੇਖਿਆ ਕਰੇਗੀ ਜਾਂ ਟੈਲੀਗ੍ਰਾਮ ਤੋਂ ਪਾਇਰੇਟੇਡ ਮਾਲ ਡਾਊਨਲੋਡ ਕਰਿਆ ਕਰੇਗੀ। ਸੋ, ਇਜਾਰੇਦਾਰੀ ਅਤੇ ਐਡਵਾਂਸ ਤਕਨੀਕ ਦੇ ਸੁਮੇਲ ਨੇ ਅੱਗੇ ਫਿਲਮਾਂ ਦੀਆਂ ਕਹਾਣੀਆਂ, ਵਿਸ਼ੇ, ਕਿਰਦਾਰਾਂ ਤੇ ਸਮੁੱਚੇ ਮਾਹੌਲ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦੇਣਾ ਹੈ। ਅੱਗੇ ਚੱਲ ਕੇ ਫਿਲਮਾਂ ਨੂੰ ਵੱਡੇ ਪੱਧਰ 'ਤੇ ਸਿਆਸੀ ਮਨੋਰਥਾਂ, ਤੱਥਾਂ ਨੂੰ ਵਿਗਾੜਨ, ਵਧਾ-ਚੜ੍ਹਾਅ ਕੇ ਪੇਸ਼ ਕਰਨ, ਕਿੜਾਂ ਕੱਢਣ ਤੇ ਅਸਲ ਮਸਲਿਆਂ ਤੋਂ ਭਟਕਾਉਣ ਲਈ ਹੋਰ ਜ਼ਿਆਦਾ ਤੀਬਰਤਾ ਨਾਲ ਵਰਤਿਆ ਜਾਣਾ ਹੈ।

ਇਸ ਬਾਰੇ ਫਿਲਮਾਂ ਬਣਾਉਣ ਵਾਲਿਆਂ ਤੇ ਫਿਲਮਾਂ ਦੇਖਣ ਵਾਲਿਆਂ ਦੋਵਾਂ ਨੂੰ ਅੱਜ ਹੀ ਸੋਚਣਾ ਪਵੇਗਾ।

ਸਵਾਲ ਇਹ ਵੀ ਹੈ ਕਿ ਇਸ ਸਭ ਕਾਸੇ ਵਿਚ ਪੰਜਾਬੀ ਸਿਨੇਮਾ ਕਿੱਥੇ ਖੜ੍ਹਾ ਹੈ?

# ਖੇਤੀ ਕਾਨੂੰਨ ਅਤੇ ਸੁਪਰੀਮ ਕੋਰਟ ਦੀ ਰਿਪੋਰਟ

ਵਾਰ-ਵਾਰ ਬੇਨਤੀ ਤੋਂ ਬਾਅਦ ਵੀ ਜਦੋਂ ਸੁਪਰੀਮ ਕੋਰਟ ਨੇ ਖੇਤੀ ਕਾਨੂੰਨਾਂ ਬਾਰੇ ਕਮੇਟੀ ਦੀ ਰਿਪੋਰਟ ਜਨਤਕ ਨਹੀਂ ਕੀਤੀ ਤਾਂ ਕਮੇਟੀ ਦੇ ਮੈਂਬਰਾਂ ਵਿਚੋਂ ਇੱਕ ਅਨਿਲ ਘਣਵਤ ਨੇ ਮੀਡੀਆ ਰਾਹੀਂ ਇਹ ਰਿਪੋਰਟ ਜਾਰੀ ਕਰ ਦਿੱਤੀ। ਇਹ ਕਮੇਟੀ ਉਦੋਂ ਬਣਾਈ ਸੀ ਜਦੋਂ ਇਤਿਹਾਸਕ ਕਿਸਾਨ ਅੰਦੋਲਨ ਸਿਖਰ 'ਤੇ ਸੀ। ਸਰਕਾਰ ਅਤੇ ਕਿਸਾਨਾਂ ਵਿਚਕਾਰ ਬਹਿਸ ਚੱਲ ਰਹੀ ਸੀ ਅਤੇ ਖੜੋਤ ਵਾਲੀ ਹਾਲਤ ਪੈਦਾ ਹੋ ਗਈ। ਸਰਕਾਰ ਕਾਨੂੰਨ ਰੱਦ ਕਰਨ ਲਈ ਤਿਆਰ ਨਹੀਂ ਸੀ ਅਤੇ ਕਿਸਾਨ ਯੂਨੀਅਨਾਂ ਕਾਨੂੰਨ ਰੱਦ ਕਰਨ ਤੋਂ ਹੇਠਾਂ ਕੁਝ ਵੀ ਮੰਨਣ ਲਈ ਤਿਆਰ ਨਹੀਂ ਸੀ। ਇਹ ਕਮੇਟੀ ਬਣਨ ਤੋਂ ਇੱਕ ਦਿਨ ਪਹਿਲਾਂ ਹੀ ਸੰਯੁਕਤ ਕਿਸਾਨ ਮੋਰਚਾ ਨੇ ਇਸ ਤਰ੍ਹਾਂ ਦੀ ਕਮੇਟੀ ਦੀ ਕਾਰਵਾਈ ਵਿਚ ਸ਼ਮੂਲੀਅਤ ਤੋਂ ਸਾਫ ਇਨਕਾਰ ਕਰ ਦਿੱਤਾ ਸੀ।



ਹਰਿੰਦਰ ਹੈਪੀ
ਫੋਨ: +91-84708-70970

ਕਮੇਟੀ ਵਿਚ ਨਿਯੁਕਤ ਚਾਰੇ ਮੈਂਬਰਾਂ ਦੇ ਵਿਚਾਰ ਲੁਕੇ ਨਹੀਂ। ਉਹ ਖੇਤੀ ਕਾਨੂੰਨਾਂ ਦੇ ਹੱਕ ਵਿਚ ਪਹਿਲਾਂ ਹੀ ਟਿੱਪਣੀਆਂ ਕਰ ਚੁੱਕੇ ਸੀ। ਕਮੇਟੀ ਮੈਂਬਰ ਕਮੇਟੀ ਦੇ ਕੰਮਕਾਜ ਦੌਰਾਨ ਵੀ ਖੇਤੀ ਕਾਨੂੰਨਾਂ ਦੀ ਹਮਾਇਤ ਅਤੇ ਕਿਸਾਨਾਂ ਦੇ ਧਰਨੇ ਨੂੰ ਬਦਨਾਮ ਕਰਦੇ ਰਹੇ। ਇਹ ਰਿਪੋਰਟ ਅਸਲ ਵਿਚ, ਉਨ੍ਹਾਂ ਦੀ ਨਿੱਜੀ ਰਾਇ ਦਾ ਹੀ ਵਿਸਤਾਰ ਹੈ। ਇਸ ਨੇ ਤਾਂ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਬਾਰੇ ਚਿੰਤਾ ਨਾ ਕਰਨ ਦੀ ਵੀ ਸਿਫਾਰਸ਼ ਕੀਤੀ ਹੈ, ਜਦੋਂ ਕਿ ਪ੍ਰਧਾਨ ਮੰਤਰੀ ਖੁਦ ਕਹਿ ਰਹੇ ਹਨ, "ਐਮ.ਐਸ.ਪੀ. ਥੀ, ਐਮ.ਐਸ.ਪੀ. ਹੈ ਔਰ ਐਮ.ਐਸ.ਪੀ. ਰਹੇਗੀ।"

ਕਮੇਟੀ ਦੇ ਇੱਕ ਮੈਂਬਰ ਭੁਪਿੰਦਰ ਸਿੰਘ ਮਾਨ ਨੇ ਉਸ ਦੀ ਕਿਸਾਨ ਯੂਨੀਅਨ ਵਿਚੋਂ ਕੱਢੇ ਜਾਣ ਤੋਂ ਤੁਰੰਤ ਬਾਅਦ ਆਪਣੇ ਆਪ ਨੂੰ ਇਸ ਕਮੇਟੀ ਤੋਂ ਦੂਰ ਕਰ ਲਿਆ। ਇਹ ਕਮੇਟੀ ਭਰੋਸੇਯੋਗ ਹੋਣੀ ਸੀ ਜੇ ਘੱਟੋ-ਘੱਟ ਅੱਧੇ ਮੈਂਬਰ ਆਜ਼ਾਦ ਹੁੰਦੇ ਜਾਂ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲੇ ਹੁੰਦੇ। ਹੈਰਾਨੀ ਦੀ ਗੱਲ ਇਹ ਹੈ ਕਿ ਸੁਪਰੀਮ ਕੋਰਟ ਨੇ ਜਨਤਕ ਬਹਿਸ ਵਿਚ ਇੱਕ ਪਾਸੇ ਦੇ ਖਿਡਾਰੀਆਂ ਨੂੰ ਹੀ ਮੈਚ ਵਿਚ ਰੈਫਰੀ ਬਣਾ ਦਿੱਤਾ!

ਸੰਯੁਕਤ ਕਿਸਾਨ ਮੋਰਚੇ ਨੇ ਕਮੇਟੀ ਨਾਲ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਦੂਰੀ ਬਣਾ ਲਈ ਸੀ, ਇਸ ਲਈ ਕਮੇਟੀ ਨੇ ਉਨ੍ਹਾਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਕੀਤੀ ਜੋ ਜਾਂ ਤਾਂ ਇਨ੍ਹਾਂ ਕਾਨੂੰਨਾਂ ਦਾ ਸਮਰਥਨ ਕਰ ਰਹੀਆਂ ਸਨ ਜਾਂ ਖੇਤੀ ਕਾਨੂੰਨਾਂ ਵਿਚ ਮਾਮੂਲੀ ਸੋਧਾਂ ਲਈ ਤਿਆਰ ਸਨ। ਕਮੇਟੀ ਨੇ ਜਨਤਕ ਐਲਾਨ ਤੋਂ ਬਾਅਦ ਆਨਲਾਈਨ ਪੋਰਟਲ ਅਤੇ ਈਮੇਲ 'ਤੇ ਰਾਇ ਇਕੱਠੀ ਕੀਤੀ ਜਿਸ ਵਿਚ 'ਜ਼ਿਆਦਾਤਰ ਗੈਰ ਕਿਸਾਨ ਸਨ। ਅੰਤ ਵਿਚ ਮੈਂਬਰਾਂ ਦੀ ਆਪਣੀ ਰਾਇ ਨੂੰ ਸ਼ਾਮਲ ਕੀਤਾ ਗਿਆ ਜਿਸ ਨੂੰ 'ਸਬੂਤ ਆਧਾਰਿਤ ਵਿਸ਼ਲੇਸ਼ਣ' ਕਿਹਾ ਹੈ।



ਕਮੇਟੀ ਦੀਆਂ ਖੋਜਾਂ ਅਨੁਸਾਰ ਪਿਲਰ 1 ਵਿਚ ਬਹੁਤ ਬੁਨਿਆਦੀ ਸਮੱਸਿਆ ਹੈ। ਕਿਸਾਨ ਜਥੇਬੰਦੀਆਂ ਦੇ ਹੁੰਗਾਰੇ ਦਾ ਵਿਸ਼ਲੇਸ਼ਣ ਕਰਦੇ ਹੋਏ ਸਿੱਟਾ ਕੱਢਿਆ ਕਿ ਲਗਭਗ 85.7% ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨਾਂ ਤੋਂ ਖੁਸ਼ ਹਨ। ਕਮੇਟੀ ਦੀ ਰਿਪੋਰਟ ਵਿਚ ਦੱਸਿਆ ਹੈ ਕਿ ਉਨ੍ਹਾਂ ਨੇ 266 ਕਿਸਾਨ ਜਥੇਬੰਦੀਆਂ ਨੂੰ ਸੱਦਾ ਪੱਤਰ ਭੇਜੇ, ਸਿਰਫ 73 ਨੇ ਹੀ ਉਨ੍ਹਾਂ ਦਾ ਜਵਾਬ ਦਿੱਤਾ ਅਤੇ 73 ਵਿਚੋਂ 61 ਨੇ ਕਾਨੂੰਨਾਂ ਦਾ ਸਮਰਥਨ ਕੀਤਾ। ਹਕੀਕਤ ਇਹ ਹੈ ਕਿ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ 371 ਤੋਂ ਵੱਧ ਕਿਸਾਨ ਜਥੇਬੰਦੀਆਂ ਨੇ ਕਮੇਟੀ ਦਾ ਬਾਈਕਾਟ ਕੀਤਾ ਸੀ। ਕਮੇਟੀ ਨੇ ਧਰਨੇ ਵਾਲੀ ਥਾਂ ਜਾ ਕੇ ਕਿਸਾਨਾਂ ਨੂੰ ਮਿਲਣ ਦੀ ਕੋਸ਼ਿਸ਼ ਨਹੀਂ ਕੀਤੀ, ਜਦਕਿ ਸ਼ਾਹੀਨ ਬਾਗ ਦੇ ਧਰਨੇ ਦੇ ਮਾਮਲੇ ਵਿਚ ਸੁਪਰੀਮ ਕੋਰਟ ਵੱਲੋਂ ਨਿਯੁਕਤ ਕਮੇਟੀ ਦੇ ਮੈਂਬਰਾਂ ਨੇ ਕਈ ਵਾਰ ਧਰਨੇ ਵਾਲੇ ਸਥਾਨਾਂ ਦਾ ਦੌਰਾ ਕੀਤਾ ਸੀ। ਰਿਪੋਰਟ ਦੇ ਅੰਤ ਵਿਚ ਇਸ ਵਿਚ ਸ਼ਾਮਲ ਸੰਸਥਾਵਾਂ ਦੇ ਵੇਰਵੇ ਤਾਂ ਦਿੱਤੇ ਹਨ ਪਰ ਕਮੇਟੀ ਦੇ ਰਾਬਤੇ ਵਿਚ ਆਈਆਂ ਕਿਸਾਨ ਜਥੇਬੰਦੀਆਂ ਜਾਂ ਕਿਸਾਨ ਆਗੂਆਂ ਦਾ ਜ਼ਿਕਰ ਨਹੀਂ ਹੈ।

ਅਨੁਸੂਚੀ 4 ਇਸ ਰਿਪੋਰਟ ਦੇ ਇਨਪੁਟਸ ਲਈ ਹੋਈਆਂ ਮੀਟਿੰਗਾਂ ਦੇ ਵੇਰਵੇ ਦੱਸਦੀ ਹੈ। ਜਿਵੇਂ ਸਰਕਾਰ ਇਹ ਦੋਸ਼ ਵੀ ਲਾ ਰਹੀ ਸੀ ਕਿ ਇਹ ਸਿਰਫ ਪੰਜਾਬ ਦੇ ਧਨਾਢ ਕਿਸਾਨਾਂ ਅਤੇ ਆੜ੍ਹਤੀਆਂ ਦਾ ਅੰਦੋਲਨ ਹੈ, ਇਹ ਜਾਣ ਕੇ ਕਾਫੀ ਹੈਰਾਨੀ ਹੋਵੇਗੀ ਕਿ ਇਸ ਕਮੇਟੀ ਵੱਲੋਂ ਪੰਜਾਬ ਦੀ ਖੇਤੀ ਉਪਜ ਮਾਰਕੀਟਿੰਗ ਕਮੇਟੀ (ਏਪੀਐਮਸੀ) ਮੰਡੀ ਬੋਰਡ ਨੂੰ ਚਰਚਾ ਵਿਚ ਸ਼ਾਮਲ ਨਹੀਂ ਕੀਤਾ ਗਿਆ, ਜਦਕਿ ਇਸ ਵਿਚ ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਕੇਰਲ, ਜੰਮੂ ਕਸ਼ਮੀਰ, ਰਾਜਸਥਾਨ, ਗੁਜਰਾਤ, ਹਰਿਆਣਾ ਅਤੇ ਤ੍ਰਿਪੁਰਾ ਦੇ ਸਰਕਾਰੀ ਮੰਡੀ ਬੋਰਡਾਂ ਅਤੇ ਨਿੱਜੀ ਬਾਜ਼ਾਰਾਂ ਦੇ ਨੁਮਾਇੰਦੇ ਸ਼ਾਮਲ ਹੋਏ। ਰਿਪੋਰਟ ਵਿਚ ਭਾਵੇਂ ਪੰਜਾਬ ਦੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਕਮੇਟੀ ਨੇ ਇਹ ਨਹੀਂ ਦੱਸਿਆ ਕਿ ਪੰਜਾਬ ਅੰਦਰ ਉਨ੍ਹਾਂ ਦੀ ਗੱਲਬਾਤ ਕਿਸ ਨਾਲ ਹੋਈ। ਪੰਜਾਬ ਵਿਚ ਦੇਸ਼ ਦਾ ਸਭ ਤੋਂ ਅਸਰਦਾਰ ਮੰਡੀ ਸਿਸਟਮ ਹੈ ਅਤੇ ਇਹ ਆਪਣੀ ਜ਼ਿਆਦਾਤਰ ਖੇਤੀ ਉਪਜ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਦਾ ਹੈ ਪਰ ਪੰਜਾਬ ਦੇ ਮੰਡੀ ਬੋਰਡ ਨੂੰ ਬਾਹਰ ਰੱਖਿਆ ਗਿਆ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਕਮੇਟੀ ਐਮ.ਐਸ.ਪੀ. ਅਤੇ ਸਰਕਾਰੀ ਮੰਡੀਆਂ ਦੀਆਂ ਯੋਗਤਾਵਾਂ ਨੂੰ ਸ਼ਾਮਲ ਨਹੀਂ ਕਰਨਾ ਚਾਹੁੰਦੀ ਸੀ।

ਰਿਪੋਰਟ ਦੇ ਪਿੱਲਰ 2 'ਚ ਨਮੂਨਿਆਂ ਬਾਰੇ ਇੱਕ ਹੋਰ ਵਿਧੀ ਸਬੰਧੀ ਸਮੱਸਿਆ ਹੈ। ਕਮੇਟੀ ਨੂੰ ਆਨਲਾਈਨ ਪ੍ਰਸ਼ਨਾਵਲੀ ਲਈ 19,027 ਜਵਾਬ ਪ੍ਰਾਪਤ ਹੋਏ। ਇਸ ਲਈ ਪਹਿਲਾ ਅਤੇ ਸਭ ਤੋਂ ਮਹੱਤਵਪੂਰਨ ਕਾਰਜ ਪ੍ਰਣਾਲੀ ਸਬੰਧੀ ਸਵਾਲ ਇਹ ਹੈ: ਇਹ ਉੱਤਰਦਾਤਾ ਕੌਣ ਹਨ? ਕੀ ਇਹ ਭਾਰਤੀ ਕਿਸਾਨਾਂ ਦੇ ਪ੍ਰਤੀਨਿਧ ਹਨ? ਇਨ੍ਹਾਂ ਕਿਸਾਨਾਂ ਦਾ ਪਿਛੋਕੜ ਕੀ ਹੈ? ਕੀ ਕਿਸਾਨਾਂ ਦੀ ਇਹ ਸ਼੍ਰੇਣੀ ਇੱਕ-ਸਮਾਨ ਸਮੂਹ ਸੀ ਜਾਂ ਕੀ ਕੋਈ ਭਿੰਨਤਾ ਸੀ, ਜਿਵੇਂ ਜ਼ਮੀਨਾਂ ਦੇ ਆਧਾਰ ਤੇ, ਜਾਂ ਮੰਡੀਆਂ ਤੱਕ ਪਹੁੰਚ, ਉਨ੍ਹਾਂ ਦੇ ਫਸਲੀ ਪੈਟਰਨ, ਜਾਤ, ਲਿੰਗ ਤੇ ਉਮਰ ਦੁਆਰਾ ਧਰੀਕਰਨ, ਜਾਂ ਅਖੌਤੀ 'ਅਮੀਰ ਜਾਂ ਗਰੀਬ ਕਿਸਾਨ' ਦੇ ਰੂਪ ਵਿਚ ਕੋਈ ਭਿੰਨਤਾ ਸੀ? ਨਾਲ ਹੀ, ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਉੱਤਰਦਾਤਾਵਾਂ ਵਿਚੋਂ ਸਿਰਫ 5,451 ਹੀ ਕਿਸਾਨ ਸਨ ਅਤੇ ਬਾਕੀ 12,496 ਗੈਰ ਕਿਸਾਨ ਸਨ। ਕਮੇਟੀ ਨੇ ਇਹ ਨਹੀਂ ਦੱਸਿਆ ਕਿ ਇਹ ਹੋਰ 12,496 ਹਿੱਸੇਦਾਰ ਕੌਣ ਹਨ। ਇਸ ਕਾਲਮ ਦਾ ਬਹੁਤਾ ਵਿਸ਼ਲੇਸ਼ਣ ਸਿਰਫ ਇਸ ਪੈਟਰਨ 'ਤੇ ਆਧਾਰਿਤ ਹੈ ਜਿੱਥੇ ਰਿਪੋਰਟ ਸਰਕਾਰ ਦੀਆਂ ਦਲੀਲਾਂ ਨੂੰ ਪ੍ਰਮਾਣਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਕਿਸਾਨ ਦਲੀਲ ਦਿੰਦੇ ਰਹੇ ਹਨ ਕਿ ਇਨ੍ਹਾਂ ਕਾਨੂੰਨਾਂ ਦਾ ਅਸਰ ਖੇਤ ਮਜ਼ਦੂਰਾਂ 'ਤੇ ਵੀ ਪਵੇਗਾ। ਕੀ ਕਮੇਟੀ ਨੇ ਖੇਤ ਮਜ਼ਦੂਰਾਂ, ਖੇਤ ਮਜ਼ਦੂਰ ਯੂਨੀਅਨਾਂ ਅਤੇ ਉਨ੍ਹਾਂ ਦੇ ਆਗੂਆਂ ਨੂੰ ਕਾਰਵਾਈ ਵਿਚ ਸ਼ਾਮਲ ਕੀਤਾ? ਜ਼ਿਆਦਾਤਰ ਖੇਤ ਮਜ਼ਦੂਰ ਯੂਨੀਅਨਾਂ ਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕੀਤਾ ਸੀ।

ਤੀਜਾ ਪਿੱਲਰ ਈਮੇਲ ਰਾਹੀਂ ਪ੍ਰਾਪਤ ਸੁਝਾਵਾਂ ਬਾਰੇ ਹੈ ਅਤੇ ਇਸ ਕਮੇਟੀ ਨੇ 1520 ਈਮੇਲਾਂ ਪ੍ਰਾਪਤ ਹੋਣ ਦਾ ਦਾਅਵਾ ਕੀਤਾ ਹੈ ਪਰ ਈਮੇਲ ਦੇ ਉਹ ਸਾਰੇ ਜਵਾਬ ਦੇਣ ਵਾਲੇ ਕੌਣ ਸਨ? ਕੀ ਕਮੇਟੀ ਨੇ ਈਮੇਲ ਸੁਝਾਅ ਮੰਗਣ ਲਈ ਕੋਈ ਖਾਸ ਖਰੜਾ ਜਾਰੀ ਕੀਤਾ ਸੀ?

ਅੰਤ ਵਿਚ 'ਸਬੂਤ ਆਧਾਰਿਤ ਵਿਸ਼ਲੇਸ਼ਣ' ਨਾਮਕ ਚੌਥੇ ਪਿੱਲਰ ਵਿਚ ਇਨ੍ਹਾਂ ਮੈਂਬਰਾਂ ਨੇ 'ਆਪਣੀ ਨਿੱਜੀ ਰਾਏ' ਰੱਖੀ ਹੈ। ਇਸ ਕਮੇਟੀ ਦਾ ਕੰਮ 'ਕਿਸਾਨਾਂ ਦੀਆਂ ਸ਼ਿਕਾਇਤਾਂ ਅਤੇ ਖੇਤੀਬਾੜੀ ਕਾਨੂੰਨਾਂ ਸਬੰਧੀ ਸਰਕਾਰ ਦੇ ਵਿਚਾਰ ਸੁਣਨਾ ਅਤੇ ਸਿਫਾਰਸ਼ਾਂ ਕਰਨਾ" ਸੀ ਜੋ ਨਹੀਂ ਕੀਤਾ ਗਿਆ। ਚੌਥਾ ਕਾਲਮ 'ਸਬੂਤ ਆਧਾਰਿਤ ਵਿਸ਼ਲੇਸ਼ਣ' ਦੀ ਬਜਾਇ 'ਸਰਕਾਰ ਦੇ ਵਿਚਾਰ' ਜਾਂ 'ਕਮੇਟੀ ਦੀਆਂ ਸਿਫਾਰਸ਼ਾਂ' ਲਿਖਿਆ ਜਾ ਸਕਦਾ ਸੀ।

ਕਿਸਾਨ ਮੋਰਚੇ ਨੇ ਇਸ ਕਮੇਟੀ ਦੇ ਨਾਵਾਂ ਦਾ ਐਲਾਨ ਕਰਨ ਤੋਂ ਇੱਕ ਦਿਨ ਪਹਿਲਾਂ 11 ਜਨਵਰੀ 2021 ਦੇ ਆਪਣੇ ਬਿਆਨ ਵਿਚ ਸਪਸ਼ਟ ਕਿਹਾ ਸੀ ਕਿ "ਸਾਰੀਆਂ ਜਥੇਬੰਦੀਆਂ ਸੁਪਰੀਮ ਕੋਰਟ ਵੱਲੋਂ ਖੇਤੀ ਕਾਨੂੰਨ ਲਾਗੂ ਕਰਨ 'ਤੇ ਰੋਕ ਲਗਾਉਣ ਦੇ ਸੁਝਾਵਾਂ ਦਾ ਸਵਾਗਤ ਕਰਦੀਆਂ ਹਨ, ਕਿਸਾਨ ਤੇ ਕਿਸਾਨ ਜਥੇਬੰਦੀਆਂ ਅਦਾਲਤ ਦੁਆਰਾ ਨਿਯੁਕਤ ਕੀਤੀ ਜਾਣ ਵਾਲੀ ਕਮੇਟੀ ਦੇ ਸਾਹਮਣੇ ਕਿਸੇ ਵੀ ਕਾਰਵਾਈ ਵਿਚ ਹਿੱਸਾ ਲੈਣ ਲਈ ਵਿਅਕਤੀਗਤ ਜਾਂ ਜਥੇਬੰਦਕ ਤੌਰ 'ਤੇ ਤਿਆਰ ਨਹੀਂ।" ਕਮੇਟੀ ਅਤੇ ਮੈਂਬਰਾਂ ਦੇ ਨਾਵਾਂ ਦੇ ਐਲਾਨ ਤੋਂ ਬਾਅਦ, ਕਿਸਾਨ ਮੋਰਚਾ ਨੇ ਕਿਹਾ ਸੀ, "ਕਮੇਟੀ ਦੇ 3 ਮੈਂਬਰ ਖੇਤੀ ਕਾਨੂੰਨਾਂ ਦੀ ਹਮਾਇਤ ਲਈ ਜਾਣੇ ਜਾਂਦੇ ਹਨ। ਇਹ ਯਾਦ ਦਿਵਾਉਣ ਦੀ ਲੋੜ ਨਹੀਂ ਕਿ ਕਿਸਾਨ ਜਥੇਬੰਦੀਆਂ ਨੇ ਸਰਕਾਰ ਅਤੇ ਕੋਰਟ ਦੀ ਕਮੇਟੀ ਦੇ ਪ੍ਰਸਤਾਵ ਨੂੰ ਵੀ ਰੱਦ ਕਰ ਦਿੱਤਾ ਸੀ। ਉਨ੍ਹਾਂ ਦੀ ਗੱਲਬਾਤ ਮੂਲ ਰੂਪ ਵਿਚ ਇਸ ਦੇ ਨੀਤੀ ਨਿਰਦੇਸ਼ਾਂ ਅਤੇ ਚੁਣੀ ਹੋਈ ਸਰਕਾਰ ਨਾਲ ਹੀ ਖੇਤੀ ਕਾਨੂੰਨਾਂ ਬਾਰੇ ਹੋਵੇਗੀ।"

ਜੇ ਖੇਤੀ ਕਾਨੂੰਨਾਂ ਬਾਰੇ ਕਮੇਟੀ ਦੀਆਂ ਪ੍ਰਕਿਰਿਆਵਾਂ ਵਿਚ ਹਿੱਸਾ ਨਾ ਲੈਣਾ ਗਲਤ ਹੈ, ਤਾਂ ਫਿਰ ਕਾਨੂੰਨ ਰੱਦ ਕੀਤੇ ਜਾਣ ਤੋਂ ਕਈ ਮਹੀਨਿਆਂ ਬਾਅਦ ਜਨਤਾ ਨੂੰ ਸੀਲਬੰਦ ਰਿਪੋਰਟ ਜਾਰੀ ਕਰਨਾ ਕਿੰਨਾ ਕੁ ਜਾਇਜ਼ ਹੈ? ਜਦੋਂ ਸੁਪਰੀਮ ਕੋਰਟ ਨੇ ਖੁਦ ਹੀ ਇਸ ਨੂੰ ਜਨਤਕ ਨਹੀਂ ਕੀਤਾ ਤਾਂ ਰਿਪੋਰਟ ਜਾਰੀ ਕਰਨ ਲਈ ਇੰਨੀ ਉਤਸੁਕਤਾ ਕਿਉਂ?

ਇੱਥੇ ਇੱਕ ਹੋਰ ਕਮੇਟੀ ਦਾ ਜ਼ਿਕਰ ਜ਼ਰੂਰੀ ਹੈ ਜਿਸ ਨੂੰ ਕਿਸਾਨ ਮੋਰਚਾ ਨੇ ਪ੍ਰਵਾਨ ਕੀਤਾ ਸੀ। ਇਹ 9 ਦਸੰਬਰ 2021 ਨੂੰ ਭਾਰਤ ਸਰਕਾਰ ਦੁਆਰਾ ਕਿਸਾਨਾਂ ਦੇ ਅੰਦੋਲਨ ਨੂੰ ਖਤਮ ਕਰਨ ਦੇ ਵਾਅਦੇ ਅਨੁਸਾਰ ਐਮ.ਐਸ.ਪੀ. ਅਤੇ ਹੋਰ ਖੇਤੀ ਮੁੱਦਿਆਂ 'ਤੇ ਬਣੀ ਕਮੇਟੀ ਹੈ। 3 ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ, ਕੋਈ ਅਗਲੀ ਕਾਰਵਾਈ ਨਹੀਂ ਹੋਈ।

# ਜੰਗ ਦੀ ਭੱਠੀ

ਯੂਕਰੇਨ 'ਤੇ ਰੂਸ ਦੇ ਹਮਲੇ ਨੂੰ ਦੂਜਾ ਮਹੀਨਾ ਸ਼ੁਰੂ ਹੋ ਗਿਆ ਹੈ ਤੇ ਉਸ ਦਾ ਫੌਜੀ ਮਾਰਚ ਫਸ ਗਿਆ ਹੈ। ਕਈ ਸਮੀਖਿਅਕਾਂ ਮੁਤਾਬਿਕ ਹਮਲਾ ਹਫਤਾ ਕੁ ਚੱਲੇਗਾ। ਜ਼ਾਹਿਰ ਹੈ, ਪੂਤਿਨ ਤੇ ਉਸ ਦੇ ਕਮਾਂਡਰਾਂ ਲਈ ਯੂਕਰੇਨੀਆਂ ਵੱਲੋਂ ਹਿੱਕਾਂ ਡਾਹ ਕੇ ਕੀਤਾ ਜਾ ਰਿਹਾ ਟਾਕਰਾ ਚੁਣੌਤੀ ਬਣ ਗਿਆ ਹੈ। ਇਸ ਨਾਲ ਅਮਰੀਕਾ ਅਤੇ ਪੱਛਮੀ ਯੂਰਪ ਵਿਚਲੇ ਉਸ ਦੇ ਹਮਾਇਤੀ ਯਕੀਨਨ ਕੱਛਾਂ ਵਜਾ ਰਹੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀ ਵਿੱਤੀ ਤੇ ਫੌਜੀ ਇਮਦਾਦ ਦੇਣ ਦੀਆਂ ਪੇਸ਼ਕਸ਼ਾਂ ਤਾਂ ਕੀਤੀਆਂ ਹਨ ਪਰ ਜੰਗ ਦੇ ਮੈਦਾਨ ਵਿਚ ਆਪਣੇ ਫੌਜੀ ਨਹੀਂ ਉਤਾਰੇ।

ਮਾਰੂਫ ਰਜ਼ਾ

ਠੀਕ ਇਵੇਂ ਹੀ ਨਾਟੋ, ਅਮਰੀਕਾ ਤੋਂ ਬਗ਼ੈਰ, ਫੌਜਾਂ ਦੀ ਤਾਇਨਾਤੀ ਦੀ ਲੋੜ ਨਹੀਂ ਸੀ ਕਿਉਂਕਿ ਨਾਟੋ (ਅਮਰੀਕਾ ਤੋਂ ਬਗ਼ੈਰ) ਨਿਸ਼ਸਤਰ ਕੋਈ ਵੱਧ ਮਾਰਨ ਦੇ ਸਮਰੱਥ ਨਹੀਂ ਹੈ ਅਤੇ ਇਸ ਦੇ ਦਖਲ ਨਾਲ ਜੰਗ ਸਮੁੱਚੇ ਯੂਰਪ ਅੰਦਰ ਫੈਲ ਜਾਣੀ ਸੀ। ਇਸ ਤੋਂ ਇਲਾਵਾ, ਯੂਕਰੇਨੀਆਂ ਨੂੰ ਨਾਟੋ ਦੇਸ਼ਾਂ ਵਲੋਂ ਵੱਡੇ ਪੱਧਰ 'ਤੇ ਹਥਿਆਰ ਮੁਹੱਈਆ ਕਰਵਾਏ ਗਏ ਹਨ ਜਿਸ ਸਦਕਾ ਉਨ੍ਹਾਂ ਨੂੰ ਆਪਣੀਆਂ ਫੌਜਾਂ ਤੋਂ ਇਲਾਵਾ ਮਜ਼ਬੂਤ ਕੌਮੀ ਟਾਕਰਾ ਬਲ ਕਾਇਮ ਕਰਨ ਵਿਚ ਮਦਦ ਮਿਲੀ ਹੈ। ਸ਼ੁਰੂ ਵਿਚ ਯੂਕਰੇਨ ਕੋਲ 110,000 ਫੌਜੀ ਸਨ ਜਿਨ੍ਹਾਂ ਦੀ ਤਾਦਾਦ ਹੁਣ ਤਿੰਨ ਲੱਖ ਤੋਂ ਵੱਧ ਹੋ ਗਈ ਜੋ ਰੂਸ ਵਲੋਂ ਤਾਇਨਾਤ ਕੀਤੇ 150,000 ਫੌਜੀਆਂ ਤੋਂ ਦੁੱਗਣੇ ਹਨ। ਉਂਝ, ਰੂਸ ਕੋਲ ਅਜਿਹੇ ਫੌਜੀ ਪਲੈਟਫਾਰਮ ਹਨ ਜਿਨ੍ਹਾਂ ਦਾ ਟਾਕਰਾ ਸਿਰਫ ਅਮਰੀਕਾ ਹੀ ਕਰ ਸਕਦਾ ਹੈ। ਫਿਲਹਾਲ ਰੂਸ ਦੀ ਕਮਜ਼ੋਰੀ ਇਹ ਹੈ ਕਿ ਇਸ ਦੀ ਫੌਜ ਦੀਆਂ ਜ਼ਿਆਦਾਤਰ ਮੁਹਰੈਲ ਯੂਨਿਟਾਂ ਵਿਚ ਕਾਫੀ ਹੱਦ ਤੱਕ ਜਬਰੀ ਭਰਤੀ ਹੋਈ ਹੈ ਜੋ ਬਹੁਤ ਜਲਦੀ ਹੱਥ ਖੜ੍ਹੇ ਕਰ ਸਕਦੀਆਂ ਹਨ। ਜ਼ਾਹਿਰ ਹੈ ਕਿ ਉਹ ਪੂਤਿਨ ਅਤੇ ਉਸ ਦੀ ਜੁੰਡਲੀ ਦੀਆਂ ਖਾਹਸ਼ਾਂ 'ਤੇ ਬਹੁਤਾ ਯਕੀਨ ਨਹੀਂ ਕਰਦੀਆਂ। ਵਾਲੰਟੀਅਰਾਂ 'ਤੇ ਆਧਾਰਿਤ ਰੂਸ ਦੀਆਂ ਕੁਝ ਵਿਸ਼ੇਸ਼ ਯੂਨਿਟਾਂ ਹੀ ਲੜਾਈ ਨੂੰ ਅੰਜਾਮ ਤੱਕ ਪਹੁੰਚਾਉਣ ਦਾ ਮਾਦਾ ਰੱਖਦੀਆਂ ਹਨ।

ਦੂਜੇ ਬੰਨ੍ਹੇ, ਯੂਕਰੇਨ ਦੀ ਅਵਾਮ ਵਲੋਂ ਦਿੱਤੀ ਜਾ ਰਹੀ ਗਹਿ-ਗੱਡਵੀਂ ਲੜਾਈ ਤੋਂ ਮਾਸਕੋ ਸੋਚੀਂ ਪੈ ਗਿਆ ਹੈ ਜਿਸ ਦਾ ਖ਼ਿਆਲ ਸੀ ਕਿ ਪੁਰਾਣੇ ਸਲਾਵ ਰਿਸ਼ਤਿਆਂ ਦੀ ਬਦੌਲਤ ਉਸ ਦੇ ਫੌਜੀਆਂ ਨੂੰ ਬਹੁਤੀ ਮੁਸ਼ੱਕਤ ਨਹੀਂ ਕਰਨੀ ਪਵੇਗੀ ਜਿਵੇਂ ਉਨ੍ਹਾਂ ਡੋਨਬਾਸ ਖੇਤਰ ਵਿਚ ਕੀਤਾ ਸੀ ਲੇਕਿਨ ਯੂਕਰੇਨ, ਖਾਸਕਰ ਪੱਛਮੀ ਖਿੱਤੇ ਦੇ ਲੋਕ ਆਪਣਾ ਬਿਹਤਰ ਭਵਿੱਖ ਯੂਰਪੀਅਨ ਯੂਨੀਅਨ ਨਾਲ ਦੇਖਦੇ ਹਨ ਅਤੇ ਉਨ੍ਹਾਂ ਦਰਸਾਇਆ ਹੈ ਕਿ ਉਹ ਆਪਣੀ ਆਜ਼ਾਦੀ ਲਈ ਮਰ ਮਿਟਣ ਲਈ ਤਿਆਰ ਹਨ।

ਅਮਰੀਕਾ ਤੇ ਇਸ ਦੇ ਸੰਗੀ ਇਨ੍ਹਾਂ ਲੋਕ ਜਜ਼ਬਿਆਂ ਦਾ ਲਾਹਾ ਉਠਾਉਣ ਦੀ ਤਾਕ ਵਿਚ ਸਨ। ਮਾਸਕੋ ਲਈ ਨਾ ਕੇਵਲ ਉਨ੍ਹਾਂ ਲੋਕਾਂ ਨੂੰ ਹਰਾਉਣਾ ਬਹੁਤ ਜ਼ਿਆਦਾ ਮੁਸ਼ਕਿਲ ਹੋਵੇਗਾ ਜੋ ਸਿਰ 'ਤੇ ਕੱਫਣ ਬੰਨ੍ਹ ਕੇ ਨਿਕਲ ਪਏ ਹਨ ਸਗੋਂ ਉਨ੍ਹਾਂ ਨਾਲ ਵੀ ਲੋਹਾ ਲੈਣਾ ਪੈ ਰਿਹਾ ਹੈ ਜੋ ਰੂਸ ਦੀ ਜ਼ਬਰਦਸਤ ਹਵਾਈ ਸ਼ਕਤੀ ਦਾ ਟਾਕਰਾ ਕਰਨ ਲਈ ਕਚੀਚੀਆਂ ਵੱਟ ਰਹੇ ਹਨ। ਰੂਸੀ ਹਮਲੇ ਤੋਂ ਕਰੀਬ ਇਕ ਸਾਲ ਪਹਿਲਾਂ ਅਮਰੀਕਾ ਨੇ ਘੱਟੋ-ਘੱਟ ਇਕ ਅਰਬ ਡਾਲਰ ਦਾ ਫੌਜੀ ਸਾਜ਼ੋ-ਸਾਮਾਨ ਘੱਲ ਦਿੱਤਾ ਸੀ ਅਤੇ ਹਮਲੇ ਤੋਂ ਬਾਅਦ ਅਮਰੀਕਾ ਨੇ 35 ਕਰੋੜ ਡਾਲਰ ਦੇ ਹਥਿਆਰਾਂ ਦੇ ਪੈਕੇਜ ਦਾ ਐਲਾਨ ਕਰ ਦਿੱਤਾ ਹੈ। ਬਾਇਡਨ ਨੇ ਯੂਕਰੇਨ ਨੂੰ 80 ਕਰੋੜ ਡਾਲਰ ਦੀ ਸੁਰੱਖਿਆ ਇਮਦਾਦ ਦੇਣ ਦਾ ਅਹਿਦ ਲਿਆ ਹੈ। ਇਸ ਤੋਂ ਇਲਾਵਾ ਯੂਰਪੀਅਨ ਯੂਨੀਅਨ ਵੱਲੋਂ 52 ਕਰੋੜ ਡਾਲਰ ਅਤੇ ਕੈਨੇਡਾ ਵੱਲੋਂ 394 ਕਰੋੜ ਡਾਲਰ ਦੇ ਹਥਿਆਰਾਂ ਦੀ ਸਪਲਾਈ ਕੀਤੀ ਜਾ ਰਹੀ ਹੈ ਪਰ ਅਸਲ ਵਿਚ ਸਟਿੰਗਰ ਅਤੇ ਜੈਵਲਿਨ ਮਿਜ਼ਾਇਲਾਂ, ਟੈਂਕ ਤੋੜੂ ਹਥਿਆਰਾਂ, ਮੋਰਟਾਰ ਗੰਨਾਂ, ਰਾਈਫਲਾਂ ਤੇ ਮਸ਼ੀਨ ਗੰਨਾਂ ਜਿਹੀਆਂ ਹੱਥ ਵਿਚ ਆਉਣ ਵਾਲੇ ਹਥਿਆਰ ਅਤੇ ਇਨ੍ਹਾਂ ਦੇ ਨਾਲ ਦੀਆਂ ਬੇਸ਼ੁਮਾਰ ਗੋਲੀਆਂ ਦੀ ਉਹ ਸੂਚੀ ਹੈ ਜਿਸ ਨੂੰ ਦੇਖ ਕੇ ਹਰ ਤਰ੍ਹਾਂ ਦੇ ਗੁਰੀਲਾ ਦਸਤਿਆਂ ਦਾ ਜੀਅ ਲਲਚਾਉਂਦਾ ਹੈ। ਜੇ ਇਸ ਸਭ ਕਾਸੇ ਦੀ ਲਾਗਤ ਜੋੜ ਲਈ ਜਾਵੇ ਤਾਂ ਇਹ ਅਰਬਾਂ ਡਾਲਰਾਂ ਵਿਚ ਚਲੀ ਜਾਵੇਗੀ। ਜੰਗ ਦੇ ਸੌਦਾਗਰ- ਹਥਿਆਰ ਬਣਾਉਣ ਵਾਲੀਆਂ ਕੰਪਨੀਆਂ ਨੂੰ ਅਮਰੀਕਾ ਤੋਂ ਇਹੀ ਕੁਝ ਚਾਹੀਦਾ ਸੀ ਜੋ ਹੁਣ ਲਾਜ਼ਮੀ ਤੌਰ 'ਤੇ 'ਇਕਲੌਤਾ ਫੌਜੀ ਸਨਅਤੀ ਕੰਪਲੈਕਸ' ਰਹਿ ਗਿਆ ਹੈ ਜਿਵੇਂ ਸੰਸਾਰ ਜੰਗ ਤੋਂ ਬਾਅਦ ਰਾਸ਼ਟਰਪਤੀ ਡਵਾਇਟ ਡੀ ਆਈਜ਼ਨਹਾਵਰ ਨੇ ਇਸ ਬਾਰੇ ਕਿਹਾ ਸੀ।

ਇੰਝ, ਜਿਵੇਂ ਜਿਵੇਂ ਯੂਕਰੇਨ ਵਿਚ ਜੰਗ ਲੰਮੀ ਹੁੰਦੀ ਜਾਵੇਗੀ , ਰੂਸ ਦੀਆਂ ਮਾਯੂਸੀਆਂ ਵੀ ਵਧਣਗੀਆਂ ਅਤੇ ਅਮਰੀਕਾ ਦੀ ਹਥਿਆਰ ਸਨਅਤ ਖੁਸ਼ਹਾਲ ਹੋਵੇਗੀ। ਇਸ ਤੋਂ ਇਲਾਵਾ ਅਮਰੀਕਾ ਨੇ ਯੂਕਰੇਨ ਲਈ 13.6 ਅਰਬ ਡਾਲਰ ਦੇ ਐਮਰਜੈਂਸੀ ਇਮਦਾਦੀ ਪੈਕੇਜ ਦਾ ਵੀ ਖੁਲਾਸਾ ਕੀਤਾ ਹੈ ਅਤੇ ਲੇਖਾ ਜੋਖਾ ਲਾਇਆ ਜਾ ਰਿਹਾ ਹੈ ਕਿ ਕਰੀਬ 13 ਅਰਬ ਡਾਲਰ ਅਮਰੀਕਾ ਦੀ ਹਥਿਆਰ ਸਨਅਤ ਦੇ ਖਾਤੇ ਵਿਚ ਪੈ ਜਾਣਗੇ ਤਾਂ ਕਿ ਇਸ ਦਾ ਚੁੱਲ੍ਹਾ ਚੱਲਦਾ ਰਹੇ।

ਯੂਕਰੇਨ ਵਿਚ ਜੋ ਵਾਪਰ ਰਿਹਾ ਹੈ, ਉਹ ਕੋਈ ਨਵਾਂ ਵਰਤਾਰਾ ਨਹੀਂ। ਅਮਰੀਕੀ ਯੁੱਧ ਦੀ ਖੱਟੀ ਖਾਂਦੇ ਹਨ। ਇਰਾਕ ਵਿਚ ਦੂਜੀ ਖਾੜੀ ਜੰਗ 2003-2010 ਲਈ ਜਾਰਜ ਬੁਸ਼ ਜੂਨੀਅਰ ਦੀ ਸਰਕਾਰ ਨੇ ਪਹਿਲਾਂ 80 ਅਰਬ ਡਾਲਰ ਦੀ ਲਾਗਤ ਲਾਈ ਸੀ ਅਤੇ ਦੋ ਸਾਲਾਂ ਤੱਕ 20 ਅਰਬ ਡਾਲਰ ਦਾ ਖਰਚਾ ਬਗ਼ਦਾਦ ਨੇ ਸਾਂਝਾ ਕੀਤਾ ਸੀ। ਫਿਰ ਅਮਰੀਕੀ ਰੱਖਿਆ ਵਿਭਾਗ ਨੇ ਇਸ 'ਤੇ 757 ਅਰਬ ਡਾਲਰ ਦੀ ਲਾਗਤ ਦਾ ਅਨੁਮਾਨ ਲਾਇਆ ਸੀ ਜਦਕਿ ਬ੍ਰਾਊਨ ਯੂਨੀਵਰਸਿਟੀ ਦੇ ਅਧਿਐਨ ਮੁਤਾਬਿਕ ਇਹ 1.1 ਖਰਬ ਡਾਲਰ ਦੀ ਲਾਗਤ ਆਈ ਸੀ। ਅਮਰੀਕੀ ਕਾਂਗਰਸ ਦੇ ਬਜਟ ਵਿਭਾਗ ਨੇ 2007 ਵਿਚ ਇਰਾਕ ਜੰਗ ਅਤੇ ਅਫਗਾਨਿਸਤਾਨ ਵਿਚ ਅਮਰੀਕੀ ਦਖਲਅੰਦਾਜ਼ੀ ਦੀ ਲਾਗਤ 2.4 ਖਰਬ ਡਾਲਰ ਅੰਗੀ ਸੀ। 2021 ਵਿਚ ਜਦੋਂ ਅਮਰੀਕੀ ਫੌਜ ਅਫਗਾਨਿਸਤਾਨ ਵਿਚੋਂ ਵਾਪਸ ਗਈ ਸੀ ਤਾਂ ਉਦੋਂ ਤੱਕ ਇਸ ਲਾਗਤ ਵਿਚ ਬਹੁਤ ਵਾਧਾ ਹੋ ਗਿਆ ਸੀ।

ਸੰਸਾਰ ਬੈਂਕ ਦੇ ਸਾਬਕਾ ਮੁੱਖ ਅਰਥਸ਼ਾਸਤਰੀ ਅਤੇ ਨੋਬੇਲ ਪੁਰਸਕਾਰ ਜੇਤੂ ਜੋਸਫ ਸਟਿਗਲਿਟਜ਼ ਅਤੇ ਹਾਰਵਰਡ ਯੂਨੀਵਰਸਿਟੀ ਦੀ ਲਿੰਡਾ ਬਲਾਈਮਜ਼ ਦੇ ਅਧਿਐਨ ਮੁਤਾਬਿਕ ਸੱਦਾਮ ਹੁਸੈਨ ਨੂੰ ਸੱਤਾ ਤੋਂ ਲਾਹੁਣ ਲਈ ਲੜੀ ਅਮਰੀਕੀ ਜੰਗ ਤਿੰਨ ਖਰਬ ਡਾਲਰ (ਤਿੰਨ ਹਜ਼ਾਰ ਅਰਬ ਡਾਲਰ) ਵਿਚ ਪਈ ਸੀ। ਪਹਿਲੀ ਖਾੜੀ ਜੰਗ 1990-91 ਵਿਚ ਬੁਸ਼ ਪ੍ਰਸ਼ਾਸਨ ਨੂੰ ਸ਼ੁਰੂ ਵਿਚ ਅਨੁਮਾਨ ਸੀ ਕਿ ਆਰਥਿਕ ਤੇ ਜਾਨੀ ਨੁਕਸਾਨ ਦੇ ਹਿਸਾਬ ਨਾਲ ਲਾਗਤ (ਕਰੀਬ 77 ਅਰਬ ਡਾਲਰ) ਬਹੁਤੀ ਨਹੀਂ ਆਵੇਗੀ।

ਜੰਗ ਦੀ ਲਾਗਤ ਦਾ ਜ਼ਿਆਦਾਤਰ ਹਿੱਸਾ ਅਮਰੀਕਾ ਦੇ ਸਹਿਯੋਗੀ ਮੁਲਕਾਂ ਵੱਲੋਂ ਚੁੱਕਿਆ ਜਾਂਦਾ ਹੈ। ਅਮਰੀਕਾ ਨੇ ਇਰਾਕ ਜੰਗ ਲਈ ਸਾਊਦੀ ਅਰਬ ਤੋਂ 60 ਅਰਬ ਡਾਲਰ ਅਤੇ ਕੁਵੈਤ ਤੋਂ 32 ਅਰਬ ਡਾਲਰ ਵਸੂਲ ਕੀਤਾ ਸੀ। ਹੁਣ ਜਿਵੇਂ ਅਸੀਂ ਯੂਕਰੇਨ ਵਿਚ ਦੇਖ ਰਹੇ ਹਾਂ ਤਾਂ ਅਮਰੀਕਾ ਆਪਣੇ ਸੰਗੀਆਂ ਨੂੰ ਵਰਤਣ ਲਾਉਣ ਦਾ ਆਦੀ ਹੈ। ਬਿਨਾਂ ਸ਼ੱਕ, ਅਮਰੀਕਾ ਨੇ ਕੋਰੀਆ ਯੁੱਧ, ਪਹਿਲੀ ਤੇ ਦੂਜੀ ਸੰਸਾਰ ਜੰਗ ਦਾ ਵਡੇਰਾ ਹਿੱਸਾ ਅਦਾ ਕੀਤਾ ਸੀ। ਲਿਹਾਜ਼ਾ, ਅਮਰੀਕੀ ਇਹ ਸਮਝ ਨਹੀਂ ਸਕੇ ਕਿ ਦੁਨੀਆ ਵਾਸ਼ਿੰਗਟਨ ਦੀ ਭੂਮਿਕਾ ਦੀ ਆਲੋਚਨਾ ਕਿਉਂ ਕਰਦੀ ਹੈ। ਉੱਘੇ ਅਮਰੀਕੀ ਰਾਜਨੀਤਕ ਵਿਗਿਆਨੀ ਜੌਹਨ ਮੀਅਰਸ਼ਾਇਮਰ ਦਾ ਕਹਿਣਾ ਹੈ ਕਿ ਯੂਕਰੇਨ ਦੇ ਸੰਕਟ ਦੀ ਸ਼ੁਰੂਆਤ ਫਰਵਰੀ 2014 ਤੋਂ ਹੋ ਗਈ ਸੀ ਅਤੇ ਇੱਥੇ ਜੋ ਕੁਝ ਹੋਇਆ ਹੈ, ਉਸ ਲਈ ਮੁੱਖ ਤੌਰ 'ਤੇ ਪੱਛਮੀ ਦੇਸ਼, ਖਾਸਕਰ ਅਮਰੀਕਾ ਜ਼ਿੰਮੇਵਾਰ ਹਨ। ਉਹ ਅੱਗੇ ਲਿਖਦੇ ਹਨ, "ਯੂਕਰੇਨ ਨੂੰ ਲੈ ਕੇ ਗੜਬੜ ਦਰਅਸਲ ਅਪਰੈਲ 2008 ਵਿਚ ਸ਼ੁਰੂ ਹੋ ਗਈ ਸੀ ਜਦੋਂ ਨਾਟੋ ਦਾ ਬੁਖਾਰੈਸਟ ਸਿਖਰ ਸੰਮੇਲਨ ਹੋਇਆ ਸੀ ਜਿੱਥੇ ਜਾਰਜ ਬੁਸ਼ ਪ੍ਰਸ਼ਾਸਨ ਨੇ ਇਸ ਫੌਜੀ ਗਠਜੋੜ ਤੋਂ ਇਹ ਐਲਾਨ ਕਰਵਾਉਣ ਲਈ ਜ਼ੋਰ ਦਿੱਤਾ ਸੀ ਕਿ ਯੂਕਰੇਨ ਤੇ ਜਾਰਜੀਆ ਇਸ ਦੇ ਮੈਂਬਰ ਬਣਨਗੇ। ਰੂਸੀ ਆਗੂਆਂ ਨੇ ਇਸ 'ਤੇ ਤੁਰੰਤ ਰੱਦੇਅਮਲ ਦਿਖਾਇਆ ਸੀ ਤੇ ਇਸ ਫੈਸਲੇ ਨੂੰ ਰੂਸ ਦੀ ਹੋਂਦ ਲਈ ਖਤਰਾ ਕਰਾਰ ਦਿੰਦੇ ਹੋਏ ਇਸ ਦਾ ਮੂੰਹ ਤੋੜ ਜਵਾਬ ਦੇਣ ਦਾ ਅਹਿਦ ਕੀਤਾ ਸੀ।"

ਹੁਣ ਜ਼ੇਲੈਂਸਕੀ ਕਹਿ ਰਹੇ ਹਨ ਕਿ ਨਾਟੋ ਬਾਰੇ ਉਨ੍ਹਾਂ (ਯੂਕਰੇਨ) ਦਾ ਰੁਖ ਠੰਢਾ ਹੋ ਗਿਆ ਹੈ। ਜੇ ਉਨ੍ਹਾਂ ਮਹੀਨਾ ਪਹਿਲਾਂ ਇਹੀ ਗੱਲ ਆਖੀ ਹੁੰਦੀ ਤਾਂ ਸ਼ਾਇਦ ਰੂਸੀ ਹਮਲਾ ਨਾ ਹੁੰਦਾ ਪਰ ਏਬੀਸੀ ਨਿਊਜ਼ 'ਤੇ ਉਨ੍ਹਾਂ ਦਾ ਇਹ ਬਿਆਨ ਪੂਤਿਨ ਦੇ ਪਾਗਲਪਣ ਅਤੇ ਅਮਰੀਕੀ ਮਿਜ਼ਾਈਲਾਂ ਦੀ ਕਾਰਗਰਤਾ ਦੇ ਚਰਚਿਆਂ ਵਿਚ ਰੁਲ ਕੇ ਰਹਿ ਗਿਆ। ਇਸ ਤੋਂ ਸਾਫ ਹੈ ਕਿ ਅਮਰੀਕਾ ਚਾਹੁੰਦਾ ਹੈ ਕਿ ਇਹ ਜੰਗ ਜਾਰੀ ਰਹੇ।